**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

*Jassi Gill*
CA DRE# 00966763

**Ad Space Available**
**Call: 847-359-0746**


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400



Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 38, September 20, 2014 · 20451 N Plum Grove Rd., Palatine, IL 60074 · Ph:847-359-0746, Fax:847-705-9388


# ਮੋਦੀ ਦੇ ਫਿਰਕੂ ਰੱਥ ਨੂੰ ਬਰੇਕਾਂ

## ਵਿਕਾਸ ਦੀ ਥਾਂ ਫਿਰਕੂ ਏਜੰਡਾ ਮਹਿੰਗਾ ਪਿਆ

## ਉਪ ਚੋਣਾਂ ਵਿਚ ਆਗੂਆਂ ਦੀ ਇਕ ਨਾ ਚੱਲੀ



*ਉਪ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਨਿਰਾਸ਼ ਬੈਠੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ।*

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਚਾਰ ਮਹੀਨਿਆਂ ਵਿਚ ਹੀ ਮੁਲਕ ਦੇ ਲੋਕਾਂ ਨੇ ਭਾਰਤੀ ਜਨਤਾ ਪਾਰਟੀ ਨੂੰ ਨਕਾਰਨਾ ਸ਼ੁਰੂ ਕਰ ਦਿੱਤਾ ਹੈ। ਇਸ ਸਾਲ ਅਪਰੈਲ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਲਹਿਰ ਦੇ ਸਹਾਰੇ ਭਾਜਪਾ ਨੇ ਹੂੰਝਾ ਫੇਰੂ ਜਿੱਤ ਹਾਸਲ ਕਰਦਿਆਂ ਸਭ ਨੂੰ ਹੈਰਾਨ ਕਰ ਦਿੱਤਾ ਸੀ। ਇਨ੍ਹਾਂ ਚੋਣਾਂ ਵਿਚ ਮਹਿਰਾਂ ਦੀਆਂ ਗਿਣਤੀਆਂ-ਮਿਣਤੀਆਂ ਵੀ ਧਰੀਆਂ-ਧਰਾਈਆਂ ਰਹਿ ਗਈਆਂ ਸੀ ਪਰ ਚਾਰ ਮਹੀਨੇ ਬਾਅਦ ਹੀ ਜਨਤਾ ਦਾ ਰੌਂਅ ਬਦਲ ਗਿਆ ਹੈ। ਇਸ ਤੋਂ ਪਹਿਲਾਂ ਭਾਜਪਾ ਨੂੰ ਬਿਹਾਰ, ਉੱਤਰਾਖੰਡ, ਕਰਨਾਟਕ ਤੇ ਮੱਧ ਪ੍ਰਦੇਸ਼ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿਚ ਵੀ ਮੂੰਹ ਦੀ ਖਾਣੀ ਪਈ ਸੀ।

16 ਸਤੰਬਰ ਨੂੰ ਨੌਂ ਰਾਜਾਂ ਦੇ 32 ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਦੇ ਆਏ ਨਤੀਜਿਆਂ ਵਿਚ ਭਾਜਪਾ ਨੂੰ ਕਰਾਰਾ ਝਟਕਾ ਲੱਗਾ ਹੈ। ਉੱਤਰ ਪ੍ਰਦੇਸ਼, ਰਾਜਸਥਾਨ ਤੇ ਗੁਜਰਾਤ ਵਿਚ ਪਾਰਟੀ ਪਹਿਲਾਂ ਜਿੱਤੀਆਂ 23 ਵਿਚੋਂ 13 ਸੀਟਾਂ ਹਾਰ ਗਈ। ਰਾਜਸਥਾਨ ਤੇ ਗੁਜਰਾਤ ਵਿਚ ਤਾਂ ਸਰਕਾਰ ਵੀ ਭਾਜਪਾ ਦੀ ਹੈ। ਅਗਲੇ ਮਹੀਨੇ ਹਰਿਆਣਾ ਤੇ ਮਹਾਰਾਸ਼ਟਰ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ ਜਿਨ੍ਹਾਂ 'ਤੇ ਜ਼ਿਮਨੀ ਚੋਣਾਂ ਦਾ ਸਿੱਧਾ ਅਸਰ ਪਵੇਗਾ।

ਲੋਕ ਸਭਾ ਚੋਣਾਂ ਵਿਚ ਜਿੱਤ ਮਗਰੋਂ ਭਾਜਪਾ ਨੇ ਤਾਂ ਆਪਣੇ ਭਾਈਵਾਲਾਂ ਨੂੰ ਵੀ ਅੱਖਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਹਰਿਆਣਾ ਵਿਚ ਕੁਲਦੀਪ ਬਿਸ਼ਨੋਈ ਦੀ ਪਾਰਟੀ ਹਰਿਆਣਾ ਜਨਹਿੱਤ ਕਾਂਗਰਸ ਨਾਲੋਂ ਨਾਤਾ ਤੋੜ ਲਿਆ ਹੈ ਤੇ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਨਾਲ ਸੀਟਾਂ ਦੀ ਵੰਡ ਨੂੰ ਲੈ ਕੇ ਰੇੜਕਾ ਪਿਆ ਹੋਇਆ ਹੈ। ਅਸਲ ਵਿਚ ਭਾਜਪਾ ਹੁਣ ਇਕੱਲੇ ਹੀ ਇਨ੍ਹਾਂ ਰਾਜਾਂ ਵਿਚ ਸਰਕਾਰ ਬਣਾਉਣ ਦਾ ਸੁਫਨਾ ਵੇਖ ਰਹੀ ਸੀ ਪਰ ਜਨਤਾ ਨੇ ਅਸਲੀਅਤ ਤੋਂ ਜਾਣੂ ਕਰਵਾ ਦਿੱਤਾ ਹੈ। ਸਿਆਸੀ ਮਾਹਿਰਾਂ ਅਨੁਸਾਰ ਭਾਜਪਾ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਤਾਬੜਤੋੜ ਇਸ਼ਤਿਹਾਰਬਾਜ਼ੀ ਰਾਹੀਂ ਸਭ ਸਮੱਸਿਆਵਾਂ ਦੇ ਹੱਲ ਲਈ 'ਰਾਮ ਬਾਣ' ਵਜੋਂ ਪੇਸ਼ ਕਰ ਕੇ ਲੋਕਾਂ ਵਿਚ ਅਜਿਹਾ ਭਰਮ ਸਿਰਜ ਦਿੱਤਾ ਸੀ ਕਿ ਭਾਜਪਾ ਦੀ ਸਰਕਾਰ ਆਉਂਦੇ ਹੀ ਸਭ ਕੁਝ ਠੀਕ ਹੋ ਜਾਵੇਗਾ। ਲੋਕਾਂ ਨੇ ਭਾਜਪਾ ਦੇ ਇਸ ਲਾਰੇ 'ਤੇ ਭਰੋਸਾ ਕਰਦਿਆਂ ਮੋਦੀ 'ਤੇ ਲੱਗੇ ਕੱਟੜ ਤੇ ਫਿਰਕੂਪੁਣੇ ਦੇ ਦਾਗ ਦੀ ਵੀ ਪ੍ਰਵਾਹ ਨਾ ਕੀਤੀ ਪਰ ਸੱਤਾ ਤਬਦੀਲ ਹੋਣ ਨਾਲ ਵੀ ਕੁਝ ਨਾ ਬਦਲਿਆ। ਕੇਂਦਰ ਵਿਚ ਚਿਹਰੇ ਤਾਂ ਬਦਲ ਗਏ ਪਰ ਨੀਤੀਆਂ ਪੁਰਾਣੀਆਂ ਹੀ ਰਹੀਆਂ।

ਨੌਂ ਰਾਜਾਂ ਦੀਆਂ 32 ਵਿਧਾਨ ਸਭਾ ਸੀਟਾਂ ਦੇ ਆਏ ਨਤੀਜਿਆਂ ਵਿਚੋਂ ਭਾਜਪਾ ਨੂੰ 12, ਕਾਂਗਰਸ ਨੂੰ 7, ਸਮਾਜਵਾਦੀ ਪਾਰਟੀ ਨੂੰ 8, ਟੀ.ਡੀ.ਪੀ., ਤ੍ਰਿਣਮੂਲ ਕਾਂਗਰਸ, ਏ.ਆਈ.ਯੂ.ਡੀ.ਐਫ. ਤੇ ਸੀ.ਪੀ.ਐਮ. ਨੂੰ ਇਕ-ਇਕ ਸੀਟ 'ਤੇ ਜਿੱਤ ਹਾਸਲ ਹੋਈ। ਉੱਤਰ ਪ੍ਰਦੇਸ਼ ਦੀਆਂ 11, ਗੁਜਰਾਤ ਦੀਆਂ ਨੌਂ ਤੇ ਰਾਜਸਥਾਨ ਦੀਆਂ ਚਾਰ ਸੀਟਾਂ ਪਹਿਲਾਂ ਭਾਜਪਾ ਕੋਲ ਸਨ ਪਰ ਪਾਰਟੀ ਦੇ ਵਿਧਾਇਕਾਂ ਦੇ ਲੋਕ ਸਭਾ ਚੋਣਾਂ ਜਿੱਤਣ ਮਗਰੋਂ ਇਹ ਖਾਲੀ ਹੋ ਗਈਆਂ ਸਨ। ਭਾਜਪਾ ਦਾ ਸਭ ਤੋਂ ਬੁਰਾ ਹਾਲ ਉੱਤਰ ਪ੍ਰਦੇਸ਼ ਵਿਚ ਹੋਇਆ ਜਿੱਥੇ ਸਮਾਜਵਾਦੀ ਪਾਰਟੀ ਨੇ 11 ਵਿਚੋਂ ਅੱਠ ਸੀਟਾਂ 'ਤੇ ਕਬਜ਼ਾ ਕਰ ਲਿਆ। ਪਹਿਲਾਂ ਇਹ ਸਾਰੀਆਂ ਸੀਟਾਂ ਭਾਜਪਾ ਕੋਲ ਸਨ। ਇਸ ਸੂਬੇ ਵਿਚ ਬਸਪਾ ਦੀ ਗੈਰ-ਹਾਜ਼ਰੀ ਕਾਰਨ ਮੁੱਖ ਮੁਕਾਬਲਾ ਭਾਜਪਾ ਤੇ ਸਮਾਜਵਾਦੀ ਪਾਰਟੀ ਵਿਚਾਲੇ ਹੀ ਰਹਿ ਗਿਆ ਸੀ। ਇੱਥੇ ਭਾਜਪਾ ਨੇ 'ਲਵ ਜਹਾਦ' ਨੂੰ ਮੁੱਖ ਮੁੱਦਾ ਬਣਾਇਆ ਸੀ ਜੋ ਕਾਰਗਰ ਸਾਬਤ ਨਾ ਹੋਇਆ। ਪ੍ਰਧਾਨ ਮੰਤਰੀ ਮੋਦੀ ਜਿੱਥੇ ਖਾਮੋਸ਼ ਰਹੇ, ਉਥੇ ਭਾਜਪਾ ਨੇ ਬਿਆਨਾਂ ਰਾਹੀਂ ਸਿਆਸਤ ਦਾ ਫਿਰਕੂਕਰਨ ਕਰਨ ਉਪਰ ਪੂਰਾ ਜ਼ੋਰ ਲਾਇਆ।

ਭਾਜਪਾ ਨੂੰ ਆਪਣੇ ਗੜ੍ਹ ਗੁਜਰਾਤ ਤੇ ਰਾਜਸਥਾਨ ਵਿਚ ਵੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਰਾਜਸਥਾਨ ਵਿਚ ਚਾਰ ਸੀਟਾਂ ਵਿਚੋਂ ਪਾਰਟੀ

(ਬਾਕੀ ਸਾਫ 6 'ਤੇ)

## ਹੁਣ ਹਰਿਆਣਾ ਤੇ ਮਹਾਰਾਸ਼ਟਰ ਵੀ ਬਣੇਗਾ ਕੁਰੂਕਸ਼ੇਤਰ


**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਤੇ ਮਹਾਰਾਸ਼ਟਰ ਵਿਚ 15 ਅਕਤੂਬਰ ਨੂੰ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੂੰ ਇਨ੍ਹਾਂ ਦੋਵਾਂ ਰਾਜਾਂ ਵਿਚ ਵੱਡੀ ਜਿੱਤ ਮਿਲੀ ਸੀ। ਇਸ ਕਰ ਕੇ ਭਾਜਪਾ ਨੂੰ ਪੂਰੀ ਆਸ ਹੈ ਕਿ ਵਿਧਾਨ ਸਭਾ ਚੋਣਾਂ ਦੌਰਾਨ ਬਾਜ਼ੀ ਮਾਰ ਕੇ ਕਾਂਗਰਸ ਸਰਕਾਰਾਂ ਵਾਲੇ ਦੋਵਾਂ ਸੂਬਿਆਂ ਵਿਚ ਭਗਵਾ ਪਰਚਮ ਲਹਿਰਾਇਆ ਜਾਵੇਗਾ। ਭਾਜਪਾ ਨੂੰ ਲੋਕ ਸਭਾ ਚੋਣਾਂ ਵਿਚ ਮਿਲੀ ਜਿੱਤ ਦਾ ਇੰਨਾਂ ਨਸ਼ਾ ਚੜ੍ਹਿਆ ਹੋਇਆ ਹੈ ਕਿ ਉਸ ਨੇ ਹਰਿਆਣਾ ਵਿਚ ਕੁਲਦੀਪ ਬਿਸ਼ਨੋਈ ਦੀ ਪਾਰਟੀ ਹਰਿਆਣਾ ਜਨਹਿੱਤ ਕਾਂਗਰਸ ਨਾਲੋਂ ਨਾਤਾ ਤੋੜ ਲਿਆ ਹੈ ਤੇ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਨਾਲ ਸੀਟਾਂ ਦੀ ਵੰਡ ਨੂੰ ਲੈ ਕੇ ਆਢਾ ਲਾਇਆ ਹੋਇਆ ਹੈ।


ਇਸੇ ਦੌਰਾਨ ਭਾਜਪਾ ਨੂੰ ਨੌਂ ਰਾਜਾਂ ਦੇ 32 ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਦੇ ਆਏ ਨਤੀਜਿਆਂ ਨੇ ਫਿਕਰਾਂ ਵਿਚ ਪਾ ਦਿੱਤਾ ਹੈ। ਭਾਜਪਾ ਹਰਿਆਣਾ ਤੇ ਮਹਾਰਾਸ਼ਟਰ ਵਿਚ ਵੀ ਮੋਦੀ ਲਹਿਰ ਦੇ ਸਹਾਰੇ ਸੱਤਾ ਹਥਿਆਉਣਾ ਚਾਹੁੰਦੀ ਸੀ ਪਰ ਚਾਰ ਮਹੀਨਿਆਂ ਵਿਚ ਹੀ ਮੋਦੀ ਦੀ ਲਹਿਰ ਦੀ ਹਵਾ ਨਿਕਲ ਗਈ ਜਾਪਦੀ ਹੈ। ਭਾਜਪਾ ਲਈ ਸਭ ਤੋਂ ਔਖੀ ਲੜਾਈ ਹਰਿਆਣਾ ਵਿਚ ਹੈ।

(ਬਾਕੀ ਸਾਫ 6 'ਤੇ)


**REAL ESTATE & HOME LOANS**

Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
M&M and Associates
209.918.6464
ahundal@c21mm.com


Raja SWEETS & CATERING
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloeda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਗੁਰੂ ਨਾਨਕ ਵਿਆਹ ਪੁਰਬ ਸ਼ਰਧਾ ਨਾਲ ਮਨਾਇਆ

**ਸੈਨ ਹੋਜ਼ੇ (ਬਿਊਰੋ):** ਬਟਾਲਾ-ਡੇਰਾ ਬਾਬਾ ਨਾਨਕ ਇਲਾਕੇ ਦੀਆਂ ਸੰਗਤਾਂ ਨੇ ਗੁਰੂ ਨਾਨਕ ਸਾਹਿਬ ਦਾ ਵਿਆਹ ਪੁਰਬ ਗੁਰਦੁਆਰਾ ਸੈਨ ਹੋਜ਼ੇ ਵਿਚ ਭਾਰੀ ਉਤਸ਼ਾਹ, ਸ਼ਰਧਾ ਤੇ ਚੜ੍ਹਦੀ



ਕਲਾ ਦੇ ਮਾਹੌਲ ਵਿਚ ਮਨਾਇਆ। ਅਖੰਡ ਪਾਠ ਦੀ ਸੰਪੂਰਨਤਾ ਐਤਵਾਰ ਦੇ ਹਫਤਾਵਾਰੀ ਦੀਵਾਨ ਵਿਚ ਹੋਈ। ਤਿੰਨ ਦਿਨ ਸੰਗਤਾਂ ਨੇ ਗੁਰਬਾਣੀ ਸੁਣਨ ਦਾ ਅਨੰਦ ਮਾਣਿਆ। ਕੀਰਤਨ ਦੀਵਾਨ ਵਿਚ ਕਥਾਕਾਰਾਂ ਅਤੇ ਰਾਗੀ ਸਿੰਘਾਂ ਨੇ ਕਥਾ ਤੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਨਿਰਮਲ ਸਿੰਘ ਨੂਰ ਦੇ ਢਾਡੀ ਜਥੇ ਨੇ ਮਾਤਾ ਤ੍ਰਿਪਤਾ ਦੇ ਦੁਲਾਰੇ ਤੇ ਪਿਤਾ ਮਹਿਤਾ ਕਾਲੂ ਦੇ ਸਪੁੱਤਰ ਗੁਰੂ ਨਾਨਕ ਸਾਹਿਬ ਦੇ ਅਨੰਦ ਕਾਰਜ ਦੇ ਸੁਲਤਾਨਪੁਰ ਲੋਧੀ ਤੋਂ ਲੈ ਕੇ ਬਟਾਲੇ ਜੰਜ ਢੁੱਕਣ ਦੇ ਪ੍ਰਸੰਗ ਨੂੰ ਸਜੀਵ ਕਰਕੇ ਸੁਣਾਇਆ, ਜਿਸ ਵਿਚ ਉਨ੍ਹਾਂ ਕਿਹਾ ਕਿ ਸਤਿਗੁਰਾਂ ਦਾ ਵਿਆਹ ਬਟਾਲੇ ਵਿਖੇ ਮਾਤਾ ਸੁੱਲਖਣੀ ਜੀ ਨਾਲ ਹੋਇਆ ਸੀ, ਜੋ ਭਾਈ ਮੂਲ ਚੰਦ ਤੇ ਬੀਬੀ ਚੰਦੋ ਰਾਣੀ ਦੇ ਸਪੁੱਤਰੀ ਸਨ। ਇਤਿਹਾਸ ਵਿਚ ਉਨ੍ਹਾਂ ਦੇ ਵਿਆਹ ਦੀ ਤਰੀਕ 24 ਸਤੰਬਰ 1487 ਲਿਖੀ ਮਿਲਦੀ ਹੈ।

ਸੈਨ ਫਰਾਂਸਿਸਕੋ ਬੇਏਰੀਏ ਵਿਚ ਇਲਾਕੇ ਦੀ ਸੰਗਤ ਵੀ ਬੜੇ ਚਾਅ ਨਾਲ ਵਿਆਹ ਵਾਂਗ ਹੀ ਇਸ ਦਿਨ ਨੂੰ ਮਨਾ ਕੇ ਸਿੱਖ ਇਤਿਹਾਸ ਦੀ ਜਾਣਕਾਰੀ, ਗੁਰੂ ਸਾਹਿਬ ਨਾਲ ਆਪਣੀ ਮੁਹੱਬਤ ਦਾ ਇਜ਼ਹਾਰ ਕਰਦੀ ਹੈ। ਸੰਗਤਾਂ ਨੇ ਲੰਗਰਾਂ ਵਿਚ ਵੀ ਵਿਆਹ ਵਾਲੇ ਹੀ ਪਕਵਾਨ ਤਿਆਰ ਕਰਵਾਏ। ਜਲੇਬੀਆਂ, ਲੱਡੂ, ਵੇਸਣ, ਪਕੌੜੇ, ਰਸਗੁੱਲੇ, ਗੋਲ ਗੱਪੇ ਤੇ ਹੋਰ ਬਹੁਤ ਕੁਝ ਹਾਜ਼ਰ ਸੀ।

ਸਟੇਜ ਸਕੱਤਰ ਭਾਈ ਸਰਬਜੋਤ ਸਿੰਘ ਸਵੱਦੀ ਨੇ ਸਮਾਗਮ ਦੀ ਰੂਪ ਰੇਖਾ ਨੂੰ ਸੁੱਚਜੇ ਢੰਗ ਨਾਲ ਨਿਭਾਉਂਦਿਆਂ ਇਲਾਕੇ ਦੀਆਂ ਸੰਗਤਾਂ ਵੱਲੋਂ ਪ੍ਰਿੰਸੀਪਲ ਪ੍ਰੀਤਮ ਸਿੰਘ ਨੂੰ ਸੰਗਤਾਂ ਨਾਲ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ। ਉਨ੍ਹਾਂ ਇਲਾਕੇ ਦੇ ਇਤਿਹਾਸਕ ਸਥਾਨਾਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਤੇ ਕਿਹਾ ਕਿ ਸੰਗਤਾਂ ਜਦ ਵੀ ਪੰਜਾਬ ਜਾਣ ਤਾਂ ਬਟਾਲੇ ਅਤੇ ਡੇਰਾ ਬਾਬਾ ਨਾਨਕ ਪਹੁੰਚ ਕੇ ਆਪਣੇ ਸਤਿਗੁਰਾਂ ਦੇ ਇਤਿਹਾਸਕ ਸਥਾਨਾਂ ਦੀ ਚਰਨ ਧੂੜ ਮੱਥੇ ਲਾਉਣ। ਪ੍ਰਿੰਸੀਪਲ ਪ੍ਰੀਤਮ ਸਿੰਘ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ।



# ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸੁੰਦਰੀਕਰਨ 'ਤੇ ਖ਼ਰਚੇ ਜਾਣਗੇ 600 ਕਰੋੜ

**ਪਟਨਾ:** ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦੇ 2017 ਵਿਚ ਹੋਣ ਵਾਲੇ 350ਵੇਂ ਪ੍ਰਕਾਸ਼ ਦਿਵਸ ਤੋਂ ਪਹਿਲਾਂ ਉਨ੍ਹਾਂ ਦੇ ਜਨਮ ਸਥਾਨ ਤਖ਼ਤ ਹਰਿਮੰਦਰ ਪਟਨਾ ਸਾਹਿਬ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਤਰਜ਼ 'ਤੇ ਬਣਾਉਣ ਦੇ ਕਾਰਜ ਵਿਚ ਪਰਵਾਸੀ ਭਾਰਤੀ ਅਤੇ ਪੂਰੇ ਭਾਰਤ ਦੇ ਕਾਰੋਬਾਰੀ ਲਗਭਗ 600 ਕਰੋੜ ਰੁਪਏ ਦਾ ਯੋਗਦਾਨ ਦੇਣਗੇ। ਤਖ਼ਤ ਪਟਨਾ ਸਾਹਿਬ ਦੇ ਅਧਿਕਾਰੀਆਂ ਨੇ ਦੱਸਿਆ ਕਿ ਅਮਰੀਕਾ, ਬ੍ਰਿਟੇਨ ਤੇ ਕੈਨੇਡਾ ਸਣੇ ਦੁਨੀਆ ਭਰ ਦੇ ਪਰਵਾਸੀ ਭਾਰਤੀ ਤੇ ਮੁੰਬਈ, ਦਿੱਲੀ, ਲੁਧਿਆਣਾ, ਕੋਲਕਾਤਾ ਤੇ ਹੋਰ ਸ਼ਹਿਰਾਂ ਦੇ ਕਾਰੋਬਾਰੀ ਹਰਿਮੰਦਰ ਸਾਹਿਬ ਨੂੰ ਵਿਕਸਿਤ ਕਰਨ ਵਿਚ ਯੋਗਦਾਨ ਦੇਣ ਲਈ ਅੱਗੇ ਆਏ ਹਨ। ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਵਸ 'ਤੇ ਦੁਨੀਆ ਭਰ ਤੋਂ ਲਗਭਗ 50 ਲੱਖ ਵਿਅਕਤੀਆਂ ਖਾਸ ਤੌਰ 'ਤੇ ਸਿੱਖਾਂ ਦੇ ਆਉਣ ਦੀ ਉਮੀਦ ਹੈ।

ਤਖ਼ਤ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਚਰਨਜੀਤ ਸਿੰਘ ਨੇ ਦੱਸਿਆ ਕਿ ਇਸ ਨੂੰ ਵਿਕਸਿਤ ਕਰਨ ਲਈ ਪਰਵਾਸੀ ਭਾਰਤੀਆਂ ਤੇ ਕਾਰੋਬਾਰੀਆਂ ਤੋਂ ਉਮੀਦ ਅਨੁਸਾਰ ਧਨ ਰਾਸ਼ੀ ਦਾ ਯੋਗਦਾਨ ਮਿਲਣ ਵਿਚ ਸਮੱਸਿਆ ਨਹੀਂ ਹੋਵੇਗੀ। ਤਖ਼ਤ ਹਰਿਮੰਦਰ ਸਾਹਿਬ ਦੇ ਅਧਿਕਾਰੀ ਆਰ.ਐਸ. ਜੀਤ ਨੇ ਦੱਸਿਆ ਕਿ 350ਵੇਂ ਪ੍ਰਕਾਸ਼ ਦਿਵਸ ਤੋਂ ਪਹਿਲਾਂ ਹਰਿਮੰਦਰ ਸਾਹਿਬ ਦੇ ਨਿਰਮਾਣ ਤੇ ਸਜਾਵਟ ਦਾ ਕੰਮ ਪੂਰਾ ਕਰਨ ਲਈ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ। ਇਸ ਪ੍ਰੋਜੈਕਟ ਅਧੀਨ ਸ੍ਰੀ ਦਰਬਾਰ ਸਾਹਿਬ ਵਾਂਗ ਹੀ ਸੁਨਹਿਰੀ ਗੁਰੂ ਦਰਬਾਰ ਬਣਾਉਣ ਦੀ ਯੋਜਨਾ ਹੈ। ਸੁਨਹਿਰੀ ਗੁਰੂ ਦਰਬਾਰ ਦਾ ਮੁੱਖ ਆਕਰਸ਼ਨ ਸੋਨੇ ਨਾਲ ਜੜ੍ਹੀ ਇਸ ਦੀ ਛੱਤ ਹੋਵੇਗੀ ਤੇ ਇਸ ਕੰਮ ਲਈ ਸੋਨੇ ਦੇ ਕੰਮ ਦੀ ਕੀਮਤ 50 ਕਰੋੜ ਰੁਪਏ ਹੋਵੇਗੀ।

ਬਰਤਾਨੀਆਂ ਦੇ ਬਾਬਾ ਮਹਿੰਦਰ ਸਿੰਘ, ਗੁਰੂ ਦਰਬਾਰ ਦੇ ਵਿਕਾਸ ਕੰਮ ਵਿਚ ਧਨ ਰਾਸ਼ੀ ਦੇ ਰਹੇ ਹਨ ਜਿਸ ਵਿਚ 100 ਵਾਹਨਾਂ ਦੀ ਸਮਰੱਥਾ ਵਾਲੀ ਪਾਰਕਿੰਗ ਵੀ ਸ਼ਾਮਿਲ ਹੈ। ਮੁੰਬਈ ਦੇ ਕਾਰੋਬਾਰੀ ਇਕਬਾਲ ਸਿੰਘ ਤੇ ਸੁਰਜੀਤ ਸਿੰਘ ਗੁਰਦੁਆਰਾ ਕਰਮਚਾਰੀਆਂ ਲਈ 100 ਕਮਰਿਆਂ ਦੇ ਨਿਰਮਾਣ ਲਈ ਧਨ ਦੇ ਰਹੇ ਹਨ। ਕਮੇਟੀ ਸ਼ਰਧਾਲੂਆਂ ਲਈ 100 ਪੂਰੇ ਏਅਰ ਕੰਡੀਸ਼ਨਡ ਕਮਰਿਆਂ ਦਾ ਨਿਰਮਾਣ ਕਰਵਾ ਰਹੀ ਹੈ ਤੇ ਇਕ ਏਅਰ ਕੰਡੀਸ਼ਨਡ ਹਾਲ ਬਣਵਾਉਣ ਦੀ ਯੋਜਨਾ ਬਣਾ ਰਹੀ ਹੈ।

ਪਟਨਾ ਸਾਹਿਬ ਦੇ ਚੌਤਰਫਾ ਵਿਕਾਸ ਲਈ ਕਮੇਟੀ ਨੇ ਕੇਂਦਰ ਸਰਕਾਰ ਨੂੰ 1200 ਕਰੋੜ ਰੁਪਏ ਦੀ ਰਾਸ਼ੀ ਦੇਣ ਦਾ ਪ੍ਰਸਤਾਵ ਭੇਜਿਆ ਹੈ ਜਿਸ ਵਿਚ ਪਟਨਾ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦੀ ਵੀ ਮੰਗ ਕੀਤੀ ਗਈ ਹੈ। ਮੁੱਖ ਮੰਤਰੀ ਜੀਵਨ ਰਾਮ ਮਾਂਝੀ ਨੇ ਕਿਹਾ ਕਿ ਉਹ ਇਸ ਸ਼ਹਿਰ ਵਿਚ ਸਿੱਖ ਸਮਾਰਕ ਬਣਾਉਣ ਬਾਰੇ ਉਤਸੁਕ ਹਨ। ਮਾਂਝੀ ਨੇ ਹਾਲ ਹੀ ਵਿਚ ਤਖ਼ਤ ਹਰਿਮੰਦਰ ਸਾਹਿਬ ਦਾ ਦੌਰਾ ਕੀਤਾ ਸੀ ਤੇ ਕਮੇਟੀ ਦੀ ਯੋਜਨਾ ਪੂਰੀ ਕਰਨ ਤੇ 2017 ਦੇ ਸਮਾਰੋਹ ਨੂੰ ਸਫਲ ਬਣਾਉਣ ਲਈ ਹਰ ਸੰਭਵ ਮਦਦ ਦੇਣ ਦਾ ਵਾਅਦਾ ਕੀਤਾ ਹੈ।

## ਰੇਲ ਕਾਂਡ 'ਚ ਪਵਨ ਬਾਂਸਲ ਨੂੰ ਪੇਸ਼ੀ ਲਈ ਸੰਮਨ

**ਨਵੀਂ ਦਿੱਲੀ:** ਸਾਬਕਾ ਰੇਲ ਮੰਤਰੀ ਅਤੇ ਕਾਂਗਰਸ ਆਗੂ ਪਵਨ ਕੁਮਾਰ ਬਾਂਸਲ ਨੂੰ ਇਥੋਂ ਦੀ ਇਕ ਵਿਸ਼ੇਸ਼ ਅਦਾਲਤ ਨੇ 10 ਕਰੋੜ ਰੁਪਏ ਦੇ ਰੇਲਵੇ ਕਾਂਡ ਸਬੰਧੀ 22 ਸਤੰਬਰ ਨੂੰ ਮੁੜ ਅਦਾਲਤ ਵਿਚ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਹਨ। ਸ੍ਰੀ ਬਾਂਸਲ ਮੈਡੀਕਲ ਆਧਾਰ 'ਤੇ ਅਦਾਲਤ ਵਿਚ ਪੇਸ਼ ਨਹੀਂ ਹੋ ਸਕੇ। ਅਦਾਲਤ ਨੇ ਉਨ੍ਹਾਂ ਨੂੰ ਨਿੱਜੀ ਪੇਸ਼ੀ ਤੋਂ ਛੋਟ ਤਾਂ ਦੇ ਦਿੱਤੀ, ਪਰ ਨਾਲ ਹੀ ਸਪਸ਼ਟ ਕੀਤਾ ਕਿ ਉਨ੍ਹਾਂ ਨੂੰ ਅਗਲੀ ਪੇਸ਼ੀ 'ਤੇ ਅਦਾਲਤ ਵਿਚ ਪੇਸ਼ ਹੋਣਾ ਪਵੇਗਾ। ਬਾਂਸਲ ਨੂੰ ਇਸ ਕੇਸ ਵਿਚ ਸਰਕਾਰੀ ਗਵਾਹ ਦੇ ਤੌਰ 'ਤੇ ਤਲਬ ਕੀਤਾ ਗਿਆ ਸੀ ਜਿਸ ਵਿਚ ਉਸ ਦੇ ਭਾਣਜੇ ਵਿਜੈ ਸਿੰਗਲਾ, ਰੇਲਵੇ ਬੋਰਡ ਦੇ ਸਾਬਕਾ ਮੈਂਬਰ ਮਹੇਸ਼ ਕੁਮਾਰ ਅਤੇ ਅੱਠ ਹੋਰਨਾਂ ਨੂੰ ਮੁਕੱਦਮੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।




WEBSITE: DHOLRADIO.ORG

**Dhol Radio**

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

Request Song



Listen On Phone

Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210


Music 24/7

*Application for android and iPhone- Dhol Radio*

**Jammu Chiropractic**

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545



Malwa

Commercial Truck Insurance: Produce/ Long Haul/ Local Radius
Auto Insurance | Homeowners Insurance | Business Insurance

Call now for a Free Quote: 510-299-2192
Fx: 510-279-5892 | Email: amber@malwaassociates.com

ਮਾਲਵਾ ਫਾਇਨਾਂਸ ਅਤੇ ਇੰਸ਼ੋਰੈਂਸ ਏਜੰਸੀ

ਅਸੀਂ ਟਰੱਕ, ਆਟੋ, ਘਰਾਂ ਅਤੇ ਬਿਜਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ

ਭਰੋਸੇਮੰਦ ਅਤੇ ਵਾਜਬ ਭਾਅ 'ਤੇ ਇੰਸ਼ੋਰੈਂਸ
ਫਰੀ ਕੋਟ ਲਈ ਅੱਜ ਹੀ ਸੰਪਰਕ ਕਰੋ

ਅਸੀਂ ਇੰਸ਼ੋਰੈਂਸ 'ਤੇ ਤੁਹਾਡਾ ਖਰਚਾ ਘੱਟ ਕਰਨ ਵਿਚ ਮਦਦ ਕਰ ਸਕਦੇ ਹਾਂ

Harminder Gill, Lic #0747955 | Kanwaljit Singh, Lic #0B57934
39675 Cedar Blvd. #190 | Newark, CA 94560 | Lic #0D75499

**COMING SOON**

**NEW LOCATION**


GILL EXPRESS

**MEMPHIS**

Hwy I-40 Exit 280 Hwy I-55 Exit 4

Next To Pilot Travel Centers Truck Stop


REPAIR



TIRES



WASH



ਪੰਜਾਬੀ ਢਾਬਾ



@ 3657 Southland Dr. W. Memphis, AR-72301 Tel : 661-203-0433

# ਕਸ਼ਮੀਰ ਵਿਚ ਕਹਿਰ

ਕਸ਼ਮੀਰ ਵਿਚ ਹੜ੍ਹਾਂ ਨਾਲ ਮਚੀ ਤਬਾਹੀ ਨੇ ਇਸ ਨੂੰ ਜੰਨਤ ਤੋਂ ਜਹੱਨਮ ਬਣਾ ਕੇ ਰੱਖ ਦਿੱਤਾ ਹੈ। ਤਕਰੀਬਨ ਚਾਰ ਸਾਲ ਪਹਿਲਾਂ ਇਨ੍ਹਾਂ ਹੜ੍ਹਾਂ ਬਾਰੇ ਪੇਸ਼ੀਨਗੋਈ ਕੀਤੀ ਗਈ ਸੀ, ਪਰ ਸਬੰਧਤ ਫਾਈਲ ਦਿੱਲੀ ਵਿਚ ਅਜੇ ਵੀ ਧੂੜ ਚੱਟ ਰਹੀ ਹੈ। ਇਸ ਕਹਿਰ ਪਿਛੋਂ ਸੂਬੇ ਦੀ ਹਰ ਧਿਰ ਇਕਜੁੱਟ ਹੋ ਕੇ ਪੁਨਰ-ਨਿਰਮਾਣ ਵਿਚ ਜੁਟ ਗਈ ਹੈ, ਪਰ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਇਸ ਕਹਿਰ ਦੌਰਾਨ ਵੀ ਸਿਆਸਤ ਕਰ ਰਹੀ ਹੈ। ਅਸਲ ਵਿਚ ਇਸ ਪਾਰਟੀ ਦਾ ਨਿਸ਼ਾਨਾ ਸੂਬੇ ਵਿਚ ਹਿੰਦੂ ਮੁੱਖ ਮੰਤਰੀ ਬਣਾਉਣਾ ਹੈ। ਦੁੱਖ ਦੀ ਇਸ ਘੜੀ ਵਿਚ ਵੀ ਇਸ ਦੀ ਹਰ ਕਾਰਵਾਈ ਆਪਣੀ ਇਸੇ ਸੋਚ ਨਾਲ ਜੁੜੀ ਹੋਈ ਜਾਪ ਰਹੀ ਹੈ।



## ਨਿੱਕੀ ਜਿਹੀ ਅਣਗਹਿਲੀ ਨੇ ਜੰਨਤ ਨੂੰ ਜਹੱਨਮ ਬਣਾਇਆ

**ਸ੍ਰੀਨਗਰ:** ਆਪਣੀ ਖੂਬਸੂਰਤੀ ਕਰ ਕੇ ਜੰਨਤ ਮੰਨੀ ਜਾਂਦੀ ਕਸ਼ਮੀਰ ਵਾਦੀ ਵਿਚ ਪਿਛਲੇ ਛੇ ਦਹਾਕਿਆਂ ਦੌਰਾਨ ਆਏ ਸਭ ਤੋਂ ਭਿਆਨਕ ਹੜ੍ਹ ਨੇ ਸਭ ਕੁਝ ਅਸਤ-ਵਿਅਸਥ ਕਰ ਦਿੱਤਾ ਹੈ। ਇਸ ਕੁਦਰਤੀ ਕਹਿਰ ਕਾਰਨ ਲੱਖਾਂ ਲੋਕ ਬੇਘਰ ਹੋ ਗਏ ਤੇ ਕਈ ਪਰਿਵਾਰਾਂ ਦੇ ਪਰਿਵਾਰ ਆਪਣੀ ਜਾਨ ਤੋਂ ਹੱਥ ਧੋ ਬੈਠੇ। ਇਨ੍ਹਾਂ ਖੌਫ਼ਨਾਕ ਹੜ੍ਹਾਂ ਨੂੰ 'ਰਾਸ਼ਟਰੀ ਆਫ਼ਤ' ਐਲਾਨਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੂਬੇ ਨੂੰ ਇਕ ਹਜ਼ਾਰ ਕਰੋੜ ਰੁਪਏ ਦੀ ਵਿਸ਼ੇਸ਼ ਰਾਹਤ ਦੇਣ ਦਾ ਐਲਾਨ ਕੀਤਾ ਹੈ। ਕਈ ਹਿੱਸਿਆ ਵਿਚ ਮਦਦ ਨਾ ਪੁੱਜਣ ਕਾਰਨ ਲੋਕ ਅਜੇ ਵੀ ਕੋਠਿਆਂ ਦੀ ਛੱਤਾਂ 'ਤੇ ਭੁੱਖੇ-ਭਾਣੇ ਬੈਠੇ ਹਨ। ਹੜ੍ਹ ਨੇ ਆਮ ਲੋਕਾਂ ਤੋਂ ਇਲਾਵਾ ਰਾਹਤ ਕਾਰਜਾਂ ਵਿਚ ਦਿਨ-ਰਾਤ ਲੱਗੀ ਫੌਜ ਦਾ ਵੀ ਭਾਰੀ ਨੁਕਸਾਨ ਕੀਤਾ ਹੈ। ਕਸ਼ਮੀਰ ਵਾਦੀ ਵਿਚ ਫੌਜ ਦੇ ਕੈਂਪਾਂ ਵਿਚ ਪਾਣੀ ਦਾਖਲ ਹੋਣ ਨਾਲ ਜਵਾਨਾਂ ਦਾ ਸਾਮਾਨ ਤਬਾਹ ਹੋ ਗਿਆ ਹੈ ਤੇ ਹਥਿਆਰ ਤਬਾਹ ਜਾਂ ਨਕਾਰਾ ਹੋ ਗਏ ਹਨ। ਸਭ ਗੋਲੀ ਸਿੱਕਾ ਪਾਣੀ ਦੀ ਮਾਰ ਹੇਠ ਆ ਗਿਆ ਹੈ। ਚੇਤੇ ਰਹੇ ਕਿ ਵਾਦੀ ਵਿਚ ਹੜ੍ਹਾਂ ਬਾਰੇ ਚਾਰ ਸਾਲ ਪਹਿਲਾਂ ਇਕ ਰਿਪੋਰਟ ਵਿਚ ਖਬਰਦਾਰ ਕੀਤਾ ਗਿਆ ਸੀ, ਪਰ ਇਸ ਰਿਪੋਰਟ 'ਤੇ ਕੇਂਦਰ ਸਰਕਾਰ ਨੇ ਗੌਰ ਨਹੀਂ ਸੀ ਕੀਤਾ।

ਮਨੁੱਖੀ ਜਾਨਾਂ ਬਚਾਉਣ ਲਈ ਫ਼ੌਜ ਤੇ ਹੋਰ ਸੁਰੱਖਿਆ ਦਸਤਿਆਂ ਨੇ ਮਿਸਾਲੀ ਕੰਮ ਕੀਤਾ ਹੈ ਤੇ ਇਕ ਲੱਖ ਤੋਂ ਵੱਧ ਫ਼ੌਜੀ ਦਿਨ ਰਾਤ ਬਚਾਅ ਕਾਰਜਾਂ ਵਿਚ ਜੁਟੇ ਹੋਏ ਹਨ। ਜਿਨ੍ਹਾਂ ਖੇਤਰਾਂ ਵਿਚ ਕਿਸ਼ਤੀਆਂ ਨਹੀਂ ਜਾ ਸਕਦੀਆਂ ਉੱਥੇ ਹੈਲੀਕਾਪਟਰਾਂ ਰਾਹੀਂ ਲੋਕਾਂ ਨੂੰ ਬਚਾਉਣ ਤੇ ਉਨ੍ਹਾਂ ਤੱਕ ਰਾਸ਼ਨ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਫਿਰ ਵੀ ਖ਼ੁਰਾਕ ਤੇ ਪੀਣ ਵਾਲੇ ਪਾਣੀ ਦੀ ਕਿੱਲਤ ਕਾਰਨ ਲੋਕ ਪ੍ਰੇਸ਼ਾਨ ਹਨ। ਆਪਣੇ ਸਬੰਧੀਆਂ ਬਾਰੇ ਸੂਚਨਾ ਨਾ ਮਿਲਣਾ ਲੋਕਾਂ ਦੀ ਤਕਲੀਫ਼ ਨੂੰ ਵਧਾ ਰਿਹਾ ਹੈ।

ਲੋਕ ਇਸ ਆਫ਼ਤ ਨਾਲ ਹੋਏ ਨੁਕਸਾਨ, ਹੁਣ ਤੱਕ ਰਾਹਤ ਕਾਰਜਾਂ ਲਈ ਕੀਤੇ ਜਾ ਰਹੇ ਕੰਮਾਂ ਤੇ ਹਾਲਾਤ ਵਿਚ ਹੋਣ ਵਾਲੇ ਸੁਧਾਰ ਬਾਰੇ ਠੋਸ ਜਾਣਕਾਰੀ ਮਿਲਣ ਦੀ ਉਮੀਦ ਵਿਚ ਹਨ। ਜਾਨਾਂ ਬਚ ਜਾਣ ਤੋਂ ਬਾਅਦ ਵੱਡੀ ਸਮੱਸਿਆ ਬੀਮਾਰੀਆਂ ਦੇ ਫੈਲਣ ਦੇ ਖ਼ਦਸ਼ੇ ਤੇ ਘਰਾਂ ਅੰਦਰ ਭਰ ਚੁੱਕੀ ਗਾਰ ਨੂੰ ਹਟਾ ਕੇ ਉਨ੍ਹਾਂ ਨੂੰ ਰਹਿਣਯੋਗ ਬਣਾਉਣ ਦੀ ਹੈ। ਐਮਰਜੈਂਸੀ ਦੀ ਸਥਿਤੀ ਖ਼ਤਮ ਹੋਣ ਤੋਂ ਬਾਅਦ ਇਹ ਉਸ ਤੋਂ ਵੀ ਵੱਡਾ ਕੰਮ ਹੁੰਦਾ ਹੈ। ਉਧਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਫਰਾਖਦਿਲੀ ਨਾਲ ਦਾਨ ਕਰਨ ਦੀ ਅਪੀਲ ਕੀਤੀ ਹੈ। ਰੱਖਿਆ ਤਰਜਮਾਨ ਨੇ ਦੱਸਿਆ ਕਿ ਹਜ਼ਾਰਾਂ ਲੋਕਾਂ ਨੂੰ ਬਚਾਅ ਕੇ ਸੁਰੱਖਿਅਤ ਥਾਵਾਂ 'ਤੇ ਭੇਜ ਦਿੱਤਾ ਗਿਆ ਹੈ। ਭਾਰਤੀ ਹਵਾਈ ਫੌਜ ਤੇ ਆਰਮੀ ਏਵੀਏਸ਼ਨ ਕੋਰ ਦੇ 89 ਜਹਾਜ਼ਾਂ ਤੇ ਹੈਲੀਕਾਪਟਰਾਂ ਨੂੰ ਰਾਹਤ ਤੇ ਬਚਾਅ ਕਾਰਜਾਂ ਵਿਚ ਲਾਇਆ ਗਿਆ ਹੈ। ਥਲ ਸੈਨਾ ਦੇ 30 ਹਜ਼ਾਰ ਜਵਾਨ ਜੰਮੂ ਤੇ ਸ੍ਰੀਨਗਰ ਵਿਚ ਦਿਨ-ਰਾਤ ਇਕ ਕਰਕੇ ਲੋਕਾਂ ਦੀ ਸਹਾਇਤਾ ਕਰ ਰਹੇ ਹਨ। ਫੌਜ ਨੇ ਰਾਮਬਨ ਵਿਚ ਫਸੇ ਲੋਕਾਂ ਨੂੰ ਸੁਰੱਖਿਅਤ ਕੱਢਿਆ।

ਅਵੰਤੀਪੁਰਾ, ਪਾਟਨ, ਅਨੰਤਨਾਗ ਤੇ ਓਲਡ ਏਅਰਫੀਲਡ ਵਿਚ ਚਾਰ ਫੀਲਡ ਹਸਪਤਾਲ ਸਥਾਪਤ ਕੀਤੇ ਗਏ ਹਨ ਜਿਥੇ 21500 ਮਰੀਜ਼ਾਂ ਦਾ ਇਲਾਜ ਕੀਤਾ ਗਿਆ ਹੈ। ਫੌਜੀ ਬੁਲਾਰੇ ਮੁਤਾਬਕ ਬਠਿੰਡਾ ਤੋਂ ਵੀ ਸਾਰੀਆਂ ਸਹੂਲਤਾਂ ਵਾਲਾ ਹਸਪਤਾਲ ਸ੍ਰੀਨਗਰ ਆ ਰਿਹਾ ਹੈ। ਸੰਚਾਰ ਨੈੱਟਵਰਕ ਅੰਸ਼ਿਕ ਤੌਰ 'ਤੇ ਬਹਾਲ ਹੋ ਗਿਆ ਹੈ ਤੇ ਟੈਲੀਕਾਮ ਕੰਪਨੀਆਂ ਨੇ ਮੁਫਤ ਫੋਨ ਕਾਲ ਦੀ ਸਹੂਲਤ ਦਿੱਤੀ ਹੈ। ਬੀ.ਐਸ.ਐਨ.ਐਲ. ਨੇ 1200 ਸਿਮ ਮੁਫਤ ਵੰਡੇ।

## ਸਿਆਸਤ ਭੁੱਲ ਸਾਂਝੇ ਉਦਮ ਲਈ ਤਿਆਰ ਹੋਈਆਂ ਸਿਆਸੀ ਧਿਰਾਂ

**ਸ੍ਰੀਨਗਰ:** ਜੰਮੂ-ਕਸ਼ਮੀਰ ਵਿਚ ਇਕ ਸਰਬ ਪਾਰਟੀ ਮੀਟਿੰਗ ਵਿਚ ਕੁਦਰਤੀ ਕਹਿਰ ਨਾਲ ਨਿਜੱਠਣ ਲਈ ਸਾਰੀਆਂ ਸਿਆਸੀ ਧਿਰਾਂ ਵੀ ਸਾਂਝੇ ਉੱਦਮ ਲਈ ਤਿਆਰ ਹੋ ਗਈਆਂ ਹਨ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਰਾਹਤ ਕਾਰਜਾਂ ਤੇ ਬਚਾਅ ਕਾਰਜਾਂ ਨੂੰ ਸਾਰੀਆਂ ਰਾਜਸੀ ਪਾਰਟੀਆਂ ਦੀ ਹਮਾਇਤ ਹਾਸਲ ਹੈ ਤੇ ਸਾਰਿਆਂ ਨੇ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਨੈਸ਼ਨਲ ਕਾਨਫਰੰਸ ਤੇ ਪੀ.ਡੀ.ਪੀ. ਇਕੱਠੀਆਂ ਬੈਠ ਸਕਦੀਆਂ ਹਨ ਤੇ ਕਾਂਗਰਸ ਤੇ ਭਾਜਪਾ ਇਸ ਮੁਸ਼ਕਲ ਘੜੀ ਵਿਚ ਇਕਜੁੱਟ ਹੋ ਸਕਦੀਆਂ ਹਨ ਤਾਂ ਫਿਰ ਬਾਕੀ ਲੋਕਾਂ ਨੂੰ ਵੀ ਇਕਜੁੱਟ ਹੋ ਜਾਣਾ ਚਾਹੀਦਾ ਹੈ।

ਉਨ੍ਹਾਂ ਦੱਸਿਆ ਕਿ ਵੱਖ-ਵੱਖ ਪਾਰਟੀਆਂ ਵੱਲੋਂ ਕਾਫੀ ਚੰਗੇ ਸੁਝਾਅ ਹਾਸਲ ਹੋਏ ਹਨ। ਮੁੱਖ ਵਿਰੋਧੀ ਪੀ.ਡੀ.ਪੀ. ਨੇ ਦਸ ਨੁਕਾਤੀ ਪ੍ਰੋਗਰਾਮ ਪੇਸ਼ ਕੀਤਾ ਹੈ। ਇਸ ਮੌਕੇ ਪੀ.ਡੀ.ਪੀ. ਆਗੂ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਇਹ ਸਮਾਂ ਰਾਜਨੀਤੀ ਕਰਨ ਦਾ ਨਹੀਂ ਹੈ ਤੇ ਪਹਿਲੀ ਤਰਜੀਹ ਜੰਮੂ-ਕਸ਼ਮੀਰ ਦੀ ਮੁੜ ਉਸਾਰੀ ਤੇ ਲੋਕਾਂ ਦੇ ਜਾਨ-ਮਾਲ ਨੂੰ ਬਚਾਉਣਾ ਹੈ। ਹਰ ਅਮੀਰ, ਗਰੀਬ ਹੜ੍ਹਾਂ ਤੋਂ ਪ੍ਰਭਾਵਿਤ ਹੈ। ਉਨ੍ਹਾਂ ਕਿਹਾ ਕਿ ਸਹਾਇਤਾ ਲਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਉੱਤੇ ਹਰ ਸਹਾਇਤਾ ਲਈ ਅਪੀਲ ਕੀਤੀ ਜਾਣੀ ਚਾਹੀਦੀ ਹੈ। ਮੀਟਿੰਗ ਵਿਚ ਇਕ ਸੁਝਾਅ ਇਹ ਵੀ ਆਇਆ ਕਿ ਹਰ ਸੰਸਦ ਮੈਂਬਰ ਐਮ.ਪੀ. ਫੰਡ ਵਿਚੋਂ ਪੰਜ ਫੀਸਦੀ ਦਾ ਯੋਗਦਾਨ ਪਾਵੇ।

## ਸ਼੍ਰੋਮਣੀ ਕਮੇਟੀ ਵੱਲੋਂ ਕਸ਼ਮੀਰੀ ਵਿਦਿਆਰਥੀਆਂ ਦੀ ਮਦਦ ਦਾ ਐਲਾਨ

**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਸ਼ਮੀਰ ਵਿਚ ਹੜ੍ਹ ਦੀ ਆਈ ਆਫ਼ਤ ਦੇ ਮੱਦੇਨਜ਼ਰ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਦੇ ਸਮੂਹ ਵਿੱਦਿਅਕ ਅਦਾਰਿਆਂ ਵਿਚ ਪੜ੍ਹਨ ਵਾਲੇ ਕਸ਼ਮੀਰੀ ਵਿਦਿਆਰਥੀਆਂ ਨੂੰ ਸ਼੍ਰੋਮਣੀ ਕਮੇਟੀ 5-5 ਹਜ਼ਾਰ ਰੁਪਏ ਜੇਬ ਖ਼ਰਚੇ ਵਜੋਂ ਦਿੱਤੇ ਜਾਣਗੇ ਤਾਂ ਜੋ ਵਿਦਿਆਰਥੀ ਆਪਣਾ ਖਰਚਾ ਚਲਾ ਸਕਣ।

ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਪੀੜਤਾਂ ਦੀ ਸਹਾਇਤਾ ਲਈ ਜਿਥੇ ਲਗਾਤਾਰ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ ਉਥੇ ਸ਼੍ਰੋਮਣੀ ਕਮੇਟੀ ਵੱਲੋਂ ਬਿਮਾਰੀ ਨਾਲ ਪੀੜਤ ਹੋਏ ਲੋਕਾਂ ਦਾ ਗੁਰੂ ਰਾਮ ਦਾਸ ਹਸਪਤਾਲ ਤੋਂ ਮੁਫ਼ਤ ਇਲਾਜ ਕਰਵਾਇਆ ਜਾਵੇਗਾ।

## ਪੰਜਾਬ ਦੀ ਹੌਜ਼ਰੀ ਨੂੰ ਵੀ ਪਿਆ ਸੇਕ

**ਚੰਡੀਗੜ੍ਹ:** ਕਸ਼ਮੀਰ ਵਾਦੀ ਵਿਚ ਆਏ ਭਿਆਨਕ ਹੜ੍ਹਾਂ ਕਾਰਨ ਲੁਧਿਆਣਾ ਦੀ ਮਸ਼ਹੂਰ ਹੌਜ਼ਰੀ ਸਨਅਤ ਨੂੰ ਵੱਡੇ ਵਿੱਤੀ ਨੁਕਸਾਨ ਦਾ ਖਦਸ਼ਾ ਪੈਦਾ ਹੋ ਗਿਆ ਹੈ। ਸਨਅਤਕਾਰਾਂ ਨੂੰ ਡਰ ਹੈ ਕਿ ਉਨ੍ਹਾਂ ਕੋਲੋਂ ਵਾਦੀ ਵਿਚ ਸਪਲਾਈ ਕੀਤੇ ਹੌਜ਼ਰੀ ਵਸਤਰਾਂ ਦੀ ਅਦਾਇਗੀ ਨਹੀਂ ਮਿਲੇਗੀ। ਇਸ ਦੌਰਾਨ ਜਲੰਧਰ ਦੀ ਖੇਡ ਸਨਅਤ ਨੂੰ ਵੀ ਖਦਸ਼ਾ ਹੈ ਕਿ ਉਨ੍ਹਾਂ ਨੂੰ ਲੋੜੀਂਦਾ ਸਾਮਾਨ ਕਸ਼ਮੀਰ ਤੋਂ ਨਹੀਂ ਮਿਲ ਸਕੇਗਾ। ਕਸ਼ਮੀਰ ਤੋਂ ਆਉਂਦੀ ਲੱਕੜ, ਜੋ ਕ੍ਰਿਕਟ ਦੇ ਬੱਲੇ ਬਣਾਉਣ ਲਈ ਵਰਤੀ ਜਾਂਦੀ ਹੈ, ਦੀ ਸਪਲਾਈ ਉਪਰ ਮਾੜਾ ਅਸਰ ਪੈ ਸਕਦਾ ਹੈ। ਇਸ ਕਰਕੇ ਉਨ੍ਹਾਂ ਨੇ ਇਸ ਸੰਕਟ ਕਾਰਨ ਕੇਂਦਰ ਸਰਕਾਰ ਕੋਲੋਂ ਮਦਦ ਮੰਗੀ ਹੈ।

ਨਿੱਟਵੀਅਰ ਕਲੱਬ ਦੇ ਚੇਅਰਮੈਨ ਵਿਨੋਦ ਥਾਪਰ ਨੇ ਦੱਸਿਆ ਕਿ ਹੜ੍ਹਾਂ ਦੇ ਕਸ਼ਮੀਰ ਵਿਚ ਭਾਰੀ ਨੁਕਸਾਨ ਪਹੁੰਚਾਇਆ ਹੈ, ਉਨ੍ਹਾਂ ਨੇ ਜਿਹੜੀਆਂ ਊਨੀ ਵਸਤਾਂ ਕਸ਼ਮੀਰੀ ਕਾਰੋਬਾਰੀਆਂ ਨੂੰ ਸਪਲਾਈ ਕੀਤੀਆਂ ਹੋਈਆਂ ਹਨ, ਉਨ੍ਹਾਂ ਦੇ ਹੜ੍ਹਾਂ ਵਿਚ ਨਸ਼ਟ ਹੋ ਚੁੱਕੀਆਂ ਹੋਣ ਦੀ ਪੂਰੀ ਸੰਭਾਵਨਾ ਹੈ। ਸ੍ਰੀ ਥਾਪਰ ਮੁਤਾਬਕ ਕਸ਼ਮੀਰ ਵਿਚ ਹੋਈ ਤਬਾਹੀ ਲੁਧਿਆਣਾ ਦੀ ਸਭ ਤੋਂ ਪੁਰਾਣੀ ਹੌਜ਼ਰੀ ਸਨਅਤ ਲਈ ਸਭ ਤੋਂ ਵੱਡਾ ਧੱਕਾ ਹੈ। ਲੁਧਿਆਣਾ ਦੀਆਂ ਬਹੁਤੀਆਂ ਹੌਜ਼ਰੀ ਸਨਅਤਾਂ ਆਪਣਾ ਜ਼ਿਆਦਾਤਰ ਮਾਲ ਕਸ਼ਮੀਰ ਨੂੰ ਭੇਜਦੀਆਂ ਹਨ। ਨਿੱਟਵੀਅਰ ਕਲੱਬ ਇਕ ਐਸੋਸੀਏਸ਼ਨ ਹੈ ਜਿਸ ਨਾਲ ਤਕਰੀਬਨ ਸੱਤ ਸੌ ਹੌਜ਼ਰੀ ਸਨਅਤਾਂ ਜੁੜੀਆਂ ਹੋਈਆਂ ਹਨ। ਕਸ਼ਮੀਰ ਵਿਚ ਟੈਲੀਕਾਮ ਨੈੱਟਵਰਕ ਫੇਲ੍ਹ ਹੋਣ ਕਾਰਨ ਇਨ੍ਹਾਂ ਸਨਅਤਾਂ ਦਾ ਉਥੋਂ ਦੀ ਖਰੀਦਦਾਰਾਂ ਨਾਲ ਸੰਪਰਕ ਨਹੀਂ ਹੋ ਰਿਹਾ। ਇਕ ਅੰਦਾਜ਼ੇ ਅਨੁਸਾਰ ਇਨ੍ਹਾਂ ਸਨਅਤਕਾਰਾਂ ਦਾ ਤਕਰੀਬਨ ਪੰਜਾਹ ਤੋਂ ਇਕ ਸੌ ਕਰੋੜ ਰੁਪਿਆ ਫਸ ਗਿਆ ਹੈ। ਲੁਧਿਆਣਾ ਹੌਜ਼ਰੀ ਦੇ ਨਿਰਦੇਸ਼ਕ ਸੂਰਜ ਗੁਪਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਦੋ ਸਤੰਬਰ ਨੂੰ ਤਕਰੀਬਨ ਤੀਹ ਲੱਖ ਰੁਪਏ ਮੁੱਲ ਦਾ ਸਾਮਾਨ ਕਸ਼ਮੀਰ ਭੇਜਿਆ ਸੀ। ਟੈਲੀਕਾਮ ਨੈੱਟ@ਵਰਕ ਕੰਮ ਨਾ ਕਰਦਾ ਹੋਣ ਕਾਰਨ ਉਨ੍ਹਾਂ ਨੂੰ ਪਤਾ ਨਹੀਂ ਲੱਗਿਆ ਕਿ ਮਾਲ ਖਰੀਦਦਾਰ ਨੂੰ ਮਿਲ ਗਿਆ ਸੀ ਜਾਂ ਨਹੀਂ।

## ਰਾਹਤ ਕੰਮਾਂ ਵਿਚ ਜੁਟੇ ਫੌਜੀ ਤੇ ਸਵੈਸੇਵੀ

**ਅੰਮ੍ਰਿਤਸਰ:** ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਦੀ ਮਦਦ ਲਈ ਫ਼ੌਜ ਤੇ ਸਮਾਜਸੇਵੀ/ਧਾਰਮਿਕ ਸੰਸਥਾਵਾਂ ਨੇ ਅਹਿਮ ਭੂਮਿਕਾ ਨਿਭਾਈ ਹੈ। ਮਨੁੱਖੀ ਜਾਨਾਂ ਬਚਾਉਣ ਲਈ ਫ਼ੌਜ ਤੇ ਹੋਰ ਸੁਰੱਖਿਆ ਦਸਤਿਆਂ ਨੇ ਮਿਸਾਲੀ ਕੰਮ ਕੀਤਾ ਹੈ ਤੇ ਇਕ ਲੱਖ ਤੋਂ ਵੱਧ ਫ਼ੌਜੀ ਦਿਨ ਰਾਤ ਬਚਾਅ ਕਾਰਜਾਂ ਵਿਚ ਜੁਟੇ ਹੋਏ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਜੰਮੂ-ਕਸ਼ਮੀਰ ਸਰਕਾਰ ਤੇ ਬਚਾਅ ਕਾਰਜਾਂ ਵਿਚ ਲੱਗੀ ਫ਼ੌਜ ਦੇ ਹਵਾਲੇ ਨਾਲ ਉਥੇ ਭੇਜਿਆ ਜਾ ਰਿਹਾ ਹੈ। ਸਾਰਾ ਲੰਗਰ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚ ਦਿਨ-ਰਾਤ ਇਕ ਕਰਕੇ ਤਿਆਰ ਕੀਤਾ ਜਾ ਰਿਹਾ ਹੈ।

ਜੰਮੂ-ਕਸ਼ਮੀਰ ਦੇ ਹੜ੍ਹ ਪੀੜਤਾਂ ਲਈ ਵੀ ਭੋਜਨ ਦੇ ਵਿਸ਼ੇਸ਼ ਪੈਕੇਟ ਤਿਆਰ ਕੀਤੇ ਜਾ ਰਹੇ ਹਨ। ਲੰਗਰ ਦੀ ਤਿਆਰੀ ਸ਼ਾਮ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਤੇ ਤੜਕੇ ਪੈਕੇਟ ਤਿਆਰ ਕਰਕੇ ਉਨ੍ਹਾਂ ਨੂੰ ਹਵਾਈ ਅੱਡੇ 'ਤੇ ਪਹੁੰਚਾਇਆ ਜਾਂਦਾ ਹੈ। ਲੰਗਰ ਦੇ ਪੈਕੇਟ ਭੇਜਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਵਧੇਰੇ ਅਮਲੇ ਦੀ ਡਿਊਟੀ ਲਾਈ ਗਈ ਹੈ। ਅਜਿਹੀ ਹੰਗਾਮੀ ਸਥਿਤੀ ਵਿਚ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚ 24 ਘੰਟੇ ਲੰਗਰ ਤਿਆਰ ਹੋ ਰਿਹਾ ਹੈ ਤੇ ਲੋੜ ਮੁਤਾਬਕ ਨੇੜੇ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ ਲੰਗਰ ਘਰ ਵਿਚ ਵੀ ਲੰਗਰ ਤਿਆਰ ਕਰਵਾਇਆ ਜਾ ਸਕਦਾ ਹੈ। ਸ਼੍ਰੋਮਣੀ ਕਮੇਟੀ ਨੇ ਸ੍ਰੀਨਗਰ ਦੇ ਬਾਹਰਵਾਰ ਬੜਗਾਮ ਨੇੜੇ ਗੁਰਦੁਆਰਾ ਸ਼ਹੀਦ ਬੁੰਗਾ ਵਿਖੇ ਰਾਹਤ ਕੈਂਪ ਵੀ ਸਥਾਪਤ ਕੀਤਾ ਹੈ, ਜਿਥੇ ਟੀਮ ਦੀ ਅਗਵਾਈ ਵਧੀਕ ਸਕੱਤਰ ਦਲਜੀਤ ਸਿੰਘ ਬੇਦੀ ਕਰ ਰਹੇ ਹਨ।



## ਕੁਦਰਤ ਦੇ ਰਾਹ ਵਿਚ ਅੜਿੱਕੇ ਡਾਹੁਣ ਦੇ ਨਿਕਲੇ ਭਿਆਨਕ ਸਿੱਟੇ

**ਸ੍ਰੀਨਗਰ:** ਕਸ਼ਮੀਰ ਵਾਦੀ ਲਈ ਜੀਵਨ ਰੇਖਾ ਸਮਝੇ ਜਾਂਦੇ ਦਰਿਆ ਜਿਹਲਮ ਨੇ ਆਪਣਾ ਸਭ ਤੋਂ ਵੱਧ ਭਿਆਨਕ ਰੂਪ ਵਿਖਾਇਆ ਹੈ, ਜੋ ਕਈ ਪੀੜ੍ਹੀਆਂ ਨੇ ਨਹੀਂ ਵੇਖਿਆ। ਮਾਹਿਰਾਂ ਦਾ ਵਿਚਾਰ ਹੈ ਕਿ ਨਜਾਇਜ਼ ਕਬਜ਼ੇ, ਗੈਰ ਯੋਜਨਾਬੱਧ ਸ਼ਹਿਰੀ ਵਿਕਾਸ ਤੇ ਪਿਛਲੇ ਸਾਲਾਂ ਦੌਰਾਨ ਹੜ੍ਹ ਕੰਟਰੋਲ ਬਾਰੇ ਪ੍ਰਭਾਵੀ ਕਦਮ ਚੁੱਕਣ ਵਿਚ ਅਸਫ਼ਲ ਰਹਿਣ ਕਾਰਨ ਇਸ ਕੁਦਰਤੀ ਆਫਤ ਨੇ ਵੱਡੀ ਪੱਧਰ 'ਤੇ ਨੁਕਸਾਨ ਕੀਤਾ ਹੈ।

ਉੱਤਰਾਖੰਡ ਤੋਂ ਬਾਅਦ ਆਈ ਇਸ ਕੁਦਰਤੀ ਆਫ਼ਤ ਨੇ ਕੁਦਰਤ ਦੀ ਰਜ਼ਾ ਤੋਂ ਬਾਗ਼ੀ ਹੋਣ ਦੇ ਸਵਾਲ ਨੂੰ ਮੁੜ ਖੜ੍ਹਾ ਕਰ ਦਿੱਤਾ ਹੈ। ਮੁਨਾਫ਼ੇ ਉੱਤੇ ਆਧਾਰਿਤ ਵਿਕਾਸ ਦਾ ਮੌਜੂਦਾ ਤਰੀਕਾ, ਪਾਣੀ ਦੇ ਕੁਦਰਤੀ ਵਹਿਣਾਂ ਦੇ ਰਾਹ ਵਿਚ ਵੱਡੀਆਂ ਇਮਾਰਤਾਂ ਉਸਾਰਨ ਤੇ ਅੰਨ੍ਹੇਵਾਹ ਹੋਰ ਰੁਕਾਵਟਾਂ ਖੜ੍ਹੀਆਂ ਕਰ ਰਿਹਾ ਹੈ। ਬਿਨਾਂ ਸੋਚੇ ਸਮਝੇ ਤੇ ਮਾਹਿਰਾਂ ਦੀ ਰਾਇ ਨੂੰ ਨਜ਼ਰਅੰਦਾਜ਼ ਕਰਨ ਦਾ ਨਤੀਜਾ ਭਿਆਨਕ ਰੂਪ ਵਿਚ ਸਾਹਮਣੇ ਆ ਰਿਹਾ ਹੈ। ਇਸ ਤੋਂ ਪਹਿਲਾਂ ਉੱਤਰਾਖੰਡ ਵਿਚ ਇਹ ਕਹਿਰ ਵਾਪਰ ਚੁੱਕਿਆ ਹੈ ਤੇ ਹੁਣ ਕਸ਼ਮੀਰ ਵਿਚ ਵੀ ਅਜਿਹਾ ਹੀ ਹੋਇਆ ਹੈ।

ਵਿਗਿਆਨਕ ਤੇ ਤਕਨੀਕੀ ਤਰੱਕੀ ਨੇ ਮਨੁੱਖ ਲਈ ਬਹੁਤ ਸਾਰੀਆਂ ਸਹੂਲਤਾਂ ਪੈਦਾ ਕੀਤੀਆਂ ਹਨ ਪਰ ਵੱਡੀਆਂ ਆਫ਼ਤਾਂ ਮੌਕੇ ਇਹ ਤੰਤਰ ਵੀ ਕੰਮ ਕਰਨਾ ਬੰਦ ਕਰ ਦਿੰਦੇ ਹਨ। ਕੁਦਰਤੀ ਆਫ਼ਤਾਂ ਮੌਕੇ ਫ਼ੌਜ ਜਾਂ ਸੁਰੱਖਿਆ ਦਸਤਿਆਂ ਦੀ ਲੋੜ ਤਾਂ ਪੈਂਦੀ ਹੀ ਹੈ ਪਰ ਸਮਾਜਿਕ ਪੱਧਰ ਉੱਤੇ ਲੋਕਾਂ ਨੂੰ ਵੀ ਅਜਿਹੇ ਮੌਕੇ ਸੰਕਟ ਨਾਲ ਸਿੱਝਣ ਲਈ ਕੁਝ ਨਾ ਕੁਝ ਸਿਖਲਾਈ ਦੇਣ ਦੀ ਜ਼ਰੂਰਤ ਹੈ।

# ਜੈਨਕੋ ਦਾ ਗੌਲਫ ਟੂਰਨਾਮੈਂਟ 20 ਨੂੰ

**ਫਰੀਮਾਂਟ (ਬਿਊਰੋ):** 'ਜੈਨਕੋ' ਦਾ ਸਾਲਾਨਾ ਗੌਲਫ ਟੂਰਨਾਮੈਂਟ 20 ਸਤੰਬਰ ਨੂੰ ਸੁਨੋਲ ਦੇ ਸੁਨੋਲ ਵੈਲੀ ਗੌਲਫ ਕੋਰਸ ਵਿਚ ਕਰਵਾਇਆ ਜਾ ਰਿਹਾ ਹੈ। ਟੂਰਨਾਮੈਂਟ ਸਬੰਧੀ ਰਜਿਸਟਰੇਸ਼ਨ ਸਵੇਰੇ 11 ਵਜੇ ਸ਼ੁਰੂ ਹੋਵੇਗੀ ਅਤੇ ਟੂਰਨਾਮੈਂਟ ਦੁਪਹਿਰ 12 ਵਜੇ ਸ਼ੁਰੂ ਹੋਵੇਗਾ।


ਜੈਨਕੋ ਵਲੋਂ ਜਾਰੀ ਬਿਆਨ ਅਨੁਸਾਰ ਪਿਛਲੇ ਟੂਰਨਾਮੈਂਟ ਦੀ ਸਫਲਤਾ ਦੇ ਮੱਦੇਨਜ਼ਰ ਪ੍ਰਬੰਧਕਾਂ ਨੇ ਇਸ ਸਾਲ ਕਰੀਬ 70 ਖਿਡਾਰੀਆਂ ਦਾ ਇੰਤਜ਼ਾਮ ਕੀਤਾ ਹੈ। ਦੁਪਹਿਰ ਦੇ ਖਾਣੇ ਦਾ ਪ੍ਰਬੰਧ ਹੈ। ਸ਼ਾਮ ਨੂੰ ਇਨਾਮ ਸਮਾਰੋਹ ਅਤੇ ਖਾਣੇ ਦਾ ਪ੍ਰਬੰਧ ਗੌਲਫ ਕੋਰਸ ਦੇ ਕਲੱਬ ਹਾਊਸ ਵਿਚ ਹੋਵੇਗਾ।

ਜ਼ਿਕਰਯੋਗ ਹੈ ਕਿ ਜੈਨਕੋ ਸੰਸਥਾ ਨੂੰ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਪੁਰਾਣੇ ਵਿਦਿਆਰਥੀ ਅਤੇ ਉਨ੍ਹਾਂ ਦੇ ਹਮਖਿਆਲੀ ਸੱਜਣ ਚਲਾ ਰਹੇ ਹਨ। ਗੌਲਫ ਤੋਂ ਇਲਾਵਾ ਜੈਨਕੋ ਹਰ ਸਾਲ ਹੋਰ ਵੀ ਕਈ ਪ੍ਰੋਗਰਾਮ ਕਰਦੀ ਹੈ।

ਹੋਰ ਜਾਣਕਾਰੀ ਲਈ ਸਤਵੰਤ ਸਿੰਘ (510) 882-2314, ਮਨਰਾਜ ਨੱਤ (408) 802-7181, ਕੁਲਦੀਪ ਸਿੱਧੂ (925) 786-3310 ਅਤੇ ਕਮਲ ਕਾਹਲੋਂ (408) 476-1074 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# 'ਪ੍ਰੋ. ਹਰਭਜਨ ਸਿੰਘ : ਬਿਰਤਾਂਤ ਤੇ ਦ੍ਰਿਸ਼ਟੀ' ਉਪਰ ਵਿਚਾਰ ਚਰਚਾ 21 ਨੂੰ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਥਾਨਕ ਇਕਾਈ ਵੱਲੋਂ 21 ਸਤੰਬਰ, ਐਤਵਾਰ ਨੂੰ ਸਵਾਗਤ ਇੰਡੀਅਨ ਕੁਜ਼ੀਨ (2233 ਗ੍ਰੈਂਡ ਕੇਨਾਲ ਬੁਲੇਵਾਰਡ, ਸੁਈਟ 205) ਵਿਖੇ ਇਕ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਹਾਜ਼ਰ ਕਹਾਣੀਕਾਰਾਂ ਵੱਲੋਂ ਨਵ-ਰਚਿਤ ਕਹਾਣੀਆਂ ਪੜ੍ਹੀਆਂ ਜਾਣਗੀਆਂ ਅਤੇ ਕਵੀ ਦਰਬਾਰ ਹੋਵੇਗਾ। ਡਾ. ਮੋਹਨ ਤਿਆਗੀ ਦੁਆਰਾ ਸੰਪਾਦਿਤ ਖੋਜ ਨਿਬੰਧ ਪੁਸਤਕ 'ਪ੍ਰੋ. ਹਰਭਜਨ ਸਿੰਘ: ਬਿਰਤਾਂਤ ਤੇ ਦ੍ਰਿਸ਼ਟੀ' ਉਪਰ ਵਿਚਾਰ ਚਰਚਾ ਹੋਵੇਗੀ। ਇਸ ਪੁਸਤਕ ਦੇ ਪਹਿਲੇ ਭਾਗ ਵਿਚ ਪੰਜਾਬੀ ਵਿਦਵਾਨਾਂ ਦੇ ਖੋਜ ਪੇਪਰ ਛਪੇ ਹਨ ਅਤੇ ਦੂਜੇ ਭਾਗ ਵਿਚ ਪ੍ਰੋ. ਹਰਭਜਨ ਸਿੰਘ ਨਾਲ ਤਿੰਨ ਮੁਲਾਕਾਤਾਂ ਛਪੀਆਂ ਹਨ।




ਸਮਾਗਮ ਦੇ ਮੁੱਖ ਮਹਿਮਾਨ ਡਾ. ਮਾਨ ਸਿੰਘ ਢੀਂਡਸਾ (ਸੀਨੀਅਰ ਪ੍ਰੋਫੈਸਰ ਪੱਤਰ ਵਿਹਾਰ ਵਿਭਾਗ, ਪੰਜਾਬੀ ਯੂਨੀਵਰਸਟੀ, ਪਟਿਆਲਾ) ਪਹੁੰਚ ਰਹੇ ਹਨ। ਪ੍ਰਧਾਨਗੀ ਸਾਹਿਤਕਾਰ ਇੰਦਰ ਸਿੰਘ ਖਾਮੋਸ਼ ਕਰਨਗੇ। ਸਵੇਰੇ 11 ਤੋਂ 12 ਵਜੇ ਤੱਕ ਚਾਹ ਪਾਣੀ ਦਾ ਸਮਾਂ ਹੋਵੇਗਾ। ਉਪਰੰਤ ਸਮਾਗਮ ਅਰੰਭ ਹੋਵੇਗਾ ਜੋ ਸ਼ਾਮ 6 ਵਜੇ ਤੱਕ ਚੱਲੇਗਾ। ਹੋਰ ਜਾਣਕਾਰੀ ਲਈ ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ (209-610-5055 ) ਅਤੇ ਪ੍ਰੋ. ਹਰਭਜਨ ਸਿੰਘ (209-222-3866) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਨਸ਼ੀਲੇ ਪਦਾਰਥਾਂ ਨਾਲ ਸਬੰਧਤ ਮੁਲਕਾਂ ਦੀ ਸੂਚੀ ਜਾਰੀ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਨਸ਼ੀਲੇ ਪਦਾਰਥਾਂ ਦਾ ਉਤਪਾਦਨ ਕਰਨ ਵਾਲੇ ਜਾਂ ਇਨ੍ਹਾਂ ਪਦਾਰਥਾਂ ਲਈ ਲਾਂਘਾ ਬਣੇ 22 ਮੁਲਕਾਂ ਦੀ ਪਛਾਣ ਕੀਤੀ ਹੈ ਜਿਨ੍ਹਾਂ ਵਿਚ ਭਾਰਤ ਤੇ ਪਾਕਿਸਤਾਨ ਦਾ ਨਾਮ ਵੀ ਸ਼ਾਮਲ ਹੈ।ਰਾਸ਼ਟਰਪਤੀ ਨੇ ਕਿਹਾ ਹੈ ਕਿ ਇਨ੍ਹਾਂ 22 ਮੁਲਕਾਂ ਵਿਚੋਂ ਬੋਲੀਵੀਆ, ਮਿਆਂਮਾਰ ਤੇ ਵੈਨੇਜ਼ੂਏਲਾ ਅਜਿਹੇ ਤਿੰਨ ਹਨ ਜਿਨ੍ਹਾਂ ਨੇ ਬੀਤੇ 12 ਮਹੀਨਿਆਂ ਵਿਚ ਇਸ ਮਾਮਲੇ 'ਤੇ ਕੌਮਾਂਤਰੀ ਸ਼ਰਤਾਂ ਪੂਰੀਆਂ ਕਰਨ ਲਈ ਕੁਝ ਵੀ ਨਹੀਂ ਕੀਤਾ।

ਓਬਾਮਾ ਦੀ ਸੂਚੀ ਵਿਚ ਭਾਰਤ ਤੇ ਪਾਕਿਸਤਾਨ ਤੋਂ ਇਲਾਵਾ ਅਫ਼ਗਾਨਿਸਤਾਨ, ਬਹਾਮਸ, ਬੇਲਿਜ਼, ਬੋਲਵੀਆ, ਕੋਲੰਬੀਆ, ਕੋਸਟਾਰਿਕਾ, ਇਕੁਆਡੋਰ, ਮਿਆਂਮਾਰ, ਅਲ ਸਲਵਾਡੋਰ, ਗੁਆਟੇਮਾਲਾ, ਹੈਤੀ, ਹੈਂਡੂਰਸ, ਜਮਾਇਕਾ, ਲਾਓਸ, ਮੈਕਸੀਕੋ, ਨਿਕਾਰਾਗੂਆ, ਪਨਾਮਾ, ਪੇਰੂ ਤੇ ਵੈਨੇਜ਼ੂਏਲਾ ਸ਼ਾਮਲ ਹਨ।

ਰਾਸ਼ਟਰਪਤੀ ਨੇ ਇਸ ਬਾਰੇ ਵਿਦੇਸ਼ ਮੰਤਰੀ ਜੋਹਨ ਕੈਰੀ ਨੂੰ ਭੇਜੇ ਪੱਤਰ 'ਚ ਕਿਹਾ ਹੈ ਕਿ ਇਨ੍ਹਾਂ ਸੂਚੀਬੱਧ ਮੁਲਕਾਂ ਨੂੰ ਹੋਰ ਢੁਕਵੇਂ ਕਦਮ ਚੁੱਕਣ ਦੀ ਲੋੜ ਹੈ। ਨਸ਼ਾ ਤਸਕਰੀ ਨੂੰ ਰੋਕਣ ਲਈ ਰਲ ਕੇ ਹੰਭਲਾ ਮਾਰਿਆ ਜਾਣਾ ਚਾਹੀਦਾ ਹੈ। ਕੌਮਾਂਤਰੀ ਸਹਿਯੋਗ ਬਗੈਰ ਇਸ ਰੁਝਾਨ ਨੂੰ ਠੱਲ੍ਹ ਨਹੀਂ ਪਾਈ ਜਾ ਸਕਦੀ।

# ਬੇਏਰੀਆ ਸਿੱਖ ਅਲਾਇੰਸ ਵਲੋਂ ਅਦਾਲਤ ਦਾ ਬੂਹਾ ਖੜਕਾਉਣ ਦੀ ਤਿਆਰੀ

**ਯੂਨੀਅਨ ਸਿਟੀ (ਬਿਊਰੋ):** ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਨੇ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਮੈਂਬਰਾਂ ਕੋਲੋਂ ਮੰਗੀ ਗਈ ਹਿਸਾਬ-ਕਿਤਾਬ ਦੀ ਜਾਣਕਾਰੀ ਕੌਂਸਲ ਵਲੋਂ ਦੇਣ ਤੋਂ ਇਨਕਾਰ ਦੇ ਦੋਸ਼ ਅਧੀਨ ਅਦਾਲਤ ਵਿਚ ਕੇਸ ਕਰਨ ਦਾ ਫੈਸਲਾ ਲਿਆ ਹੈ। ਇਸ ਸਬੰਧੀ ਫੈਸਲਾ ਵਲੋਂ ਲੰਘੇ ਐਤਵਾਰ ਰਾਜਾ ਸਵੀਟਸ ਵਿਚ ਕੀਤੀ ਮੀਟਿੰਗ ਵਿਚ ਲਿਆ ਗਿਆ।

ਅਲਾਇੰਸ ਮੁਤਾਬਕ ਗੈਰ ਮੁਨਾਫਾ ਸੰਸਥਾ ਦੇ ਕਾਇਦੇ ਕਾਨੂੰਨ ਅਨੁਸਾਰ ਸੰਗਤਾਂ ਨੂੰ ਸੁਪਰੀਮ ਕੌਂਸਲ ਕੋਲੋਂ ਮੰਗੀ ਗਈ ਜਾਣਕਾਰੀ ਪ੍ਰਾਪਤ ਕਰਨ ਦਾ ਹੱਕ ਹੈ ਅਤੇ ਇਹ ਜਾਣਕਾਰੀ ਪੰਜਾ ਦਿਨਾਂ ਦੇ ਵਿਚ ਦੇਣੀ ਪੈਂਦੀ ਹੈ। ਅਲਾਇੰਸ ਨੇ ਦੋਸ਼ ਲਾਇਆ ਕਿ ਗੁਰਦੁਆਰਾ ਫਰੀਮਾਂਟ ਦੇ ਸੁਪਰੀਮ ਕੌਂਸਲ ਮੈਂਬਰ ਪਿਛਲੇ ਛੇ ਮਹੀਨਿਆਂ ਤੋਂ ਜਾਣਕਾਰੀ ਦੇਣ ਤੋਂ ਮੂੰਹ ਮੋੜੀ ਬੈਠੇ ਹਨ ਅਤੇ ਕਾਨੂੰਨ ਦੀ ਉਲੰਘਣਾ ਕਰ ਰਹੇ ਹਨ ਅਤੇ ਗੁਰਦੁਆਰਾ ਸਾਹਿਬ ਦੇ ਅਕਾਊਂਟ ਆਡਿਟ ਦੀ ਨਕਲ ਨਾ ਦੇ ਕੇ ਪ੍ਰਬੰਧਕ ਆਪਣੀਆਂ ਮਨਮਾਨੀਆਂ ਕਰ ਰਹੇ ਹਨ।

ਅਲਾਇੰਸ ਨੇ ਇਸ ਇਕੱਤਰਤਾ ਵਿਚ ਇਹ ਵੀ ਦੋਸ਼ ਲਾਇਆ ਕਿ ਪ੍ਰਬੰਧਕ ਵੋਟਾਂ ਬਣਾਉਣ ਦਾ ਸਹੀ ਤਰੀਕਾ ਨਹੀਂ ਅਪਨਾ ਰਹੇ ਅਤੇ ਆਪਣੇ ਸਮਰਥਕਾਂ ਦੀਆਂ ਵੋਟਾਂ ਘਰੋ ਘਰੀ ਜਾ ਕੇ ਅਰਜੀ ਭਰ ਕੇ ਬਣਾਉਂਦੇ ਹਨ। ਅਲਾਇੰਸ ਨੇ ਕਿਹਾ ਕਿ ਪ੍ਰਬੰਧਕਾਂ ਦੀਆਂ ਇਨ੍ਹਾਂ ਆਪਹੁਦਰੀਆਂ ਕਾਰਨ ਅਕਤੂਬਰ ਮਹੀਨੇ ਅਦਾਲਤ ਵਿਚ ਸੁਪਰੀਮ ਕੌਂਸਲ ਮੈਂਬਰਾਂ ਵਿਰੁਧ ਕੇਸ ਦਾਇਰ ਕੀਤਾ ਜਾਵੇਗਾ। ਇਸੇ ਦੌਰਾਨ ਅਲਾਇੰਸ ਨੇ ਇਹ ਗੱਲ ਵੀ ਆਖੀ ਕਿ ਯੂਨੀਅਨ ਸਿਟੀ ਕੌਂਸਲ ਲਈ ਉਮੀਦਵਾਰ ਕਸ਼ਮੀਰ ਸਿੰਘ ਸ਼ਾਹੀ ਜੇ ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧ ਵਿਚ ਹੋ ਰਹੀਆਂ ਕਥਿਤ ਧੱਕੇਸ਼ਾਹੀਆਂ ਵਿਰੁਧ ਆਵਾਜ਼ ਨਹੀਂ ਉਠਾਉਣਗੇ ਤਾਂ ਅਲਾਇੰਸ ਨਾਲ ਜੁੜੇ ਸੱਜਣ ਇਸ ਚੋਣ ਵਿਚ ਉਨ੍ਹਾਂ (ਸ੍ਰੀ ਸ਼ਾਹੀ) ਦੀ ਉਕਾ ਹੀ ਮਦਦ ਨਹੀਂ ਕਰਨਗੇ।

# 15 ਸਾਲਾ ਸਿੱਖ ਵਿਦਿਆਰਥੀ ਲਾਪਤਾ

**ਸੈਨ ਫਰਾਂਸਿਸਕੋ (ਬਿਊਰੋ):** ਈਸਟ ਪਾਲੋ ਆਲਟੋ ਅਕੈਡਮੀ ਹਾਈ ਸਕੂਲ ਦਾ 11ਵੀਂ ਕਲਾਸ ਦਾ ਸਿੱਖ ਵਿਦਿਆਰਥੀ ਅਮਨਜੀਤ ਸਿੰਘ ਚਾਹਲ 10 ਸਤੰਬਰ ਨੂੰ ਘਰੋਂ ਸਕੂਲ ਗਿਆ ਪਰ ਹਾਲੇ ਤੱਕ ਘਰ ਵਾਪਸ ਨਹੀਂ ਪਰਤਿਆ। ਸੂਤਰਾਂ ਅਨੁਸਾਰ ਉਸ ਨੇ ਘਰ ਇਕ ਨੋਟ ਵੀ ਛੱਡਿਆ ਕਿ ਉਹ ਆਪਣੇ ਇਕ ਮੈਕਸੀਕਨ ਮੂਲ ਦੇ ਦੋਸਤ ਨਾਲ ਪਹਾੜਾਂ ਵਿਚ ਬੰਦਗੀ ਕਰਨ ਜਾ ਰਿਹਾ ਹੈ। ਪਰਿਵਾਰ ਵਾਲੇ ਉਸ ਨੂੰ ਥਾਂ ਥਾਂ ਲੱਭ ਰਹੇ ਹਨ।



ਜਾਣਕਾਰੀ ਅਨੁਸਾਰ ਕਰੀਬ 15 ਸਾਲਾ ਅਮਨਜੀਤ ਨੇ ਕਾਲੀ ਦਸਤਾਰ ਸਜਾਈ ਹੋਈ ਹੈ ਅਤੇ ਕਾਲੀ ਟੀ-ਸ਼ਰਟ ਤੇ ਨੀਲੀ ਜੀਨ ਪਾਈ ਹੋਈ ਹੈ। ਉਸ ਦਾ ਕੱਦ ਪੰਜ ਫੁੱਟ ਗਿਆਰਾਂ ਇੰਚ ਹੈ। ਘਰੋਂ ਉਹ ਸਕੂਲ ਗਿਆ ਸੀ ਪਰ ਸਕੂਲ ਵਾਲੇ ਕਹਿੰਦੇ ਨੇ ਕਿ ਉਹ ਸਕੂਲ ਨਹੀਂ ਆਇਆ। ਇਸ ਸਬੰਧੀ ਕਿਸੇ ਸੂਚਨਾ ਲਈ ਉਸ ਦੇ ਪਿਤਾ ਸਰਜੀਤ ਸਿੰਘ ਚਾਹਲ ਨਾਲ ਫੋਨ 650-834-4025 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## Matrimonial

### ਕੰਨਿਆ ਦੀ ਲੋੜ

ਇੰਡੀਆ ਰਹਿੰਦੇ ਰਾਮਗੜੀਏ ਸਿੱਖ, 31 ਸਾਲ, 5'-9", ਮਕੈਨੀਕਲ ਇੰਜੀਨੀਅਰ ਅਤੇ ਆਈ ਟੀ ਆਈ ਡਿਪਲੋਮਾ ਹੋਲਡਰ, ਵੈਸ਼ਨੋ ਲੜਕੇ ਲਈ ਅਮੈਰਿਕਾ/ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਕਾਰੋਬਾਰੀ ਮਾਪਿਆਂ ਦਾ ਇਕਲੌਤਾ ਪੁੱਤ। ਪਰਿਵਾਰ ਤੇ ਰਿਸ਼ਤੇਦਾਰ ਵਿਦੇਸ਼ਾਂ ਵਿਚ ਸੈਟਲਡ। ਸੰਪਰਕ ਕਰੋ: husanvick@yahoo.com, ਫੋਨ: 513-807-3707, ਇੰਡੀਆ 91-98551-79679 *38-41*

ਜੱਟ ਸਿੱਖ ਮੱਲ੍ਹੀ, ਚੰਗੇ ਪੜ੍ਹੇ-ਲਿਖੇ ਪਰਿਵਾਰ (ਦੁਆਬਾ), ਆਪਣਾ ਕਾਰੋਬਾਰ ਅਤੇ ਚੰਗੀ ਜ਼ਮੀਨ-ਜਾਇਦਾਦ ਵਾਲੇ ਮਾਪਿਆਂ ਦੇ ਇੰਡੀਆ ਰਹਿੰਦੇ ਕਲੀਨ ਸ਼ੇਵ 25 ਸਾਲ, 5'-10", ਬੀ.ਈ. (ਇਲੈਕਟ੍ਰਿਕ) ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ, ਚੰਗੀ ਪੜ੍ਹੀ ਲਿਖੀ, ਲੰਮੀ, ਖ਼ੂਬਸੂਰਤ ਜੱਟ ਸਿੱਖ ਲੜਕੀ ਦੀ ਲੋੜ ਹੈ। ਸ਼ਾਦੀ ਬਿਨਾ ਦਹੇਜ, ਦੁਆਬੇ ਨੂੰ ਪਹਿਲ, ਮੈਰਿਜ ਬਿਊਰੋ ਮੁਆਫ ਕਰਨ। ਸੰਪਰਕ ਕਰੋ, ਫੋਨ: 718-810-1295 ਜਾਂ 718-468-0936 *35 to 38*

ਜੱਟ ਸਿੱਖ, ਗਰੈਜੂਏਟ, ਅਮਰੀਕੀ ਸਿਟੀਜ਼ਨ, ਵੈਲ ਸੈਟਲਡ, ਸੁਨੱਖੇ, 24 ਸਾਲ, 5'-10", ਚੰਗੀ ਕੰਪਨੀ ਵਿਚ ਕੰਮ ਕਰਦੇ ਲੜਕੇ ਲਈ ਅੰਡਰ-ਗਰੈਜੂਏਟ 22 ਤੋਂ 25 ਸਾਲ ਉਮਰ ਦੀ ਅਮਰੀਕਾ ਰਹਿੰਦੀ ਲੜਕੀ ਦੀ ਲੋੜ ਹੈ। ਤਸਵੀਰ ਅਤੇ ਵੇਰਵਾ ਭੇਜੋ, ਈਮੇਲ: kang929@hotmail.com, ਫੋਨ: 60834-76548 *35 to 38*

### ਵਰ ਦੀ ਲੋੜ

ਚੰਗੇ ਪੜ੍ਹੇ-ਲਿਖੇ ਅਰੋੜਾ ਪਰਿਵਾਰ ਦੀ ਗੁਰਸਿੱਖ, ਉਮਰ 29 ਸਾਲ, ਕੱਦ 5'-5" ਲੜਕੀ ਲਈ ਇੰਡੀਆ ਜਾਂ ਅਮੈਰਿਕਾ ਰਹਿੰਦੇ ਪੇਸ਼ੇਵਰ, ਵੈਸ਼ਨੋ, ਸੋਫੀ, ਪੂਰਨ ਸਿੱਖ ਲੜਕੇ ਦੀ ਲੋੜ ਹੈ। ਵੇਰਵਾ ਤੇ ਫੋਟੋ ਭੇਜੋ, ਈਮੇਲ: singhj19@hotmail.com ਜਾਂ ਸੰਪਰਕ ਕਰੋ 843-270-4264 *34-37*

ਪੰਜਾਬ ਵਿਚ ਰਹਿੰਦੀ ਜੱਟ ਸਿੱਖ ਲੜਕੀ ਉਮਰ 24 ਸਾਲ, ਕੱਦ 5'-7", ਬੀ ਐਸ ਸੀ ਨਰਸਿੰਗ ਲਈ ਯੂ ਐਸ ਸਿਟੀਜ਼ਨ ਪਰਿਵਾਰਕ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਈਮੇਲ: panjabiversa@gmail.com *33-38*

### ਸਾਥੀ ਦੀ ਭਾਲ

ਕੰਬੋਜ ਥਿੰਦ, ਉਮਰ 48 ਸਾਲ, ਕੱਦ 6'-2", ਵਧੀਆ ਰੈਸਟੋਰੈਂਟ ਵਿਚ ਸ਼ੈਫ ਦਾ ਕੰਮ ਕਰਦੇ ਮਰਦ ਲਈ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਔਰਤ ਦੀ ਲੋੜ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁਕੀ ਹੈ। ਸੰਪਰਕ ਕਰੋ, ਫੋਨ: 510-613-5071 ਜਾਂ 408-613-6243 *38-41*


LAW OFFICE OF NIRWAN & ASSOCIATES
SACRAMENTO
1104 Corporate Way
Sacramento, CA 95831
CALL US TODAY
Tel: 916-832-3144
Fax: 925-264-5078
www.nirwanlaw.com
Jagdip S. Nirwan
- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION





SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250





ਤੰਦੂਰੀਏ, ਹੈਲਪਰ, ਵੇਟਰ ਤੇ ਡਿਸ ਵਾਸ਼ਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਤੰਦੂਰੀਏ, ਵੇਟਰ, ਹੈਲਪਰ ਤੇ ਡਿਸ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ
ਫੋਨ: 757-240-9348
37-38



ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹੜ੍ਹਾਂ ਵਿਚ ਫੌਜ ਅਤੇ ਮੀਡੀਆ ਦੀ ਭੂਮਿਕਾ 'ਤੇ ਉਠੇ ਸਵਾਲ

**ਸ੍ਰੀਨਗਰ:** ਜਦੋਂ ਸ੍ਰੀਨਗਰ ਦੇ ਲੋਕਾਂ ਨੇ ਹਿੰਦੁਸਤਾਨੀ ਫ਼ੌਜ ਅਤੇ ਇਸ ਦੇ ਹੈਲੀਕਾਪਟਰਾਂ ਨੂੰ ਜ਼ਮੀਨ 'ਤੇ ਨਹੀਂ ਉਤਰਨ ਦਿੱਤਾ ਤਾਂ ਫ਼ੌਜ ਦੀ ਭੂਮਿਕਾ ਬਾਰੇ ਸ਼ਬਦ-ਆਡੰਬਰੀ ਲਿੱਪਾਪੋਚੀ ਦੇ ਪਰਖਚੇ ਉਡ ਗਏ। ਇਹ ਕਸ਼ਮੀਰ ਦਾ ਸੱਚ ਹੈ: ਘੋਰ ਸੰਕਟਮਈ ਹਾਲਤ 'ਚ ਵੀ ਹਿੰਦੁਸਤਾਨ ਦੀ ਚਾਲਬਾਜ਼ ਮਦਦ ਦਾ ਸਵਾਗਤ ਨਹੀਂ ਹੋ ਰਿਹਾ।

ਇਸ ਵਕਤ ਕਸ਼ਮੀਰ ਜਿਉਂਦੇ-ਜਾਗਦੇ ਇਤਿਹਾਸ ਦੀ ਬੇਮਿਸਾਲ ਪਰਲੋ ਦੀ ਲਪੇਟ 'ਚ ਹੈ। ਜਾਨੀ ਤੇ ਮਾਲੀ ਨੁਕਸਾਨ ਕਲਪਨਾ ਤੋਂ ਪਰ੍ਹੇ ਹੈ। ਅਜਿਹੇ ਹਾਲਾਤ 'ਚ ਲੋਕ ਬਚਾਓ ਦੇ ਹਰ ਹਾਸਲ ਵਸੀਲੇ 'ਤੇ ਨਿਰਭਰ ਹੋ ਜਾਂਦੇ ਹਨ। ਜਦੋਂ ਜੰਮੂ-ਕਸ਼ਮੀਰ ਹਕੂਮਤ ਨੇ ਹੱਥ ਖੜ੍ਹੇ ਕਰ ਦਿੱਤੇ ਤਾਂ ਸਥਾਨਕ ਨੌਜਵਾਨ ਵੱਡੀਆਂ ਬਚਾਓ ਮੁਹਿੰਮਾਂ ਚਲਾਉਣ ਲਈ ਅੱਗੇ ਆਏ।

ਹਿੰਦੁਸਤਾਨੀ ਫ਼ੌਜ ਵੀ ਬੇਸ਼ਕ ਕੁਝ ਛੋਟੇ ਪੱਧਰ ਦੇ ਬਚਾਓ ਕਾਰਜਾਂ ਵਿਚ ਸ਼ਾਮਲ ਹੈ, ਪਰ ਹੈਰਤਅੰਗੇਜ਼ ਤਾਂ ਇਹ ਹੈ ਕਿ ਹਿੰਦੁਸਤਾਨੀ ਮੀਡੀਆ ਫ਼ੌਜ ਵਲੋਂ ਨਿਭਾਈ ਭੂਮਿਕਾ ਨੂੰ ਹੀ ਕਿਉਂ ਐਨਾ ਸਿਰ ਚੱਕ ਰਿਹਾ ਹੈ? ਅਜਿਹੇ ਮਨੁੱਖੀ ਸੰਕਟ ਦੀ ਘੜੀ ਜੇ ਫ਼ੌਜ ਨੇ ਕੁਝ ਲੋਕਾਂ ਦੀ ਜਾਨ ਬਚਾ ਦਿੱਤੀ, ਤਾਂ ਇਸ ਨਾਲ ਹਿੰਦੁਸਤਾਨੀ ਹਕੂਮਤ ਕਸ਼ਮੀਰ ਵਿਚਲੇ ਆਪਣੇ ਮੁਜਰਮਾਨਾ ਇਤਿਹਾਸ ਤੋਂ ਬਰੀ ਨਹੀਂ ਹੋ ਜਾਂਦੀ। ਮੈਂ ਦੱਸਦਾ ਹਾਂ ਕਿਉਂ?



ਹੜ੍ਹਾਂ ਦੀ ਪੇਸ਼ੀਨਗੋਈ ਦੇ ਬਾਵਜੂਦ ਅਥਾਰਟੀਜ਼ ਵਲੋਂ ਜ਼ਿਆਦਾਤਰ ਬਜਟ ਹਜੂਮ ਲਈ ਨਜਿੱਠਣ ਲਈ ਜ਼ਾਲਮ ਤੋਂ ਜ਼ਾਲਮ ਹਥਿਆਰ ਖ਼ਰੀਦਣ ਉਪਰ ਖ਼ਰਚਿਆ। ਜਿਵੇਂ ਮਿਰਚਾਂ ਦੀ ਸਪਰੇਅ ਕਰਨ ਵਾਲੇ ਹਥਿਆਰ, ਅੱਥਰੂ ਗੈਸ ਦੇ ਕਨੱਸਤਰ ਵਗੈਰਾ। 'ਅੰਦੋਲਨਾਂ ਦੀ ਦਹਿਸ਼ਤਗਰਦੀ' ਨੂੰ ਨੇਸਤੋ-ਨਾਬੂਦ ਕਰਨ ਲਈ ਇਨ੍ਹਾਂ ਨੂੰ ਘਾਤਕ ਹਥਿਆਰਾਂ ਦੀ ਹੀ ਲੋੜ ਹੈ। ਜਨਾਬ ਉਮਰ ਅਬਦੁੱਲਾ ਤੇ ਇਸ ਦੇ ਦਿੱਲੀ ਵਿਚ ਬੈਠੇ ਬੌਸ ਉਨ੍ਹਾਂ ਹਾਲਾਤ ਲਈ ਪਹਿਲ-ਪ੍ਰਥਮੇ ਜ਼ਿੰਮੇਵਾਰ ਹਨ ਜੋ ਅੱਜ ਸਾਡੇ ਸਾਹਮਣੇ ਹੈ। ਕੁਦਰਤੀ ਆਫ਼ਤ ਤਾਂ ਰੋਕਣੀ ਸੰਭਵ ਨਹੀਂ ਪਰ ਢੁੱਕਵੇਂ ਇੰਤਜ਼ਾਮਾਂ ਨਾਲ ਨੁਕਸਾਨ ਘਟਾਉਣਾ ਤਾਂ ਸੰਭਵ ਸੀ, ਪਰ ਤੁਹਾਨੂੰ ਕਾਹਦਾ ਫ਼ਿਕਰ ਹੈ; ਤੁਹਾਡੀ ਰਾਖੀ ਲਈ ਹਿੰਦੁਸਤਾਨੀ ਮੀਡੀਆ ਜੁ ਹਾਜ਼ਰ ਹੈ।

ਹੜ੍ਹਾਂ ਮਾਰੇ ਕਸ਼ਮੀਰ ਵਿਚ ਹਿੰਦੁਸਤਾਨੀ ਫ਼ੌਜ ਦੀ ਭੂਮਿਕਾ ਬਾਰੇ ਮੀਡੀਆ ਦੇ ਧੂੰਆਂਧਾਰ ਪ੍ਰਚਾਰ ਵਿਚ ਪਰਾਇਆਪਣ ਗੁੱਝਾ ਨਹੀਂ ਹੈ। ਇਥੇ ਕਬਜ਼ਾ ਬਣਾਈ ਰੱਖਣ ਲਈ ਹਿੰਦੁਸਤਾਨ ਨੂੰ ਕੂੜ-ਪ੍ਰਚਾਰ ਤਾਂ ਜਾਰੀ ਰੱਖਣਾ ਹੀ ਪਵੇਗਾ। ਇਸ ਖ਼ਾਤਰ ਮੀਡੀਆ ਨੂੰ ਇਹ ਯਕੀਨੀ ਬਣਾਉਣਾ ਹੀ ਪੈਣਾ ਹੈ ਕਿ ਖਿੜਨ ਤੋਂ ਪਹਿਲਾਂ ਹੀ ਸੱਚ ਦਾ ਕਤਲ ਹੋ ਜਾਵੇ। ਘੋਰ ਮਨਘੜਤ ਕਹਾਣੀਆਂ, ਬੇਈਮਾਨੀ ਦਾ ਮੁਜ਼ਾਹਰਾ, ਕਾਤਲਾਨਾ ਰਾਸ਼ਟਰੀ ਹਿੱਤਾਂ ਦੀ ਤਰਜਮਾਨੀ ਅਤੇ ਵਹਿਸ਼ੀ ਫ਼ੌਜੀ ਤਾਕਤਾਂ ਦੀ ਰਾਖੀ। ਇਹ ਹਿੰਦੁਸਤਾਨੀ ਮੀਡੀਆ ਦਾ ਦਹਾਕਿਆਂ ਤੋਂ ਚਲਿਆ ਆ ਰਿਹਾ ਦਸਤੂਰ ਹੈ।

ਜਦੋਂ ਤਾਈਂ ਹਿੰਦੁਸਤਾਨੀ ਮੀਡੀਆ ਦੀ ਸਮੱਗਰੀ ਕਸ਼ਮੀਰ ਬਾਰੇ ਫ਼ੌਜ ਦੇ ਪ੍ਰੈੱਸ ਬਿਆਨਾਂ ਪੱਖੀ ਰਹੇਗੀ, ਇਸ ਮੁਲਕ ਦਾ ਅਵਾਮ ਸਚਾਈ ਤੋਂ ਵਾਂਝਾ ਹੀ ਰਹੇਗਾ। ਪੱਤਰਕਾਰੀ ਦੇ ਇਖ਼ਲਾਕ ਨਾਲ ਧ੍ਰੋਹ ਕਰਨ ਦੇ ਨਾਲ-ਨਾਲ ਇਹ ਪੱਤਰਕਾਰੀ ਦੀ ਜ਼ਮੀਰ ਦੀ ਮੌਤ ਵੀ ਹੈ। ਕਸ਼ਮੀਰ ਬਾਬਤ ਰਿਪੋਰਟ ਕਰਦੇ ਵਕਤ ਹਿੰਦੁਸਤਾਨੀ ਮੀਡੀਆ ਅਤੇ ਇਸ ਦੀ ਫ਼ੌਜ ਦੇ ਗੱਠਜੋੜ ਦਾ ਇਕ ਇਤਿਹਾਸ ਰਿਹਾ ਹੈ। ਹਿੰਦੁਸਤਾਨੀ ਫ਼ੌਜ ਕਸ਼ਮੀਰੀ ਅਵਾਮ ਦੇ ਕਤਲੇਆਮ ਕਰਦੀ ਹੈ, ਇਸ ਦਾ ਮੀਡੀਆ ਆਪਣੇ ਵਰਦੀਧਾਰੀਆਂ ਦੇ ਜੁਰਮਾਂ ਦੀ ਰਾਖੀ ਲਈ ਸੱਚ ਦੀ ਕਤਲੋਗ਼ਾਰਤ ਕਰਦਾ ਹੈ। ਇਸੇ ਨੂੰ ਤਾਂ ਪੱਤਰਕਾਰੀ 'ਤੇ ਕਲੰਕ ਕਿਹਾ ਜਾਂਦਾ ਹਨ।

*-ਕਸ਼ਮੀਰ ਤੋਂ ਇਕਬਾਲ ਸੋਨੌਲਾ*
*ਅਨੁਵਾਦ: ਬੂਟਾ ਸਿੰਘ*

## ਹੁਣ ਹਰਿਆਣਾ ਤੇ ਮਹਾਰਾਸ਼ਟਰ ਵੀ ਬਣੇਗਾ ਕੁਰੂਕਸ਼ੇਤਰ

*(ਸਫ਼ ਇਕ ਦੀ ਬਾਕੀ)*

ਹਰਿਆਣਾ ਵਿਚ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਤੇ ਉਨ੍ਹਾਂ ਦੇ ਕਰੀਬੀ ਰਿਸ਼ਤੇਦਾਰ ਤੇ ਕਾਂਗਰਸ ਨੂੰ ਅਲਵਿਦਾ ਕਹਿ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਏ ਚੌਧਰੀ ਬੀਰੇਂਦਰ ਸਿੰਘ ਤੇ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦਾ ਵਕਾਰ ਦਾਅ 'ਤੇ ਲੱਗਾ ਹੋਇਆ ਹੈ। ਭਾਜਪਾ ਨੇ ਹਰਿਆਣਾ ਜਨਹਿਤ ਕਾਂਗਰਸ ਨਾਲੋਂ ਨਾਤਾ ਤੋੜ ਕੇ ਆਪਣੇ ਆਪ ਨੂੰ ਬਹੁਤ ਵੱਡੀ ਪ੍ਰੀਖਿਆ ਵਿਚ ਪਾ ਲਿਆ ਹੈ।

ਪਾਰਟੀ ਆਗੂਆਂ ਨੂੰ ਆਸ ਹੈ ਕਿ ਲੋਕ ਸਭਾ ਚੋਣਾਂ ਵਾਲੀ ਮੋਦੀ ਲਹਿਰ ਅਜੇ ਵੀ ਚੱਲ ਰਹੀ ਹੈ ਤੇ ਸਹਾਰੇ ਉਨ੍ਹਾਂ ਦੀ ਕਿਸ਼ਤੀ ਪਾਰ ਲੱਗ ਜਾਵੇਗੀ। ਇਸ ਕਰ ਕੇ ਉਨ੍ਹਾਂ ਨੇ ਗਠਜੋੜ ਤੋੜਨ ਨੂੰ ਤਰਜੀਹ ਦਿੱਤੀ ਹੈ ਪਰ ਪਿਛਲੇ ਤਿੰਨ ਮਹੀਨਿਆਂ ਵਿਚ ਬਹੁਤ ਕੁਝ ਸਾਹਮਣੇ ਆ ਚੁੱਕਾ ਹੈ ਤੇ ਸਥਿਤੀ ਕਾਫੀ ਬਦਲ ਚੁੱਕੀ ਹੈ। ਭਾਜਪਾ ਪ੍ਰਧਾਨ ਅਮਿਤ ਸ਼ਾਹ ਵੱਲੋਂ ਟਿਕਟਾਂ ਦੀ ਵੰਡ ਵੇਲੇ ਨਵੀਂ ਰਣਨੀਤੀ ਅਪਣਾਉਣ ਕਰ ਕੇ ਪੁਰਾਣੇ ਵਰਕਰਾਂ ਦੇ ਸਖਤ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਕਈ ਥਾਵਾਂ 'ਤੇ ਹਰਿਆਣਾ ਭਾਜਪਾ ਦੇ ਪ੍ਰਧਾਨ ਰਾਮ ਬਿਲਾਸ ਸ਼ਰਮਾ ਦੇ ਪੁਤਲੇ ਵੀ ਸਾੜੇ ਗਏ। ਲੋਕ ਸਭਾ ਚੋਣਾਂ ਤੋਂ ਪਹਿਲਾਂ ਲੋਕਾਂ ਵਿਚ ਕਾਂਗਰਸ ਪ੍ਰਤੀ ਕਾਫੀ ਨਾਰਾਜ਼ਗੀ ਸੀ ਪਰ ਨੂੰ ਪਾਣੀਪਤ ਰੈਲੀ ਤੋਂ ਬਾਅਦ ਹਾਲਾਤ ਬਦਲ ਗਏ ਹਨ। ਪਾਣੀਪਤ ਰੈਲੀ ਵਿਚ ਜੁੜੇ ਲੋਕਾਂ ਨੇ ਕਾਂਗਰਸ ਆਗੂਆਂ ਤੇ ਵਿਸੇਸ਼ ਤੌਰ 'ਤੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਕਾਫੀ ਹੁੰਗਾਰਾ ਦਿੱਤਾ। ਇਸ ਲਈ ਭਾਜਪਾ ਦੀ ਫਿਕਰਾਂ ਵਧ ਗਈਆਂ ਹਨ। ਮਹਾਰਾਸ਼ਟਰ ਵਿਚ ਭਾਜਪਾ ਸ਼ਿਵ ਸੈਨਾ ਤੋਂ ਵੱਧ ਸੀਟਾਂ ਮੰਗ ਰਹੀ ਹੈ ਪਰ ਸ਼ਿਵ ਸੈਨਾ ਪੁਰਾਣੇ ਸਮਝੌਤੇ ਮੁਤਾਬਕ ਹੀ ਸੀਟਾਂ ਦੇਣ ਲਈ ਤਿਆਰ ਹੈ। ਹਾਲਾਤ ਇਹ ਬਣ ਗਏ ਹਨ ਕਿ ਜੇ ਭਾਜਪਾ ਨਰਮ ਨਾ ਪਈ ਤਾਂ ਗੱਠਜੋੜ ਟੁੱਟ ਸਕਦਾ ਹੈ। ਇਸ ਲਈ ਦੋਵੇਂ ਰਾਜਾਂ ਵਿਚ ਭਾਜਪਾ ਦੀ ਸਾਖ ਦਾਅ 'ਤੇ ਲੱਗੀ ਹੋਈ ਹੈ।

## ਸੈਲਾਨੀਆਂ ਦਾ ਹੁਣ ਹਿਮਾਚਲ ਪ੍ਰਦੇਸ਼ ਵੱਲ ਰੁਖ਼

**ਸ਼ਿਮਲਾ:** ਕਸ਼ਮੀਰ ਵਿਚ ਆਈ ਕੁਦਰਤੀ ਆਫਤ ਕਾਰਨ ਸੈਲਾਨੀਆਂ ਦਾ ਰੁਖ਼ ਹੁਣ ਹਿਮਾਚਲ ਪ੍ਰਦੇਸ਼ ਵੱਲ ਹੋ ਗਿਆ ਹੈ। ਤਿਉਹਾਰਾਂ ਦੇ ਦਿਨਾਂ ਵਿਚ ਹਿਮਾਚਲ ਪ੍ਰਦੇਸ਼ ਵਿਚ ਸੈਲਾਨੀਆਂ ਦੀ ਆਮਦ ਵਿਚ ਹੋਰ ਵੀ ਤੇਜ਼ੀ ਆਉਣ ਦੀ ਉਮੀਦ ਕੀਤੀ ਜਾ ਰਹੀ ਹੈ। ਸੈਰ-ਸਪਾਟਾ ਸਨਅਤ ਨਾਲ ਜੁੜੇ ਲੋਕਾਂ ਮੁਤਾਬਕ ਦਸਹਿਰਾ ਤੇ ਦੁਰਗਾ ਪੂਜਾ ਦੌਰਾਨ ਅਕਤੂਬਰ ਦੇ ਪਹਿਲੇ ਹਫਤੇ ਸੈਲਾਨੀਆਂ ਦੀ ਗਿਣਤੀ ਵਿਚ 30 ਤੋਂ 35 ਫੀਸਦੀ ਵਾਧੇ ਦੀ ਆਸ ਕੀਤੀ ਜਾਂਦੀ ਹੈ। ਵਿਸ਼ੇਸ਼ ਤੌਰ ਉਤੇ ਸ਼ਿਮਲਾ, ਮਨਾਲੀ ਤੇ ਧਰਮਸ਼ਾਲਾ ਵਰਗੇ ਸੈਲਾਨੀ ਕੇਂਦਰਾਂ ਉਤੇ ਭੀੜ ਵਧਣ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ।

ਹਿਮਾਚਲ ਪ੍ਰਦੇਸ਼ ਸੈਰ-ਸਪਾਟਾ ਵਿਕਾਸ ਨਿਗਮ ਦੇ ਜਨਰਲ ਮੈਨੇਜਰ ਯੋਗੇਸ਼ ਬਹਿਲ ਅਨੁਸਾਰ ਤਿਉਹਾਰਾਂ ਦੇ ਦਿਨਾਂ ਵਿਚ ਪਿਛਲੇ ਸਾਲ ਦੇ ਮੁਕਾਬਲੇ 30 ਤੋਂ 35 ਫੀਸਦੀ ਵਧੇਰੇ ਸੈਲਾਨੀਆਂ ਦੇ ਆਉਣ ਦੀ ਉਮੀਦ ਹੈ। ਉਨ੍ਹਾਂ ਦੱਸਿਆ ਕਿ ਦੁਰਗਾ ਪੂਜਾ ਤੇ ਦਸਹਿਰਾ ਦੀਆਂ ਛੁੱਟੀਆਂ ਮੌਕੇ ਵਧੇਰੇ ਕਰਕੇ ਪੱਛਮੀ ਬੰਗਾਲ, ਗੁਜਰਾਤ, ਮਹਾਰਾਸ਼ਟਰ ਤੇ ਦਿੱਲੀ ਦੇ ਲੋਕ ਹਿਮਾਚਲ ਪ੍ਰਦੇਸ਼ ਵਿਚ ਆਉਣ ਨੂੰ ਤਰਜੀਹ ਦਿੰਦੇ ਹਨ। ਉਨ੍ਹਾਂ ਕਿਹਾ ਕਿ ਨਿਗਮ ਦੇ ਸੂਚਨਾ ਕੇਂਦਰਾਂ ਉਤੇ ਅਜਿਹੇ ਲੋਕਾਂ ਵੱਲੋਂ ਵਧੇਰੇ ਜਾਣਕਾਰੀ ਲਈ ਜਾ ਰਹੀ ਹੈ ਜਿਨ੍ਹਾਂ ਨੇ ਪਹਿਲਾਂ ਕਸ਼ਮੀਰ ਜਾਣ ਦਾ ਫੈਸਲਾ ਕੀਤਾ ਸੀ ਤੇ ਬਲਦਵੇਂ ਹਾਲਾਤ ਵਿਚ ਉਹ ਹਿਮਾਚਲ ਪ੍ਰਦੇਸ਼ ਵਿਚ ਆਉਣ ਬਾਰੇ ਪ੍ਰੋਗਰਾਮ ਬਣਾ ਰਹੇ ਹਨ।

ਮਿਲੀ ਜਾਣਕਾਰੀ ਅਨੁਸਾਰ ਮਈ ਤੇ ਜੂਨ ਦੀਆਂ ਛੁੱਟੀਆਂ ਨੂੰ ਹਿਮਾਚਲ ਪ੍ਰਦੇਸ਼ ਵਿਚ ਸੈਲਾਨੀਆਂ ਲਈ ਸੀਜ਼ਨ ਮੰਨਿਆ ਜਾਂਦਾ ਹੈ ਤੇ ਉਸ ਤੋਂ ਬਾਅਦ ਦਸਹਿਰਾ ਦੀਆਂ ਛੁੱਟੀਆਂ ਦੌਰਾਨ ਇਕ ਵਾਰ ਫਿਰ ਸੈਲਾਨੀ ਹਿਮਾਚਲ ਪ੍ਰਦੇਸ਼ ਦੀਆਂ ਚੋਟੀਆਂ ਵੱਲ ਰੁਖ਼ ਕਰਦੇ ਹਨ। ਮਨਾਲੀ ਦੇ ਹੋਟਲ ਮਾਲਕ ਤੇ ਟਰੈਵਲ ਏਜੰਟ ਐਮ.ਸੀ. ਠਾਕੁਰ ਅਨੁਸਾਰ ਸਤੰਬਰ-ਅਕਤੂਬਰ ਵਿਚ ਐਡਵੈਂਚਰ ਟੂਰਿਜ਼ਮ ਦੇ ਵਧੇਰੇ ਵਿਦੇਸ਼ੀ ਸ਼ੌਕੀਨ ਹਿਮਾਚਲ ਦੀਆਂ ਵਾਦੀਆਂ ਵੱਲ ਮੂੰਹ ਕਰਦੇ ਹਨ। ਕਾਰਪੋਰੇਟ ਅਧਿਕਾਰੀ ਮਲਵਿਕਾ ਅਰੋੜਾ, ਜੋ ਦਿੱਲੀ ਦੀ ਰਹਿਣ ਵਾਲੀ ਹੈ, ਨੇ ਦੱਸਿਆ ਕਿ ਪਹਿਲਾਂ ਉਸ ਦਾ ਸ੍ਰੀਨਗਰ ਜਾਣ ਦਾ ਪ੍ਰੋਗਰਾਮ ਸੀ ਪਰ ਹੁਣ ਉਹ ਦਸਹਿਰੇ ਨੂੰ ਮਨਾਲੀ ਜਾਣ ਦੀ ਚਾਹਵਾਨ ਹੈ।

ਘੁੰਮਣ-ਫਿਰਨ ਦੇ ਵਧੇਰੇ ਸ਼ੌਕੀਨ ਲੋਕ ਅਕਸਰ ਚੰਡੀਗੜ੍ਹ ਤੋਂ ਮਨਾਲੀ ਤੇ ਮਨਾਲੀ ਤੋਂ ਲੇਹ ਹੁੰਦੇ ਹੋਏ ਸ੍ਰੀਨਗਰ ਪੁੱਜਦੇ ਹਨ ਪਰ ਹੁਣ ਲੇਹ-ਸ੍ਰੀਨਗਰ ਮਾਰਗ ਹੀ ਖਸਤਾ ਹਾਲਤ ਕਾਰਨ ਸੈਲਾਨੀ ਵਾਪਸ ਮਨਾਲੀ ਆਉਣ ਨੂੰ ਤਰਜੀਹ ਦਿੰਦੇ ਹਨ। ਸੂਬੇ ਦੇ ਸੈਰ-ਸਪਾਟਾ ਵਿਭਾਗ ਦੇ ਅੰਦਾਜ਼ੇ ਅਨੁਸਾਰ ਅਕਤੂਬਰ ਤੇ ਨਵੰਬਰ ਮਹੀਨੇ ਹਿਮਾਚਲ ਵਿਚ ਕੋਈ ਇਕ ਲੱਖ ਸੈਲਾਨੀਆਂ ਦੀ ਆਮਦ ਦਾ ਅੰਦਾਜ਼ਾ ਲਾਇਆ ਗਿਆ ਹੈ। ਹਿਮਾਚਲ ਵਿਚ ਅਮਰੀਕਾ, ਬਰਤਾਨੀਆ, ਇਟਲੀ, ਫਰਾਂਸ, ਜਰਮਨੀ ਤੋਂ ਮਨਾਲੀ ਸੈਲਾਨੀ ਆਉਣ ਲਈ ਤਿਆਰ ਹਨ। ਹਿਮਾਚਲ ਪ੍ਰਦੇਸ਼ ਸੈਰ-ਸਪਾਟਾ ਨਿਗਮ ਦੇ ਉਪ ਚੇਅਰਮੈਨ ਵਿਜੈ ਸਿੰਘ ਮਨਕੋਟੀਆ ਅਨੁਸਾਰ ਪੇਂਡੂ ਸੈਰ-ਸਪਾਟਾ ਦੇ ਸ਼ੌਕੀਨ ਘਰਾਂ ਵਿਚ ਬਣਾਏ ਗੈਸਟ ਹਾਊਸਾਂ ਵਿਚ ਵੀ ਰਹਿ ਸਕਦੇ ਹਨ। ਸ਼ਿਮਲਾ ਵਿਚ 25 ਤੇ 26 ਸਤੰਬਰ ਨੂੰ ਸੇਬਾਂ ਦਾ ਮੇਲਾ ਹੋ ਰਿਹਾ ਹੈ ਤੇ ਇਸ ਦੌਰਾਨ ਵੀ ਉਨ੍ਹਾਂ ਬਾਗਾਂ ਵਿਚ ਸੈਲਾਨੀਆਂ ਦੀ ਰਿਹਾਇਸ਼ ਨੂੰ ਉਤਸ਼ਾਹਿਤ ਕੀਤਾ ਹੈ।

## ਹਰਸਿਮਰਤ ਤੋਂ ਖ਼ਫ਼ਾ ਹੈ ਨਰੇਂਦਰ ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਪਣੀ ਸਰਕਾਰ ਦੇ 15 ਮੰਤਰੀਆਂ ਤੋਂ ਖ਼ਫ਼ਾ ਹਨ। ਖ਼ਫ਼ਾ ਹੋਣ ਦਾ ਕਾਰਨ ਇਨ੍ਹਾਂ ਮੰਤਰੀਆਂ ਵੱਲੋਂ ਸਰਕਾਰ ਦੇ 100 ਦਿਨ ਪੂਰੇ ਹੋਣ 'ਤੇ ਆਪਣੇ ਮੰਤਰਾਲੇ ਦੇ ਕੰਮ ਕਾਜ ਦਾ ਬਿਓਰਾ ਨਾ ਦੇਣਾ ਹੈ।



ਸੂਤਰਾਂ ਅਨੁਸਾਰ ਪ੍ਰਧਾਨ ਮੰਤਰੀ ਨੇ ਇਨ੍ਹਾਂ ਮੰਤਰੀਆਂ ਤੋਂ ਸਵਾਲ-ਜਵਾਬ ਵੀ ਕੀਤੇ।

ਇਨ੍ਹਾਂ ਮੰਤਰੀਆਂ ਵਿਚ ਡਾ. ਹਰਸ਼ਵਰਧਨ, ਸੰਤੋਸ਼ ਗੰਗਵਾਰ, ਹਰਸਿਮਰਤ ਕੌਰ ਬਾਦਲ, ਮੇਨਕਾ ਗਾਂਧੀ, ਨਜ਼ਮਾ ਹੈਪਤੁੱਲਾ, ਰਾਧਾਮੋਹਨ ਸਿੰਘ, ਰਾਓ ਇੰਦਰਜੀਤ ਸਿੰਘ, ਸ੍ਰੀਪਦ ਨਾਇਕ, ਉਮਾ ਭਾਰਤੀ, ਵੀ.ਕੇ. ਸਿੰਘ, ਅਨੰਤ ਗੀਤੇ, ਅਨੰਤ ਕੁਮਾਰ, ਜੁਅਲ ਉਰਾਂਵ ਤੇ ਸਰਵਾਨੰਦ ਸੋਨਵਾਲ ਸ਼ਾਮਲ ਹਨ।

ਇਨ੍ਹਾਂ ਮੰਤਰੀਆਂ ਨੇ ਪ੍ਰੈਸ ਕਾਨਫਰੰਸ ਕਰਕੇ ਆਪਣੇ 100 ਦਿਨ ਦੇ ਕੰਮ ਕਾਜ ਦੀਆਂ ਉਪਲੱਬਧੀਆਂ ਦਾ ਬਿਓਰਾ ਪੇਸ਼ ਕਰਨਾ ਸੀ। ਇਸ ਤੋਂ ਪਹਿਲਾਂ ਮੋਦੀ ਨੇ ਕੈਬਨਿਟ ਦੀ ਬੈਠਕ ਵਿਚ ਵੀ ਆਪਣੇ ਇਕ ਕਰੀਬੀ ਮੰਤਰੀ ਨੂੰ ਖਰੀਆਂ-ਖਰੀਆਂ ਸੁਣਾਈਆਂ ਸਨ ਕਿਉਂਕਿ ਮੰਤਰੀ ਨੇ ਆਪਣੇ ਮੰਤਰਾਲੇ ਨੂੰ ਕਵਰ ਕਰਨ ਵਾਲੇ ਕੁਝ ਪੱਤਰਕਾਰਾਂ ਨੂੰ ਤੋਹਫ਼ੇ ਦਿੱਤੇ ਸਨ।

## ਮੋਦੀ ਦੇ ਜੇਤੂ ਰੱਥ ਨੂੰ ਬਰੇਕਾਂ

*(ਸਫ਼ ਇਕ ਦੀ ਬਾਕੀ)*

ਨੂੰ ਸਿਰਫ ਇਕ ਮਿਲੀ ਤੇ ਬਾਕੀ ਤਿੰਨ ਕਾਂਗਰਸ ਦੀ ਝੋਲੀ ਪੈ ਗਈਆਂ। ਗੁਜਰਾਤ ਵਿਚ ਨੌਂ ਸੀਟਾਂ ਵਿਚੋਂ ਤਿੰਨ 'ਤੇ ਕਾਂਗਰਸ ਜੇਤੂ ਰਹੀ ਤੇ ਭਾਜਪਾ ਨੂੰ 6 ਸੀਟਾਂ ਮਿਲੀਆਂ। ਪਹਿਲਾਂ ਇਹ ਸਾਰੀਆਂ ਸੀਟਾਂ ਭਾਜਪਾ ਕੋਲ ਸਨ।

ਉਧਰ ਕਾਂਗਰਸ ਨੇ ਗੁਜਰਾਤ ਤੇ ਰਾਜਸਥਾਨ ਵਿਚ ਮਿਲੀ ਸਫਲਤਾ ਨੂੰ ਵੱਡੀ ਪ੍ਰਾਪਤੀ ਕਰਾਰ ਦਿੱਤਾ ਹੈ ਕਿਉਂਕਿ ਦੋਵਾਂ ਰਾਜਾਂ ਵਿਚ ਲੋਕ ਸਭਾ ਚੋਣਾਂ ਵਿਚ ਪਾਰਟੀ ਪੂਰੀ ਤਰ੍ਹਾਂ ਸਾਫ ਹੋ ਗਈ ਸੀ। ਕਾਂਗਰਸ ਨੇ ਮੋਦੀ ਸਰਕਾਰ ਨੂੰ ਸੱਤਾ ਦੇ ਪਹਿਲੇ 100 ਦਿਨਾਂ ਵਿਚ ਪੁੱਠਾ ਗੇਅਰ ਲੱਗਣ 'ਤੇ ਹੈਰਾਨੀ ਪ੍ਰਗਟਾਈ ਹੈ। ਰਾਜਸਥਾਨ ਦੀ ਕਾਂਗਰਸ ਇਕਾਈ ਦੇ ਪ੍ਰਧਾਨ ਸਚਿਨ ਪਾਇਲਟ ਨੇ ਕਿਹਾ ਕਿ ਉਨ੍ਹਾਂ ਦੇ ਰਾਜ ਵਿਚ ਲੋਕਾਂ ਨੇ ਭਾਜਪਾ ਦੇ ਝੂਠੇ ਵਾਅਦਿਆਂ ਨੂੰ ਠੁਕਰਾ ਦਿੱਤਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਅਮਰੀਕਾ ਨੇ ਇਰਾਕ ਵਿਚ ਜਹਾਦੀਆਂ ‘ਤੇ ਬੰਬ ਵਰ੍ਹਾਏ

**ਬਗ਼ਦਾਦ:** ਅਮਰੀਕਾ ਦੇ ਲੜਾਕੂ ਹਵਾਈ ਜਹਾਜ਼ਾਂ ਨੇ ਇਰਾਕੀ ਫੌਜਾਂ ਦੀ ਮਦਦ ਕਰਦਿਆਂ ਇਸਲਾਮਿਕ ਜਹਾਦੀਆਂ ਦੇ ਟਿਕਾਣਿਆਂ ‘ਤੇ ਭਾਰੀ ਬੰਬਾਰੀ ਕੀਤੀ। ਇਹ ਪਹਿਲੀ ਵਾਰ ਹੈ ਜਦੋਂ ਲੜਾਕੂ ਜਹਾਜ਼ਾਂ ਪਾਸੋਂ ਰਾਜਧਾਨੀ ਦੇ ਨੇੜੇ ਬੰਬਾਰੀ ਕਰਵਾਈ ਗਈ ਹੈ। ਦੂਜੇ ਪਾਸੇ ਪਤਾ ਲੱਗਿਆ ਹੈ ਕਿ ਜਹਾਦੀਆਂ ਨੇ ਉੱਤਰ-ਕੇਂਦਰੀ ਸੀਰੀਆ ਦੇ ਆਪਣੇ ਗੜ੍ਹ ਰਾਕਾ ਵਿਖੇ ਸੀਰੀਆ ਦਾ ਇਕ ਲੜਾਕੂ ਜਹਾਜ਼ ਸੁੱਟ ਲਿਆ।

ਅਮਰੀਕੀ ਲੜਾਕੂ ਜਹਾਜ਼ਾਂ ਨੇ ਬਗ਼ਦਾਦ ਤੋਂ 25 ਕਿਲੋਮੀਟਰ ਦੂਰ ਸਦਰ ਅਲ ਯੂਸੂਫੀਆ ਵਿਖੇ ਬੰਬਾਰੀ ਕੀਤੀ। ਬੀਤੇ ਹਫਤੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਸਲਾਮਿਕ ਜਹਾਦੀਆਂ ਖ਼ਿਲਾਫ਼ ਕਾਰਵਾਈ ਲਈ ਇਰਾਕ ਸਰਕਾਰ ਨੂੰ ਪੂਰੀ ਮਦਦ ਦਾ ਭਰੋਸਾ ਦਿੱਤਾ ਸੀ। ਅਮਰੀਕਾ ਦੀ ਕੇਂਦਰ ਕਮਾਂਡ ਨੇ ਦੱਸਿਆ ਕਿ ਇਰਾਕ ਵਿਚ ਉਨ੍ਹਾਂ ਦੀਆਂ ਫੌਜਾਂ ਇਸਲਾਮਿਕ ਅਤਿਵਾਦੀਆਂ ਖ਼ਿਲਾਫ਼ ਕਾਰਵਾਈ ਜਾਰੀ ਰੱਖਣਗੀਆਂ। ਇਸੇ ਦੌਰਾਨ ਇਰਾਕੀ ਰੱਖਿਆ ਬੁਲਾਰੇ ਲੈਫਟੀਨੈਂਟ ਜਨਰਲ ਕਾਸਮ ਅਤਾ ਨੇ ਅਮਰੀਕਾ ਵੱਲੋਂ ਹਵਾਈ ਹਮਲੇ ਦਾ ਘੇਰਾ ਵਧਾਉਣ ਦਾ ਸੁਆਗਤ ਕੀਤਾ ਹੈ। ਸਦਰ ਅਲ ਯੂਸੂਫੀਆ ‘ਤੇ ਹਮਲਾ ਕਾਫੀ ਅਹਿਮ ਹੈ, ਕਿਉਂਕਿ ਇਹ ਰਾਜਧਾਨੀ ਦੇ ਬਹੁਤ ਨੇੜੇ ਹੈ। ਉਧਰ ਜਹਾਦੀਆਂ ਨੇ ਸੀਰੀਆ ਦੇ ਲੜਾਕੂ ਹਵਾਈ ਜਹਾਜ਼ ਨੂੰ ਸੁੱਟ ਲਿਆ। ਇਹ ਪਹਿਲੀ ਵਾਰ ਹੈ ਜਦੋਂ ਜਹਾਦੀਆਂ ਨੇ ਰਾਕਾ ‘ਤੇ ਕਬਜ਼ਾ ਕਰਨ ਮਗਰੋਂ ਜਹਾਜ਼ ਸੁੱਟਿਆ ਹੈ। ਇਸੇ ਦੌਰਾਨ ਪੈਰਿਸ ਵਿਚ ਅਮਰੀਕਾ, ਰੂਸ ਤੇ ਚੀਨ ਸਣੇ ਦੁਨੀਆਂ ਦੇ 30 ਮੁਲਕਾਂ ਤੇ ਸੰਸਥਾਵਾਂ ਨੇ ਇਰਾਕ ਵਿਚਲੇ ਜਹਾਦੀਆਂ ਵਿਰੁੱਧ ਇਕਮੁੱਠਤਾ ਦਾ ਪ੍ਰਗਟਾਵਾ ਕੀਤਾ ਹੈ।

ਉਧਰ, ਇਰਾਕ ‘ਚ ਇਸਲਾਮਿਕ ਜਹਾਦੀਆਂ ਦੇ ਕਬਜ਼ੇ ਹੇਠ ਆਏ ਸੂਬੇ ਮੌਸੂਲ ਵਿਚ ਸਕੂਲਾਂ ਲਈ ਸਿਲੇਬਸ ਜਾਰੀ ਕੀਤਾ ਗਿਆ ਹੈ। ਇਸ ਵਿਚ ਇਤਿਹਾਸ, ਸਾਹਿਤ ਤੇ ਸੰਗੀਤ ਲਈ ਕੋਈ ਥਾਂ ਨਹੀਂ ਹੈ। ਜਹਾਦੀਆਂ ਨੇ ਕਿਹਾ ਕਿ ਸਕੂਲਾਂ ‘ਚ ਖ਼ੁਦਾ ਦੀ ਇਬਾਦਤ ਤੋਂ ਬਗੈਰ ਕੋਈ ਗੀਤ ਨਹੀਂ ਗਾਇਆ ਜਾਵੇਗਾ ਤੇ ਸਿਲੇਬਸ ਤੋਂ ਬਾਹਰਲੀ ਹੋਰ ਕੋਈ ਫੋਟੋ ਨਹੀਂ ਹੋਵੇਗੀ।

# ਸਰਕਾਰ ਦੀ ਅੱਖ ਰੀਅਲ ਅਸਟੇਟ ਵਾਲੇ ਕਾਲੇ ਧਨ ਉਤੇ

**ਨਵੀਂ ਦਿੱਲੀ:** ਕਾਲੇ ਧਨ ਦੀ ਰੋਕਥਾਮ ਲਈ ਆਰਥਿਕ ਸੂਹੀਆ ਏਜੰਸੀਆਂ ਨੇ ਅਜਿਹੇ ਮਾਮਲੇ ਫਰੋਲਣੇ ਸ਼ੁਰੂ ਕਰ ਦਿੱਤੇ ਹਨ ਜਿੱਥੇ ਅਸ਼ਟਾਮ ਡਿਊਟੀ ਬਚਾਉਣ ਲਈ ਪ੍ਰਾਪਰਟੀ ਦੀ ਵਿਕਰੀ ਤੋਂ ਹੋਣ ਵਾਲੀ ਕਮਾਈ ਜਾਣ-ਬੁੱਝ ਕੇ ਛੁਪਾ ਲਈ ਜਾਂਦੀ ਹੈ।

ਸਰਕਾਰ ਅਜਿਹੇ ਮਾਮਲਿਆਂ ਦਾ ਇਕ ਡੇਟਾਬੇਸ ਵੀ ਤਿਆਰ ਕਰ ਸਕਦੀ ਹੈ ਤਾਂ ਕਿ ਅਧਿਕਾਰੀਆਂ ਨੂੰ ਸੰਪਤੀ ਦੀ ਸਹੀ ਕੀਮਤ ਦਾ ਪਤਾ ਲਾਉਣ ‘ਚ ਮਦਦ ਮਿਲ ਸਕੇ ਅਤੇ ਕਾਲੇ ਧਨ ਦੇ ਲੈਣ-ਦੇਣ ‘ਤੇ ਰੋਕ ਲਾਈ ਜਾ ਸਕੇ। ਰਾਜ ਸਰਕਾਰਾਂ ਵੱਲੋਂ ਜ਼ਮੀਨ ਦੀ ਗਾਈਡਾਂਸ ਕੀਮਤ ਤੈਅ ਕੀਤੀ ਜਾਂਦੀ ਹੈ ਜਿਸ ਤੋਂ ਘੱਟ ਕੀਮਤ ‘ਤੇ ਪ੍ਰਾਪਰਟੀ ਦੀ ਰਜਿਸਟਰੀ ਨਹੀਂ ਕਰਵਾਈ ਜਾ ਸਕਦੀ। ਆਮਦਨ ਕਰ ਅਤੇ ਕੰਟਰੋਲਰ ਆਫ ਸਟੈਂਪਜ਼ ਵਿਭਾਗਾਂ ਦਰਮਿਆਨ ਅਜਿਹੇ ਵੇਰਵੇ ਸਾਂਝੇ ਕਰਨ ਸਬੰਧੀ ਮਾਮਲੇ ‘ਤੇ ਵਿੱਤ ਮੰਤਰੀ ਅਰੁਣ ਜੇਤਲੀ ਦੀ ਅਗਵਾਈ ਹੇਠ ਇਕਨਾਮਿਕ ਇੰਟੈਲੀਜੈਂਸ ਕੌਂਸਲ (ਸੀ.ਆਈ.ਸੀ.) ਦੀ ਮੀਟਿੰਗ ’ਚ ਵਿਚਾਰ-ਚਰਚਾ ਕੀਤੀ ਗਈ।

ਮੀਟਿੰਗ ਦੀ ਕਾਰਵਾਈ ਮੁਤਾਬਕ ਇਹ ਦੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਮਾਮਲਿਆਂ ਵਿਚ ਸੰਪਤੀ ਜਿਸ ਭਾਅ ‘ਤੇ ਵੇਚੀ ਜਾਂਦੀ ਹੈ, ਉਹ ਰਜਿਸਟਰੀ ਵਾਲੀ ਕੀਮਤ ਤੋਂ ਕਿਤੇ ਵੱਧ ਮੁੱਲ ਦੀ ਹੁੰਦੀ ਹੈ। ਇਹ ਸੁਝਾਅ ਪੇਸ਼ ਕੀਤਾ ਗਿਆ ਕਿ ਆਮਦਨ ਕਰ ਵਿਭਾਗ ਵੱਲੋਂ ਬੈਅ-ਨਾਮਿਆਂ ਦੀ ਅਸਲ ਕੀਮਤ ਛੁਪਾਉਣ ਦੇ ਫੜੇ ਜਾਂਦੇ ਮਾਮਲਿਆਂ ਦਾ ਡੇਟਾਬੇਸ ਤਿਆਰ ਕੀਤਾ ਜਾਵੇ ਜਿਸ ਨਾਲ ਹੋਰ ਸਮੱਗਰੀ ਦੀ ਵਰਤੋਂ ਕਰ ਕੇ ਕਿਸੇ ਇਲਾਕੇ ਵਿਚ ਸੰਪਤੀ ਦੀ ਚੱਲ ਰਹੀ ਕੀਮਤ ਦਾ ਪਤਾ ਲਾਇਆ ਜਾਵੇ। ਇਸ ਤਰ੍ਹਾਂ ਗਾਈਡੈਂਸ ਕੀਮਤ ਵਧਾ ਕੇ ਹਕੀਕਤ ਦੇ ਨੇੜੇ ਲਿਆਂਦੀ ਜਾ ਸਕਦੀ ਹੈ।


**Golden State Realty**

Sacramento Office: 9912 Kapalua Ln., Elk Grove, CA 95624

Tel: 916-612-5773

*Courtesy of Sales Manager Traci Lill, Meadows at Galt*

**The Poppy ~ Plan 1** 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

**The Poppy ~ Plan 2** 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

**The Poppy ~ Plan 3** 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

**The Poppy ~ Plan 4** 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet ‘Sam’ Chahal*

@916-612-5773

Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14



**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent ’ਤੇ ਘਰ ਲੈਣਾ ਹੋਵੇ ਜਾਂ Rent ’ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869



**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

**National Truck Driving School**

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਬਾਦਲਾਂ ਨੂੰ ਬਹੁਤ ਔਖਿਆਂ ਕਰ ਗਈ ਜੇਤਲੀ ਦੀ ਆਰ

## ਯੂ.ਪੀ.ਏ. ਸਰਕਾਰ ਵੇਲੇ ਮਿਲੇ ਫੰਡਾਂ ਦਾ ਹਿਸਾਬ ਦੇਣ ਦੀ ਤਿਆਰੀ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਕੋਈ ਰਾਹਤ ਦੇਣ ਦੀ ਥਾਂ ਸੂਬੇ ਦੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਬੇਤੁਕੀਆਂ ਰਿਆਇਤਾਂ ਨੂੰ ਤਰਕਸੰਗਤ ਕਰਨ ਦੇ ਦਿੱਤੇ ਸੁਝਾਅ ਦਾ ਕਾਫੀ ਬੁਰਾ ਮਨਾਇਆ ਹੈ। ਇਸ ਤੋਂ ਇਲਾਵਾ ਜੇਤਲੀ ਵੱਲੋਂ ਪਿਛਲੀ ਯੂ.ਪੀ.ਏ. ਸਰਕਾਰ ਵੱਲੋਂ ਸੂਬੇ ਨੂੰ ਦਿੱਤੇ ਫੰਡਾਂ ਬਾਰੇ ਅੰਕੜੇ ਵੀ ਸੂਬਾ ਸਰਕਾਰ ਨੂੰ ਕਾਫੀ ਚੁੱਭੇ ਹਨ। ਕਿਉਂਕਿ ਪੰਜਾਬ ਸਰਕਾਰ ਹਮੇਸ਼ਾਂ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ 'ਤੇ ਸੂਬੇ ਨਾਲ ਪੱਖਪਾਤ ਦੇ ਦੋਸ਼ ਲਾਉਂਦੀ ਆ ਰਹੀ ਹੈ ਪਰ ਇਨ੍ਹਾਂ ਅੰਕੜਿਆਂ ਨੇ ਸਰਕਾਰ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਸਰਕਾਰ ਦਾ ਮੰਨਣਾ ਹੈ ਕਿ ਸਬਸਿਡੀ ਦੇਣਾ ਕੋਈ ਵੱਡਾ ਮੁੱਦਾ ਨਹੀਂ ਹੈ।

ਪੰਜਾਬ ਸਰਕਾਰ ਨੇ ਹੁਣ ਪਿਛਲੀ ਕੇਂਦਰ ਸਰਕਾਰ ਸਮੇਂ ਮਿਲੇ ਫੰਡਾਂ ਤੇ ਸਬਸਿਡੀਆਂ ਬਾਰੇ ਪੂਰਾ ਲੇਖਾ-ਜੋਖਾ ਤਿਆਰ ਕਰਕੇ ਕੇਂਦਰੀ ਵਿੱਤ ਮੰਤਰੀ ਨੂੰ ਭੇਜਣ ਦੀ ਤਿਆਰੀ ਕਰ ਲਈ ਹੈ। ਇਸ ਕੰਮ ਵਿਚ ਤਿੰਨ ਵਿਭਾਗਾਂ ਦੀਆਂ ਡਿਊਟੀਆਂ ਲਾਈਆਂ ਗਈਆਂ ਹਨ। ਖੇਤੀ ਵਿਭਾਗ ਨੂੰ ਬਿਜਲੀ ਸਬਸਿਡੀ ਤੇ ਵਿੱਤ ਵਿਭਾਗ ਨੂੰ ਯੂ.ਪੀ.ਏ. ਸਰਕਾਰ ਦੇ ਸਮੇਂ ਆਈ ਰਕਮ ਦੀ ਰਿਪੋਰਟ ਤਿਆਰ ਕਰਨ ਲਈ ਕਿਹਾ ਗਿਆ ਹੈ। ਮੁੱਖ ਮੰਤਰੀ ਦਫ਼ਤਰ ਵੱਲੋਂ ਦਿਹਾਤੀ ਵਿਕਾਸ ਫੰਡ ਤੇ ਪੀ.ਆਈ.ਡੀ.ਬੀ. ਫੰਡ ਬਾਰੇ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਛੇਤੀ ਹੀ ਇਸ ਮੁੱਦੇ 'ਤੇ ਕੇਂਦਰੀ ਵਿੱਤ ਮੰਤਰੀ ਨਾਲ ਮੀਟਿੰਗ ਕਰਨਗੇ। ਵਿੱਤ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਕਿਸਾਨਾਂ ਨੂੰ ਦਿੱਤੀ ਜਾਂਦੀ ਬਿਜਲੀ ਸਬਸਿਡੀ ਦੇ ਰੂਪ ਵਿਚ 1997-1998 ਤੋਂ 2013-2014 ਤੱਕ 33,495 ਕਰੋੜ ਰੁਪਏ ਅਦਾ ਕੀਤੇ ਜਾ ਚੁੱਕੇ ਹਨ। ਇਸ ਸਾਲ ਦੌਰਾਨ ਸਰਕਾਰ ਨੇ ਤਕਰੀਬਨ ਚਾਰ ਹਜ਼ਾਰ ਕਰੋੜ ਰੁਪਏ ਸਬਸਿਡੀ ਵਜੋਂ ਅਦਾ ਕਰਨੇ ਹਨ।

ਖੇਤੀਬਾੜੀ ਵਿਭਾਗ ਮੁਤਾਬਕ ਬੀਤੇ ਮਾਲੀ ਸਾਲ ਦੌਰਾਨ ਹਾੜ੍ਹੀ ਤੇ ਸਾਉਣੀ ਦੀ ਕੁੱਲ ਫ਼ਸਲ ਤਕਰੀਬਨ 42 ਹਜ਼ਾਰ ਕਰੋੜ ਰੁਪਏ ਦੀ ਹੋਈ ਸੀ। ਸਰਕਾਰੀ ਖ਼ਜ਼ਾਨੇ 'ਤੇ ਖੇਤੀ ਸਬਸਿਡੀਆਂ ਦਾ ਭਾਰ ਤਕਰੀਬਨ 4200 ਕਰੋੜ ਰੁਪਏ ਸੀ। ਚਾਲੂ ਮਾਲੀ ਸਾਲ ਦੌਰਾਨ ਖ਼ਜ਼ਾਨੇ 'ਤੇ ਖੇਤੀ ਸਬਸਿਡੀ ਦਾ ਭਾਰ ਪਿਛਲੇ ਸਾਲ ਨਾਲੋਂ ਘੱਟ ਹੈ। ਇਸ ਤਰ੍ਹਾਂ ਸਬਸਿਡੀ ਦਾ ਭਾਰ 10 ਫ਼ੀਸਦੀ ਹੀ ਬਣਦਾ ਹੈ। ਸਰਕਾਰ ਦਾ ਇਹ ਵੀ ਕਹਿਣਾ ਹੈ ਕਿ ਖੇਤੀ ਲਾਗਤ ਵਿਚ ਭਾਰੀ ਵਾਧਾ ਹੋ ਰਿਹਾ ਹੈ। ਇਸ ਹਾਲਤ ਵਿਚ ਜੇਕਰ ਬਿਜਲੀ ਸਬਸਿਡੀ ਵਾਪਸ ਲਈ ਜਾਂਦੀ ਹੈ ਤਾਂ ਕਿਸਾਨਾਂ ਦੀ ਹਾਲਤ ਹੋਰ ਕਮਜ਼ੋਰ ਹੋ ਜਾਵੇਗੀ।

ਸਰਕਾਰ ਮੁਤਾਬਕ ਕਿਸਾਨਾਂ ਸਿਰ 35 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦਾ ਕਰਜ਼ਾ ਹੈ। ਸੂਬੇ ਦੀਆਂ ਤਿੰਨਾਂ ਯੂਨੀਵਰਸਿਟੀਆਂ (ਪੰਜਾਬੀ ਯੂਨੀਵਰਸਿਟੀ, ਪੀ.ਏ.ਯੂ. ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ) ਦੀ ਗਣਨਾ ਮੁਤਾਬਕ ਸੂਬੇ ਵਿਚ ਪੰਜ ਹਜ਼ਾਰ ਤੋਂ ਜ਼ਿਆਦਾ ਕਿਸਾਨ ਤੇ ਖੇਤ ਮਜ਼ਦੂਰ ਕਰਜ਼ੇ ਕਾਰਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਪੰਜਾਬ ਵਿਚ 1997 ਵਿਚ ਸ. ਬਾਦਲ ਦੀ ਅਗਵਾਈ ਹੇਠ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਹੋਂਦ ਵਿਚ ਆਉਣ ਤੋਂ ਬਾਅਦ ਕਿਸਾਨਾਂ ਨੂੰ ਮੁਫ਼ਤ ਬਿਜਲੀ-ਪਾਣੀ ਦੀ ਸਹੂਲਤ ਦਿੱਤੀ ਗਈ ਸੀ।

ਜ਼ਿਕਰਯੋਗ ਹੈ ਕਿ ਸਾਲ 2002 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਨੇ ਖੇਤੀ ਸੈਕਟਰ ਲਈ ਬਿਜਲੀ ਦੇ ਬਿੱਲ ਲਗਾ ਦਿੱਤੇ ਸਨ ਪਰ ਇਹ ਮੁੱਦਾ ਸਿਆਸੀ ਤੌਰ 'ਤੇ ਭਾਰੀ ਪੈਂਦਾ ਦੇਖ ਅਮਰਿੰਦਰ ਸਰਕਾਰ ਨੇ ਖੇਤੀ ਸੈਕਟਰ ਲਈ ਸਬਸਿਡੀ ਦੇਣ ਦਾ ਐਲਾਨ ਕਰ ਦਿੱਤਾ ਸੀ। ਖੇਤੀ ਸੈਕਟਰ ਲਈ ਬਿਜਲੀ ਸਬਸਿਡੀ ਵੱਡਾ ਮੁੱਦਾ ਬਣ ਗਈ ਹੈ। ਇਸ ਲਈ ਬਾਦਲ ਸਰਕਾਰ ਬਿਜਲੀ ਦੇ ਬਿੱਲ ਲਗਾਉਣ ਦਾ ਖ਼ਤਰਾ ਨਹੀਂ ਸਹੇੜ ਸਕਦੀ।

ਗੱਠਜੋੜ ਸਰਕਾਰ ਨੇ ਕਈ ਵਾਰੀ ਇਸ ਸਬਸਿਡੀ ਨੂੰ ਤਰਕਸੰਗਤ ਬਣਾਉਣ ਦਾ ਮਨ ਬਣਾਇਆ ਹੈ ਪਰ ਸਿਆਸੀ ਤੌਰ 'ਤੇ ਮੁੱਦਾ ਭਾਰੀ ਪੈਂਦਾ ਦੇਖ ਚੁੱਪ ਵੱਟ ਲਈ ਜਾਂਦੀ ਹੈ। ਸ. ਬਾਦਲ ਇਸ ਸਬਸਿਡੀ ਨੂੰ ਜਾਇਜ਼ ਕਰਾਰ ਦੇ ਚੁੱਕੇ ਹਨ ਪਰ ਸ੍ਰੀ ਜੇਤਲੀ ਨੇ ਇਸ ਸਬਸਿਡੀ ਦਾ ਵਿਰੋਧ ਕਰਕੇ ਗੱਠਜੋੜ ਸਰਕਾਰ ਦੀ ਦੁੱਖਦੀ ਰਗ 'ਤੇ ਹੱਥ ਰੱਖ ਦਿੱਤਾ ਹੈ।

## ਗੁਆਂਢੀ ਸੂਬਿਆਂ ਨੂੰ ਰਿਆਇਤਾਂ ਕਾਰਨ ਪੰਜਾਬ ਦਾ ਇਹ ਹਾਲ ਹੋਇਆ: ਬਾਦਲ

**ਤਲਵੰਡੀ ਸਾਬੋ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ ਹੈ ਕਿ ਪਿਛਲੀ ਕੇਂਦਰ ਸਰਕਾਰ ਵੱਲੋਂ ਕਾਂਗਰਸ ਦੀ ਸੱਤਾ ਵਾਲੇ ਪੰਜਾਬ ਦੇ ਗੁਆਂਢੀ ਸੂਬਿਆਂ ਨੂੰ ਸਨਅਤੀ ਖੇਤਰ ਵਿਚ ਵੱਡੀਆਂ ਰਿਆਇਤਾਂ ਦਿੱਤੀਆਂ ਗਈਆਂ ਸਨ, ਜਿਨ੍ਹਾਂ ਦਾ ਪੰਜਾਬ ਦੇ ਸਨਅਤੀ ਵਿਕਾਸ 'ਤੇ ਬੁਰਾ ਅਸਰ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਇਨ੍ਹਾਂ ਰਿਆਇਤਾਂ 'ਤੇ ਮੁੜ ਗ਼ੌਰ ਕਰਨ ਲਈ ਮੌਜੂਦਾ ਕੇਂਦਰ ਸਰਕਾਰ ਨੂੰ ਬੇਨਤੀ ਕਰਨਗੇ। ਉਨ੍ਹਾਂ ਕਿਹਾ ਕਿ ਐਨ.ਡੀ.ਏ. ਦੀ ਸਰਕਾਰ ਬਣੀ ਨੂੰ ਸਿਰਫ ਤਿੰਨ ਮਹੀਨੇ ਹੋਏ ਹਨ ਤੇ ਉਸ ਨੂੰ ਤਬਾਹ ਹੋਈ ਆਰਥਿਕਤਾ ਮਿਲੀ ਹੈ, ਜੋ ਹੌਲੀ-ਹੌਲੀ ਲੀਹ 'ਤੇ ਆਵੇਗੀ। ਉਨ੍ਹਾਂ ਨੌਜਵਾਨਾਂ ਨੂੰ ਖੇਤੀਬਾੜੀ ਨਾਲ ਸਹਾਇਕ ਧੰਦੇ ਅਪਣਾਉਣ ਤੇ ਸਵੈ ਰੁਜ਼ਗਾਰ ਉੱਤੇ ਧਿਆਨ ਕੇਂਦਰਤ ਕਰਨ ਲਈ ਆਖਿਆ।

## ਫੰਡਾਂ ਦੀ ਦੁਰਵਰਤੋਂ ਕਾਰਨ ਪੰਜਾਬ ਨੂੰ ਮਿਲਿਆ ਜਵਾਬ: ਬਰਨਾਲਾ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਸਰਪ੍ਰਸਤ ਤੇ ਤਾਮਿਲਨਾਡੂ ਦੇ ਸਾਬਕਾ ਗਵਰਨਰ ਸੁਰਜੀਤ ਸਿੰਘ ਬਰਨਾਲਾ ਨੇ ਆਖਿਆ ਹੈ ਕਿ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਪੰਜਾਬ ਸਰਕਾਰ ਨੂੰ ਵਿਸ਼ੇਸ਼ ਪੈਕੇਜ ਦੇਣ ਤੋਂ ਨਾਂਹ ਕਰਨ ਦਾ ਕਾਰਨ ਇਹ ਹੈ ਕਿ ਕੇਂਦਰ ਦੀ ਪਿਛਲੀ ਯੂ.ਪੀ.ਏ. ਸਰਕਾਰ ਵੱਲੋਂ ਪੰਜਾਬ ਨੂੰ ਬਹੁਤ ਫੰਡ ਮਿਲੇ ਸਨ ਪਰ ਪੰਜਾਬ ਨੇ ਇਨ੍ਹਾਂ ਦੀ ਸਹੀ ਵਰਤੋਂ ਨਹੀਂ ਕੀਤੀ। ਕੇਂਦਰ ਵੱਲੋਂ ਹੁਣ ਵਿਸ਼ੇਸ਼ ਪੈਕੇਜ ਦੇਣ ਤੋਂ ਨਾਂਹ ਕਰਨ ਦਾ ਸਹੀ ਕਾਰਨ ਫੰਡਾਂ ਦੀ ਦੁਰਵਰਤੋਂ ਹੀ ਹੈ। ਉਨ੍ਹਾਂ ਕਿਹਾ ਕਿ ਉਹ ਮਹਿਸੂਸ ਕਰਦੇ ਹਨ ਕਿ ਭਾਜਪਾ ਨਾਲ ਅਕਾਲੀ ਦਲ ਦੇ ਸਬੰਧਾਂ ਵਿਚ ਕੋਈ ਖਟਾਸ ਜ਼ਰੂਰ ਹੈ, ਜਿਸ ਕਰ ਕੇ ਬਾਦਲ ਦਲ ਹਰਿਆਣਾ ਵਿਚ ਭਾਜਪਾ ਨੂੰ ਛੱਡ ਇਨੈਲੋ ਦੀ ਮਦਦ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਕੇਂਦਰ ਵਿਚ ਐਨ.ਡੀ.ਏ. ਦਾ ਭਾਈਵਾਲ ਹੈ ਜੇਕਰ ਇਸ ਵੇਲੇ ਪੰਜਾਬ ਨੂੰ ਵਿਸ਼ੇਸ਼ ਪੈਕੇਜ ਨਹੀਂ ਮਿਲਦਾ ਫੇਰ ਕਦੋਂ ਮਿਲੇਗਾ।

## ਸਰਕਾਰ ਸਬਸਿਡੀਆਂ ਜਾਰੀ ਰੱਖਣ ਲਈ ਬਜ਼ਿਦ

**ਲੁਧਿਆਣਾ:** ਪੰਜਾਬ ਦੇ ਕੈਬਨਿਟ ਖੇਤੀਬਾੜੀ ਤੋਤਾ ਸਿੰਘ ਨੇ ਸਾਫ਼ ਸ਼ਬਦਾਂ ਵਿਚ ਕਿਹਾ ਕਿ ਕੇਂਦਰ ਸਰਕਾਰ ਤੇ ਵਿਰੋਧੀ ਜੋ ਮਰਜ਼ੀ ਆਖੀ ਜਾਣ ਪਰ ਦੇਸ਼ ਦੀ 125 ਕਰੋੜ ਅਬਾਦੀ ਦਾ ਢਿੱਡ ਭਰਨ ਵਾਲੇ ਪੰਜਾਬ ਦੇ ਕਿਸਾਨਾਂ ਦੀਆਂ ਸਬਸਿਡੀਆਂ ਨਿਰੰਤਰ ਜਾਰੀ ਰੱਖੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਅਕਾਲੀ-ਭਾਜਪਾ ਗਠਜੋੜ ਸਰਕਾਰ ਵੱਲੋਂ 1997 ਤੋਂ 2002 ਤੇ ਹੁਣ 2007 ਤੋਂ ਅੱਜ ਤੱਕ 7200 ਕਰੋੜ ਰੁਪਏ ਦੀ ਮੁਫ਼ਤ ਬਿਜਲੀ ਤੇ ਹੋਰ ਸਬਸਿਡੀਆਂ ਦਿੱਤੀਆਂ ਹਨ, ਪਰ ਇਸ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਸਿਰ 3500 ਕਰੋੜ ਰੁਪਏ ਦਾ ਕਰਜ਼ਾ ਚੜ੍ਹਿਆ ਹੋਇਆ ਹੈ। ਖੇਤੀਬਾੜੀ ਵਿਭਾਗ ਤੇ ਪੀ.ਏ.ਯੂ. ਵੱਲੋਂ ਕਿਸਾਨਾਂ ਦੀ ਭਲਾਈ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਤਹਿਤ ਢਾਈ ਲੱਖ ਰੁਪਏ ਦੀ ਕੀਮਤ ਵਾਲੀ ਪਰਾਲੀ ਕੱਟਣ ਵਾਲੀ ਮਸ਼ੀਨ 'ਤੇ ਸਰਕਾਰ ਨੇ ਇਕ ਲੱਖ ਰੁਪਏ ਦੀ ਸਬਸਿਡੀ ਦੇਣ ਦਾ ਐਲਾਨ ਕੀਤਾ ਹੈ। ਖੇਤੀਬਾੜੀ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਦੇ ਖੇਤੀਬਾੜੀ ਮਸ਼ੀਨਰੀ ਤੇ ਸੰਦ ਬਣਾਉਣ ਵਾਲੇ ਸਨਅਤਕਾਰਾਂ ਦੀ 17 ਸਤੰਬਰ ਨੂੰ ਇਕ ਅਹਿਮ ਮੀਟਿੰਗ ਬੁਲਾਈ ਹੈ।

# ਸੁਖਬੀਰ ਨੇ ਨਸ਼ਿਆਂ ਦੇ ਮੁੱਦੇ 'ਤੇ ਆਪਣੀ ਪਿੱਠ ਥਾਪੜੀ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਪੰਜਾਬ ਵਿਚ ਪਿਛਲੇ ਇਕ ਸਾਲ ਦੌਰਾਨ ਨਸ਼ੇ ਦੀ ਤਸਕਰੀ ਨਾਲ ਜੁੜੇ 20 ਹਜ਼ਾਰ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ ਤੇ ਪਿਛਲੇ 20 ਮਹੀਨਿਆਂ ਦੌਰਾਨ ਛੇ ਹਜ਼ਾਰ ਕਰੋੜ ਰੁਪਏ ਦੇ ਨਸ਼ੇ ਫੜੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਨਸ਼ਿਆਂ ਦੀ ਪੈਦਾਵਾਰ ਨਹੀਂ ਹੁੰਦੀ। ਤਸਕਰਾਂ ਵੱਲੋਂ ਭਾਰਤ ਤੇ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਨਸ਼ਿਆਂ ਦੀ ਸਪਲਾਈ ਨੂੰ ਲਾਂਘੇ ਵਜੋਂ ਵਰਤਿਆ ਜਾਂਦਾ ਹੈ। ਇਹ ਨਸ਼ੇ ਪਾਕਿਸਤਾਨ ਤੇ ਅਫਗਾਨਿਸਤਾਨ ਵਾਲੇ ਪਾਸਿਓਂ ਆਉਂਦੇ ਹਨ ਜੋ ਪੰਜਾਬ ਰਾਹੀਂ ਅੱਗੇ ਸਪਲਾਈ ਹੁੰਦੇ ਹਨ।

ਸ. ਸੁਖਬੀਰ ਬਾਦਲ, ਜੋ ਪੰਜਾਬ ਦੇ ਗ੍ਰਹਿ ਮੰਤਰੀ ਵੀ ਹਨ, ਨੇ ਕਿਹਾ ਕਿ ਸਮੁੱਚੇ ਦੇਸ਼ ਵਿਚ ਜਿੰਨੇ ਨਸ਼ੇ ਫੜੇ ਜਾਂਦੇ ਹਨ, ਉਨ੍ਹਾਂ ਵਿਚੋਂ ਅੱਧੇ ਨਸ਼ੇ ਸਿਰਫ ਪੰਜਾਬ ਵਿਚ ਫੜੇ ਜਾਂਦੇ ਹਨ। ਪੰਜਾਬ ਸਰਕਾਰ ਵੱਲੋਂ ਚੁੱਕੇ ਜਾਂਦੇ ਪ੍ਰਭਾਵੀ ਕਦਮਾਂ ਕਾਰਨ ਹੀ ਅਜਿਹਾ ਸੰਭਵ ਹੋਇਆ ਹੈ। ਗੋਆ ਵਿਚ ਪਿਛਲੇ ਇਕ ਸਾਲ ਦੌਰਾਨ ਨਸ਼ਿਆਂ ਬਾਰੇ ਮਹਿਜ਼ 5 ਤੋਂ 10 ਕੇਸ ਦਰਜ ਕੀਤੇ ਗਏ ਹਨ ਜਦੋਂ ਕਿ ਪੰਜਾਬ ਵਿਚ ਇਕ ਸਾਲ ਦੌਰਾਨ 20 ਹਜ਼ਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਹਿਮਾਚਲ ਤੇ ਮੱਧ ਪ੍ਰਦੇਸ਼ ਜਿਹੇ ਸੂਬਿਆਂ ਵਿਚ ਨਸ਼ਿਆਂ ਦੀ ਪੈਦਾਵਾਰ ਹੁੰਦੀ ਹੈ। ਬਹੁਤ ਸਾਰੀ ਹਸ਼ੀਸ, ਅਫੀਮ ਤੇ ਭੁੱਕੀ ਉਥੋਂ ਆਉਂਦੀ ਹੈ। ਉਹ ਸੂਬੇ ਤਾਂ ਨਸ਼ੇ ਦੇ ਕਾਰੋਬਾਰ ਨਾਲ ਜੁੜੇ ਲੋਕਾਂ ਨੂੰ ਨਹੀਂ ਫੜਦੇ। ਪੰਜਾਬ ਪੁਲਿਸ ਤੇ ਹੋਰ ਸਰਕਾਰੀ ਏਜੰਸੀਆਂ ਵੱਲੋਂ ਵੱਡੀ ਮਾਤਰਾ ਵਿਚ ਨਸ਼ੇ ਫੜਨ ਤੇ ਇਸ ਕਾਰੋਬਾਰ ਨਾਲ ਜੁੜੇ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਵਿਚ ਸਫਲ ਰਹਿਣ ਦੇ ਬਾਵਜੂਦ ਇਸ ਬੁਰਾਈ ਨੂੰ ਜੜ੍ਹੋਂ ਖਤਮ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ, "ਅਸੀਂ ਇਸ ਧੰਦੇ ਨਾਲ ਜੁੜੇ ਪ੍ਰਮੁੱਖ ਸਮਗਲਰਾਂ ਨੂੰ ਗ੍ਰਿਫ਼ਤਾਰ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਸਪਲਾਈ ਲਾਈਨ ਤੋੜ ਦਿੱਤੀ ਹੈ ਤੇ ਅਸੀਂ ਉਨ੍ਹਾਂ 'ਤੇ ਲਗਾਤਾਰ ਨਜ਼ਰ ਰੱਖ ਰਹੇ ਹਾਂ। ਇਹ ਇਕ ਲਗਾਤਾਰ ਲੜਾਈ ਹੈ ਜਿਉਂ ਹੀ ਤੁਸੀਂ ਜ਼ਰਾ ਜਿੰਨੇ ਅਵੇਸਲੇ ਹੋਏ, ਉਦੋਂ ਹੀ ਇਹ ਲੋਕ ਮੁੜ ਸਿਰ ਚੁੱਕ ਲੈਂਦੇ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਤੇ ਕੈਨੇਡਾ ਜਿਹੇ ਮੁਲਕਾਂ ਕੋਲ ਭਾਵੇਂ ਸਭ ਤੋਂ ਵਧੀਆ ਤਕਨਾਲੋਜੀ ਹੈ ਪਰ ਉਹ ਵੀ ਇਸ ਬੁਰਾਈ 'ਤੇ ਮੁਕੰਮਲ ਤੌਰ 'ਤੇ ਕਾਬੂ ਨਹੀਂ ਪਾ ਸਕੇ। ਅਮਰੀਕਾ ਜਿਹੇ ਮੁਲਕ ਵਿਚ ਹਰੇਕ ਗਲੀ ਵਿਚ ਤੁਹਾਨੂੰ ਨਸ਼ੇ ਮਿਲ ਜਾਂਦੇ ਹਨ।"

## ਵਾਡਰਾ ਦੀਆਂ ਕੰਪਨੀਆਂ ਖ਼ਿਲਾਫ਼ ਸੀ.ਬੀ.ਆਈ. ਜਾਂਚ ਦੀ ਮੰਗ ਰੱਦ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਜਵਾਈ ਰੌਬਰਟ ਵਾਡਰਾ ਦੀਆਂ ਕੰਪਨੀਆਂ ਦੇ ਜ਼ਮੀਨੀ ਸੌਦਿਆਂ ਦੀ ਸੀ.ਬੀ.ਆਈ. ਜਾਂਚ ਅਦਾਲਤੀ ਨਿਗਰਾਨੀ ਹੇਠ ਕਰਾਉਣ ਦੀ ਮੰਗ ਦਿੱਲੀ ਹਾਈ ਕੋਰਟ ਨੇ ਰੱਦ ਕਰ ਦਿੱਤੀ ਹੈ।

ਇਹ ਮੰਗ ਕਰਨ ਵਾਲੀ ਜਨਹਿੱਤ ਪਟੀਸ਼ਨ ਨੂੰ ਚੀਫ ਜਸਟਿਸ ਜੀ. ਰੋਹਿਨੀ ਤੇ ਜਸਟਿਸ ਆਰ.ਐਸ. ਐਂਡ ਲਾਮਾ ਨੇ ਰੱਦ ਕਰ ਦਿੱਤੀ। ਇਸ ਤੋਂ ਪਹਿਲਾਂ ਅਦਾਲਤ ਨੇ ਐਡਵੋਕੇਟ ਐਮ.ਐਲ. ਸ਼ਰਮਾ ਵੱਲੋਂ ਪਾਈ ਪਟੀਸ਼ਨ 'ਤੇ ਹੁਕਮ ਰਾਖਵਾਂ ਰੱਖ ਲਿਆ ਸੀ। ਸ੍ਰੀ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੇ ਇਹ ਮਾਮਲਾ ਸੀ.ਬੀ.ਆਈ. ਕੋਲ ਵੀ ਉਠਾਇਆ ਸੀ, ਪਰ ਉਸ ਨੇ ਨਾ ਕੇਸ ਦਰਜ ਕੀਤਾ ਤੇ ਨਾ ਹੀ ਮੁੱਢਲੀ ਜਾਂਚ ਸ਼ੁਰੂ ਕੀਤੀ।

# ਖੇਤੀ ਕਰਜ਼ਿਆਂ ਲਈ ਮਿਲੀ ਛੋਟ ਕਿਸਾਨਾਂ ਲਈ ਮਹਿੰਗੀ ਸਾਬਤ ਹੋਈ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਖੇਤੀ ਕਰਜ਼ਿਆਂ ਲਈ ਜ਼ਮੀਨ ਦੀ ਰਜਿਸਟਰੀ ਤੋਂ ਛੋਟ ਦੇਣ ਦਾ ਕਿਸਾਨਾਂ ਨੂੰ ਕੋਈ ਲਾਭ ਨਹੀਂ ਹੋ ਰਿਹਾ। ਸਰਕਾਰ ਨੇ 'ਦਿ ਪੰਜਾਬ ਐਗਰੀਕਲਚਰਲ ਕਰੈਡਿਟ ਅਪਰੇਸ਼ਨ ਐਂਡ ਮਿਸਲੇਨੀਅਸ ਪ੍ਰਵੀਜ਼ਨ (ਬੈਂਕਸ) ਐਕਟ-1978' ਵਿਚ ਸੋਧ ਕਰ ਕੇ ਕਿਸਾਨਾਂ ਨੂੰ ਖੱਜਲ-ਖੁਆਰੀ ਤੋਂ ਰਾਹਤ ਦਿਵਾਉਣ ਦਾ ਦਾਅਵਾ ਕੀਤਾ ਸੀ ਪਰ ਕਿਸਾਨਾਂ ਦੀਆਂ ਪ੍ਰੇਸ਼ਾਨੀਆਂ ਪਹਿਲਾਂ ਨਾਲੋਂ ਵੀ ਵਧ ਗਈਆਂ ਹਨ। ਸਰਕਾਰ ਨੇ ਸੋਧ ਕਰ ਕੇ ਕਰਜ਼ਾ ਲੈਣ ਸਮੇਂ ਕਿਸਾਨ ਦਾ ਸਿਰਫ 1100 ਰੁਪਏ ਖ਼ਰਚਾ ਹੋਣ ਦਾ ਦਾਅਵਾ ਕੀਤਾ ਸੀ ਪਰ ਹਕੀਕਤ ਵਿਚ ਕਿਸਾਨਾਂ ਨੂੰ ਕਰਜ਼ਾ ਲੈਣ ਸਮੇਂ ਪ੍ਰਤੀ ਕੇਸ ਪੰਜ ਹਜ਼ਾਰ ਰੁਪਏ ਤੱਕ ਖ਼ਰਚ ਕਰਨਾ ਪੈ ਰਿਹਾ ਹੈ। ਇਹ ਵੀ ਸਾਹਮਣੇ ਆਇਆ ਹੈ ਕਿ ਕਿਸਾਨ ਮਾਲ ਵਿਭਾਗ ਦੇ ਅਧਿਕਾਰੀਆਂ ਦੇ ਰਹਿਮੋ-ਕਰਮ ਤੋਂ ਮੁਕਤ ਨਹੀਂ ਹੋਏ। ਕਰਜ਼ਾ ਲੈਣ ਸਮੇਂ ਪਟਵਾਰੀਆਂ ਅਤੇ ਤਹਿਸੀਲਦਾਰਾਂ ਦੀ ਪਹਿਲਾਂ ਵਾਂਗ ਜ਼ਰੂਰਤ ਪੈਂਦੀ ਹੈ। ਚੇਤੇ ਰਹੇ ਕਿ ਪੰਜਾਬ ਵਿਚ ਹਰ ਸਾਲ ਕਰਜ਼ਿਆਂ ਲਈ 1.70 ਲੱਖ ਵਸੀਕੇ ਦਰਜ ਹੁੰਦੇ ਹਨ।

ਪਹਿਲਾਂ ਕਿਸਾਨਾਂ ਨੂੰ ਖੇਤੀ ਕਰਜ਼ੇ ਲੈਣ ਸਮੇਂ ਬੈਂਕ ਕੋਲ ਜ਼ਮੀਨ ਦਾ ਰਹਿਨਨਾਮਾ ਲਿਖਵਾਉਣਾ ਪੈਂਦਾ ਸੀ। ਇਸ ਰਹਿਨਨਾਮੇ ਨੂੰ ਤਹਿਸੀਲਦਾਰ ਰਜਿਸਟਰ ਕਰਦਾ ਸੀ। ਇਸ ਮਗਰੋਂ ਬੈਂਕ ਵੱਲੋਂ ਕਰਜ਼ਾ ਦਿੱਤਾ ਜਾਂਦਾ ਸੀ। ਸਰਕਾਰ ਨੇ ਇਸ ਪ੍ਰਣਾਲੀ ਨੂੰ ਸੁਖਾਲਾ ਕਰਨ ਲਈ ਸੋਧ ਕੀਤੀ ਪਰ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸੋਧ ਬੈਂਕਾਂ ਅਤੇ ਕਿਸਾਨਾਂ ਦੀ ਲੋੜ ਅਨੁਸਾਰ ਨਹੀਂ ਕੀਤੀ ਗਈ। ਬੈਂਕਾਂ ਦੀ ਮੰਗ ਸੀ ਕਿ ਜਿਸ ਜ਼ਮੀਨ ਤਹਿਤ ਕਿਸਾਨ ਵੱਲੋਂ ਕਰਜ਼ਾ ਲਿਆ ਜਾਂਦਾ ਹੈ, ਉਸ ਜ਼ਮੀਨ ਦਾ ਇੰਤਕਾਲ ਬੈਂਕ ਦੇ ਨਾਮ ਦਰਜ ਹੋ ਜਾਵੇ ਜੋ ਪਟਵਾਰੀ ਤੱਕ ਦੀ ਕਾਰਵਾਈ ਹੁੰਦੀ ਹੈ ਤੇ ਇੰਤਕਾਲ ਦਰਜ ਹੋਣ ਤੋਂ ਬਾਅਦ ਕਿਸਾਨ ਨੂੰ ਬੈਂਕ ਕਰਜ਼ਾ ਦੇ ਦੇਵੇ।

ਪਤਾ ਲੱਗਿਆ ਕਿ ਕਿਸਾਨਾਂ ਕੋਲੋਂ ਰਹਿਨਨਾਮਾ ਪਹਿਲਾਂ ਵਾਂਗ ਹੀ ਲਿਖਵਾਇਆ ਜਾਣਾ ਹੈ। ਸੋਧ ਤੋਂ ਬਾਅਦ ਸਿਰਫ਼ ਇਸ ਨੂੰ ਤਹਿਸੀਲਦਾਰ ਕੋਲ ਰਜਿਸਟਰ ਕਰਾਉਣ ਦੀ ਜ਼ਰੂਰਤ ਨਹੀਂ ਹੈ। ਜ਼ਮੀਨ ਨੂੰ ਮੁਕਤ ਹੋਣ ਦਾ ਸਰਟੀਫਿਕੇਟ ਲੈਣ ਲਈ ਕਿਸਾਨਾਂ ਨੂੰ ਤਹਿਸੀਲਦਾਰਾਂ ਦੇ ਚੱਕਰ ਕੱਟਣੇ ਪੈ ਰਹੇ ਹਨ। ਬੈਂਕਾਂ ਨੇ ਆਪਣੀ ਸਹੂਲਤ ਲਈ ਵਕੀਲ ਦੇ ਦਸਤਖ਼ਤ ਜ਼ਰੂਰੀ ਕਰਾਰ ਦਿੱਤੇ ਹੋਏ ਹਨ। ਇਸ ਤਰ੍ਹਾਂ ਵਕੀਲ ਵੱਲੋਂ ਕਿਸਾਨ ਤੋਂ ਵੱਖਰੇ ਤੌਰ 'ਤੇ 1000 ਤੋਂ 1500 ਰੁਪਏ ਤੱਕ ਵਸੂਲੇ ਜਾਂਦੇ ਹਨ।

# ਪੰਜਾਬ ਸਰਕਾਰ ਦੀ ਟੇਕ ਸ਼ਰਾਬ ਦੇ ਠੇਕਿਆਂ ਉਤੇ

**ਚੰਡੀਗੜ੍ਹ:** ਆਰਥਿਕ ਤੰਗੀ ਦਾ ਸਾਹਮਣਾ ਕਰ ਰਹੀ ਪੰਜਾਬ ਸਰਕਾਰ ਨੇ ਆਪਣਾ ਕੰਮਕਾਜ ਚੱਲਦਾ ਰੱਖਣ ਲਈ ਸ਼ਰਾਬ ਦੇ ਠੇਕਿਆਂ ਤੋਂ ਹੁੰਦੀ ਕਮਾਈ 'ਤੇ ਟੇਕ ਲਾਈ ਹੋਈ ਹੈ। ਪਿਛਲੇ ਪੰਜ ਸਾਲਾਂ ਵਿਚ ਆਬਕਾਰੀ ਤੇ ਕਰ ਵਿਭਾਗ ਨੇ ਸ਼ਰਾਬ ਦੇ ਠੇਕਿਆਂ ਤੋਂ ਅਰਬਾਂ ਰੁਪਏ ਦੀ ਆਮਦਨ ਲੈ ਕੇ ਪੰਜਾਬ ਸਰਕਾਰ ਦੇ ਖਜ਼ਾਨੇ ਨੂੰ ਭਰਿਆ ਹੈ। ਸੂਚਨਾ ਅਧਿਕਾਰ ਐਕਟ ਤਹਿਤ ਸੂਬੇ ਦੇ ਆਬਕਾਰੀ ਤੇ ਕਰ ਵਿਭਾਗ ਕੋਲੋਂ ਲਈ ਜਾਣਕਾਰੀ ਮੁਤਾਬਕ ਸਾਲ 2009-10 ਦੌਰਾਨ ਸ਼ਰਾਬ ਦੀ ਲਾਇਸੈਂਸ ਫੀਸ ਤੋਂ 2100.57 ਕਰੋੜ ਰੁਪਏ, ਸਾਲ 2010-11 'ਚ ਵਧ ਕੇ 2370.02 ਕਰੋੜ ਰੁਪਏ, ਸਾਲ 2011-12 'ਚ 2762.66 ਕਰੋੜ ਰੁਪਏ, ਸਾਲ 2012-13 ਵਿਚ 3345 ਕਰੋੜ ਰੁਪਏ ਤੇ ਸਾਲ 2013-14 ਵਿਚ ਇਹ ਆਮਦਨ ਵਧ ਕੇ 3999.78 ਕਰੋੜ ਰਪਏ ਹੋ ਗਈ।

ਚਾਲੂ ਮਾਲੀ ਵਰ੍ਹੇ ਸਾਲ 2014-15 ਜੁਲਾਈ ਤੱਕ 1533.83 ਕਰੋੜ ਰੁਪਏ ਸਰਕਾਰੀ ਖਜ਼ਾਨੇ ਵਿਚ ਗਏ ਹਨ। ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਪਟਿਆਲਾ ਨੇ ਦੱਸਿਆ ਹੈ ਕਿ ਵਿਦੇਸ਼ੀ ਸ਼ਰਾਬ ਵੇਚਣ ਦੇ ਲਾਇਸੈਂਸ ਜਾਰੀ ਕਰਕੇ ਪੰਜ ਸਾਲਾਂ ਵਿਚ ਤਿੰਨ ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕੀਤੀ ਗਈ ਹੈ ਪਰ ਇਸ ਵਾਰੀ ਵਿਦੇਸ਼ੀ ਸ਼ਰਾਬ ਦੇ ਕਈ ਲਾਇਸੈਂਸ ਬੰਦ ਕਰ ਦਿੱਤੇ ਗਏ ਹਨ। ਸਾਲ 2008 ਤੋਂ ਸਾਲ 2011 ਤੱਕ ਐਲ. 2-ਬੀ ਦੇ ਲਾਇਸੈਂਸ ਤੋਂ ਤੇਰਾਂ ਲੱਖ ਰੁਪਏ ਤੇ ਸਾਲ 2008 ਤੋਂ ਸਾਲ 2011 ਤੱਕ ਪੰਜ ਲੱਖ ਪੰਜਾਹ ਹਜ਼ਾਰ ਰੁਪਏ ਤੇ ਸਤੰਬਰ 2008 ਤੋਂ ਲੈ ਕੇ ਸਾਲ 2012 ਤੱਕ ਅੱਠ ਲੱਖ 80 ਹਜ਼ਾਰ ਰੁਪਏ, ਅਕਤੂਬਰ 2008 ਤੋਂ ਲੈ ਕੇ ਸਾਲ 2013 ਤੱਕ 12 ਲੱਖ 75 ਹਜ਼ਾਰ ਰੁਪਏ ਵਸੂਲ ਕੀਤੇ ਗਏ ਹਨ। ਐਲ-1 ਦੇ ਲਾਇਸੈਂਸ ਤੋਂ ਸਾਲ 2008 ਤੋਂ ਲੈ ਕੇ ਸਾਲ 2012 ਤੱਕ 47 ਲੱਖ ਰੁਪਏ, ਸਾਲ 2008 ਤੋਂ ਲੈ ਕੇ ਸਾਲ 2014 ਤੱਕ 87 ਲੱਖ ਰੁਪਏ, ਸਾਲ 2008 ਤੋਂ ਲੈ ਕੇ ਸਾਲ 2010 ਤੱਕ ਦੋ ਲੱਖ ਰੁਪਏ, ਸਾਲ 2010 ਤੋਂ ਲੈ ਕੇ ਸਾਲ 2014 ਤੱਕ 67 ਲੱਖ ਰੁਪਏ, ਮਈ 2010 ਤੋਂ ਸਾਲ 2014 ਤੱਕ 66 ਲੱਖ ਰੁਪਏ, ਸਾਲ 2013-14 ਵਿਚ 25 ਲੱਖ ਰੁਪਏ, ਸਤੰਬਰ 2010 ਤੋਂ ਲੈ ਕੇ ਸਾਲ 2012 ਤੱਕ ਵਿਦੇਸ਼ੀ ਸ਼ਰਾਬ ਦੇ ਲਾਇਸੈਂਸ ਦੇ ਕੇ 21 ਲੱਖ ਰੁਪਏ ਦੀ ਕਮਾਈ ਕੀਤੀ। ਹਾਲਾਂਕਿ ਸ਼ਰਾਬ ਦੇ ਠੇਕੇਦਾਰ ਧਾਰਮਿਕ ਸਥਾਨਾਂ ਨੇੜੇ ਸਿਰਫ ਆਬਕਾਰੀ ਨੀਤੀ ਦੀਆਂ ਧੱਜੀਆਂ ਹੀ ਨਹੀਂ ਉਡਾਉਂਦੇ ਹਨ, ਸਗੋਂ ਦੇਸੀ ਸ਼ਰਾਬ ਦੇ ਠੇਕਿਆਂ ਵਿਚ ਅੰਗਰੇਜ਼ੀ ਸ਼ਰਾਬ ਵੀ ਵੇਚਦੇ ਹਨ।

ਦੂਜੇ ਪਾਸੇ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਵਿਰੋਧ ਕਰਨ ਦੇ ਬਾਵਜੂਦ ਪਿੰਡਾਂ ਸ਼ਰਾਬ ਦੇ ਠੇਕੇ ਖੋਲ੍ਹੇ ਹੋਏ ਹਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਠੇਕੇ ਖੋਲ੍ਹਣ ਦਾ ਸਮਾਂ ਦਿਨ ਵੇਲੇ 9 ਵਜੇ ਦਾ ਸਮਾਂ ਤੈਅ ਕੀਤਾ ਹੋਇਆ ਹੈ ਪਰ ਠੇਕੇਦਾਰਾਂ ਦੇ ਕਰਿੰਦੇ ਸਵੇਰੇ ਪੰਜ ਵਜੇ ਹੀ ਠੇਕੇ ਖੋਲ੍ਹ ਦਿੰਦੇ ਹਨ। ਕਾਨੂੰਨੀ ਤੌਰ 'ਤੇ ਧਾਰਮਿਕ ਸਥਾਨ, ਵਿਦਿਅਕ ਅਦਾਰਿਆਂ ਨੇੜੇ ਸ਼ਰਾਬ ਦੇ ਠੇਕੇ ਤੇ ਅਹਾਤੇ ਨਹੀਂ ਖੋਲ੍ਹੇ ਜਾ ਸਕਦੇ ਪਰ ਮੋਟੀ ਕਮਾਈ ਦਾ ਸਾਧਨ ਹੋਣ ਕਰਕੇ ਸਰਕਾਰ ਇਸ ਪਾਸੇ ਕਾਰਵਾਈ ਕਰਨ ਲਈ ਤਿਆਰ ਨਹੀਂ ਹੈ।

# ਭਾਰਤ ਵਿਚ ਬਾਲ ਵਿਆਹ ਵਾਲੀ ਪ੍ਰਥਾ ਅਜੇ ਵੀ ਗੰਭੀਰ

**ਸੰਯੁਕਤ ਰਾਸ਼ਟਰ:** ਭਾਰਤ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਜਨਮ ਰਜਿਸਟਰੇਸ਼ਨ ਦੀ ਗਿਣਤੀ ਸਭ ਤੋਂ ਘੱਟ ਹੈ। ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਭਾਰਤ ਬਾਲ ਵਿਆਹ ਦੇ ਮਾਮਲੇ ਵਿਚ ਦੱਖਣੀ ਏਸ਼ੀਆ ਵਿਚ ਦੂਜੇ ਨੰਬਰ ‘ਤੇ ਆਉਂਦਾ ਹੈ। ਰਿਪੋਰਟ ਵਿਚ ਦੇਸ਼ ਵਿਚ ਟੀਕਾਕਰਨ ਵਿਚ ਸੁਧਾਰ ਦੀ ਲੋੜ ‘ਤੇ ਵੀ ਜ਼ੋਰ ਦਿੱਤਾ ਗਿਆ ਹੈ। ਸੰਯੁਕਤ ਰਾਸ਼ਟਰ ਦੀ ਏਜੰਸੀ ਯੂਨੀਸੇਫ਼ ਵੱਲੋਂ ਦੱਖਣੀ ਖਿੱਤੇ ਵਿਚ ਪਿਛਲੇ 25 ਵਰ੍ਹਿਆਂ ਦੌਰਾਨ ਬੱਚਿਆਂ ‘ਤੇ ਪ੍ਰਭਾਵ ਪਾਉਣ ਵਾਲੇ ਅਹਿਮ ਮੁੱਦਿਆਂ ਬਾਰੇ ਰਿਪੋਰਟ ਤਿਆਰ ਕੀਤੀ ਗਈ ਹੈ।

ਭਾਰਤ ਵਿਚ ਸਾਲ 2000 ਤੋਂ 2012 ਦੌਰਾਨ ਸੂਚੀਦਰਜ ਨਾ ਕੀਤੇ ਗਏ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਸਭ ਤੋਂ ਵੱਧ ਗਿਣਤੀ 7 ਕਰੋੜ 10 ਲੱਖ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੱਖਣੀ ਏਸ਼ੀਆ ਵਿਚ ਸਾਲ 2000 ਤੋਂ ਬਾਅਦ ਜਨਮ ਰਜਿਸਟਰੇਸ਼ਨ ਦੀ ਦਰ ਵਧੀ ਹੈ ਪਰ ਇਸ ਦੀ ਰਫ਼ਤਾਰ ਹੌਲੀ ਹੈ। ਭਾਰਤ, ਅਫ਼ਗਾਨਿਸਤਾਨ, ਬੰਗਲਾਦੇਸ਼ ਤੇ ਮਾਲਦੀਵ ਵਿਚ ਜਨਮ ਰਜਿਸਟਰੇਸ਼ਨ ਵਿਚ ਕਾਫੀ ਸੁਧਾਰ ਦੇਖਣ ਨੂੰ ਮਿਲਿਆ ਹੈ ਪਰ 10 ਕਰੋੜ ਬੱਚਿਆਂ ਦੀ ਜਨਮ ਰਜਿਸਟਰੇਸ਼ਨ ਅਜੇ ਵੀ ਨਹੀਂ ਹੁੰਦੀ ਹੈ। ਗਰੀਬੀ ਤੇ ਅਮੀਰੀ ਦਾ ਇਸ ਮਾਮਲੇ ਵਿਚ ਵੀ ਪਾੜਾ ਦੇਖਣ ਨੂੰ ਮਿਲਿਆ। ਗਰੀਬ ਪਰਿਵਾਰਾਂ ਦੇ ਬੱਚਿਆਂ ਦੀ ਰਜਿਸਟਰੇਸ਼ਨ ਬਹੁਤ ਹੀ ਘੱਟ ਹੁੰਦੀ ਹੈ।

ਭਾਰਤ ਵਿਚ ਧਰਮ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਜੈਨ ਧਰਮ ਦੇ ਬੱਚਿਆਂ ਦੀ ਜਨਮ ਰਜਿਸਟਰੇਸ਼ਨ ਸਭ ਤੋਂ ਵੱਧ 87 ਫੀਸਦੀ ਹੈ ਜਦਕਿ ਹਿੰਦੂਆਂ ਦੀ 40 ਫੀਸਦੀ ਤੇ ਸਭ ਤੋਂ ਘੱਟ ਮੁਸਲਮਾਨਾਂ ਦੇ ਬੱਚਿਆਂ ਦੀ ਜਨਮ ਰਜਿਸਟਰੇਸ਼ਨ 39 ਫੀਸਦੀ ਹੈ। ਬਾਲ ਵਿਆਹ ਦੇ ਮਾਮਲੇ ਵਿਚ ਬੰਗਲਾਦੇਸ਼ ਦਾ ਪਹਿਲਾ ਨੰਬਰ ਹੈ ਜਿਥੇ ਹਰੇਕ ਤਿੰਨ ਕੁੜੀਆਂ ਵਿਚੋਂ ਦੋ ਦਾ ਵਿਆਹ 18 ਸਾਲ ਤੋਂ ਘੱਟ ਉਮਰ ਵਿਚ ਹੀ ਹੋ ਜਾਂਦਾ ਹੈ। ਦੱਖਣੀ ਏਸ਼ੀਆ ਵਿਚ ਅੱਧੀਆਂ ਤੋਂ ਵੱਧ ਕੁੜੀਆਂ ਦਾ ਵਿਆਹ 18 ਸਾਲ ਤੋਂ ਪਹਿਲਾਂ ਕਰ ਦਿੱਤਾ ਜਾਂਦਾ ਹੈ। ਪੰਜ ਵਿਚੋਂ ਇਕ



ਕੁੜੀ ਦਾ ਵਿਆਹ 15 ਸਾਲ ਤੋਂ ਪਹਿਲਾਂ ਹੀ ਕਰ ਦਿੱਤਾ ਜਾਂਦਾ ਹੈ।

ਸਿੱਖਿਆ ਦੀ ਘਾਟ ਦਾ ਅਸਰ ਵੀ ਬਾਲ ਵਿਆਹ ‘ਤੇ ਪੈਂਦਾ ਹੈ। ਰਿਪੋਰਟ ਮੁਤਾਬਕ ਅਨਪੜ੍ਹ ਕੁੜੀਆਂ ਦੇ ਵਿਆਹ ਛੋਟੀ ਉਮਰੇ ਹੀ ਕਰ ਦਿੱਤੇ ਜਾਂਦੇ ਹਨ ਤੇ ਇਸ ਦਾ ਖਤਰਾ ਸਾਢੇ ਪੰਜ ਗੁਣਾ ਵੱਧ ਜਾਂਦਾ ਹੈ। ਲਿੰਗ ਭੇਦ ਦੇ ਮਾਮਲੇ ਵਿਚ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਦੇ ਪੱਛਮੀ ਤੇ ਉੱਤਰ ਪੱਛਮੀ ਹਿੱਸੇ ਵਿਚ ਇਹ ਵਰਤਾਰਾ ਸਭ ਤੋਂ ਵੱਧ ਹੈ। ਸਿਫ਼ਰ ਤੋਂ ਚਾਰ ਸਾਲ ਤੱਕ ਦੇ ਬੱਚਿਆਂ ਵਿਚੋਂ ਇਕ ਹਜ਼ਾਰ ਮੁੰਡਿਆਂ ਪਿੱਛੇ ਸਿਰਫ਼ 924 ਕੁੜੀਆਂ ਹਨ। ਟੀਕਾਕਰਨ ਦੇ ਮਾਮਲੇ ਵਿਚ ਬੰਗਲਾਦੇਸ਼, ਸ੍ਰੀਲੰਕਾ ਤੇ ਨੇਪਾਲ ਵਿਚ ਕਾਫੀ ਸੁਧਾਰ ਹੋਇਆ ਹੈ ਪਰ ਅਫਗਾਨਿਸਤਾਨ, ਭਾਰਤ ਤੇ ਪਾਕਿਸਤਾਨ ਵਿਚ ਇਹ ਮੁਹਿੰਮ ਅਜੇ ਵੀ ਪਛੜੀ ਹੋਈ ਹੈ।

## ਬਾਲ ਵਿਆਹ ਪ੍ਰਥਾ ਦੇ ਖਾਤਮੇ ਲਈ ਲੱਗਣਗੇ ਹੋਰ 50 ਸਾਲ

**ਕੋਲਕਾਤਾ:** ਯੂਨੀਸੈੱਫ ਦਾ ਅਨੁਮਾਨ ਹੈ ਕਿ ਭਾਰਤ ਵਿਚ ਬਾਲ ਵਿਆਹਾਂ ਦੀ ਪਿਰਤ ਖਤਮ ਹੋਣ ਨੂੰ ਅਜੇ ਹੋਰ 50 ਸਾਲ ਲੱਗ ਜਾਣਗੇ”। ਇਹ ਬਹੁਤ ਲੰਮਾ ਸਮਾਂ ਹੈ ਤੇ ਤਦ ਤੱਕ ਲੱਖਾਂ ਬੱਚੀਆਂ ਦੇ ਵਿਆਹ ਹੋ ਚੁੱਕੇ ਹੋਣਗੇ। ਮੌਜੂਦਾ ਸਮੇਂ 20-24 ਸਾਲ ਦੀਆਂ ਵਿਆਹੁਤਾ ਔਰਤਾਂ ਉਪਰ ਕੀਤੇ ਗਏ ਅਧਿਐਨ ਤੋਂ ਪਤਾ ਚੱਲਿਆ ਹੈ ਕਿ ਇਨ੍ਹਾਂ 43 ਫ਼ੀਸਦੀ ਔਰਤਾਂ ਦਾ ਵਿਆਹ 18 ਸਾਲ ਦੀ ਉਮਰ ਤੋਂ ਪਹਿਲਾਂ ਹੋ ਗਿਆ ਸੀ ਤੇ ਹਰ ਪੰਜ ਵਿਚੋਂ ਦੋ ਔਰਤਾਂ ਨੇ ਦੱਸਿਆ ਕਿ ਉਨ੍ਹਾਂ ਦਾ ਵਿਆਹ ਬਾਲਪਨ ਵਿਚ ਹੀ ਹੋ ਗਿਆ ਸੀ।

ਸਬੱਬ ਨਾਲ, ਜੁਲਾਈ ਮਹੀਨੇ ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਵਿਚ ਭਾਰਤ ਬਾਲ ਵਿਆਹਾਂ ਦੇ ਪ੍ਰਚਲਣ ਦੇ ਲਿਹਾਜ ਤੋਂ ਛੇਵਾਂ ਮੁਲਕ ਸੀ ਤੇ ਬਾਲਪਨ ਵਿਚ ਵਿਆਹੀਆਂ ਤਿੰਨ ਵਿਚੋਂ ਇਕ ਕੁੜੀ ਭਾਰਤ ਵਿਚ ਮਿਲਦੀ ਹੈ। ਦੇਸ਼ ਦੀਆਂ ਕੁਝ ਬਰਾਦਰੀਆਂ ਤੇ ਸਮੂਹਾਂ ਵਿਚ ਅਜੇ ਵੀ ਬਾਲ ਵਿਆਹਾਂ ਦੀ ਰਵਾਇਤ ਜਾਰੀ ਰਹਿਣ ਬਾਰੇ ਦੱਸਦਿਆਂ ਯੂਨੀਸੈੱਫ ਅਧਿਕਾਰੀ ਨੇ ਕਿਹਾ ਕਿ ਧੁਰ ਅੰਦਰ ਤੱਕ ਵਧੇ ਅੰਧ ਵਿਸ਼ਵਾਸਾਂ ਕਾਰਨ ਇਸ ਰਵਾਇਤ ਦੇ ਖਾਤਮੇ ਦੀ ਰਫ਼ਤਾਰ ਮੱਠੀ ਹੈ।

## ਪਾਕਿਸਤਾਨੀ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਮੋਦੀ ਨੂੰ ਪੱਤਰ

**ਚੰਡੀਗੜ੍ਹ:** ਪਾਕਿਸਤਾਨ ਵਿਚ ਸਿੱਖਾਂ ਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਾਸਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਨਿੱਜੀ ਦਖਲ ਦੇਣ ਦੀ ਅਪੀਲ ਕੀਤੀ ਹੈ। ਪ੍ਰਧਾਨ ਮੰਤਰੀ ਨੂੰ ਲਿਖੇ ਇਕ ਪੱਤਰ ਵਿਚ ਸ. ਬਾਦਲ ਨੇ ਕਿਹਾ ਹੈ ਕਿ ਹਾਲ ਹੀ ਵਿਚ ਪਾਕਿਸਤਾਨ ਵਿਚ ਸਿੱਖਾਂ ਤੇ ਹੋਰ ਘੱਟ ਗਿਣਤੀਆਂ ਨਾਲ ਸਬੰਧਤ ਵਿਅਕਤੀਆਂ ਦੀਆਂ ਹੱਤਿਆਵਾਂ ਦੀਆਂ ਘਟਨਾਵਾਂ ਭਾਰਤੀਆਂ, ਖਾਸ ਕਰ ਸਿੱਖ ਭਾਈਚਾਰੇ ਲਈ ਬਹੁਤ ਜ਼ਿਆਦਾ ਚਿੰਤਾਜਨਕ ਹਨ। ਰਿਪੋਰਟਾਂ ਮੁਤਾਬਕ ਪੇਸ਼ਾਵਰ ਦੇ ਅਮਰਜੀਤ ਸਿੰਘ ਤੇ ਹਰਜੀਤ ਸਿੰਘ ਦੀਆਂ ਹੱਤਿਆਵਾਂ ਪਿਛਲੇ ਦਿਨਾਂ ਦੌਰਾਨ ਹੋਈਆਂ ਤੇ ਅਮਰਜੀਤ ਸਿੰਘ ਦੀ ਹੱਤਿਆ ਸਿੱਖ ਭਾਈਚਾਰੇ ਦੀ ਇਕੱਲੇ ਖੈਬਰ ਪਖਤੂਨਖਵਾ ਵਿਚ ਛੇਵੀਂ ਜਾਂ ਸੱਤਵੀਂ ਹੱਤਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਹੱਤਿਆਵਾਂ ਕਾਰਨ ਪਾਕਿਸਤਾਨ ਵਿਚ ਘੱਟ ਗਿਣਤੀ ਭਾਈਚਾਰੇ ਦੇ ਪਰਿਵਾਰਾਂ ’ਚ ਚਿੰਤਾ ਹੈ।

## ਹਰਿਆਣਾ ਤੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 15 ਅਕਤੂਬਰ ਨੂੰ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਹਰਿਆਣਾ ਤੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਦੋਵੇਂ ਸੂਬਿਆਂ ਵਿਚ ਵੋਟਾਂ 15 ਅਕਤੂਬਰ ਨੂੰ ਪੈਣਗੀਆਂ ਤੇ ਨਤੀਜੇ 19 ਅਕਤੂਬਰ ਨੂੰ ਐਲਾਨੇ ਜਾਣਗੇ। ਚੋਣਾਂ ਦੇ ਐਲਾਨ ਨਾਲ ਦੋਵੇਂ ਸੂਬਿਆਂ ਵਿਚ ਆਦਰਸ਼ਕ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ।

ਹਰਿਆਣਾ ਤੇ ਮਹਾਰਾਸ਼ਟਰ ਵਿਚ ਕਾਗਜ਼ ਦਾਖਲ ਕਰਨ ਦੀ ਅੰਤਮ ਤਰੀਕ 27 ਸਤੰਬਰ ਰੱਖੀ ਗਈ ਹੈ। ਉਮੀਦਵਾਰ ਪਹਿਲੀ ਅਕਤੂਬਰ ਤੱਕ ਆਪਣੇ ਨਾਂ ਵਾਪਸ ਲੈ ਸਕਦੇ ਹਨ। 90 ਮੈਂਬਰੀ ਹਰਿਆਣਾ ਵਿਧਾਨ ਸਭਾ ਦਾ ਕਾਰਜਕਾਲ 27 ਅਕਤੂਬਰ ਨੂੰ ਖ਼ਤਮ ਹੋ ਰਿਹਾ ਹੈ ਜਦਕਿ 288 ਮੈਂਬਰੀ ਮਹਾਰਾਸ਼ਟਰ ਵਿਧਾਨ ਸਭਾ ਦੀ ਮਿਆਦ ਅੱਠ ਨਵੰਬਰ ਨੂੰ ਖ਼ਤਮ ਹੋ ਰਹੀ ਹੈ। ਹਰਿਆਣਾ ਵਿਚ 16,244 ਤੇ ਮਹਾਰਾਸ਼ਟਰ ਵਿਚ 90, 403 ਪੋਲਿੰਗ ਦੇ ਸਟੇਸ਼ਨ ਬਣਾਏ ਜਾਣਗੇ। ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀਕਾਂਤ ਵਾਲਗਦ ਨੇ ਕਿਹਾ ਕਿ ਇਕ ਕਰੋੜ 62 ਲੱਖ ਤੋਂ ਵੱਧ ਵੋਟਰ ਆਪਣੇ ਹੱਕ ਦੀ ਵਰਤੋਂ ਕਰਨਗੇ। ਇਨ੍ਹਾਂ ਵਿਚੋਂ 87,78288 ਮਰਦ ਤੇ 7481851 ਔਰਤਾਂ ਵੋਟਰ ਸ਼ਾਮਲ ਹਨ। ਸ੍ਰੀ ਵਾਲਗਦ ਅਨੁਸਾਰ 90 ਸੀਟਾਂ ਵਿਚੋਂ 17 ਅਨੁਸੂਚਿਤ ਜਾਤਾਂ ਲਈ ਰਾਖਵੀਆਂ ਹਨ।

# ‘ਆਪ’ ਵੱਲੋਂ ਨਗਰ ਕੌਂਸਲ ਚੋਣਾਂ ‘ਚ ਡਟਣ ਦਾ ਐਲਾਨ

**ਜਲੰਧਰ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੀਆਂ ਸਾਰੀਆਂ ਨਗਰ ਨਿਗਮ ਤੇ ਨਗਰ ਕੌਂਸਲਾਂ ਚੋਣਾਂ ਲੜੇਗੀ। ਇਨ੍ਹਾਂ ਚੋਣਾਂ ਲਈ ਪਾਰਟੀ ਆਪਣੇ ਉਮੀਦਵਾਰਾਂ ਦੀ ਚੋਣ ਹੇਠਲੇ ਪੱਧਰ ਤੋਂ ਕਰੇਗੀ। ਇਹ ਐਲਾਨ ‘ਆਪ’ ਦੇ ਸੂਬਾਈ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕੀਤਾ।

ਸ. ਛੋਟੇਪੁਰ ਨੇ ਦਾਅਵਾ ਕੀਤਾ ਕਿ 21 ਸਤੰਬਰ ਨੂੰ ਪੰਜਾਬ ਦਾ ਇਕ ਵੱਡਾ ਆਗੂ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਵੇਗਾ। ਉਨ੍ਹਾਂ ‘ਆਪ’ ਦੇ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਨਗਰ ਨਿਗਮ ਦੀਆਂ ਚੋਣਾਂ ਲਈ ਤਿਆਰ ਰਹਿਣ ਤੇ ਅਕਾਲੀ-ਭਾਜਪਾ ਸਰਕਾਰ ਦੀਆਂ ਵਧੀਕੀਆਂ ਤੇ ਕਾਂਗਰਸ ਪਾਰਟੀ ਵੱਲੋਂ ਪੰਜਾਬ ਦੇ ਸਾਰੋਕਾਰਾਂ ਦੀ ਗੱਲ ਨਾ ਕਰਨ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨ।

ਉਨ੍ਹਾਂ ਦਾਅਵਾ ਕੀਤਾ ਕਿ ਮੌਜੂਦਾ ਨਿਜ਼ਾਮ ਤੋਂ ਲੋਕ ਅੱਕ ਚੁੱਕੇ ਹਨ। ਛੇਤੀ ਹੀ ਇਸ ਗੱਲ ਦਾ ਫ਼ੈਸਲਾ ਵੀ ਕਰ ਲਿਆ ਜਾਵੇਗਾ ਕਿ ਇਹ ਚੋਣਾਂ ਪਾਰਟੀ ਆਪਣੇ ਚੋਣ ਨਿਸ਼ਾਨ ਝਾੜੂ ‘ਤੇ ਲੜੇਗੀ ਜਾਂ ਕਿਸੇ ਹੋਰ ਚੋਣ ਨਿਸ਼ਾਨ ਉੱਤੇ ਲੜੇਗੀ। ਉਨ੍ਹਾਂ ਆਖਿਆ ਕਿ ਈਮਾਨਦਾਰ ਤੇ ਮਿਹਨਤੀ ਲੋਕਾਂ ਨੂੰ ਪਹਿਲ ਦਿੱਤੀ ਜਾਵੇਗੀ। ਸੂਬੇ ਵਿਚ ਪਾਰਟੀ ਦੀ ਕਾਰਜਕਾਰਨੀ ਬਣਾਏ ਜਾਣ ਬਾਰੇ ਉਨ੍ਹਾਂ ਆਖਿਆ ਕਿ ਉਹ ਸਭ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਕੋਲ ਜਾ ਰਹੇ ਹਨ ਤੇ ਹਰ ਜ਼ਿਲ੍ਹੇ ਵਿਚ ਮੀਟਿੰਗਾਂ ਕੀਤੀਆਂ ਜਾਣਗੀਆਂ। ਉਨ੍ਹਾਂ ਆਖਿਆ ਕਿ 16 ਸਤੰਬਰ ਤੋਂ ਅਕਤੂਬਰ ਤੱਕ ਇਹ ਮੀਟਿੰਗਾਂ ਚੱਲਣਗੀਆਂ ਪਰ ਜੇਕਰ ਵਿਚਾਲੇ ਹੀ ਨਗਰ ਕੌਂਸਲਾਂ ਦੀਆਂ ਚੋਣਾਂ ਦਾ ਐਲਾਨ ਹੋ ਗਿਆ ਤਾਂ ਫਿਰ ਪਾਰਟੀ ਚੋਣਾਂ ਵਿਚ ਡਟ ਜਾਵੇਗੀ।

ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਨਗਰ ਕੌਂਸਲ ਚੋਣਾਂ ਵਿਚ ਹਿੱਸਾ ਲੈਣ ਲਈ ਇਕ ਮਹੀਨੇ ਦੇ ਅੰਦਰ ਬੂਥ ਪੱਧਰ ਤੋਂ ਜ਼ਿਲ੍ਹਾ ਕਮੇਟੀ ਤੱਕ ਬਣਾਕੇ ਅਹੁਦੇਦਾਰਾਂ ਦੀ ਨਿਯੁਕਤੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਹਰੇਕ ਜਮਹੂਰੀ ਚੋਣ ਵਿਚ ਸਾਫ਼ ਸੁਥਰੇ ਅਕਸ ਵਾਲੇ ਇਮਾਨਦਾਰ ਉਮੀਦਵਾਰ ਖੜ੍ਹੇ ਕਰੇਗੀ।

ਸ੍ਰੀ ਮਾਨ ਨੇ ਕਿਹਾ ਕਿ ‘ਆਪ’ ਵਿਚ ਕੋਈ ਗੁੱਟਬੰਦੀ ਨਹੀਂ ਸਗੋਂ ਪੂਰਨ ਜਮਹੂਰੀਅਤ ਹੈ, ਜਿਸ ਕਰਕੇ ਹਰ ਵਰਕਰ ਨੂੰ ਆਪਣੀ ਗੱਲ ਰੱਖਣ ਦਾ ਅਧਿਕਾਰ ਹੈ। ਉਨ੍ਹਾਂ ਆਪਣੀ ਤਿੰਨ ਮਹੀਨੇ ਦੀ ਕਾਰਗੁਜ਼ਾਰੀ ਦਾ ਲੇਖਾਜੋਖਾ ਕਰਦਿਆਂ ਕਿਹਾ ਕਿ ਉਨ੍ਹਾਂ ਕੋਲ 162 ਲਿਖਤੀ ਦਰਖਾਸਤਾਂ ਆਈਆਂ ਸਨ ਜਿਨ੍ਹਾਂ ਵਿਚੋਂ 144 ਦਾ ਨਿਬੇੜਾ ਕਰ ਦਿੱਤਾ ਗਿਆ ਹੈ ਤੇ 19 ਸ਼ਿਕਾਇਤਾਂ ’ਤੇ ਕਾਰਵਾਈ ਚੱਲ ਰਹੀ ਹਨ।

## ਮੇਲਾ ਗ਼ਦਰੀ ਬਾਬਿਆਂ ਦਾ 30 ਅਕਤੂਬਰ ਤੋਂ

**ਜਲੰਧਰ:** ਕਾਮਾਗਾਟਾਮਾਰੂ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਤ ਤਿੰਨ ਰੋਜ਼ਾ ‘ਮੇਲਾ ਗ਼ਦਰੀ ਬਾਬਿਆਂ ਦਾ’ 30 ਅਕਤੂਬਰ ਨੂੰ ਸ਼ੁਰੂ ਹੋਵੇਗਾ।

ਇਸ ਬਾਰੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਦੀ ਪ੍ਰਧਾਨਗੀ ਵਿਚ ਹੋਈ ਬੋਰਡ ਆਫ਼ ਟਰੱਸਟ ਦੀ ਮੀਟਿੰਗ ਵਿਚ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਕਾਮਾਗਾਟਾਮਾਰੂ ਨੂੰ ਸਮਰਪਿਤ ਮੇਲੇ ਬਾਰੇ ਏਜੰਡਾ ਪੇਸ਼ ਕੀਤਾ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)




# ਬਾਦਲਾਂ ਦੇ ਸ਼ਾਹੀ ਖਰਚਿਆਂ ਨੇ ਸਰਕਾਰੀ ਖਜ਼ਾਨਾ 'ਲੁੱਟਿਆ'

**ਬਠਿੰਡਾ:** ਬਾਦਲ ਪਰਿਵਾਰ ਦੇ ਸ਼ਾਹੀ ਖਰਚੇ ਪੰਜਾਬ ਨੂੰ ਆਰਥਿਕ ਤੰਗੀ ਵੱਲ ਧੱਕਣ ਵਿਚ ਸਭ ਤੋਂ ਵੱਡਾ ਰੋਲ ਅਦਾ ਕਰ ਰਹੇ ਹਨ। ਲੰਘੇ ਪੌਣੇ ਛੇ ਵਰ੍ਹਿਆਂ ਦੌਰਾਨ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੀਆਂ ਗੱਡੀਆਂ ਦਾ ਤੇਲ ਖਰਚ 20.20 ਕਰੋੜ ਰੁਪਏ ਰਿਹਾ। ਇਸ ਹਿਸਾਬ ਨਾਲ ਇਨ੍ਹਾਂ ਦੋਵਾਂ ਵੀ.ਆਈ.ਪੀਜ਼ ਦਾ ਔਸਤਨ ਤੇਲ ਖਰਚ ਇਕ ਲੱਖ ਰੁਪਏ ਪ੍ਰਤੀ ਦਿਨ ਰਿਹਾ ਹੈ। ਇਸ ਵਿਚੋਂ ਮੁੱਖ ਮੰਤਰੀ ਦੇ ਕਾਫਲੇ ਦਾ ਤੇਲ ਖਰਚ 15.51 ਕਰੋੜ ਰੁਪਏ ਤੇ ਉਪ ਮੁੱਖ ਮੰਤਰੀ ਦਾ 4.69 ਕਰੋੜ ਰੁਪਏ ਰਿਹਾ ਹੈ। ਇਥੋਂ ਤੱਕ ਕਿ ਸਰਕਾਰੀ ਗੱਡੀਆਂ ਵਿਚ ਉਦੋਂ ਵੀ ਖ਼ਜ਼ਾਨੇ ਦਾ ਹੀ ਤੇਲ ਬਲਦਾ ਹੈ ਜਦੋਂ ਮੁੱਖ ਮੰਤਰੀ ਜਾਂ ਹੋਰ ਵੀ.ਆਈ.ਪੀਜ਼ ਭੋਗਾਂ ਤੇ ਵਿਆਹਾਂ 'ਤੇ ਜਾਂਦੇ ਹਨ। ਹਵਾਈ ਸਫਰ ਦਾ ਖਰਚਾ ਇਸ ਤੋਂ ਵੱਖਰਾ ਹੈ।

ਸੂਚਨਾ ਅਧਿਕਾਰ ਕਾਨੂੰਨ (ਆਰ.ਟੀ.ਆਈ.) ਤਹਿਤ ਮਿਲੇ ਵੇਰਵੇ ਦੱਸਦੇ ਹਨ ਕਿ ਮੁੱਖ ਮੰਤਰੀ ਦੇ ਕਾਫਲੇ ਵਿਚ ਕੁੱਲ 33 ਗੱਡੀਆਂ ਹਨ ਜਿਨ੍ਹਾਂ ਵਿਚ 11 ਜਿਪਸੀਆਂ ਸ਼ਾਮਲ ਹਨ। ਇਸੇ ਤਰ੍ਹਾਂ ਉਪ ਮੁੱਖ ਮੰਤਰੀ ਦੇ ਕਾਫਲੇ ਵਿਚ 11 ਕਾਰਾਂ ਤੇ ਅੱਠ ਜਿਪਸੀਆਂ ਸ਼ਾਮਲ ਹਨ। ਪਹਿਲਾਂ ਕੈਪਟਨ ਸਰਕਾਰ ਤੇ ਫਿਰ ਅਕਾਲੀ-ਭਾਜਪਾ ਸਰਕਾਰ ਦੇ ਇਕ ਦਹਾਕੇ ਦੇ ਕਾਰਜਕਾਲ (2002 ਤੋਂ 2012) ਵਿਚ ਤੇਲ ਖਰਚੇ 'ਤੇ ਨਜ਼ਰ ਮਾਰੀਏ ਤਾਂ ਸਾਫ ਹੁੰਦਾ ਹੈ ਕਿ ਮੰਤਰੀ ਮੰਡਲ ਦੇ

## ਤੰਗੀ ਦੇ ਬਾਵਜੂਦ ਸਰਕਾਰੀ ਸਹੂਲਤਾਂ ਦੀ ਖੁੱਲ੍ਹ ਕੇ ਵਰਤੋਂ



ਤੇਲ ਖਰਚ ਦਿਨ ਪ੍ਰਤੀਦਿਨ ਤੇਜ਼ੀ ਨਾਲ ਵੱਧ ਰਹੇ ਹਨ। ਪਹਿਲਾਂ ਅਕਾਲੀ ਮੰਤਰੀ ਮੰਡਲ (2007 2012) ਦੇ ਪੰਜ ਵਰ੍ਹਿਆਂ ਵਿਚ ਮੁੱਖ ਮੰਤਰੀ ਦਾ ਖਰਚਾ 11.25 ਕਰੋੜ ਰੁਪਏ ਰਿਹਾ ਹੈ।

ਪੂਰੇ ਮੰਤਰੀ ਮੰਡਲ ਦਾ ਤੇਲ ਖਰਚ ਇਸ ਸਮੇਂ ਦੌਰਾਨ 22.50 ਕਰੋੜ ਰੁਪਏ ਰਿਹਾ ਹੈ। ਮੁੱਖ ਸੰਸਦੀ ਸਕੱਤਰਾਂ ਦਾ 9.95 ਕਰੋੜ ਦਾ ਤੇਲ ਖਰਚਾ ਇਸ ਤੋਂ ਵੱਖਰਾ ਸੀ। ਦੂਜੇ ਪਾਸੇ ਕਾਂਗਰਸ ਸਰਕਾਰ ਸਮੇਂ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਤੇਲ ਖਰਚ 5.20 ਕਰੋੜ ਰੁਪਏ ਦਾ ਰਿਹਾ ਹੈ ਜਦੋਂ ਕਿ ਕਾਂਗਰਸੀ ਮੰਤਰੀਆਂ ਦਾ ਤੇਲ ਖਰਚ 11.97 ਕਰੋੜ ਰੁਪਏ ਰਿਹਾ ਹੈ।

ਸਟੇਟ ਟਰਾਂਸਪੋਰਟ ਕਮਿਸ਼ਨਰ ਅਸ਼ਵਨੀ ਕੁਮਾਰ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਤੇ ਮੰਤਰੀਆਂ ਲਈ ਤੇਲ ਖਰਚ ਦੀ ਕੋਈ ਸੀਮਾ ਨਹੀਂ ਹੈ। ਉਹ ਵਿਭਾਗ ਵਿੱਚ ਨਵੇਂ ਆਏ ਹਨ ਜਿਸ ਕਰਕੇ ਤੇਲ ਖਰਚ ਵਿਚ ਹੋ ਰਹੇ ਵਾਧੇ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਉਨ੍ਹਾਂ ਨਵੀਆਂ ਗੱਡੀਆਂ ਦੀ ਖਰੀਦ ਬਾਰੇ ਆਖਿਆ ਕਿ ਨਵੀਆਂ ਗੱਡੀਆਂ ਦੀ ਖਰੀਦ ਬਾਰੇ ਮਾਮਲਾ ਵਿਚਾਰ ਅਧੀਨ ਚੱਲ ਰਿਹਾ ਹੈ। ਇਸੇ ਦੌਰਾਨ ਮੁੱਖ ਮੰਤਰੀ ਦਫਤਰ ਦੇ ਇਕ ਅਧਿਕਾਰੀ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਜ਼ੈੱਡ-ਪਲੱਸ ਸੁਰੱਖਿਆ ਮਿਲੀ ਹੋਈ ਹੈ ਜਿਸ ਕਾਰਨ ਉਨ੍ਹਾਂ ਦੀਆਂ ਗੱਡੀਆਂ ਦਾ ਕਾਫਲਾ ਵੱਡਾ ਹੋਣਾ ਸੁਭਾਵਿਕ ਹੀ ਹੈ। ਸੁਰੱਖਿਆ ਦੇ ਮਾਮਲੇ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਤੇ ਨੈਸ਼ਨਲ ਸਕਿਉਰਿਟੀ ਗਾਰਡਜ਼ (ਐਨ.ਐਸ.ਜੀ.) ਦੀਆਂ ਸੇਧਾਂ ਦੀ ਉਲੰਘਣਾ ਨਹੀਂ ਕੀਤੀ ਜਾ ਸਕਦੀ।

## ਮੰਤਰੀਆਂ ਨੂੰ ਲਗਜ਼ਰੀ ਗੱਡੀਆਂ ਦਾ ਭੁੱਸ



ਪੰਜਾਬ ਸਰਕਾਰ ਨੇ ਦਸ ਵਰ੍ਹਿਆਂ (2002 ਤੋਂ 2012) ਦੌਰਾਨ ਔਸਤਨ ਹਰ ਹਫਤੇ ਨਵੀਂ ਗੱਡੀ ਖਰੀਦੀ ਹੈ। ਇਸ ਸਮੇਂ ਦੌਰਾਨ ਸਰਕਾਰ ਨੇ 23.49 ਕਰੋੜ ਦੀ ਲਾਗਤ ਨਾਲ 386 ਗੱਡੀਆਂ ਦੀ ਖਰੀਦ ਕੀਤੀ ਹੈ। ਅਕਾਲੀ-ਭਾਜਪਾ ਮੰਤਰੀ ਮੰਡਲ ਨੇ ਪੰਜ ਵਰ੍ਹਿਆਂ ਵਿਚ 4.27 ਕਰੋੜ ਦੀ ਲਾਗਤ ਨਾਲ 21 ਕੈਮਰੀ ਕਾਰਾਂ ਤੇ 1.36 ਕਰੋੜ ਦੀਆਂ 13 ਕਰੋ.ਲਾ ਗੱਡੀਆਂ ਦੀ ਖਰੀਦ ਕੀਤੀ। ਅਕਾਲੀ-ਭਾਜਪਾ ਸਰਕਾਰ ਨੇ ਇਨ੍ਹਾਂ ਪੰਜ ਵਰ੍ਹਿਆਂ ਵਿਚ 96.17 ਲੱਖ ਦੀ ਲਾਗਤ ਨਾਲ 23 ਅੰਬੈਸਡਰ ਕਾਰਾਂ ਤੇ 3.09 ਕਰੋੜ ਦੀਆਂ 63 ਜਿਪਸੀਆਂ ਵੀ ਖਰੀਦੀਆਂ। ਪਹਿਲਾਂ ਕੈਪਟਨ ਸਰਕਾਰ ਨੇ 2.83 ਕਰੋੜ ਦੀ ਲਾਗਤ ਨਾਲ 18 ਕੈਮਰੀ ਕਾਰਾਂ ਦੀ ਖਰੀਦ ਕੀਤੀ ਸੀ।

ਕੈਪਟਨ ਹਕੂਮਤ ਨੇ ਪੰਜ ਵਰ੍ਹਿਆਂ ਦੌਰਾਨ 13.79 ਕਰੋੜ ਗੱਡੀਆਂ ਦੀ ਖਰੀਦ 'ਤੇ ਖਰਚ ਕੀਤੇ ਗਏ ਸਨ। ਅਕਾਲੀ ਸਰਕਾਰ ਨੇ 2012-2013 ਦੌਰਾਨ 6.60 ਕਰੋੜ ਦੀਆਂ ਨਵੀਆਂ ਗੱਡੀਆਂ ਖਰੀਦਣ ਦੀ ਤਜਵੀਜ਼ ਤਿਆਰ ਕੀਤੀ ਸੀ ਜੋ ਮਾਲੀ ਸੰਕਟ ਕਰਕੇ ਕਿਸੇ ਤਣ-ਪੱਤਣ ਨਹੀਂ ਲੱਗ ਸਕੀ। ਸਾਲ 2013-14 ਵਿਚ ਸਿਰਫ਼ ਮੁੱਖ ਮੰਤਰੀ ਵਾਸਤੇ ਇਕ ਇਨੋਵਾ ਗੱਡੀ ਖਰੀਦੀ ਗਈ ਹੈ। ਗੱਡੀਆਂ ਦੀ ਖਰੀਦ ਪੱਖੋਂ ਕਿਫਾਇਤ ਕਾਰਨ ਹੀ ਮੁੱਖ ਸੰਸਦੀ ਸਕੱਤਰ ਆਖ ਰਹੇ ਹਨ ਕਿ ਉਨ੍ਹਾਂ ਕੋਲ ਖਟਾਰਾ ਗੱਡੀਆਂ ਹਨ ਜੋ ਰਸਤਿਆਂ ਵਿਚ ਹੀ ਰੁਕ ਜਾਂਦੀਆਂ ਹਨ।

# ਹਾਈਕੋਰਟ ਨੂੰ 'ਗਿਆਨ' ਦੇਣ ਲੱਗੇ ਆਸ਼ੂਤੋਸ਼ ਦੇ ਪੈਰੋਕਾਰ

**ਚੰਡੀਗੜ੍ਹ:** ਦਿਵਿਆ ਜਿਓਤੀ ਜਾਗ੍ਰਿਤੀ ਸੰਸਥਾਨ ਨੂਰਮਹਿਲ ਦੇ ਸੰਸਥਾਪਕ ਆਸ਼ੂਤੋਸ਼ ਉਰਫ਼ ਮਹੇਸ਼ ਕੁਮਾਰ ਝਾਅ ਦੀ ਮੌਤ ਦੇ ਮੁੱਦੇ 'ਤੇ ਡੇਰੇ ਦੇ ਚਾਰ ਪੈਰੋਕਾਰਾਂ ਵੱਲੋਂ ਹਾਈਕੋਰਟ ਵਿਚ ਪੇਸ਼ ਹੋ ਕੇ 'ਸਮਾਧੀ-ਸਿਧਾਂਤ' ਉਤੇ ਗਿਆਨ ਦੇਣ ਲਈ ਆਪਣਾ ਪੂਰਾ ਟਿੱਲ ਲਗਾ ਦਿੱਤਾ ਗਿਆ। ਡੇਰੇ ਵੱਲੋਂ ਆਏ ਸਾਧਵੀ ਤਤੇਸ਼ਵਨੀ ਭਾਰਤੀ, ਭਾਰਤੀ, ਅਮਿਤੇਸ਼ ਤੇ ਰਾਧਾ ਕਰਿਸ਼ਨੰਦ ਵੱਲੋਂ ਤਕਰੀਬਨ ਇਕ ਘੰਟਾ ਚੱਲੀ ਬਹਿਸ ਦੌਰਾਨ ਲਗਾਤਾਰ ਭਾਰਤੀ ਸ਼ਾਸਤਰ ਤੇ ਹਿੰਦੂ ਇਤਿਹਾਸ-ਮਿਥਿਹਾਸ ਦੇ ਅਣਗਿਣਤ ਹਵਾਲੇ ਦਿੰਦਿਆਂ 'ਸਮਾਧੀ' ਦੀ ਹੋਂਦ ਦੀ ਪੈਰਵੀ ਕੀਤੀ ਜਾਂਦੀ ਰਹੀ, ਪਰ ਇਹ ਕੋਸ਼ਿਸ਼ਾਂ ਹਾਈਕੋਰਟ ਬੈਂਚ ਦੇ ਆਸ਼ੂਤੋਸ਼ ਦੀ ਮੌਤ ਬਾਰੇ ਬਣੇ ਹੋਏ ਸਟੈਂਡ ਨੂੰ ਪ੍ਰਭਾਵਿਤ ਨਹੀਂ ਕਰ ਸਕੀਆਂ।

ਜਸਟਿਸ ਐਮ.ਐਮ.ਐਸ. ਬੇਦੀ ਵਾਲੇ ਬੈਂਚ ਵੱਲੋਂ ਆਸ਼ੂਤੋਸ਼ ਦਾ ਪੁੱਤਰ ਹੋਣ ਦਾ ਦਾਅਵਾ ਕਰਨ ਵਾਲੇ ਦਲੀਪ ਕੁਮਾਰ ਝਾਅ ਵੱਲੋਂ ਆਪਣੇ ਪਿਤਾ ਦੀ ਦੇਹ ਲੈਣ ਦੀ ਮੰਗ ਬਾਰੇ ਦਾਇਰ ਪਟੀਸ਼ਨ 'ਤੇ

### ਬਹਿਸ ਦੌਰਾਨ ਸਮਾਧੀ ਬਾਰੇ ਪੈਰਵੀ



ਸੁਣਵਾਈ ਕਰਦਿਆਂ ਇਕ ਵਾਰ ਫਿਰ ਇਹ ਨੁਕਤਾ ਉਭਾਰਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਹੀ ਹਾਈਕੋਰਟ ਦੇ ਨਿਰਦੇਸ਼ਾਂ ਤਹਿਤ ਸਟੇਟਸ ਰਿਪੋਰਟ ਦਾਇਰ ਕਰਦਿਆਂ ਦਾਅਵਾ ਕੀਤਾ ਜਾ ਚੁੱਕਾ ਹੈ ਕਿ ਡਾਕਟਰਾਂ ਮੁਤਾਬਿਕ ਆਸ਼ੂਤੋਸ਼ 29 ਜਨਵਰੀ ਤੜਕੇ ਹੀ ਮਰ ਚੁੱਕਾ ਹੈ ਤੇ ਇਸੇ ਆਧਾਰ 'ਤੇ ਬੈਂਚ ਵੱਲੋਂ ਪਹਿਲਾਂ ਹੀ ਹੈਬੀਆਸ ਕਾਰਪਸ ਪਟੀਸ਼ਨ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ ਕਿਉਂਕਿ ਇਸ ਕਿਸਮ ਦੀ ਪਟੀਸ਼ਨ ਕਿਸੇ ਜੀਵਤ ਵਿਅਕਤੀ ਦੀ ਬੰਦ-ਖ਼ਲਾਸੀ ਕਰਾਉਣ ਹਿੱਤ ਹੀ ਵਿਚਾਰੀ ਜਾਂਦੀ ਹੈ।

ਆਸ਼ੂਤੋਸ਼ ਦੇ ਕਿਉਂਕਿ ਕਲੀਨਿਕਲੀ ਮਰ ਚੁੱਕਾ ਹੋਣ ਦੇ ਤੱਥ ਆ ਚੁੱਕੇ ਹਨ, ਜਿਸ ਕਾਰਨ ਇਸ ਮਾਮਲੇ ਵਿਚ ਹੈਬੀਆਸ ਕਾਰਪਸ ਬੇਲੋੜੀ ਹੋ ਗਈ ਸੀ, ਜਿਸ 'ਤੇ ਬੈਂਚ ਵੱਲੋਂ ਦਲੀਪ ਕੁਮਾਰ ਦੇ ਵਕੀਲ ਐਸ.ਪੀ. ਸੋਈ ਨੂੰ ਵੀ ਪੁੱਛਿਆ ਗਿਆ ਕਿ ਕੀ ਹੈਬੀਆਸ ਕਾਰਪਸ ਦਾ ਨਿਪਟਾਰਾ ਕੀਤਾ ਗਿਆ ਹੋਣ ਦੇ ਵਿਰੁੱਧ ਕੋਈ ਚੁਣੌਤੀ ਦਿੱਤੀ ਗਈ ਹੈ, ਜਿਸ 'ਤੇ ਪਟੀਸ਼ਨਰ ਧਿਰ ਵੱਲੋਂ ਇਨਕਾਰ ਕੀਤਾ ਗਿਆ। ਉਧਰ ਡੇਰੇ ਦੇ ਪੈਰੋਕਾਰ ਵਾਰ-ਵਾਰ ਹਾਈਕੋਰਟ ਬੈਂਚ ਕੋਲ ਦਾਅਵਾ ਕਰਦੇ ਰਹੇ ਕਿ 'ਅਜਿਹੀਆ ਸ਼ਖ਼ਸੀਅਤਾਂ' ਡੂੰਘੀ ਸਮਾਧੀ ਅੰਦਰ ਜਾਣ ਦੇ ਸਮਰੱਥ ਹਨ ਤੇ ਇਸ ਕਰਕੇ ਉਨ੍ਹਾਂ ਦੇ 'ਮਹਾਰਾਜ' ਵਾਪਸ ਆ ਜਾਣਗੇ ਪਰ ਹਾਈਕੋਰਟ ਬੈਂਚ ਵੱਲੋਂ ਵਿਗਿਆਨਕ ਤਰਕਾਂ ਨੂੰ ਆਧਾਰ ਬਣਾਉਂਦੀਆਂ ਐਵੀਡੈਂਸ ਐਕਟ ਦੇ ਪ੍ਰਸੰਗ ਵਿਚ ਨਜ਼ਰੀਆ ਸਪਸ਼ਟ ਕਰਨ ਦੀ ਤਵਕੋ ਕੀਤੀ ਜਾਂਦੀ ਰਹੀ, ਜਿਸ 'ਤੇ ਕਿ ਡੇਰੇ ਵਾਲਿਆਂ ਵੱਲੋਂ ਕੋਈ ਸਪਸ਼ਟ ਤੇ ਸੰਤੁਸ਼ਟੀਜਨਕ ਪ੍ਰਗਟਾਵਾ ਨਹੀਂ ਕੀਤਾ ਸਕਿਆ।

ਇੰਨਾ ਹੀ ਨਹੀਂ ਹਾਈਕੋਰਟ ਬੈਂਚ ਵੱਲੋਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਕਿ ਇਸ ਮੁੱਦੇ ਨੂੰ ਪਬਲੀਸਿਟੀ ਲਈ ਨਹੀਂ ਵਰਤਣ ਦਿੱਤਾ ਜਾ ਸਕਦਾ, ਜਿਸ ਵਜੋਂ ਸਮੁੱਚੀ ਅਦਾਲਤੀ ਕਾਰਵਾਈ ਇਕ ਤਰ੍ਹਾਂ ਨਾਲ ਬੈਂਚ ਵੱਲੋਂ ਪੁੱਛੇ ਗਏ ਸੁਆਲ ਕਿ 'ਸਮਾਧੀ' ਤੇ 'ਕਲੀਨਿਕਲੀ ਡੈਥ' ਵਿਚ ਕੀ ਫ਼ਰਕ ਹੈ, ਦੇ ਦੁਆਲੇ ਘੁੰਮਦੀ ਰਹੀ ਹੈ। ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਆਸ਼ੂਤੋਸ਼ ਦੀ ਇਸ ਸਮਾਧੀ ਦਾ ਰੱਫੜ ਡੇਰੇ ਦੀ ਜਾਇਦਾਦ ਦੀ ਵੰਡ ਕਾਰਨ ਪਿਆ ਹੈ।

## ਕੈਪਟਨ ਅਮਰਿੰਦਰ ਸਿੰਘ ਅਦਾਲਤ ਪੇਸ਼ ਨਾ ਹੋਏ

**ਮੁਹਾਲੀ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਕੀਤੇ ਗਏ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਥਾਨਕ ਸਰਕਾਰਾਂ ਵਿਭਾਗ ਦੇ ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ ਸਮੇਤ ਹੋਰਨਾਂ ਖ਼ਿਲਾਫ਼ ਦਰਜ ਭ੍ਰਿਸ਼ਟਾਚਾਰ ਮਾਮਲੇ ਦੀ ਅਗਲੀ ਸੁਣਵਾਈ ਜ਼ਿਲ੍ਹਾ ਅਦਾਲਤ ਨੇ 13 ਅਕਤੂਬਰ 'ਤੇ ਅੱਗੇ ਪਾ ਦਿੱਤੀ ਹੈ। ਕੇਸ ਦੀ ਸੁਣਵਾਈ ਮੌਕੇ ਕੈਪਟਨ ਅਮਰਿੰਦਰ ਸਿੰਘ ਤੇ ਚੌਧਰੀ ਜਗਜੀਤ ਸਿੰਘ, ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਜੁਗਲ ਕਿਸ਼ੋਰ ਸ਼ਰਮਾ ਤੇ ਰੋਹਿਤ ਸ਼ਰਮਾ ਅਦਾਲਤ ਵਿਚ ਪੇਸ਼ ਨਹੀਂ ਹੋਏ। ਇਸੇ ਦੌਰਾਨ ਕੈਪਟਨ ਨੇ ਆਪਣੇ ਵਕੀਲਾਂ ਰਾਹੀਂ ਅਦਾਲਤ ਵਿਚ ਅਰਜ਼ੀ ਦਾਇਰ ਕਰ ਕੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ ਹੈ। ਇਸ ਬਾਰੇ ਉਨ੍ਹਾਂ ਵਿਦੇਸ਼ੀ ਦੌਰੇ ਦੀ ਦਲੀਲ ਦਿੱਤੀ ਹੈ।

## ਪੈਰੋਲ 'ਤੇ ਆਏ ਮੁਜਰਿਮ ਵੱਲੋਂ ਨੌਜਵਾਨ ਦੀ ਹੱਤਿਆ

**ਮੋਗਾ:** ਪਿੰਡ ਕੁੱਸਾ ਵਿਚ ਪੈਰੋਲ 'ਤੇ ਆਏ ਮੁਜਰਿਮ ਮਨਪ੍ਰੀਤ ਸਿੰਘ ਨੇ ਆਪਣੇ ਹੀ ਪਿੰਡ ਦੇ ਨੌਜਵਾਨ ਹਰਪ੍ਰੀਤ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਇਸ ਮੁਜਰਿਮ ਨੂੰ ਹਰਪ੍ਰੀਤ ਸਿੰਘ ਦੇ ਸਾਲੇ ਦੀ ਮੌਤ ਦੇ ਕੇਸ ਵਿਚ ਛੇ ਸਾਲ ਦੀ ਸਜ਼ਾ ਹੋਈ ਸੀ, ਤੇ ਉਹ ਦੋ ਮਹੀਨੇ ਪਹਿਲਾਂ ਪੈਰੋਲ 'ਤੇ ਆਇਆ ਸੀ। ਹਰਪ੍ਰੀਤ ਨੂੰ ਵੀ ਚਾਰ ਸਾਲ ਦੀ ਕੈਦ ਹੋਈ ਸੀ ਤੇ ਉਹ ਛੇ ਮਹੀਨੇ ਪਹਿਲਾਂ ਕੈਦ ਕੱਟ ਕੇ ਜੇਲ੍ਹ ਵਿਚੋਂ ਬਾਹਰ ਆਇਆ ਸੀ। ਪੁਲਿਸ ਦਾ ਕਹਿਣਾ ਹੈ ਕਿ ਨੌਜਵਾਨ ਦੀ ਹੱਤਿਆ ਦੇ ਮਾਮਲੇ ਵਿਚ ਹਰਪ੍ਰੀਤ ਦੇ ਪਿਤਾ ਗਮਦੂਰ ਸਿੰਘ ਦੇ ਬਿਆਨਾਂ 'ਤੇ ਮਨਪ੍ਰੀਤ ਸਿੰਘ ਉਰਫ਼ ਮਾਣੂੰ, ਸੁਖਰਾਜ ਸਿੰਘ ਉਰਫ਼ ਨਿੱਕਾ ਤੇ ਇਕ ਅਣਪਛਾਤੇ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਪੁਲਿਸ ਮੁਤਾਬਕ ਹਰਪ੍ਰੀਤ ਸਿੰਘ (34) ਆਪਣੇ ਟਰੈਕਟਰ 'ਤੇ ਖੇਤ ਜਾ ਰਿਹਾ ਸੀ ਕਿ ਮੋਟਰਸਾਈਕਲ ਸਵਾਰ ਮੁਲਜ਼ਮਾਂ ਨੇ ਹਰਪ੍ਰੀਤ ਸਿੰਘ ਦੀ ਪਿੱਠ ਵਿਚ ਤਿੰਨ ਗੋਲੀਆਂ ਮਾਰੀਆਂ ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। 2010 ਵਿਚ ਹਰਪ੍ਰੀਤ ਸਿੰਘ ਦੇ ਸਾਲੇ ਕੁਲਦੀਪ ਸਿੰਘ (ਪਿੰਡ ਰੰਗੀਆਂ ਜ਼ਿਲ੍ਹਾ ਸੰਗਰੂਰ) ਦੀ ਪਿੰਡ ਕੁੱਸਾ ਵਿਖੇ ਹੱਤਿਆ ਕਰ ਦਿੱਤੀ ਗਈ ਸੀ। ਇਸ ਕੇਸ ਵਿਚ ਮਨਪ੍ਰੀਤ ਸਿੰਘ ਨੂੰ ਛੇ ਸਾਲ ਦੀ ਕੈਦ ਹੋਈ ਸੀ ਤੇ ਉਹ ਦੋ ਮਹੀਨੇ ਪਹਿਲਾਂ ਪਿੰਡ ਮਾਣੂੰਕੇ (ਜਗਰਾਓਂ) ਵਿਖੇ ਰਹਿਣ ਲਈ ਪੈਰੋਲ 'ਤੇ ਆਇਆ ਸੀ।

# ਵਿਹਲੜਾਂ ਦਾ ਟੋਲਾ ਹਨ ਪੰਜਾਬ ਦੇ ਮੁੱਖ ਸੰਸਦੀ ਸਕੱਤਰ

## ਮੰਤਰੀਆਂ ਬਰਾਬਰ ਸਹੂਲਤਾਂ ਲੈਣ ਦੇ ਬਾਵਜੂਦ ਨਹੀਂ ਤੋੜਦੇ ਡੱਕਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਸੰਸਦੀ ਸਕੱਤਰ ਸਰਕਾਰੀ ਖ਼ਜ਼ਾਨੇ ਲਈ ਖਾਊ ਯਾਰ ਸਾਬਤ ਹੋ ਰਹੇ ਹਨ ਕਿਉਂਕਿ ਮੰਤਰੀਆਂ ਦੇ ਬਰਾਬਰ ਸਹੂਲਤਾਂ ਲੈਣ ਦੇ ਬਾਵਜੂਦ ਇਨ੍ਹਾਂ ਵੱਲੋਂ ਅਜਿਹਾ ਕੋਈ ਕੰਮ ਨਹੀਂ ਕੀਤਾ ਜਾ ਰਿਹਾ ਜਿਸ ਨੂੰ ਮਹੱਤਵਪੂਰਨ ਕਿਹਾ ਜਾ ਸਕੇ। ਮੁੱਖ ਸੰਸਦੀ ਸਕੱਤਰਾਂ ਦਾ ਰੋਜ਼ਾਨਾ ਤਕਰੀਬਨ ਸਵਾ ਲੱਖ ਰੁਪਏ ਦਾ ਭਾਰ ਸਰਕਾਰੀ ਖ਼ਜ਼ਾਨੇ 'ਤੇ ਪੈਂਦਾ ਹੈ। ਉਨ੍ਹਾਂ ਵੱਲੋਂ ਰੋਜ਼ਾਨਾ ਤਕਰੀਬਨ 55 ਹਜ਼ਾਰ ਰੁਪਏ ਦਾ ਸਿਰਫ ਤੇਲ ਹੀ ਫੂਕਿਆ ਜਾਂਦਾ ਹੈ। ਪੰਜਾਬ ਸਰਕਾਰ ਨੇ ਮੁੱਖ ਸੰਸਦੀ ਸਕੱਤਰਾਂ ਨੂੰ ਸਭ ਸਹੂਲਤਾਂ ਤਾਂ ਦਿੱਤੀਆਂ ਹਨ ਪਰ ਕੰਮ ਕੋਈ ਨਹੀਂ ਦਿੱਤਾ, ਜਿਸ ਦੀ ਹਾਮੀ ਖੁਦ ਮੁੱਖ ਸੰਸਦੀ ਸਕੱਤਰ ਵੀ ਭਰ ਰਹੇ ਹਨ।

ਅਕਾਲੀ-ਭਾਜਪਾ ਸਰਕਾਰ ਦੀ ਦੂਜੀ ਪਾਰੀ ਅਪਰੈਲ 2012 ਵਿਚ ਸ਼ੁਰੂ ਹੋਈ ਸੀ। ਇਸ ਮਗਰੋਂ 21 ਮੁੱਖ ਸੰਸਦੀ ਸਕੱਤਰਾਂ ਨੂੰ ਚੱਪੜਚਿੜੀ ਵਿਚ ਸਹੁੰ ਚੁਕਾਈ ਗਈ ਸੀ। ਇਸ ਵੇਲੇ 19 ਮੁੱਖ ਸੰਸਦੀ ਸਕੱਤਰ ਹਨ ਜਿਨ੍ਹਾਂ ਵਿਚ ਤਿੰਨ ਮੁੱਖ ਸੰਸਦੀ ਸਕੱਤਰ ਭਾਜਪਾ ਨਾਲ ਸਬੰਧਤ ਹਨ। ਹਰ ਮੁੱਖ ਸੰਸਦੀ ਸਕੱਤਰ ਨੂੰ ਕੋਰੋਲਾ ਗੱਡੀ ਤੇ ਨਾਲ ਇਕ ਜਿਪਸੀ ਦਿੱਤੀ ਹੋਈ ਹੈ। ਸੂਚਨਾ ਅਧਿਕਾਰ ਕਾਨੂੰਨ (ਆਰ.ਟੀ.ਆਈ) ਤਹਿਤ ਮਿਲੇ ਵੇਰਵਿਆਂ ਮੁਤਾਬਕ ਸਾਲ 2007-2012 ਦੌਰਾਨ 21 ਮੁੱਖ ਸੰਸਦੀ ਸਕੱਤਰਾਂ ਦਾ ਤੇਲ ਖਰਚ 9.95 ਕਰੋੜ ਰੁਪਏ ਰਿਹਾ ਹੈ ਜਦੋਂਕਿ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ 2004 ਤੋਂ 2007 ਦੌਰਾਨ 12 ਮੁੱਖ ਸੰਸਦੀ ਸਕੱਤਰਾਂ ਦਾ ਤੇਲ ਖਰਚ 5.07 ਕਰੋੜ ਰੁਪਏ ਰਿਹਾ ਸੀ।

ਕੈਪਟਨ ਸਰਕਾਰ ਸਮੇਂ ਸਭ ਤੋਂ ਜ਼ਿਆਦਾ ਤੇਲ ਖਰਚ ਤਤਕਾਲੀ ਮੁੱਖ ਸੰਸਦੀ ਸਕੱਤਰ ਸਾਧੂ ਸਿੰਘ ਧਰਮਸੋਤ ਦਾ ਸੀ। ਉਨ੍ਹਾਂ ਨੇ 57.29 ਲੱਖ ਰੁਪਏ ਤੇਲ ਖਰਚ ਕੀਤਾ ਸੀ ਜਦੋਂ ਕਿ ਅਕਾਲੀ-ਭਾਜਪਾ ਸਰਕਾਰ ਸਮੇਂ ਤਤਕਾਲੀ ਮੁੱਖ ਸੰਸਦੀ ਸਕੱਤਰ ਬਿਕਰਮਜੀਤ ਸਿੰਘ ਖਾਲਸਾ ਦਾ ਸਭ ਤੋਂ ਜ਼ਿਆਦਾ 91.21 ਲੱਖ ਰੁਪਏ ਤੇਲ ਖਰਚ ਰਿਹਾ। ਸਾਲ 2004 ਤੋਂ 2012 ਤੱਕ ਮੁੱਖ ਸੰਸਦੀ ਸਕੱਤਰਾਂ ਦਾ ਇਕੱਲਾ ਤੇਲ ਦਾ ਖਰਚ ਹੀ 15.02 ਕਰੋੜ ਰੁਪਏ ਰਿਹਾ ਹੈ। ਹਰ ਮੁੱਖ ਸੰਸਦੀ ਸਕੱਤਰ ਨੂੰ ਪ੍ਰਤੀ ਮਹੀਨਾ 56 ਹਜ਼ਾਰ ਰੁਪਏ ਦੀ ਬੱਝਵੀਂ ਤਨਖਾਹ ਤੇ ਭੱਤੇ ਮਿਲਦੇ ਹਨ। ਇਸ ਰਕਮ ਵਿਚ 20 ਹਜ਼ਾਰ ਪ੍ਰਤੀ ਮਹੀਨਾ ਤਨਖਾਹ ਦੇ ਸ਼ਾਮਲ ਹਨ। ਜਿਨ੍ਹਾਂ ਮੁੱਖ ਸੰਸਦੀ ਸਕੱਤਰਾਂ ਕੋਲ ਚੰਡੀਗੜ੍ਹ ਵਿਚ ਸਰਕਾਰੀ ਰਿਹਾਇਸ਼ ਨਹੀਂ, ਉਨ੍ਹਾਂ ਨੂੰ ਲੋਕ ਨਿਰਮਾਣ ਵਿਭਾਗ ਵੱਲੋਂ 50 ਹਜ਼ਾਰ ਰੁਪਏ (ਵੱਧ ਤੋਂ ਵੱਧ) ਪ੍ਰਤੀ ਮਹੀਨਾ ਕਿਰਾਇਆ ਦਿੱਤਾ ਜਾਂਦਾ ਹੈ।

ਚੰਡੀਗੜ੍ਹ ਵਿਚ ਇਸ ਵੇਲੇ ਅੱਠ ਮੁੱਖ ਸੰਸਦੀ ਸਕੱਤਰਾਂ ਕੋਲ ਹੀ ਸਰਕਾਰੀ ਰਿਹਾਇਸ਼ ਹੈ। ਸਰਕਾਰ ਨੇ ਇਕ ਸਰਕਾਰੀ ਕੁੱਕ, ਟੈਲੀਫੋਨ ਅਪਰੇਟਰ ਤੇ ਸਰਕਾਰੀ ਪੀ.ਏ. ਦੀ ਸੁਵਿਧਾ ਵੀ ਦਿੱਤੀ ਹੋਈ ਹੈ। ਚੰਡੀਗੜ੍ਹ ਵਿਚ ਸਰਕਾਰੀ ਦਫ਼ਤਰ ਤੋਂ ਹੋਰ ਇਲਾਵਾ ਦਫ਼ਤਰੀ ਖਰਚੇ ਵੀ ਦਿੱਤੇ ਜਾਂਦੇ ਹਨ। ਵੇਰਵਿਆਂ ਅਨੁਸਾਰ ਮੈਡੀਕਲ ਖਰਚ ਤੇ ਪੈਟਰੋਲ ਖਰਚ ਦੀ ਕੋਈ ਬੰਦਸ਼ ਨਹੀਂ ਹੈ।

2007-12 ਦੇ ਸਮੇਂ ਦੌਰਾਨ ਮੁੱਖ ਸੰਸਦੀ ਸਕੱਤਰਾਂ ਨੂੰ 7.05 ਕਰੋੜ ਰੁਪਏ ਤਾਂ ਇਕੱਲੇ ਤਨਖਾਹ ਤੇ ਬੱਝਵੇਂ ਭੱਤਿਆਂ ਦੇ ਦਿੱਤੇ ਗਏ ਸਨ ਜਦੋਂਕਿ 9.95 ਕਰੋੜ ਰੁਪਏ ਦਾ ਤੇਲ ਖਰਚ ਆਇਆ। ਉਦੋਂ 1.36 ਕਰੋੜ ਰੁਪਏ ਦੀਆਂ 13 ਕੌਰੋਲਾ ਗੱਡੀਆਂ ਵੀ ਖਰੀਦ ਕਰਕੇ ਦਿੱਤੀਆਂ ਗਈਆਂ ਸਨ। ਪੰਜ ਵਰ੍ਹਿਆਂ ਵਿਚ ਤਕਰੀਬਨ 20 ਕਰੋੜ ਰੁਪਏ ਦਾ ਖਰਚਾ ਇਕੱਲਾ ਮੁੱਖ ਸੰਸਦੀ ਸਕੱਤਰਾਂ ਦਾ ਰਿਹਾ ਹੈ। ਹੁਣ ਮੁੱਖ ਸੰਸਦੀ ਸਕੱਤਰਾਂ ਨੂੰ 2.83 ਕਰੋੜ ਦੀ ਲਾਗਤ ਨਾਲ 21 ਨਵੀਆਂ ਕੌਰੋਲਾ ਗੱਡੀਆਂ ਖਰੀਦ ਕੇ ਦੇਣ ਦੀ ਤਜਵੀਜ਼ ਬਣਾਈ ਗਈ ਹੈ। ਸਰਕਾਰੀ ਖ਼ਜ਼ਾਨਾ ਸੰਕਟ ਵਿਚ ਹੋਣ ਕਰਕੇ ਇਨ੍ਹਾਂ ਗੱਡੀਆਂ ਦੀ ਖਰੀਦ ਨਹੀਂ ਹੋ ਸਕੀ। ਕੌਰੋਲਾ ਗੱਡੀ ਦੀ ਕੀਮਤ ਤਕਰੀਬਨ 10.51 ਲੱਖ ਰੁਪਏ ਹੈ।

### ਸੰਸਦੀ ਸਕੱਤਰਾਂ ਕੋਲ ਸੰਵਿਧਾਨਕ ਤਾਕਤਾਂ ਨਹੀਂ

ਮੁੱਖ ਸੰਸਦੀ ਸਕੱਤਰ (ਸਿਹਤ) ਡਾ. ਨਵਜੋਤ ਕੌਰ ਸਿੱਧੂ ਨੇ ਖ਼ੁਦ ਮੰਨਿਆ ਹੈ ਕਿ ਮੁੱਖ ਸੰਸਦੀ ਸਕੱਤਰਾਂ ਕੋਲ ਕੋਈ ਸੰਵਿਧਾਨਕ ਤਾਕਤ



ਨਹੀਂ ਤੇ ਨਾ ਹੀ ਕੋਈ ਕੋਈ ਪੁੱਛਦਾ ਹੈ। ਉਨ੍ਹਾਂ ਨੂੰ ਅਫਸਰਸ਼ਾਹੀ ਵੀ ਕੁੱਝ ਨਹੀਂ ਸਮਝਦੀ। ਉਨ੍ਹਾਂ ਕੋਲ ਪੁਰਾਣੀਆਂ ਕਾਰਾਂ ਹਨ ਜੋ ਰਸਤੇ ਵਿਚ ਖੜ੍ਹ ਜਾਂਦੀਆਂ ਹਨ। ਮੁੱਖ ਸੰਸਦੀ ਸਕੱਤਰਾਂ ਨੂੰ ਨਾ ਕਦੇ ਮੰਤਰੀ ਨੇ ਕਿਸੇ ਮੀਟਿੰਗ ਵਿਚ ਬੁਲਾਇਆ ਹੈ ਤੇ ਨਾ ਹੀ ਕਦੇ ਕਿਸੇ ਅਧਿਕਾਰੀ ਨੇ ਫੋਨ ਕੀਤਾ ਹੈ। ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ ਦਾ ਕਹਿਣਾ ਹੈ ਕਿ ਮੁੱਖ ਸੰਸਦੀ ਸਕੱਤਰ ਕੋਈ ਵੀ ਆਜ਼ਾਦਾਨਾ ਤੌਰ 'ਤੇ ਫੈਸਲਾ ਨਹੀਂ ਲੈ ਸਕਦਾ ਹੈ, ਤਾਲਮੇਲ ਦੀ ਕਮੀ ਹੈ।

# ਕੇਂਦਰ ਵੱਲੋਂ ਪੰਜਾਬ ਸਰਕਾਰ ਨੂੰ ਇਕ ਹੋਰ ਝਟਕਾ

## ਸਿੱਖਾਂ ਲਈ ਫੌਜੀ ਭਰਤੀ ਨੀਤੀ ਬਦਲਣ ਤੋਂ ਕੋਰੀ ਨਾਂਹ

**ਚੰਡੀਗੜ੍ਹ:** ਵਿਸ਼ੇਸ਼ ਰਾਹਤ ਪੈਕੇਜ ਦੇਣੋਂ ਨਾਂਹ ਕਰਨ ਤੋਂ ਬਾਅਦ ਕੇਂਦਰੀ ਰੱਖਿਆ ਮੰਤਰੀ ਅਰੁਣ ਜੇਤਲੀ ਨੇ ਪੰਜਾਬ ਸਰਕਾਰ ਨੂੰ ਇਕ ਹੋਰ ਵੱਡਾ ਝਟਕਾ ਦਿੱਤਾ ਹੈ। ਜੇਤਲੀ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚਿੱਠੀ ਲਿਖ ਕੇ ਕੇਂਦਰ ਸਰਕਾਰ ਦੀ ਫ਼ੌਜੀ ਭਰਤੀ ਬਾਰੇ ਨੀਤੀ ਨੂੰ ਬਦਲਣ ਜਾਂ ਰੀਵਿਊ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਸੂਤਰਾਂ ਮੁਤਾਬਕ ਮੁੱਖ ਮੰਤਰੀ ਨੇ ਜੂਨ ਮਹੀਨੇ ਕੇਂਦਰੀ ਰੱਖਿਆ ਮੰਤਰੀ ਨੂੰ ਲਿਖਤੀ ਰੂਪ ਵਿਚ ਵੀ ਤੇ ਉਂਜ ਮੁਲਾਕਾਤ ਵੇਲੇ ਵੀ ਕਿਹਾ ਸੀ ਕਿ ਥੱਲੇ ਦੇ ਪੱਧਰ 'ਤੇ ਜਵਾਨਾਂ ਦੀ ਫ਼ੌਜੀ ਭਰਤੀ ਵੇਲੇ ਪੰਜਾਬੀਆਂ ਵਿਸ਼ੇਸ਼ ਕਰ ਕੇ ਸਿੱਖਾਂ ਲਈ ਕੋਟਾ ਵਧਾਇਆ ਜਾਵੇ। ਜ਼ੋਰ ਇਹ ਵੀ ਪਾਇਆ ਸੀ ਕਿ ਸਾਰੇ ਮੁਲਕ ਦੀ ਕੁੱਲ ਆਬਾਦੀ ਦਾ ਜਿਹੜੀ ਸਿਰਫ਼ 2 ਫ਼ੀਸਦੀ ਹੀ ਪੰਜਾਬ ਦੀ ਆਬਾਦੀ ਹੈ, ਉਸ ਵਿਚੋਂ ਫ਼ੌਜ ਦੀ ਭਰਤੀ ਜੋ ਪਹਿਲਾਂ ਕਾਫ਼ੀ ਹੁੰਦੀ ਸੀ, ਉਸ ਨੂੰ ਵਿਸ਼ੇਸ਼ ਤੌਰ 'ਤੇ ਵਧਾਇਆ ਜਾਵੇ ਤੇ ਆਬਾਦੀ ਦਾ ਫ਼ੀਸਦੀ ਵਾਲਾ ਫ਼ਾਰਮੂਲਾ, ਪੰਜਾਬੀ ਸਿੱਖਾਂ ਜਾਂ ਪੰਜਾਬੀਆਂ 'ਤੇ ਨਾ ਥੋਪਿਆ ਜਾਵੇ।

ਬੀ.ਜੇ.ਪੀ. ਦੀ ਨਵੀਂ ਮੋਦੀ ਸਰਕਾਰ ਤੋਂ ਸ਼੍ਰੋਮਣੀ ਅਕਾਲੀ ਦਲ ਬੀ.ਜੇ.ਪੀ. ਦੀ ਸਾਂਝੀ ਪੰਜਾਬ ਸਰਕਾਰ ਨੂੰ ਪਹਿਲੀ ਵੱਡੀ ਆਸ ਸੀ ਕਿ ਵਿੱਤੀ ਸੰਕਟ ਵਿਚੋਂ ਕੱਢਣ ਲਈ ਪੰਜਾਬ ਨੂੰ ਵਿਸ਼ੇਸ਼ ਪੈਕੇਜ ਮਿਲੇਗਾ ਤੇ ਇੰਡਸਟਰੀ ਦੇ ਖੇਤਰ ਵਿਚ ਵੀ ਸਰਹੱਦੀ ਸੂਬੇ ਨੂੰ ਲਾਭ ਹੋਵੇਗਾ ਪਰ ਅਰੁਣ ਜੇਤਲੀ ਨੇ ਵਿੱਤੀ ਪੈਕੇਜ ਦੇਣ ਤੇ ਹੁਣ ਫ਼ੌਜੀ ਭਰਤੀ ਵਿਚ ਪੰਜਾਬੀ ਨੂੰ ਤਰਜੀਹ ਦੇਣ ਤੋਂ ਕੋਰੀ ਨਾਂਹ ਕਰ ਦਿਤੀ ਹੈ। ਜੇਤਲੀ ਨੇ ਚਿੱਠੀ ਵਿਚ ਇਹ ਵੀ ਲਿਖ ਦਿੱਤਾ ਕਿ ਅਪਣਾਈ ਜਾਂਦੀ ਭਰਤੀ ਨੀਤੀ ਦਾ ਅਸਰ ਸਾਰੇ ਮੁਲਕ ਵਿਚ ਠੀਕ ਹੈ। ਸ. ਪ੍ਰਕਾਸ਼ ਸਿੰਘ ਬਾਦਲ ਨੇ ਮਾਰਚ ਮਹੀਨੇ ਪਾਸ ਕੀਤੇ ਉਸ ਗ਼ੈਰ ਸਰਕਾਰੀ ਮਤੇ ਦਾ ਵੀ ਜ਼ਿਕਰ ਕੀਤਾ ਸੀ ਜੋ ਪੰਜਾਬ ਵਿਧਾਨ ਸਭਾ ਨੇ ਵਿਸ਼ੇਸ਼ ਤੌਰ 'ਤੇ ਪਾਸ ਕੀਤਾ ਸੀ।

ਜੇਤਲੀ ਨੂੰ ਕੀਤੀ ਬੇਨਤੀ ਵਿਚ ਸ. ਬਾਦਲ ਨੇ ਇਹ ਵੀ ਲਿਖਿਆ ਸੀ ਕਿ ਸਰਹੱਦੀ ਸੂਬਾ ਹੋਣ ਕਰ ਕੇ ਪੰਜਾਬ ਵਿਚ ਰੁਜ਼ਗਾਰ ਦੇ ਮੌਕੇ ਘੱਟ ਹਨ ਤੇ ਸਿੱਖਾਂ ਜਾਂ ਪੰਜਾਬ ਪ੍ਰਤੀ ਵਿਤਕਰੇ ਨੂੰ ਘਟਾਉਣ ਲਈ ਫ਼ੌਜੀ ਭਰਤੀ ਦੀ ਪਾਲਿਸੀ ਨਵੇਂ ਸਿਰਿਉਂ ਬਣਾਈ ਜਾਵੇ। ਜਵਾਬੀ ਚਿੱਠੀ ਵਿਚ ਰੱਖਿਆ ਮੰਤਰੀ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਹਰ ਸੂਬੇ ਤੇ ਕੇਂਦਰ ਸ਼ਾਸਤ ਇਲਾਕੇ ਦੇ ਕੁੱਲ ਯੋਗਤਾ ਯਾਨੀ ਸਰੀਰਕ, ਵਿਦਿਅਕ ਤੇ ਮੈਡੀਕਲ ਮੈਰਿਟ 'ਤੇ ਕੀਤੀ ਗਿਣਤੀ ਦਾ ਸਿਰਫ਼ 10 ਫ਼ੀਸਦੀ ਭਰਤੀ ਹੀ ਕੀਤੀ ਜਾਵੇਗੀ, ਇਸ ਤੋਂ ਵੱਧ ਨਹੀਂ ਹੋ ਸਕਦੀ। ਜੇਤਲੀ ਨੇ ਚਿੱਠੀ ਵਿਚ ਇਹ ਵੀ ਠੋਕ ਦੇ ਜਵਾਬ ਦਿੱਤਾ ਕਿ ਪਿਛਲੇ ਕਈ ਸਾਲਾਂ ਤੋਂ ਅਪਣਾਈ ਜਾ ਰਹੀ ਇਹ ਨੀਤੀ ਕਾਰਗਰ ਸਾਬਤ ਹੋਈ ਹੈ। ਸਭ ਰਾਜਾਂ ਨੂੰ ਬਰਾਬਰ ਦਾ ਹਿੱਸਾ ਮਿਲਦਾ ਹੈ ਤੇ ਇਸ ਪਾਲਿਸੀ 'ਤੇ ਕਿਸੇ ਰੋਕ ਜਾਂ ਨਜ਼ਰਸਾਨੀ ਕਰਨ ਦੀ ਕੋਈ ਲੋੜ ਨਹੀਂ ਹੈ।

ਜ਼ਿਕਰਯੋਗ ਹੈ ਕਿ ਪਹਿਲੀ ਤੇ ਦੂਜੀ ਵਿਸ਼ਵ ਜੰਗ ਦੌਰਾਨ ਅੰਗਰੇਜ਼ ਰਾਜ ਵੇਲੇ ਸਿੱਖ ਫ਼ੌਜ ਦੇ ਕੀਰਤੀਮਾਨਾਂ ਦੀ ਲੰਮੀ ਲਿਸਟ ਹੈ। ਆਜ਼ਾਦੀ ਦੀ ਲੜਾਈ ਵਿਚ ਵੀ ਪੰਜਾਬੀਆਂ ਦਾ ਵੱਡਾ ਯੋਗਦਾਨ ਹੈ ਤੇ ਇਸੇ ਸੋਚ 'ਤੇ ਪਹਿਰਾ ਦਿੰਦਿਆਂ 1984 ਤੱਕ ਪੰਜਾਬੀਆਂ 'ਤੇ ਵਿਸ਼ੇਸ਼ ਕਰ ਕੇ ਸਿੱਖਾਂ ਦੀ ਫ਼ੌਜੀ ਭਰਤੀ ਮੌਕੇ ਭਰਤੀ ਕੇਂਦਰਾਂ ਵਿਚ ਤਰਜੀਹ ਦਿੱਤੀ ਜਾਂਦੀ ਸੀ। ਉਸ ਤੋਂ ਬਾਅਦ ਕੇਂਦਰ ਸਰਕਾਰ ਨੇ ਸੂਬੇ ਦੀ ਆਬਾਦੀ ਨੂੰ ਆਧਾਰ ਬਣਾ ਲਿਆ ਤੇ ਪੰਜਾਬੀਆਂ ਨੂੰ ਥੱਲੇ ਦੇ ਰੈਂਕਾਂ ਵਿਚ ਭਰਤੀ ਵੇਲੇ ਵੀ ਅਣਗੌਲਿਆ ਕੀਤਾ ਗਿਆ।

# ਹਰਿਆਣਾ ਕਮੇਟੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਖਾਰਜ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ 'ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ 2014' ਨੂੰ ਚੁਣੌਤੀ ਦੇਣ ਵਾਲੀ ਜਨਹਿਤ ਪਟੀਸ਼ਨ ਸ਼ਰਤਾਂ ਤੇ ਰਿਆਇਤਾਂ ਸਣੇ ਖ਼ਾਰਜ ਕਰ ਦਿੱਤੀ ਹੈ।

ਹਾਈਕੋਰਟ ਦੇ ਬੈਂਚ ਨੇ ਸ੍ਰੀ ਫ਼ਤਿਹਗੜ੍ਹ ਸਾਹਿਬ ਦੇ ਇਕ ਰਾਮ ਸਿੰਘ ਸੋਮਲ ਨਾਮੀ ਗੁਰਸਿੱਖ ਵਕੀਲ ਵੱਲੋਂ ਇਸ ਕਾਨੂੰਨ ਨੂੰ ਗ਼ੈਰ-ਸੰਵਿਧਾਨਕ ਕਹਿੰਦਿਆਂ ਦਾਇਰ ਪਟੀਸ਼ਨ ਉੱਤੇ ਸੁਣਵਾਈ ਕਰਦਿਆਂ ਇਸ ਮੁੱਦੇ 'ਤੇ ਸੁਪਰੀਮ ਕੋਰਟ ਵਿਚ ਸੁਣਵਾਈ ਅਧੀਨ ਚੱਲ ਰਹੇ ਕੇਸ ਦੇ ਨਿਬੇੜੇ 'ਤੇ ਹੀ ਨਿਰਭਰ ਹੋਣ ਦਾ ਆਪਣਾ ਰੁਖ਼ ਸਪਸ਼ਟ ਕਰ ਦਿੱਤਾ, ਜਿਸ ਤਹਿਤ ਬਿਨੈਕਾਰ ਦੇ ਵਕੀਲ ਹਰਚੰਦ ਸਿੰਘ ਬਾਠ ਤੇ ਬਾਕੀ ਸਮੂਹ ਅੱਠ ਧਿਰਾਂ ਦੇ ਕਾਨੂੰਨੀ ਨੁਮਾਇੰਦਿਆਂ ਦੀ ਮੌਜੂਦਗੀ ਵਿਚ ਅਪੀਲ ਕਰਤਾ ਨੂੰ ਸੁਪਰੀਮ ਕੋਰਟ ਵਿਚ ਸੁਣਵਾਈ ਅਧੀਨ ਕੇਸ ਵਿਚ ਧਿਰ ਬਣਨ ਦੀ ਖੁੱਲ੍ਹ ਦੇਣ ਦੇ ਨਾਲ ਇਹ ਵੀ ਸਪਸ਼ਟ ਕਹਿ ਦਿੱਤਾ ਗਿਆ ਕਿ ਜੇ ਸਰਬਉੱਚ ਅਦਾਲਤ ਦੇ ਸੰਭਾਵੀ ਫ਼ੈਸਲੇ ਨਾਲ ਹਥਲੀ ਪਟੀਸ਼ਨ ਵਿਚ ਚੁੱਕੇ ਮਸਲੇ ਬਾਰੇ ਬਿਨੈਕਾਰ ਸੰਤੁਸ਼ਟੀ ਮਹਿਸੂਸ ਨਹੀਂ ਕਰਦਾ ਤਾਂ ਉਹ ਇਸੇ ਪਟੀਸ਼ਨ ਨੂੰ ਹਾਈਕੋਰਟ ਵਿਚ ਮੁੜ-ਸੁਰਜੀਤ ਵੀ ਕਰ ਸਕਦਾ ਹੈ।

ਇਸ ਮਾਮਲੇ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਦੇ ਹਰਿਆਣਾ ਤੋਂ ਮੈਂਬਰ ਹਰਭਜਨ ਸਿੰਘ ਵੱਲੋਂ ਸੁਪਰੀਮ ਕੋਰਟ ਵਿਚ ਦਾਇਰ ਪਟੀਸ਼ਨ 'ਤੇ ਚੀਫ਼ ਜਸਟਿਸ ਆਰ.ਐਮ. ਲੋਧਾ ਦੀ ਅਗਵਾਈ ਵਾਲੇ ਬੈਂਚ ਵੱਲੋਂ ਲੰਘੀ 25 ਅਗਸਤ ਵਾਲੀ ਸੁਣਵਾਈ ਮੌਕੇ ਹੀ 'ਸਥਿਤੀ ਜਿਉਂ ਦੀ ਤਿਉਂ ਰੱਖਣ' ਦੇ ਨਿਰਦੇਸ਼ ਜਾਰੀ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਸੁਪਰੀਮ ਕੋਰਟ ਵਿਚ ਧਿਰ ਬਣਨ ਦੀ ਆਗਿਆ ਦੇ ਦਿੱਤੀ ਸੀ। ਅਦਾਲਤ ਨੇ ਕੇਂਦਰ ਸਰਕਾਰ ਨੂੰ ਆਪਣਾ ਜਵਾਬ ਰੱਖਣ ਹਿਤ ਹੋਰ ਸਮੇਂ ਦੀ ਮੁਹਲਤ ਪ੍ਰਦਾਨ ਕਰਦਿਆਂ ਕੇਸ 17 ਅਕਤੂਬਰ ਲਈ ਅੱਗੇ ਪਾਇਆ ਹੋਇਆ ਹੈ।

# ਆਖਰਕਾਰ ਸ਼੍ਰੋਮਣੀ ਕਮੇਟੀ ਨੂੰ ਗਲਤੀ ਦਾ ਅਹਿਸਾਸ ਹੋਇਆ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਆਖਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਮਹਾਰਾਜਾ ਸ਼ੇਰ ਸਿੰਘ ਦੀ ਬੰਸਾਵਲੀ ਬਾਰੇ ਲੱਗੀ ਸਿੱਲ ਵਿਚ ਤਰੁੱਟੀਆਂ ਦੱਸਦਿਆਂ ਇਸ ਨੂੰ ਲਾਹ ਦਿੱਤੀ ਹੈ। ਇਸ ਬੰਸਾਵਲੀ ਵਿਚ ਗ਼ਲਤ ਜਾਣਕਾਰੀ ਹੋਣ ਦਾ ਦਾਅਵਾ ਕਰਦਿਆਂ ਸਰਹਾਲੀ ਵਾਸੀ ਵਿਗਿਆਨ ਸਿੰਘ ਵੱਲੋਂ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵਿਚ ਇਕ ਪਟੀਸ਼ਨ ਦਾਇਰ ਕੀਤੀ ਗਈ ਸੀ। ਉਨ੍ਹਾਂ ਇਹ ਪਟੀਸ਼ਨ ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 142 ਹੇਠ ਦਾਇਰ ਕੀਤੀ ਸੀ ਜਿਸ ਵਿਚ ਉਨ੍ਹਾਂ ਦੋਸ਼ ਲਗਾਇਆ ਸੀ ਕਿ ਪ੍ਰਬੰਧਕਾਂ ਨੇ ਆਪਣੀਆਂ ਤਾਕਤਾਂ ਦੀ ਦੁਰਵਰਤੋਂ ਕਰਦਿਆਂ ਲਾਪਰਵਾਹੀ ਦਾ ਪ੍ਰਗਟਾਵਾ ਕੀਤਾ ਹੈ ਤੇ ਇਥੇ ਬੰਸਾਵਲੀ ਵਿਚ ਗ਼ਲਤ ਜਾਣਕਾਰੀ ਦਿੱਤੀ ਹੈ ਜਿਸ ਨਾਲ ਇਤਿਹਾਸ ਦੀ ਭੰਨ-ਤੋੜ ਕੀਤੀ ਗਈ ਹੈ।

ਸ਼ਿਕਾਇਤਕਰਤਾ ਨੇ ਦਾਅਵਾ ਕੀਤਾ ਸੀ ਕਿ ਮਹਾਰਾਜਾ ਸ਼ੇਰ ਸਿੰਘ ਦਰਵਾਜ਼ੇ 'ਤੇ ਲਾਈ ਗਈ ਬੰਸਾਵਲੀ ਬਾਰੇ ਸਿੱਲ 'ਤੇ ਮਹਾਰਾਜਾ ਸ਼ੇਰ ਸਿੰਘ ਦੀ ਬੰਸਾਵਲੀ ਵਿਚ ਸ਼ਹਿਜ਼ਾਦਾ ਕਰਮ ਸਿੰਘ, ਕੰਵਰ ਰਘਬੀਰ ਸਿੰਘ, ਕੰਵਰ ਰਛਪਾਲ ਸਿੰਘ, ਕੰਵਰ ਬੇਅੰਤਬੀਰ ਸਿੰਘ, ਕੰਵਰ ਦਵਿੰਦਰਪਾਲ ਸਿੰਘ, ਕੰਵਰ ਰਵਿੰਦਰ ਪਾਲ ਸਿੰਘ, ਕੰਵਰ ਮੀਤ ਪਾਲ ਸਿੰਘ ਤੇ ਹੋਰਾਂ ਦੇ ਨਾਂ ਸ਼ਾਮਲ ਕੀਤੇ ਗਏ ਹਨ ਜਦਕਿ ਇਤਿਹਾਸ ਮੁਤਾਬਕ ਮਹਾਰਾਜਾ ਸ਼ੇਰ ਸਿੰਘ ਦਾ ਇਕੋ-ਇਕ ਬੇਟਾ ਪ੍ਰਤਾਪ ਸਿੰਘ ਸੀ ਜੋ ਡੋਗਰਿਆਂ ਵੱਲੋਂ ਮਹਾਰਾਜਾ ਸ਼ੇਰ ਸਿੰਘ ਸਮੇਤ ਮਾਰਿਆ ਗਿਆ ਸੀ। ਸ਼ਿਕਾਇਤਕਰਤਾ ਦਾ ਦਾਅਵਾ ਹੈ ਕਿ ਮਹਾਰਾਜਾ ਸ਼ੇਰ ਸਿੰਘ ਤੇ ਉਸ ਦਾ ਬੇਟਾ ਪ੍ਰਤਾਪ ਸਿੰਘ ਮਾਰੇ ਗਏ ਸਨ ਤੇ ਉਨ੍ਹਾਂ ਦਾ ਅੱਗੇ ਪਰਿਵਾਰ ਨਹੀਂ ਸੀ ਤੇ ਨਾ ਹੀ ਕੋਈ ਵਾਰਸ ਸੀ, ਇਸ ਲਈ ਇਥੇ ਗ਼ਲਤ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅੰਗਰੇਜ਼ ਲੇਖਕ ਕਨਿੰਘਮ, ਸਮਿਥ ਤੇ ਗ੍ਰਿਫਨਸ ਵੱਲੋਂ ਲਿਖੇ ਗਏ ਇਤਿਹਾਸ ਵਿਚ ਵੀ ਸ਼ਹਿਜਾਦਾ ਕਰਮ ਸਿੰਘ ਬਾਰੇ ਕੋਈ ਜ਼ਿਕਰ ਨਹੀਂ ਮਿਲਦਾ ਹੈ। ਇਨ੍ਹਾਂ ਲੇਖਕਾਂ ਨੇ ਵੀ ਮਹਾਰਾਜਾ ਸ਼ੇਰ ਸਿੰਘ ਤੇ ਉਸ ਦੇ ਬੇਟੇ ਪ੍ਰਤਾਪ ਸਿੰਘ ਦਾ ਹੀ ਜ਼ਿਕਰ ਕੀਤਾ ਹੈ।

ਸ਼ਿਕਾਇਤਕਰਤਾ ਨੇ ਪੰਜਾਬ ਮਾਲ ਵਿਭਾਗ ਦੇ 1852/53 ਦੇ ਦਸਤਾਵੇਜ਼ੀ ਰਿਕਾਰਡ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਰਦੂ ਵਿਚ ਲਿਖੇ ਇਸ ਰਿਕਾਰਡ ਵਿਚ ਮਹਾਰਾਜਾ ਸ਼ੇਰ ਸਿੰਘ ਬਾਰੇ ਵੀ ਕੋਈ ਜ਼ਿਕਰ ਨਹੀਂ ਹੈ ਜਦਕਿ ਹਰਿਮੰਦਰ ਸਾਹਿਬ ਵਿਚ ਲੱਗੀ ਬੰਸਾਵਲੀ ਵਿਚ ਮਹਾਰਾਜਾ ਸ਼ੇਰ ਸਿੰਘ ਦਾ ਜਨਮ 1838 ਤੇ ਮੌਤ 1896 'ਚ ਦਰਸਾਈ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਮਾਲ ਵਿਭਾਗ ਦੇ ਰਿਕਾਰਡ ਵਿਚ ਮਹਾਰਾਜਾ ਸ਼ੇਰ ਸਿੰਘ ਦਾ ਜ਼ਿਕਰ ਨਾ ਆਉਣਾ ਉਸ ਦੀ ਵਲਦੀਅਤ 'ਤੇ ਪ੍ਰਸ਼ਨ ਚਿੰਨ੍ਹ ਲਗਾ ਰਿਹਾ ਹੈ ਜਦਕਿ ਇਸ ਰਿਕਾਰਡ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਦੋ ਬੇਟਿਆਂ ਰਾਜਾ ਖੜਕ ਸਿੰਘ ਤੇ ਕੰਵਰ ਦਲੀਪ ਸਿੰਘ ਦਾ ਜ਼ਿਕਰ ਸ਼ਾਮਲ ਹੈ।

ਰਿਕਾਰਡ ਵਿਚ ਖੜਕ ਸਿੰਘ ਦੇ ਬੇਟੇ ਕੰਵਰ ਨੌਨਿਹਾਲ ਸਿੰਘ ਦਾ ਵੀ ਜ਼ਿਕਰ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਅਜਿਹੇ ਇਤਿਹਾਸਕ ਵੇਰਵੇ ਜਾਂਚ-ਪੜਤਾਲ ਮਗਰੋਂ ਹੀ ਲਗਾਉਣੇ ਚਾਹੀਦੇ ਹਨ। ਇਤਿਹਾਸ ਨੂੰ ਭੰਨ-ਤੋੜ ਕੇ ਸੰਗਤਾਂ ਨੂੰ ਗੁਮਰਾਹ ਕੀਤਾ ਗਿਆ ਹੈ। ਦੂਜੇ ਪਾਸੇ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਚੇਅਰਮੈਨ ਐਮ.ਐਸ. ਬਰਾੜ ਨੇ ਪਟੀਸ਼ਨ ਦਾਇਰ ਹੋਣ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਦੋਵਾਂ ਧਿਰਾਂ ਵਿਚਾਲੇ ਸਹਿਮਤੀ ਹੋਣ ਤੋਂ ਬਾਅਦ ਇਹ ਪਟੀਸ਼ਨ ਵਾਪਸ ਲੈ ਲਈ ਗਈ ਹੈ।

## ਵੱਧ ਖਾਣ ਦੀ ਆਦਤ ਜੂਏਬਾਜ਼ੀ ਵਰਗੀ


**ਲੰਡਨ:** ਜੇਕਰ ਤੁਸੀਂ ਸਿਹਤ ਨੂੰ ਖਤਰੇ ਦੇ ਬਾਵਜੂਦ ਲੋੜ ਨਾਲੋਂ ਵੱਧ ਖਾਣਾ ਖਾਣ ਤੋਂ ਆਪਣੇ ਆਪ ਨੂੰ ਨਹੀਂ ਰੋਕ ਪਾਉਂਦੇ ਤਾਂ ਤੁਸੀਂ ਵੱਧ ਖਾਣ ਦੇ ਆਦੀ ਹੋ ਗਏ ਹੋ। ਇਹ ਵਰਤ-ਵਿਹਾਰ ਦਾ ਇਕ ਵਿਗਾੜ ਹੈ ਜਿਸ ਨੂੰ ਇਸ ਤਰ੍ਹਾਂ ਜੂਏਬਾਜ਼ੀ ਦੇ ਤੁੱਲ ਕਰਾਰ ਦਿੱਤਾ ਜਾ ਸਕਦਾ ਹੈ। ਇਕ ਅਧਿਐਨ ਮੁਤਾਬਕ ਉਂਜ ਇਹ ਮਾੜੀ ਆਦਤ ਨਸ਼ੇ ਦੇ ਆਦੀ ਹੋਣ ਜਿੰਨੀ ਮਾੜੀ ਨਹੀਂ ਹੈ। ਇਹ ਅਧਿਐਨ ਸਵੀਡਨ ਦੀ ਗੋਥਨਬਰਗ ਯੂਨੀਵਰਸਿਟੀ ਦੇ ਖੋਜਕਾਰਾਂ ਨੇ ਕੀਤਾ ਹੈ।


Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com



40 ਟਰੱਕ ਰਿਪੇਅਰ-ਓਕਲਹੋਮਾ
ਮਕੈਨਿਕਾਂ ਦੀ ਜ਼ਰੂਰਤ ਹੈ
ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 832-512-7172



FARMERS INSURANCE GROUP
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 20 ਸਤੰਬਰ 2014*

# ਕਸ਼ਮੀਰ: ਕੁਦਰਤ ਕਿ ਕੇਂਦਰ ਦਾ ਕਹਿਰ

ਕਸ਼ਮੀਰ ਵਿਚ ਆਏ ਹੜ੍ਹਾਂ ਨੇ ਇਕ ਵਾਰ ਤਾਂ ਜ਼ਿੰਦਗੀ ਲੀਹੋਂ ਲਾਹ ਦਿੱਤੀ ਹੈ। ਸੰਸਾਰ ਭਰ ਵਿਚ ਜੰਨਤ ਵਜੋਂ ਮਸ਼ਹੂਰ ਇਹ ਵਾਦੀ ਕੁਝ ਸਿਆਸੀ ਕਾਰਨਾਂ ਕਰ ਕੇ ਪਹਿਲਾਂ ਹੀ ਸੰਸਾਰ ਨਾਲੋਂ ਕੱਟੀ ਹੋਈ ਸੀ, ਪਰ ਹੜ੍ਹਾਂ ਦਾ ਜੋ ਕਹਿਰ ਕਸ਼ਮੀਰ ਉਤੇ ਵਰ੍ਹਿਆ, ਉਸ ਨੇ ਵਾਦੀ ਦੇ ਲੋਕਾਂ ਨੂੰ ਬੇਵੱਸ ਕਰ ਦਿੱਤਾ। ਉਪਰੋਂ ਸੂਬੇ ਦਾ ਸਮੁੱਚਾ ਪ੍ਰਸ਼ਾਸਕੀ ਢਾਂਚਾ ਵੀ ਹੜ੍ਹਾਂ ਦੀ ਮਾਰ ਹੇਠ ਆਉਣ ਕਾਰਨ ਰਾਹਤ ਕਾਰਜਾਂ ਵਿਚ ਬਹੁਤ ਦਿੱਕਤਾਂ ਆਈਆਂ। ਸਾਰਾ ਢਾਂਚਾ ਠੱਪ ਹੋਣ ਕਾਰਨ ਲੋਕਾਂ ਤੱਕ ਮਦਦ ਪੁੱਜਦੀ ਕਰਨ ਵਿਚ ਵੀ ਦੇਰ ਲੱਗੀ। ਬਹੁਤੀ ਥਾਂਈਂ ਲੋਕਾਂ ਨੂੰ ਜ਼ਰੂਰੀ ਮਦਦ ਪਹੁੰਚਾਉਣ ਵਿਚ ਹਫਤਾ-ਹਫਤਾ ਵੀ ਲੱਗ ਗਿਆ। ਲੱਖਾਂ ਲੋਕ ਬੇਘਰ ਹੋ ਗਏ ਹਨ। ਮਾਲੀ ਨੁਕਸਾਨ ਦਾ ਤਾਂ ਕੋਈ ਅੰਤ ਹੀ ਨਹੀਂ ਹੈ। ਹੁਣ ਇੰਨੇ ਦਿਨਾਂ ਤੋਂ ਬਾਅਦ ਲੋਕ ਆਪੋ-ਆਪਣੇ ਇਲਾਕਿਆਂ ਵਿਚ ਪਰਤਣੇ ਸ਼ੁਰੂ ਹੋਏ ਹਨ, ਪਰ ਉਥੇ ਕੁਝ ਵੀ ਬਾਕੀ ਨਹੀਂ ਬਚਿਆ ਹੈ। ਪਾਣੀ ਅਜੇ ਵੀ ਘਰਾਂ ਵਿਚ ਖੜ੍ਹਾ ਹੈ। ਕੇਂਦਰ ਸਰਕਾਰ ਅਤੇ ਮੀਡੀਆ ਦੇ ਪ੍ਰਚਾਰ ਨੇ ਇਸ ਨੂੰ ਪਹਿਲਾਂ ਹੀ ਕੁਦਰਤੀ ਆਫਤ ਕਰਾਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਰਸਮੀ ਹਵਾਈ ਸਰਵੇਖਣ ਤੋਂ ਬਾਅਦ ਇਕ ਹਜ਼ਾਰ ਕਰੋੜ ਰੁਪਏ ਦੀ ਮਦਦ ਦਾ ਐਲਾਨ ਵੀ ਕਰ ਦਿੱਤਾ ਹੈ। ਦਰਅਸਲ ਅਜਿਹੇ ਐਲਾਨਾਂ ਨਾਲ ਹੀ ਅਜਿਹੀ ਮਾਰ ਦੇ ਅਸਲ ਕਾਰਨ ਲੱਭਣ ਵੱਲ ਜਾਂਦਾ ਹਰ ਰਾਹ ਬੰਦ ਹੋ ਜਾਂਦਾ ਹੈ। ਇਨ੍ਹਾਂ ਐਲਾਨਾਂ ਤੋਂ ਬਾਅਦ ਹੁਣ ਰਾਹਤ ਕਾਰਜਾਂ ਆਦਿ ਬਾਰੇ ਹੀ ਚਰਚਾ ਚੱਲਣੀ ਹੈ। ਹੜ੍ਹਾਂ ਦੇ ਅਸਲ ਕਾਰਨਾਂ ਬਾਰੇ ਚਰਚਾ ਬਹੁਤ ਪਿਛਾਂਹ ਚਲੀ ਗਈ ਹੈ।

ਇਸ ਵੇਲੇ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਅੱਜ ਦੀ ਤਾਰੀਕ ਵਿਚ ਵਾਦੀ ਦੇ ਸਾਰੇ ਦੇ ਸਾਰੇ ਹੜ੍ਹ ਕੰਟਰੋਲ ਚੈਨਲ ਬੰਦ ਪਏ ਹਨ। ਜਿਹਲਮ ਦਰਿਆ ਜਿਸ ਦੇ ਪਾਣੀ ਨੇ ਵਾਦੀ ਵਿਚ ਕਹਿਰ ਮਚਾਇਆ, ਦੀ ਜ਼ਮੀਨ ਉਪਰ ਰਿਹਾਇਸ਼ੀ ਬਸਤੀਆਂ ਬਣਾ ਦਿੱਤੀਆਂ ਗਈਆਂ ਸਨ। ਹੋਰ ਤਾਂ ਹੋਰ ਸ੍ਰੀਨਗਰ ਵਿਕਾਸ ਅਥਾਰਟੀ ਨੇ ਵੀ ਹੜ੍ਹ ਨਿਕਾਸ ਚੈਨਲ ਉਪਰ ਸ਼ਾਪਿੰਗ ਕੰਪਲੈਕਸ ਖੋਲ੍ਹ ਦਿੱਤਾ ਸੀ। ਤਕਰੀਬਨ ਅੱਧੀ ਸਦੀ ਪਹਿਲਾਂ 1959 ਵਿਚ ਵੀ ਕਸ਼ਮੀਰ ਵਿਚ ਹੜ੍ਹ ਆਏ ਸਨ। ਉਦੋਂ ਸੂਬੇ ਦੇ ਮੁੱਖ ਮੰਤਰੀ ਗੁਲਾਮ ਮੁਹੰਮਦ ਬਖ਼ਸ਼ੀ ਨੇ ਅੰਗਰੇਜ਼ਾਂ ਤੋਂ ਮਦਦ ਮੰਗੀ ਸੀ। ਇੰਗਲੈਂਡ ਦੇ ਇੰਜੀਨੀਅਰਾਂ ਨੇ ਜਿਹਲਮ ਦਾ ਪਾਣੀ ਸ਼ਹਿਰ ਤੋਂ ਦੂਜੀ ਦਿਸ਼ਾ 'ਚ ਮੋੜਨ ਲਈ ਬੁਲਹਰ ਤਕ ਜ਼ਮੀਨ ਅਤੇ ਪਹਾੜ ਪੁੱਟ ਦਿੱਤੇ ਸਨ। ਪਿਛੋਂ ਕਈ ਦਹਾਕਿਆਂ ਬਾਅਦ ਸ੍ਰੀਨਗਰ ਦੇ ਪਦਸ਼ਾਹੀ ਬਾਗ਼ ਤੋਂ ਬੁਲਹਰ ਤਾਈਂ 42 ਕਿਲੋਮੀਟਰ ਲੰਮਾ ਹੜ੍ਹ ਨਿਕਾਸ ਚੈਨਲ ਬਣਾ ਦਿੱਤਾ ਗਿਆ। ਇਸ ਚੈਨਲ ਰਾਹੀਂ ਹੀ ਹੜ੍ਹਾਂ ਦੇ ਪਾਣੀ ਦਾ ਨਿਕਾਸ ਹੋਣਾ ਸੀ। ਅੱਧੀ ਸਦੀ ਪਹਿਲਾਂ ਆਏ ਹੜ੍ਹਾਂ ਦੇ ਬਾਵਜੂਦ ਰਾਜਬਾਗ ਵਿਚ ਜੇ ਜਾਨ-ਮਾਲ ਦਾ ਕੋਈ ਨੁਕਸਾਨ ਨਹੀਂ ਸੀ ਹੋਇਆ ਤਾਂ ਇਸ ਦਾ ਕਾਰਨ ਇਹ ਹੜ੍ਹ ਕੰਟਰੋਲ ਚੈਨਲ ਹੀ ਸੀ। ਚਾਹੀਦਾ ਤਾਂ ਇਹ ਸੀ ਕਿ ਇਸ ਪਾਸੇ ਹੋਰ ਕੰਮ ਕੀਤਾ ਜਾਂਦਾ, ਪਰ ਹੋਇਆ ਇਸ ਤੋਂ ਐਨ ਉਲਟ। ਰੁੱਖ ਵੱਢ ਕੇ ਅਤੇ ਪਹਾੜ ਕੱਟ ਕੇ ਰਿਹਾਇਸ਼ਗਾਹਾਂ ਬਣਾ ਦਿੱਤੀਆਂ ਗਈਆਂ। ਪੈਸੇ ਦੀ ਭੁੱਖ ਨੇ ਹੜ੍ਹਾਂ ਦੇ ਸਾਰੇ ਚੈਨਲ ਬੰਦ ਕਰ ਦਿੱਤੇ ਅਤੇ ਹੁਣ ਨਤੀਜਾ ਸਭ ਦੇ ਸਾਹਮਣੇ ਹੈ।

ਪਿਛਲੇ ਕਈ ਦਹਾਕਿਆਂ ਤੋਂ ਕਸ਼ਮੀਰ ਦੇ ਲੋਕ ਬਹੁਤ ਔਖੇ ਹਾਲਾਤ ਵਿਚੋਂ ਲੰਘ ਰਹੇ ਹਨ। ਫੌਜ ਅਤੇ ਹੋਰ ਸੁਰੱਖਿਆ ਬਲਾਂ ਨੇ ਜਿਸ ਤਰ੍ਹਾਂ ਦਾ ਵਿਹਾਰ ਕਸ਼ਮੀਰੀਆਂ ਨਾਲ ਕੀਤਾ ਹੈ, ਉਸ ਦਾ ਗੁੱਸਾ ਅਤੇ ਗਿਲਾ ਉਨ੍ਹਾਂ ਦੇ ਦਿਲਾਂ ਵਿਚ ਭਰਿਆ ਹੋਇਆ ਹੈ। ਇਸੇ ਕਰ ਕੇ ਹੁਣ ਜਦੋਂ ਫੌਜ ਹੜ੍ਹ ਵਿਚ ਫਸੇ ਲੋਕਾਂ ਨੂੰ ਕੱਢ ਰਹੀ ਸੀ ਤਾਂ ਕੁਝ ਥਾਂਵਾਂ ਉਤੇ ਲੋਕਾਂ ਨੇ ਫੌਜੀਆਂ ਉਤੇ ਇੱਟਾਂ-ਪੱਥਰ ਚਲਾਏ। ਮੋਦੀ ਸਰਕਾਰ ਨੇ ਭਾਵੇਂ ਇਸ ਕਾਰਵਾਈ ਨੂੰ ਮੁੱਠੀ ਭਰ ਸ਼ਰਾਰਤੀ ਲੋਕਾਂ ਦਾ ਕਾਰਾ ਕਰਾਰ ਦਿੱਤਾ ਹੈ, ਪਰ ਜੇ ਕਸ਼ਮੀਰ ਦੇ ਪਿਛਲੇ ਕੁਝ ਸਾਲਾਂ ਵੱਲ ਨਿਗ੍ਹਾ ਮਾਰੀਏ ਤਾਂ ਸਾਫ ਹੋ ਜਾਂਦਾ ਹੈ ਕਿ ਕਸ਼ਮੀਰੀ ਆਵਾਮ ਦਾ ਸੁਰੱਖਿਆ ਬਲਾਂ ਵੱਲ ਕਿਸ ਤਰ੍ਹਾਂ ਦਾ ਰਵੱਈਆ ਰਿਹਾ ਹੈ। ਲੋਕ ਇੰਨੇ ਜ਼ਿਆਦਾ ਔਖੇ ਹਨ ਕਿ ਕਰਫਿਊ ਦੀ ਪ੍ਰਵਾਹ ਕੀਤੇ ਬਗੈਰ ਸੀਨਿਆਂ ਵਿਚ ਗੋਲੀਆਂ ਖਾਂਦੇ ਰਹੇ ਹਨ। ਤੱਥ ਇਹੀ ਦੱਸਦੇ ਹਨ ਕਿ ਸੁਰੱਖਿਆ ਬਲਾਂ ਨੇ ਦਹਿਸ਼ਤਪਸੰਦੀ ਨਾਲ ਨਜਿੱਠਣ ਦੇ ਨਾਂ ਉਤੇ ਕਸ਼ਮੀਰੀਆਂ ਉਤੇ ਜੋ ਜ਼ੁਲਮ ਢਾਹੇ ਹਨ, ਉਨ੍ਹਾਂ ਦਾ ਅਜੇ ਵੀ ਕੋਈ ਅੰਤ ਨਹੀਂ ਹੈ। ਅਸਲ ਵਿਚ ਜਿੰਨੀਆਂ ਤਾਕਤਾਂ ਇਨ੍ਹਾਂ ਸੁਰੱਖਿਆ ਬਲਾਂ ਨੂੰ ਵਾਦੀ ਵਿਚ ਦਿੱਤੀਆਂ ਗਈਆਂ ਹਨ, ਉਸ ਦੀ ਦੁਰਵਰਤੋਂ ਨੇ ਕਸ਼ਮੀਰੀਆਂ ਦੇ ਦਿਲਾਂ ਵਿਚ ਬੇਗਾਨਗੀ ਦਾ ਅਹਿਸਾਸ ਭਰਿਆ ਹੈ। ਇਸ ਪਿਛੇ ਸੌੜੀ ਸਿਆਸਤ ਸਦਾ ਹੀ ਕਾਰਜਸ਼ੀਲ ਰਹੀ ਹੈ।

ਸਿਤਮਜ਼ਰੀਫੀ ਇਹ ਹੈ ਕਿ ਦੁੱਖ ਦੀ ਇਸ ਘੜੀ ਵਿਚ ਵੀ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਇਸ ਹੌਲੀ ਸਿਆਸਤ ਤੋਂ ਬਾਜ਼ ਨਹੀਂ ਆ ਰਹੀ। ਸੂਬੇ ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਕਰ ਕੇ ਇਹ ਪਾਰਟੀ ਹੜ੍ਹਾਂ ਤੋਂ ਪਹਿਲਾਂ ਹੀ ਸੂਬੇ ਬਾਰੇ ਬੜੀ ਯੋਜਨਾਬੰਦੀ ਕਰ ਕੇ ਚੱਲ ਰਹੀ ਸੀ। ਇਹ ਇੱਛਾ ਪਹਿਲਾਂ ਹੀ ਜਤਲਾਈ ਜਾ ਚੁੱਕੀ ਹੈ ਕਿ ਸੂਬੇ ਦਾ ਮੁੱਖ ਮੰਤਰੀ ਹੁਣ ਕੋਈ ਹਿੰਦੂ ਹੋਣਾ ਚਾਹੀਦਾ ਹੈ। ਕਾਰਪੋਰੇਟ ਦੇ ਹੱਥਾਂ ਵਿਚ ਖੇਡ ਰਿਹਾ ਮੀਡੀਆ ਪਹਿਲਾਂ ਹੀ ਇਸ ਪਾਰਟੀ ਨਾਲ ਕਦਮ ਮਿਲਾ ਕੇ ਚੱਲ ਰਿਹਾ ਹੈ। ਫੌਜ ਉਤੇ ਪਥਰਾਓ ਦੇ ਮਸਲੇ ਨੂੰ ਇਸ ਨੇ ਬਹੁਤ ਵੱਡਾ ਬਣਾ ਕੇ ਪੇਸ਼ ਕੀਤਾ ਹੈ। ਜ਼ਾਹਿਰ ਹੈ ਕਿ ਅੱਜ ਵੀ ਕਸ਼ਮੀਰ ਭਾਰਤੀ ਸ਼ਾਸਕਾਂ ਲਈ ਪ੍ਰਯੋਗਸ਼ਾਲਾ ਹੀ ਹੈ। ਇਕ ਸਦੀ ਪਹਿਲਾਂ ਜਦੋਂ ਅਮਰੀਕਾ ਵਿਚ ਬੈਠੇ ਗਦਰੀਆਂ ਨੇ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਬਾਰੇ ਰਣਨੀਤੀ ਘੜੀ ਸੀ ਤਾਂ ਸ਼ੁਰੂਆਤ ਕਸ਼ਮੀਰ ਤੋਂ ਕਰਨ ਦੀ ਯੋਜਨਾ ਬਣਾਈ ਸੀ। ਅੱਜ ਫਿਰ ਉਹੀ ਸਵਾਲ ਖੜ੍ਹਾ ਹੈ ਕਿ ਕਸ਼ਮੀਰ ਅਤੇ ਹੋਰ ਸੂਬਿਆਂ ਨੂੰ ਭਾਰਤੀ ਜਨਤਾ ਪਾਰਟੀ ਮਾਰਕਾ ਸਿਆਸਤ ਤੋਂ ਨਿਜਾਤ ਦਿਵਾਉਣ ਲਈ ਕੀ ਰਣਨੀਤੀ ਘੜੀ ਜਾਵੇ? ਹਾਲ ਹੀ ਵਿਚ ਹੋਈਆਂ ਉਪ ਚੋਣਾਂ ਨੇ ਇਸ ਮਾਮਲੇ ਵਿਚ ਰਾਹ ਦਿਖਾਇਆ ਹੈ। ਇਹ ਰਾਹ ਇਕਜੁਟਤਾ ਦਾ ਹੈ। ਜਿਥੇ-ਜਿਥੇ ਵੀ ਆਵਾਮ ਇਕਜੁਟ ਹੋਇਆ ਹੈ, ਸੌੜੀ ਸੋਚ ਵਾਲੇ ਸਿਆਸਤਦਾਨਾਂ ਨੂੰ ਮੂੰਹ ਦੀ ਖਾਣੀ ਪਈ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਫੱਫੇਕੁੱਟਣੀ ਜੈ ਕੁਰ !*

ਦੇਖ ਲਿਆ ਹਲੂਣ ਕੇ ਸੁੱਤਿਆਂ ਨੂੰ, ਜਿਹੜੀ ਚਾਹੀ ਸੀ ਗੱਲ ਨਾ ਬਣੀ ਯਾਰੋ।
ਸਾਜ਼ਿਸ਼ਕਾਰੀਆਂ ਜਾਲ ਹੈ ਇੰਜ ਤਣਿਆ, ਫਸਿਆਂ ਹੱਥ ਨਾ ਆਵੇ ਕੋਈ ਤਣੀ ਯਾਰੋ।
ਪਈਆਂ ਬੁਰਕੀਆਂ ਅਹੁਦਿਆਂ ਵਾਲੀਆਂ ਨੇ, ਛੱਡੀ ਭੋਰਾ ਨਾ ਅਣਖ ਦੀ ਕਣੀ ਯਾਰੋ।
ਬਣ ਗਏ ਸੱਪ ਖੜੱਪੇ ਵੀ ਰੱਸੀਆਂ ਜੀ, ਸੁੱਟੀ ਕੱਢ ਕੇ ਸਿਰਾਂ 'ਚੋਂ ਮਣੀ ਯਾਰੋ।
ਧਾਹ ਮਾਰ ਕੇ ਕਿਹਨੂੰ ਪੰਜਾਬ ਦੱਸੇ, ਬੁੱਧੀਜੀਵੀਏ ਚੁੱਪ ਨੇ 'ਬੁੱਧ' ਵਾਂਗੂੰ।
ਨਸ਼ੇ, ਲਾਲਚਾਂ, ਧੌਂਸ ਦੇ ਕਾਰਨੇ ਹੀ, ਪਾਣੀ ਵਿਕੇ 'ਜੈ ਕੁਰ' ਦਾ ਦੁੱਧ ਵਾਂਗੂੰ !

# ਪੰਜਾਬ 1947 ਬਨਾਮ ਯੂ.ਪੀ. 2014

*1947 ਦੀ ਪੰਜਾਬ ਤ੍ਰਾਸਦੀ ਵਿਚ ਇਹ ਵਿਆਪਕ ਤੌਰ 'ਤੇ ਦੇਖਣ 'ਚ ਆਇਆ ਸੀ ਕਿ ਸਿਆਸਤਦਾਨ ਉਲਟ ਵਿਚਾਰਾਂ ਵਾਲੇ ਲੋਕਾਂ ਨਾਲ ਸੰਵਾਦ ਰਚਾਉਣ ਵਿਚ ਨਾਕਾਮ ਰਹੇ ਸਨ। ਪੰਜਾਬ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਅਸਲ ਵਿਚ ਹਿੰਦੂ ਪਾਰਟੀ ਸੀ ਤੇ ਉਹ ਵੀ ਸਿਰਫ ਸ਼ਹਿਰੀ ਖੇਤਰਾਂ 'ਤੇ ਆਧਾਰਤ ਸੀ। ਜਿਥੋਂ ਤਕ ਮੁਸਲਿਮ ਲੀਗ ਅਤੇ ਸਿੱਖ ਸੰਗਠਨਾਂ ਦਾ ਸਬੰਧ ਸੀ, ਉਹ ਆਪਣੇ ਭਾਈਚਾਰੇ ਤੋਂ ਬਾਹਰਲੇ ਕਿਸੇ ਵੀ ਬੰਦੇ ਵਿਚ ਦਿਲਚਸਪੀ ਦਿਖਾਉਣ ਦਾ ਝੂਠਾ-ਮੂਠਾ ਦਿਖਾਵਾ ਕਰਨ ਲਈ ਤਿਆਰ ਨਹੀਂ ਸਨ। ਅੱਜ ਦੇ ਉੱਤਰ ਪ੍ਰਦੇਸ਼ ਵਿਚ ਬਹੁਤ ਘੱਟ ਹਿੰਦੂ ਸਿਆਸਤਦਾਨ ਮੁਸਲਮਾਨਾਂ ਦੀਆਂ ਵੋਟਾਂ ਮੰਗਣ ਜਾਂਦੇ ਹਨ ਅਤੇ ਹਿੰਦੂਆਂ ਦੀਆਂ ਵੋਟਾਂ ਮੰਗਣ ਵਾਲੇ ਮੁਸਲਿਮ ਸਿਆਸਤਦਾਨ ਵੀ ਜ਼ਿਆਦਾ ਨਹੀਂ ਹਨ। ਅੱਜ ਦੇ ਯੂ.ਪੀ. ਵਾਂਗ 1947 ਦੇ ਪੰਜਾਬ ਵਿਚ ਵੀ ਸ਼ਰੀਫ ਲੋਕਾਂ ਦੀ ਕੋਈ ਘਾਟ ਨਹੀਂ ਸੀ ਅਤੇ ਉਹ ਮਾੜੇ ਲੋਕਾਂ ਦੇ ਮੁਕਾਬਲੇ ਕਾਫੀ ਜ਼ਿਆਦਾ ਸਨ।*

**ਰਾਜਮੋਹਨ ਗਾਂਧੀ**

ਬਹੁਤੀ ਦੇਰ ਦੀ ਗੱਲ ਨਹੀਂ ਜਦੋਂ ਅਣਵੰਡੇ ਪੰਜਾਬ ਦੇ ਇਤਿਹਾਸ 'ਤੇ ਕੰਮ ਕਰਦਿਆਂ ਮੈਨੂੰ ਪਤਾ ਲੱਗਾ ਕਿ 1914 ਵਿਚ ਇਸ ਵਿਸ਼ਾਲ ਸੂਬੇ ਨੂੰ ਪੂਰੇ ਉਪ-ਮਹਾਂਦੀਪ ਵਿਚ ਆਰਥਿਕ ਤਰੱਕੀ ਅਤੇ ਭਾਈਚਾਰਕ ਮੇਲ-ਮਿਲਾਪ ਦੀ ਉਮੀਦ ਸਮਝਿਆ ਜਾ ਰਿਹਾ ਸੀ। ਫਿਰ ਵੀ 1947 ਵਿਚ ਪੰਜਾਬ ਦੀ ਵੰਡ ਨਾਲ ਦੋਹਾਂ ਹਿੱਸਿਆਂ ਨੂੰ ਕਤਲੇਆਮ ਦੇ ਅਜਿਹੇ ਭਿਆਨਕ ਦ੍ਰਿਸ਼ ਦੇਖਣੇ ਪਏ ਜੋ ਰੱਬ ਦੁਨੀਆਂ ਦੇ ਕਿਸੇ ਹੋਰ ਦੇਸ਼ ਨੂੰ ਨਾ ਦਿਖਾਵੇ।

ਯੂ.ਪੀ. ਵਿਚ ਪਿੱਛੇ ਜਿਹੇ ਜੋ ਕੁਝ ਹੋਇਆ, ਉਸ ਨੂੰ ਦੇਖਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਹੋਰ ਲੋਕਾਂ ਨੂੰ ਚੌਕੰਨੇ ਹੋ ਜਾਣਾ ਚਾਹੀਦਾ ਹੈ ਕਿ ਵਿਸ਼ਾਲ ਆਬਾਦੀ ਵਾਲਾ ਇਹ ਸੂਬਾ ਉਸ ਸਥਿਤੀ ਵੱਲ ਤਿਲਕਦਾ ਜਾ ਰਿਹਾ ਹੈ ਜਿਸ ਵਿਚ ਦੇਸ਼ ਨੂੰ ਦੁਬਾਰਾ ਬਿਲਕੁਲ ਨਹੀਂ ਫਸਾਉਣਾ ਚਾਹੀਦਾ। 1947 ਦੀ ਪੰਜਾਬ ਦੀ ਤ੍ਰਾਸਦੀ ਵਿਚ ਪੂਰਾ ਬ੍ਰਿਟਿਸ਼ ਸਾਮਰਾਜ ਸ਼ਾਮਲ ਸੀ। 20 ਫਰਵਰੀ 1947 ਨੂੰ ਲੰਡਨ ਵਿਚ ਬ੍ਰਿਟਿਸ਼ ਸਰਕਾਰ ਨੇ ਐਲਾਨ ਕੀਤਾ ਕਿ ਉਹ ਪੰਜਾਬ ਸਮੇਤ ਪੂਰੇ ਭਾਰਤ ਵਿਚੋਂ ਬਾਹਰ ਨਿਕਲ ਆਵੇਗੀ ਪਰ ਇਸ ਬਾਰੇ ਇਕ ਵੀ ਸ਼ਬਦ ਨਹੀਂ ਕਿਹਾ ਗਿਆ ਸੀ ਕਿ ਸੂਬਾ ਕਿਸ ਦੇ ਹਿੱਸੇ ਵਿਚ ਆਵੇਗਾ।

ਇੰਗਲੈਂਡ ਦੀ ਮਹਾਰਾਣੀ ਐਲਿਜ਼ਾਬੈਥ ਦੀ ਸਰਕਾਰ ਨੇ ਕਿਹਾ ਕਿ ਜਾਂ ਤਾਂ ਪੰਜਾਬ ਸੂਬੇ ਦੀ ਸਰਕਾਰ ਹੀ ਸੱਤਾ ਸੰਭਾਲੇਗੀ, ਜਾਂ ਫਿਰ ਕੋਈ ਹੋਰ ਵਿਵਸਥਾ ਕੀਤੀ ਜਾਵੇਗੀ ਜੋ ਜ਼ਿਆਦਾ ਤਰਕਸੰਗਤ ਹੋਵੇਗੀ। ਇਸ ਸ਼ਬਦ ਨੇ 2 ਗੱਲਾਂ ਦਾ ਰਾਹ ਪੱਧਰਾ ਕੀਤਾ- ਪਹਿਲੀ ਗੱਲ ਸੀ, ਮੁਸਲਿਮ ਲੀਗ ਦੀ ਅਗਵਾਈ ਵਾਲਾ ਜਨ ਅੰਦੋਲਨ ਜਿਸ ਨੇ ਤੇਜ਼ੀ ਨਾਲ ਕਮਜ਼ੋਰ ਹੁੰਦੀ ਜਾ ਰਹੀ ਖਿਜ਼ਰ ਹਯਾਤ ਖਾਨ ਦੀ ਅਗਵਾਈ ਵਾਲੀ ਕਾਂਗਰਸ ਤੇ ਸਿੱਖਾਂ ਦੇ ਸਮਰਥਨ ਨਾਲ ਬਣੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ; ਤੇ ਦੂਜੀ ਘਟਨਾ ਸੀ ਪੰਜਾਬ ਦੇ ਵੱਖ-ਵੱਖ ਹਿੱਸਿਆਂ ਦਾ ਭਵਿੱਖ ਤੈਅ ਕਰਨ ਦਾ ਦਬਾਅ ਬਣਾਉਣ ਲਈ ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਵਲੋਂ ਆਪੋ-ਆਪਣੇ ਹਥਿਆਰਬੰਦ ਗਰੋਹ ਤਿਆਰ ਕਰਨਾ।

ਰਾਵਲਪਿੰਡੀ ਅਤੇ ਮੁਲਤਾਨ ਜ਼ਿਲ੍ਹਿਆਂ ਦੇ ਕਸਬਿਆਂ ਅਤੇ ਪਿੰਡਾਂ ਵਿਚ ਮਾਰਚ 1947 ਦੇ ਸ਼ੁਰੂ ਦੀਆਂ ਹੱਤਿਆਵਾਂ ਤੋਂ ਬਾਅਦ ਇਸ ਖੇਤਰ ਵਿਚ ਤਾਇਨਾਤ ਉਚ ਬ੍ਰਿਟਿਸ਼ ਅਧਿਕਾਰੀ ਜਨਰਲ ਫ੍ਰੈਂਕ ਮੈਸਰਵੀ ਨੂੰ ਜੋ ਡੂੰਘਾ ਧੱਕਾ ਲੱਗਾ, ਉਸ ਬਾਰੇ ਉਨ੍ਹਾਂ ਨੇ ਆਪਣੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਲਿਖਿਆ, "ਦਲੇਰ ਅਤੇ ਭੱਦਰ ਮੁਸਲਿਮ ਕਿਸਾਨਾਂ ਨੂੰ ਇਸ ਪਾਗਲਾਨਾ ਹਰਕਤ ਲਈ ਉਕਸਾਇਆ ਗਿਆ ਸੀ। ਕਈ ਇਲਾਕਿਆਂ ਨੂੰ ਸਿੱਖਾਂ ਤੇ ਹਿੰਦੂਆਂ ਤੋਂ ਪੂਰੀ ਤਰ੍ਹਾਂ ਅਤੇ ਹਮੇਸ਼ਾ ਲਈ ਮੁਕਤ ਕਰਵਾਉਣ ਦਾ ਜਨੂੰਨ ਵੀ ਵਿਆਪਕ ਤੌਰ 'ਤੇ ਦੇਖਣ ਨੂੰ ਮਿਲਿਆ।"

ਮੈਸਰਵੀ ਨੇ ਨਸਲਕੁਸ਼ੀ ਦੇ ਰੁਝਾਨ ਦੀ ਪਛਾਣ ਕਰ ਲਈ ਸੀ ਪਰ ਵਿਦਾ ਹੋਣ ਦਾ ਫੈਸਲਾ ਕਰ ਚੁੱਕੀ ਬ੍ਰਿਟਿਸ਼ ਸਰਕਾਰ ਨੇ ਅੱਖਾਂ ਮੀਚੀ ਰੱਖਣਾ ਹੀ ਬਿਹਤਰ ਸਮਝਿਆ। ਜਿਥੇ ਬ੍ਰਿਟਿਸ਼ ਸਰਕਾਰ ਦਾ ਧਿਆਨ ਪੂਰੀ ਤਰ੍ਹਾਂ ਇਸ ਪਾਸੇ ਸੀ ਕਿ ਭਾਰਤ ਵਿਚ ਤਾਇਨਾਤ ਇਸ ਦੇ ਸੈਨਿਕ ਕੁਸ਼ਲਤਾਪੂਰਵਕ ਬ੍ਰਿਟੇਨ ਪਰਤ ਆਉਣ, ਉਥੇ ਹੀ ਬ੍ਰਿਟਿਸ਼ ਸਾਮਰਾਜ ਵਿਚ ਅਜਿਹੇ ਅਨਸਰ ਵੀ ਮੌਜੂਦ ਸਨ ਜਿਹੜੇ ਭਾਰਤੀਆਂ ਦੀ ਆਪਸੀ ਲੜਾਈ ਤੋਂ ਬਿਲਕੁਲ ਚਿੰਤਤ ਨਹੀਂ ਸਨ।

ਮੈਸਰਵੀ ਵਲੋਂ ਉਕਤ ਤੱਥ ਰਿਕਾਰਡ ਕੀਤੇ ਜਾਣ ਤੋਂ 5 ਮਹੀਨਿਆਂ ਬਾਅਦ ਅਗਸਤ-ਸਤੰਬਰ 1947 ਵਿਚ ਭਿਆਨਕ ਕਤਲੇਆਮ ਹੋਇਆ। ਉਨ੍ਹੀਂ ਦਿਨੀਂ ਹੀ ਪੱਛਮੀ ਯੂ.ਪੀ. ਵਿਚ ਬਹੁਤ ਵੱਡੀ ਘਟਨਾ ਵਾਪਰੀ ਜਿਸ ਨੂੰ ਅੱਜ ਪੂਰੀ ਤਰ੍ਹਾਂ ਭੁਲਾ ਦਿੱਤਾ ਗਿਆ ਹੈ। ਨਵੰਬਰ 1946 ਵਿਚ ਗੜ੍ਹ ਮੁਕਤੇਸ਼ਵਰ ਕਸਬੇ ਵਿਚ ਮੁਸਲਮਾਨਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਇਹ ਕਸਬਾ ਮੇਰਠ, ਮੁਰਾਦਾਬਾਦ ਅਤੇ ਮੁਜ਼ੱਫਰਨਗਰ- ਤਿੰਨਾਂ ਤੋਂ ਕੋਈ ਜ਼ਿਆਦਾ ਦੂਰ ਨਹੀਂ।

ਯੂ.ਪੀ. ਦੇ ਮੌਜੂਦਾ ਤਣਾਅ ਦਾ ਵੀ ਸੰਸਾਰਕ ਪ੍ਰਸੰਗ ਹੈ। ਪੱਛਮੀ ਦੇਸ਼ਾਂ ਦੀ ਇਸਾਈ ਧਰਮ 'ਤੇ ਆਧਾਰਤ ਵਿਵਸਥਾ ਅਤੇ ਇਸਲਾਮ ਦਰਮਿਆਨ 'ਸੱਭਿਅਤਾਵਾਂ ਦਾ ਮਹਾਂਯੁੱਧ' ਤਾਂ ਚੱਲ ਹੀ ਰਿਹਾ ਹੈ, ਇਸ ਦੇ ਨਾਲ ਹੀ ਆਈ.ਐਸ.ਆਈ.ਐਸ. ਵਰਗੇ ਜਹਾਦੀ ਜਨੂੰਨੀਆਂ ਦੇ ਧੜੇ ਵੀ ਉਭਰ ਆਏ ਹਨ। ਯੂ.ਪੀ. ਵਿਚ ਰਹਿਣ ਵਾਲੇ 4 ਕਰੋੜ ਤੋਂ ਜ਼ਿਆਦਾ ਮੁਸਲਮਾਨ ਭਲਾ ਇਸ ਘਟਨਾ ਤੋਂ ਅਛੂਤੇ ਕਿਵੇਂ ਰਹਿ ਸਕਦੇ ਹਨ? ਯੂ.ਪੀ. ਦੇ ਮੁਸਲਮਾਨਾਂ ਲਈ ਇਸ ਘਟਨਾ ਦਾ ਕੌਮੀ ਅਤੇ ਸੂਬਾਈ ਪ੍ਰਸੰਗ ਵੀ ਬਹੁਤ ਢੁਕਵਾਂ ਹੈ। ਹਿੰਦੂਵਾਦ ਲਈ ਕੰਮ ਕਰ ਰਹੇ ਜਾਂ ਇੰਜ ਕਹਿ ਲਓ ਕਿ ਸੰਘਰਸ਼ ਕਰ ਰਹੇ ਲੋਕਾਂ 'ਤੇ ਆਰ.ਐਸ.ਐਸ. ਦੇ ਥਾਪੜੇ ਨਾਲ ਬਣੀ ਭਾਰਤ ਦੀ ਮੌਜੂਦਾ ਸਰਕਾਰ (ਸ਼ਾਸਨ ਪ੍ਰਣਾਲੀ) ਤੋਂ ਵੀ ਦੋ ਸਪਸ਼ਟ ਅਤੇ ਆਪਸ ਵਿਚ ਟਕਰਾਉਂਦੇ ਸੰਕੇਤ ਉਭਰੇ ਹਨ, 'ਅੱਗ ਵੀ ਲਗਾਓ ਤੇ ਨਿਰਮਾਣ ਵੀ ਕਰੋ।'

ਬੁਲੇਟ ਟ੍ਰੇਨਾਂ, ਪਖਾਨਿਆਂ, ਗਰੀਬਾਂ ਲਈ ਬੈਂਕ ਖਾਤਿਆਂ, ਸਮਾਰਟ ਸ਼ਹਿਰਾਂ ਆਦਿ ਦੀ ਸਿਰਜਣਾ ਕਰਨ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੱਦਾ ਦਿੱਤਾ ਹੈ। ਦੂਜਾ ਸੱਦਾ ਧਰੁਵੀਕਰਨ ਅਤੇ ਹਿੰਸਾ ਲਈ ਸਪਸ਼ਟ ਜਲਦਬਾਜ਼ੀ ਦਾ ਸੰਕੇਤ ਦਿੰਦਾ ਹੈ, ਪਰ ਇਹ ਹਿੰਸਾ 'ਪ੍ਰਤੀਕਿਰਿਆਤਮਕ ਕਾਰਵਾਈ' ਦੇ ਰੂਪ ਵਿਚ ਜਾਇਜ਼ ਠਹਿਰਾਈ ਜਾਂਦੀ ਹੈ। ਇਹ ਸੱਦਾ ਦੇਣ ਵਾਲੇ ਜ਼ਿਆਦਾਤਰ ਲੋਕ ਸੱਤਾਧਾਰੀ ਵਰਗ ਦਾ ਹੀ ਹਿੱਸਾ ਹਨ, ਬੇਸ਼ੱਕ ਉਹ ਆਪਣਾ ਕੰਮ ਸਰਕਾਰੀ ਰੂਪ ਵਿਚ ਅੰਜਾਮ ਨਹੀਂ ਦਿੰਦੇ। ਉਨ੍ਹਾਂ ਲਈ ਤਾਂ ਇਹੋ ਸੱਚਾਈ ਪੱਥਰ 'ਤੇ ਲੀਕ ਹੈ ਕਿ ਹਿੰਸਾ ਹਮੇਸ਼ਾ ਬਿਨਾਂ ਕਿਸੇ ਅਪਵਾਦ ਦੇ ਮੁਸਲਮਾਨਾਂ ਵਲੋਂ ਹੀ ਸ਼ੁਰੂ ਕੀਤੀ ਜਾਂਦੀ ਹੈ, ਹਾਲਾਂਕਿ ਲਗਭਗ ਹਿੰਸਾ ਪੀੜਤ ਲੋਕਾਂ ਵਿਚ ਸਭ ਤੋਂ ਜ਼ਿਆਦਾ ਗਿਣਤੀ ਮੁਸਲਮਾਨਾਂ ਦੀ ਹੀ ਹੁੰਦੀ ਹੈ।

ਜਦੋਂ ਹਿੰਦੂ ਸਪਸ਼ਟ ਰੂਪ ਵਿਚ ਬਹੁ-ਗਿਣਤੀ ਭਾਈਚਾਰਾ ਹੋਣ ਅਤੇ ਮੁਸਲਮਾਨ ਜ਼ਿਕਰਯੋਗ ਘੱਟ-ਗਿਣਤੀ ਭਾਈਚਾਰਾ (ਜਿਵੇਂ ਯੂ.ਪੀ. ਅਤੇ ਹੋਰ ਰਾਜਾਂ ਵਿਚ ਅਸੀਂ ਦੇਖਦੇ ਹਾਂ) ਤਾਂ ਧਰੁਵੀਕਰਨ ਦੰਗਿਆਂ ਨੂੰ ਜਨਮ ਦਿੰਦਾ ਹੈ ਤੇ ਇਸ ਦੇ ਸਿੱਟੇ ਵਜੋਂ ਹੋਰ ਵੀ ਵੱਡੇ ਧਰੁਵੀਕਰਨ ਤੇ ਦੰਗਿਆਂ ਦਾ ਰਾਹ ਪੱਧਰਾ ਹੁੰਦਾ ਹੈ। ਇਹ ਸਿਲਸਿਲਾ ਇਸੇ ਤਰ੍ਹਾਂ ਅੱਗੇ ਵਧਦਾ ਰਹਿੰਦਾ ਹੈ। ਭਾਜਪਾ ਨੂੰ ਇਸੇ ਪ੍ਰਕਿਰਿਆ ਦਾ ਚੋਣਾਂ ਵਿਚ ਲਾਭ ਮਿਲਿਆ ਹੈ। ਫਿਰ ਵੀ ਜਦੋਂ ਦੰਗੇ ਹੁੰਦੇ ਹਨ ਤਾਂ ਆਰਥਿਕ ਵਿਕਾਸ 'ਤੇ ਉਲਟਾ ਅਸਰ ਜ਼ਰੂਰ ਪੈਂਦਾ ਹੈ।

ਭਾਜਪਾ ਸਿਰਫ ਇਹੋ ਨਹੀਂ ਚਾਹੁੰਦੀ ਕਿ ਯੂ.ਪੀ. ਵਿਚ ਉਸ ਦੀ ਸਰਕਾਰ ਹੋਵੇ (ਜਿਵੇਂ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ ਹੈ) ਸਗੋਂ ਉਹ ਇਹ ਵੀ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਘੱਟੋ-ਘੱਟ 50 ਫੀਸਦੀ ਵੋਟਰ ਉਸ ਦੇ ਪੱਖ ਵਿਚ ਭੁਗਤਣ, ਪਰ ਸਵਾਲ ਉਠਦਾ ਹੈ ਕਿ ਚੋਣਾਂ ਵਿਚ ਜਿੱਤ ਕੇ ਕੀ ਉਹ ਸੜ ਰਹੇ ਸੂਬੇ ਵਿਚ ਰਾਜ ਕਰੇਗੀ?

ਯੂ.ਪੀ. ਵਿਚ ਸਥਾਨਕ ਪੱਧਰ 'ਤੇ ਨਸਲੀ ਸਫਾਏ ਦੇ ਯਤਨ ਪਹਿਲਾਂ ਹੀ ਦੇਖਣ ਨੂੰ ਮਿਲ ਰਹੇ ਹਨ ਜਿਨ੍ਹਾਂ ਨੂੰ ਨਾ ਤਾਂ ਸੂਬੇ ਦੀ ਸਮਾਜਵਾਦੀ ਪਾਰਟੀ ਦੀ ਸਰਕਾਰ ਰੋਕਣ ਵਿਚ ਸਫਲ ਹੋ ਰਹੀ ਹੈ ਅਤੇ ਨਾ ਹੀ ਉਹ ਇਨ੍ਹਾਂ ਵਿਚ ਸੁਧਾਰ ਲਿਆ ਸਕੀ ਹੈ। ਹਿੰਸਾ ਨਾਲ ਨਜਿੱਠਣ ਦੇ ਮਾਮਲੇ 'ਚ ਯੂ.ਪੀ. ਪੁਲਿਸ ਅਕਸਰ ਅਜਿਹਾ ਅਹਿਸਾਸ ਕਰਵਾਉਂਦੀ ਹੈ ਕਿ ਉਸ ਦੇ ਆਪਣੇ ਪੈਰ ਹੀ ਮਜ਼ਬੂਤ ਨਹੀਂ ਹਨ ਅਤੇ ਸਿਵਲ ਪ੍ਰਸ਼ਾਸਨ ਵੀ ਲਾਚਾਰ ਦਿਖਾਈ ਦਿੰਦਾ ਹੈ। ਜਿਥੋਂ ਤਕ ਸੂਬੇ ਦੀਆਂ ਸੈਕੂਲਰ ਪਾਰਟੀਆਂ ਦਾ ਸਵਾਲ ਹੈ, ਉਨ੍ਹਾਂ ਨੂੰ ਸੁੱਝ ਹੀ ਨਹੀਂ ਰਿਹਾ ਕਿ ਭਾਜਪਾ ਦੀਆਂ ਵਧੇਰੇ ਸਰਗਰਮ ਅਤੇ ਸਿਆਸੀ ਰੂਪ ਵਿਚ ਚੰਗੀਆਂ ਸੰਭਾਵਨਾਵਾਂ ਨਾਲ ਭਰੀ ਕਥਿਤ 'ਲਵ ਜਹਾਦ' ਉਤੇ ਆਧਾਰਤ ਰਣਨੀਤੀ ਦਾ ਮੁਕਾਬਲਾ ਕਿਵੇਂ ਕਰਨ!

ਗੋਰਖਪੁਰ ਤੋਂ ਭਾਜਪਾ ਦੇ ਸੰਸਦ ਮੈਂਬਰ ਯੋਗੀ ਆਦਿੱਤਿਆਨਾਥ ਨੇ ਯੂ.ਪੀ. ਵਿਚ ਹਿੰਸਾ ਨੂੰ ਆਬਾਦੀ ਵਿਚ ਮੁਸਲਿਮ ਅਨੁਪਾਤ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ, ਪਰ ਇਹ ਸਵਾਲ ਵੀ ਤਾਂ ਉਠਾਇਆ ਜਾ ਸਕਦਾ ਹੈ ਕਿ ਯੂ.ਪੀ. ਦੇ ਚਾਰ ਕਰੋੜ ਮੁਸਲਮਾਨ ਉਸ ਲੋਕ ਸਭਾ ਪ੍ਰਤੀ ਕੀ ਰੁਖ਼ ਅਪਨਾਉਣਗੇ ਜਿਸ ਵਿਚ ਉਨ੍ਹਾਂ ਦਾ ਇਕ ਵੀ ਨੁਮਾਇੰਦਾ ਸ਼ਾਮਲ ਨਹੀਂ? ਮੌਜੂਦਾ ਲੋਕ ਸਭਾ ਵਿਚ ਯੂ.ਪੀ. ਦੇ ਕੁਲ 80 ਸੰਸਦ ਮੈਂਬਰਾਂ ਵਿਚੋਂ ਇਕ ਵੀ ਮੁਸਲਮਾਨ ਨਹੀਂ। ਇਸ ਤੋਂ ਪਹਿਲਾਂ ਕਿਸੇ ਵੀ ਚੋਣ ਵਿਚ ਮੁਸਲਿਮ ਨੁਮਾਇੰਦਗੀ ਦਾ ਪੱਤਾ ਪੂਰੀ ਤਰ੍ਹਾਂ ਨਹੀਂ ਕੱਟ ਹੋਇਆ ਸੀ।

ਇਨ੍ਹਾਂ 4 ਕਰੋੜ ਮੁਸਲਮਾਨਾਂ ਤਕ ਪਹੁੰਚਣ ਵਾਲੀਆਂ ਆਵਾਜ਼ਾਂ 'ਚੋਂ ਇਕ ਆਈ. ਐਸ. ਆਈ. ਐਸ. ਅਤੇ ਇਸ ਵਰਗੇ ਹੋਰ ਧੜਿਆਂ ਦੀ ਹੈ ਜੋ ਇਸ ਵਿਚਾਰਧਾਰਾ ਨੂੰ ਅੱਗੇ ਵਧਾ ਰਹੇ ਹਨ ਕਿ ਭਾਰਤ ਅਤੇ ਇਸਰਾਈਲ ਤੋਂ ਸਮਰਥਨ ਲੈ ਕੇ ਪੱਛਮੀ ਜਗਤ ਮੁਸਲਿਮ ਦੁਨੀਆਂ ਨੂੰ ਤਬਾਹ ਕਰਨ 'ਤੇ ਤੁਲਿਆ ਹੋਇਆ ਹੈ, ਇਸੇ ਲਈ ਉਨ੍ਹਾਂ ਨੂੰ ਇਨ੍ਹਾਂ 'ਤੇ ਪੂਰੀ ਤਾਕਤ ਨਾਲ ਵਾਰ ਕਰਨਾ ਪਵੇਗਾ।

1947 ਦੀ ਪੰਜਾਬ ਤ੍ਰਾਸਦੀ ਵਿਚ ਇਹ ਵਿਆਪਕ ਤੌਰ 'ਤੇ ਦੇਖਣ 'ਚ ਆਇਆ ਸੀ ਕਿ ਸਿਆਸਤਦਾਨ ਉਲਟ ਵਿਚਾਰਾਂ ਵਾਲੇ ਲੋਕਾਂ ਨਾਲ ਸੰਵਾਦ ਰਚਾਉਣ ਵਿਚ ਨਾਕਾਮ ਰਹੇ ਸਨ। ਪੰਜਾਬ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਅਸਲ ਵਿਚ ਹਿੰਦੂ ਪਾਰਟੀ ਸੀ ਤੇ ਉਹ ਵੀ ਸਿਰਫ ਸ਼ਹਿਰੀ ਖੇਤਰਾਂ 'ਤੇ ਆਧਾਰਤ ਸੀ। ਜਿਥੋਂ ਤਕ ਮੁਸਲਿਮ ਲੀਗ ਅਤੇ ਸਿੱਖ ਸੰਗਠਨਾਂ ਦਾ ਸਬੰਧ ਸੀ, ਉਹ ਆਪਣੇ ਭਾਈਚਾਰੇ ਤੋਂ ਬਾਹਰਲੇ ਕਿਸੇ ਵੀ ਬੰਦੇ ਵਿਚ ਦਿਲਚਸਪੀ ਦਿਖਾਉਣ ਦਾ ਝੂਠਾ-ਮੂਠਾ ਦਿਖਾਵਾ ਕਰਨ ਲਈ ਤਿਆਰ ਨਹੀਂ ਸਨ।

ਅੱਜ ਦੇ ਉਤਰ ਪ੍ਰਦੇਸ਼ ਵਿਚ ਬਹੁਤ ਘੱਟ ਹਿੰਦੂ ਸਿਆਸਤਦਾਨ ਮੁਸਲਮਾਨਾਂ ਦੀਆਂ ਵੋਟਾਂ ਮੰਗਣ ਜਾਂਦੇ ਹਨ ਅਤੇ ਹਿੰਦੂਆਂ ਦੀਆਂ ਵੋਟਾਂ ਮੰਗਣ ਵਾਲੇ ਮੁਸਲਿਮ ਸਿਆਸਤਦਾਨ ਵੀ ਜ਼ਿਆਦਾ ਨਹੀਂ ਹਨ। ਅੱਜ ਦੇ ਯੂ.ਪੀ. ਵਾਂਗ 1947 ਦੇ ਪੰਜਾਬ ਵਿਚ ਵੀ ਸ਼ਰੀਫ ਲੋਕਾਂ ਦੀ ਕੋਈ ਘਾਟ ਨਹੀਂ ਸੀ ਅਤੇ ਉਹ ਮਾੜੇ ਲੋਕਾਂ ਦੇ ਮੁਕਾਬਲੇ ਕਾਫੀ ਜ਼ਿਆਦਾ ਸਨ। ਭਵਿੱਖ ਦੀਆਂ ਘਟਨਾਵਾਂ ਦਾ ਰੁਖ਼ ਬਹੁਤ ਸਾਰੇ ਲੋਕ ਤਾੜ ਰਹੇ ਸਨ ਪਰ ਉਨ੍ਹਾਂ ਨੇ ਕੋਈ ਦਖਲਅੰਦਾਜ਼ੀ ਨਹੀਂ ਕੀਤੀ ਜਾਂ ਉਹ ਅਜਿਹਾ ਕਰਨ ਦੀ ਹਾਲਤ ਵਿਚ ਨਹੀਂ ਸਨ। ਨਾਗਰਿਕ ਸਮੂਹਾਂ ਨੇ ਵੱਖ-ਵੱਖ ਭਾਈਚਾਰਿਆਂ ਜਾਂ ਪੁਲਿਸ ਦਰਮਿਆਨ ਸਬੰਧ ਬਣਾਈ ਰੱਖਣ ਦਾ ਕੰਮ ਨਹੀਂ ਕੀਤਾ।

ਕੀ ਅੱਜ ਯੂ.ਪੀ. ਦੇ ਸ਼ਰੀਫ ਨਾਗਰਿਕ ਖੁਦ ਨੂੰ ਇਹ ਸਵਾਲ ਪੁੱਛ ਰਹੇ ਹਨ ਕਿ ਉਹ ਕਿਵੇਂ ਸਹਾਈ ਸਿੱਧ ਹੋ ਸਕਦੇ ਹਨ? ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਆਜ਼ਾਦ ਭਾਰਤ ਨੇ ਜਾਤ, ਧਰਮ, ਵਰਗ ਨੂੰ ਨਕਾਰਦਿਆਂ ਹਰ ਕਿਸੇ ਲਈ ਬਰਾਬਰ ਹੱਕਾਂ ਦਾ ਵਚਨ ਦਿੱਤਾ ਹੋਇਆ ਹੈ। ਅੱਜ ਬਹੁਤ ਕੁਝ ਦਾਅ 'ਤੇ ਲੱਗਾ ਹੋਇਆ ਹੈ; ਸੋ, ਯੂ.ਪੀ. ਦੇ ਸੰਸਦ ਮੈਂਬਰ ਵਜੋਂ ਨੁਮਾਇੰਦਗੀ ਕਰ ਰਹੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਗ੍ਰਹਿ ਮੰਤਰੀ ਰਾਜਨਾਥ ਸਿੰਘ (ਜੋ ਯੂ.ਪੀ. ਦੇ ਮੁੱਖ ਮੰਤਰੀ ਵੀ ਰਹਿ ਚੁੱਕੇ ਹਨ) ਨੂੰ ਹਰ ਹਾਲ ਵਿਚ ਦਖਲ ਦੇਣਾ ਚਾਹੀਦਾ ਹੈ। ਮੁਲਾਇਮ ਸਿੰਘ ਅਤੇ ਮਾਇਆਵਤੀ ਤੇ ਹੋਰ ਪ੍ਰਭਾਵਸ਼ਾਲੀ ਨੇਤਾਵਾਂ ਨੂੰ ਨਾਲ ਲੈ ਕੇ ਉਨ੍ਹਾਂ ਨੂੰ 'ਯੂ.ਪੀ. ਬਚਾਓ' ਮੀਟਿੰਗ ਕਰਨੀ ਚਾਹੀਦੀ ਹੈ ਜਿਸ ਵਿਚ ਉਨ੍ਹਾਂ ਤਾਕਤਾਂ ਦੀ ਪਛਾਣ ਕੀਤੀ ਜਾਵੇ ਜੋ ਯੂ.ਪੀ. ਨੂੰ ਅੱਗ ਵਿਚ ਝੁਲਸਾਉਣਾ ਚਾਹੁੰਦੀਆਂ ਹਨ। ਇਨ੍ਹਾਂ ਤਾਕਤਾਂ ਨੂੰ ਹਰਾਉਣਾ ਜ਼ਰੂਰੀ ਹੈ।

# ਬਾਹਰ ਬੈਠਿਆਂ ਦੀ ਨਜ਼ਰ 'ਚ ਕਸ਼ਮੀਰ ਦੇ ਹੜ੍ਹਾਂ ਦਾ ਹਾਲ

ਗੌਹਰ ਫ਼ਾਜ਼ਿਲੀ
ਅਨੁਵਾਦ: ਬੂਟਾ ਸਿੰਘ

ਕਸ਼ਮੀਰ ਦੇ ਹੜ੍ਹ, ਕਾਰਪੋਰੇਟ ਮੀਡੀਆ ਦੇ ਪ੍ਰਚਾਰ ਦੀ ਧੁੰਦ ਪਿਛਲੀ ਹਕੀਕਤ ਦੀ ਇਕ ਝਲਕੀ ਮੁਹੱਈਆ ਕਰ ਸਕਦੇ ਹਨ; ਧੁੰਦ ਦੀ ਚਾਦਰ ਜੋ ਹੁਣ ਫਟਦੀ ਜਾ ਰਹੀ ਹੈ ਅਤੇ ਟਰੂਮੈਨ ਤਮਾਸ਼ੇ (1998) ਵਾਂਗ ਪਰਦੇ ਪਿਛਲੀ ਕਹਾਣੀ ਦੇ ਟੁਕੜੇ ਨੰਗੇ ਕਰਦੀ ਜਾਂਦੀ ਹੈ। ਇਸ ਵਕਤ ਕਸ਼ਮੀਰ ਵਿਚ ਤਿੰਨ ਮੁੱਖ ਕਿਰਦਾਰ ਹਨ- ਹੜ੍ਹ, ਸਟੇਟ ਅਤੇ ਆਵਾਮ। ਹਰ ਕੋਈ ਆਪੋ ਆਪਣੀ ਥਾਂ ਹੈ। ਸਟੇਟ ਦਾ ਇਕ ਅੰਗ ਸੂਬਾਈ ਹਕੂਮਤ ਤਾਂ ਪਾਣੀ ਦੇ ਆਉਣ ਤੋਂ ਪਹਿਲਾਂ ਹੀ ਲੜਖੜਾ ਗਿਆ।

ਕਈ ਦਹਾਕਿਆਂ ਤੋਂ ਕਸ਼ਮੀਰ ਨੂੰ ਲਿਤਾੜਦੇ ਆ ਰਹੇ ਦੂਜੇ ਅੰਗ ਫ਼ੌਜ ਦੀ ਜਾਗ ਸੰਕਟ ਆਉਣ ਤੋਂ ਦੋ ਦਿਨ ਪਿੱਛੋਂ ਖੁੱਲ੍ਹੀ। ਫਿਰ ਵੀ ਇਸ ਦੀ ਤਰਜੀਹ ਅਮੀਰ ਹਿੰਦੁਸਤਾਨੀ ਸੈਲਾਨੀਆਂ ਅਤੇ ਰਿਆਸਤ ਤੋਂ ਬਾਹਰਲੀ ਸਥਾਪਤੀ ਦੇ ਚਹੇਤਿਆਂ ਨੂੰ ਬਚਾਉਣ ਦੀ ਸੀ। ਹੜ੍ਹ ਦੇ ਮੁਢਲੇ ਦਿਨਾਂ 'ਚ ਮੁਕਾਮੀ ਲੋਕ ਆਪਣੇ ਸਕੇ-ਸਬੰਧੀਆਂ ਨੂੰ ਬਚਾਉਣ ਲਈ ਆਪਣੀਆਂ ਜਾਨਾਂ ਜੋਖ਼ਮ 'ਚ ਪਾਉਂਦੇ ਰਹੇ। ਸਥਾਨਕ ਕਿਸ਼ਤੀਆਂ ਕਿਰਾਏ 'ਤੇ ਲੈ ਕੇ, ਪਾਣੀ ਵਿਚ ਤੈਰ ਕੇ, ਜਾਂ ਪਾਣੀ ਦੀਆਂ ਟੈਂਕੀਆਂ, ਕਾਰਾਂ ਦੀਆਂ ਟਿਊਬਾਂ, ਫੋਮ ਦੀਆਂ ਸ਼ੀਟਾਂ ਵਗੈਰਾ ਚੀਜ਼ ਹੱਥ ਲੱਗਦੀ ਹਰ ਚੀਜ਼ ਦੀਆਂ ਆਰਜ਼ੀ ਕਿਸ਼ਤੀਆਂ ਬਣਾ ਕੇ ਮਦਦ ਲਈ ਬਹੁੜਦੇ ਰਹੇ। ਬਾਕੀ ਦੇ ਜਾਂ ਤਾਂ ਡੁੱਬ ਗਏ, ਜਾਂ ਫਿਰ ਘਰਾਂ ਦੀਆਂ ਛੱਤਾਂ 'ਤੇ ਚੜ੍ਹ ਕੇ ਪਾਣੀ ਤੋਂ ਬਚਣ ਦੇ ਯਤਨ ਕਰਦੇ ਰਹੇ।

ਪਹਿਲਾਂ ਲੋਕ ਐਨੇ ਪਾਣੀ ਦਾ ਕਿਆਸ ਹੀ ਨਹੀਂ ਕਰ ਸਕੇ। ਆਖ਼ਿਰ ਜਦੋਂ ਸ਼ਿਵਪੁਰਾ, ਰਾਜਬਾਗ਼, ਜਵਾਹਰ ਨਗਰ, ਗੋਗਜੀ ਬਾਗ਼ ਪਾਣੀ 'ਚ ਡੁੱਬ ਗਏ, ਉਦੋਂ ਵੀ ਆਵਾਮ ਦੇ ਮਨਾਂ ਵਿਚ ਇਹੀ ਸੀ ਕਿ ਉਨ੍ਹਾਂ ਦੇ ਘਰ ਸਭ ਤੋਂ ਮਹਿਫ਼ੂਜ਼ ਜਗ੍ਹਾ ਹਨ। ਸਟੇਟ ਪ੍ਰਸ਼ਾਸਨ ਨੇ ਉਨ੍ਹਾਂ ਸਾਧਨਾਂ ਨੂੰ ਇਸਤੇਮਾਲ ਕਰ ਕੇ ਪਾਣੀ ਦੀ ਮਾਰ ਵਾਲੇ ਇਲਾਕਿਆਂ ਦੇ ਆਵਾਮ ਨੂੰ ਹੜ੍ਹ ਬਾਰੇ ਚੌਕਸ ਨਹੀਂ ਕੀਤਾ ਜਿਨ੍ਹਾਂ ਸਾਧਨਾਂ ਰਾਹੀਂ ਇਹ ਅਕਸਰ ਹੀ ਕਰਫਿਊ ਜਾਂ ਫ਼ੌਜ ਦੇ ਕਟਕ ਚਾੜ੍ਹਨ ਦੀਆਂ ਚੇਤਾਵਨੀਆਂ ਦਿੰਦੇ ਰਹਿੰਦੇ ਹਨ। ਉਲਟਾ ਮੀਡੀਆ ਜ਼ਰੀਏ ਮੌਸਮ 'ਚ ਸੁਧਾਰ ਦੀਆਂ ਉਮੀਦਾਂ ਦਿਖਾ ਕੇ ਲੋਕਾਂ ਨੂੰ ਅਵੇਸਲੇ ਕੀਤਾ ਗਿਆ। ਤੇ ਜਦੋਂ ਪਾਣੀ ਇਕਦਮ ਚੜ੍ਹ ਆਇਆ ਤਾਂ ਲੋਕਾਂ ਕੋਲ ਨਿਕਲਣ ਲਈ ਵਕਤ ਹੀ ਨਹੀਂ ਸੀ।

ਜਦੋਂ ਅਜੇ ਦੱਖਣੀ ਕਸ਼ਮੀਰ ਡੁੱਬ ਹੀ ਰਿਹਾ ਸੀ, ਉਦੋਂ ਸ੍ਰੀਨਗਰ ਅਤੇ ਇਸ ਦੇ ਆਲੇ-ਦੁਆਲੇ ਦੇ ਨੀਵੇਂ ਖੇਤਰਾਂ ਨੂੰ ਖਾਲੀ ਕਰਾਉਣ ਲਈ ਤਿੰਨ-ਚਾਰ ਘੰਟੇ ਦੀ ਮੋਹਲਤ ਸੀ, ਪਰ ਇਸ ਪਾਸੇ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਮੁਹੱਲਿਆਂ ਵਿਚ ਡੌਂਡੀ ਪਿੱਟ ਕੇ ਜਾਂ ਹਿੰਦੁਸਤਾਨੀ ਕਾਰਪੋਰੇਟ ਚੈਨਲਾਂ ਜਾਂ ਮੁਕਾਮੀ ਦੂਰਦਰਸ਼ਨ ਉਪਰ ਸੰਕਟਕਾਲੀ ਹਾਲਤ (ਐਮਰਜੈਂਸੀ) ਦੀ ਕੋਈ ਚੇਤਾਵਨੀ ਨਹੀਂ ਦਿੱਤੀ ਗਈ। ਉਲਟਾ ਹਕੂਮਤ ਹੜ੍ਹਾਂ ਨਾਲ ਨਜਿੱਠਣ ਦੀ ਪੂਰੀ ਤਿਆਰੀ ਅਤੇ ਇਕ ਲੱਖ ਰੇਤੇ ਦੀਆਂ ਬੋਰੀਆਂ ਦੇ ਇੰਤਜ਼ਾਮ ਕੀਤੇ ਹੋਣ ਦੀਆਂ ਫੜ੍ਹਾਂ ਮਾਰਦੀ ਰਹੀ।

ਤੇ ਫਿਰ ਇਕਦਮ ਫ਼ੋਨ ਪ੍ਰਣਾਲੀ ਠੱਪ ਹੋ ਗਈ। ਜਦੋਂ ਬੈਟਰੀਆਂ ਖ਼ਤਮ ਹੋਣ 'ਤੇ ਆ ਗਈਆਂ ਤਾਂ ਇੰਟਰਨੈਟ ਸੰਚਾਰ ਦਾ ਆਖ਼ਰੀ ਜ਼ਰੀਆ ਵੀ ਬੰਦ ਹੋ ਗਿਆ। ਫਿਰ ਮੁਕਾਮੀ ਆਨ-ਲਾਈਨ ਖ਼ਬਰਾਂ ਦੇ ਨੈਟ-ਵਰਕ ਵੀ ਦਮ ਤੋੜ ਗਏ। ਜੰਗ ਦੌਰਾਨ ਹਮੇਸ਼ਾ ਚਲਦੇ ਰਹਿਣ ਵਾਲੇ ਰੇਡੀਓ ਤੇ ਟੈਲੀਵਿਜ਼ਨ ਚੈਨਲਾਂ ਦੀ ਆਵਾਜ਼ ਵੀ ਆਉਣੋਂ ਹਟ ਗਈ। ਇਨ੍ਹਾਂ ਹਾਲਾਤ 'ਚ ਕਸ਼ਮੀਰ ਜਾਂ ਦਿੱਲੀ ਦੀ ਅਥਾਰਟੀ ਨੂੰ ਕੋਈ ਮਦਦ ਲਈ ਕਿਵੇਂ ਸੰਪਰਕ ਕਰੇ? ਇਹ ਹਾਲਾਤ ਇਹ ਲਫ਼ਜ਼ ਲਿਖੇ ਜਾਣ ਵਕਤ ਵੀ ਬਣੇ ਹੋਏ ਹਨ। ਸੰਚਾਰ ਸੇਵਾਵਾਂ ਦਾ ਠੱਪ ਹੋਣਾ ਅਤੇ ਕਸ਼ਮੀਰ 'ਚ ਮੋਦੀ ਦੀ ਫੇਰੀ ਇਕੋ ਵਕਤ ਹੀ ਵਾਪਰੇ। ਅਸੀਂ ਤਾਂ ਇਹੀ ਸਮਝਿਆ ਕਿ ਹਮੇਸ਼ਾ ਵਾਂਗ 'ਸੁਰੱਖਿਆ' ਕਾਰਨਾਂ ਕਰ ਕੇ ਸੰਚਾਰ ਸੇਵਾਵਾਂ ਬੰਦ ਕੀਤੀਆਂ ਗਈਆਂ ਹਨ, ਜਿਵੇਂ ਉਥੇ ਆਮ ਹੀ ਵਾਪਰਦਾ ਹੈ; ਪਰ ਇਹ ਤਾਂ ਅੱਜ ਤਾਈਂ ਸ੍ਰੀਨਗਰ ਦੇ ਉਨ੍ਹਾਂ ਕੁਝ ਥਾਂਵਾਂ 'ਤੇ ਵੀ ਨਹੀਂ ਚੱਲੀਆਂ ਜੋ ਹੜ੍ਹਾਂ ਤੋਂ ਬਚੇ ਰਹੇ। ਕੁਝ ਕੁ ਥਾਂਈਂ ਹੀ ਨੈਟਵਰਕ ਪ੍ਰਣਾਲੀ ਨੇ ਸੰਕੇਤ ਫੜਨੇ ਸ਼ੁਰੂ ਕੀਤੇ ਹਨ। ਚੋਖਾ ਸ਼ਹਿਰੀ ਖੇਤਰ ਅਤੇ ਜ਼ਿਆਦਾਤਰ ਪਿੰਡਾਂ ਦਾ ਅਜੇ ਵੀ ਫ਼ੋਨ ਜਾਂ ਸੜਕ ਜ਼ਰੀਏ ਸੰਪਰਕ ਨਹੀਂ ਹੈ। ਰਿਵਾਜੀ/ਰਸਮੀ ਹਵਾਈ ਸਰਵੇਖਣ ਵਕਤ ਮੋਦੀ ਨੇ 200 ਕਿਸ਼ਤੀਆਂ ਅਤੇ 1000 ਕਰੋੜ ਰੁਪਏ ਦਾ ਐਲਾਨ ਕੀਤਾ। ਦਰਅਸਲ ਉਦੋਂ ਲੋਕਾਂ ਨੂੰ ਪਾਣੀ 'ਚੋਂ ਨਿਕਲਣ ਲਈ ਕਿਸ਼ਤੀਆਂ ਚਾਹੀਦੀਆਂ ਸਨ, ਰੁਪਏ ਉਦੋਂ ਉਨ੍ਹਾਂ ਦੇ ਕਿਸ ਕੰਮ?

ਮੇਰਾ ਆਪਣੇ ਜਿੰਨੇ ਕੁ ਵੀ ਮਿੱਤਰਾਂ ਤੇ ਸਕੇ-ਸਬੰਧੀਆਂ ਨਾਲ ਸੰਪਰਕ ਹੋਇਆ ਹਾਂ, ਉਨ੍ਹਾਂ ਨੂੰ ਕਿਸੇ ਰਿਸ਼ਤੇਦਾਰ, ਕਿਸੇ ਜਾਨ ਜੋਖ਼ਮ 'ਚ ਪਾਉਣ ਵਾਲੇ ਹਿੰਮਤੀ ਜਾਂ ਮੁਕਾਮੀ ਨੌਜਵਾਨ ਵਾਲੰਟੀਅਰਾਂ ਨੇ ਬਚਾਇਆ। ਕੁਝ ਥਾਂਈਂ ਆਫ਼ਤ ਕੰਟਰੋਲ ਮਹਿਕਮੇ ਦਾ ਅਮਲਾ ਅਤੇ ਫ਼ੌਜ ਰਾਹਤ ਕਾਰਜਾਂ 'ਚ ਲੱਗੀ ਹੋਈ ਹੈ, ਪਰ ਇਹ ਕੋਈ ਜਥੇਬੰਦ ਯਤਨ ਨਹੀਂ। ਘੱਟੋ-ਘੱਟ ਉਸ ਪੈਮਾਨੇ 'ਤੇ ਤਾਂ ਬਿਲਕੁਲ ਨਹੀਂ ਜਿਸ ਨਾਲ ਪਾਣੀ 'ਚ ਘਿਰੇ ਹੋਏ ਸਾਰੇ ਲੋਕਾਂ ਨੂੰ ਕੱਢਿਆ ਜਾ ਸਕਦਾ ਹੋਵੇ। ਇਹ ਲਿਖਣ ਦੇ ਵਕਤ ਵੀ ਫ਼ੌਜੀ ਛਾਉਣੀ ਦੇ ਐਨ ਨਾਲ ਲਗਦੇ ਸ਼ਿਵਪੁਰਾ ਅਤੇ ਇੰਦਰਾ ਨਗਰ ਵੀ ਪੂਰੇ ਖਾਲੀ ਨਹੀਂ ਕਰਾਏ ਜਾ ਸਕੇ ਜੋ ਸਟੇਟ ਦੀ ਅਸਫ਼ਲਤਾ ਦਾ ਸਬੂਤ ਹਨ। ਜੇ ਸ੍ਰੀਨਗਰ ਦੇ ਅਮੀਰ ਹਿੱਸੇ ਦੀ ਇਹ ਹਾਲਤ ਹੈ ਤਾਂ ਗ਼ਰੀਬ ਬਸਤੀਆਂ ਅਤੇ ਪੂਰੀ ਤਰ੍ਹਾਂ ਜਲ-ਥਲ ਪੇਂਡੂ ਇਲਾਕਿਆਂ ਦੀ ਹਾਲਤ ਦੀ ਕਲਪਨਾ ਕੀਤੀ ਹੀ ਜਾ ਸਕਦੀ ਹੈ।

ਕਸ਼ਮੀਰ ਵਿਚੋਂ ਆ ਰਹੀ ਸਭ ਤੋਂ ਪ੍ਰਮਾਣਿਕ



ਤੇ ਯਕੀਨ-ਬੰਨ੍ਹਾਊ ਜਾਣਕਾਰੀ ਸਿਰਫ਼ ਉਨ੍ਹਾਂ ਵਾਲੰਟੀਅਰਾਂ ਵਲੋਂ ਰਿਕਾਰਡ ਕੀਤੇ ਵੀਡੀਓ ਕਲਿਪ ਹਨ ਜਿਨ੍ਹਾਂ ਬਸਤੀਆਂ 'ਚ ਉਨ੍ਹਾਂ ਦੀ ਪਹੁੰਚ ਹੋਈ। ਕੁਝ ਫੁਰਤੀਲੇ ਨੌਜਵਾਨਾਂ ਨੇ ਕਿਸੇ ਤਰ੍ਹਾਂ ਬੀ.ਐਸ.ਐਨ.ਐਲ. ਦੇ ਸਦਰ-ਮੁਕਾਮ ਪਹੁੰਚ ਕੇ ਬੁਰੇ ਹਾਲ ਸਮਿਆਂ ਦੇ ਇਹ ਵੀਡੀਓ ਇੰਟਰਨੈਟ ਉਪਰ ਅੱਪਲੋਡ ਕਰ ਦਿੱਤੇ ਜਿਸ ਨਾਲ ਘਰਾਂ ਤੋਂ ਦੂਰ ਬੈਠਿਆਂ ਨੂੰ ਮੁਕੰਮਲ ਬਲੈਕ-ਆਊਟ ਦੀ ਹਾਲਤ 'ਚ ਕੁਝ ਜਾਣਕਾਰੀ ਮੁਹੱਈਆ ਹੋ ਗਈ।

ਕੌਮੀ ਮੀਡੀਆ ਦੀਆਂ ਗਿਰਝਾਂ ਤਾਂ ਹੈਲੀਕਾਪਟਰਾਂ ਉਪਰ ਵਕਤ ਜ਼ਾਇਆ ਕਰਨ ਅਤੇ ਫ਼ੌਜ ਦੀਆਂ ਘੋੜੀਆਂ ਗਾਉਣ 'ਚ ਮਸਰੂਫ਼ ਹਨ ਜਿਸ ਨੇ ਇਸ ਲਾਣੇ ਨੂੰ ਮੁਫ਼ਤੋ-ਮੁਫ਼ਤੀ ਝੂਟੇ ਦੇ ਦਿੱਤੇ। ਉਹ ਤਾਂ ਕਸ਼ਮੀਰ ਦੀਆਂ ਨਦੀਆਂ ਅਤੇ ਅਹਿਮ ਥਾਂਵਾਂ ਦੇ ਨਾਂਵਾਂ ਦਾ ਉਚਾਰਨ ਵੀ ਗ਼ਲਤ ਹੀ ਕਰ ਰਹੇ ਹਨ। ਰਾਸ਼ਟਰਵਾਦੀ ਸ਼ਬਦ-ਆਡੰਬਰ ਰਚ ਕੇ ਅਤੇ ਕਸ਼ਮੀਰ ਦੇ ਨਾ-ਸ਼ੁਕਰੇ ਤੇ ਦੇਸ਼ਧ੍ਰੋਹੀ ਆਵਾਮ ਨੂੰ ਹਿੰਦੁਸਤਾਨੀ ਸਟੇਟ ਵਲੋਂ ਮਦਦ ਦੇ ਕੇ ਦਿਖਾਈ 'ਦਰਿਆਦਿਲੀ' ਨੂੰ ਵਧਾ-ਚੜ੍ਹਾ ਕੇ ਪੇਸ਼ ਕਰ ਕੇ ਉਹ ਕਸ਼ਮੀਰੀਆਂ ਦੇ ਜ਼ਖ਼ਮਾਂ 'ਤੇ ਲੂਣ ਛਿੜਕ ਰਹੇ ਹਨ। ਉਨ੍ਹਾਂ ਨੂੰ ਇਹ ਕੋਈ ਨਹੀਂ ਦੱਸਦਾ ਕਿ ਜਨੇਵਾ ਕਨਵੈਨਸ਼ਨ ਤਹਿਤ ਸਟੇਟ ਆਪਣੇ ਅਧੀਨ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ ਦਾ ਪਾਬੰਦ ਹੈ। ਸੋਸ਼ਲ ਨੈਟਵਰਕ 'ਚ ਘੁਸ ਕੇ ਬਚਾਓ ਕਾਰਜਾਂ ਦੇ ਉਦੇਸ਼ ਨਾਲ ਮੁਹਿੰਮਾਂ ਚਲਾਉਣ ਵਾਲੇ ਹਿੰਦੁਸਤਾਨੀ ਰਾਸ਼ਟਰਵਾਦੀਆਂ ਅਤੇ ਫਿਰਕਾਪ੍ਰਸਤਾਂ ਦਾ ਵੱਗ ਇਸ ਦੁੱਖ ਨੂੰ ਹੋਰ ਵਧਾ ਰਹੇ ਹਨ। ਉਹ ਵੈਬ ਸਾਈਟਾਂ ਉਪਰ ਕਸ਼ਮੀਰੀਆਂ ਲਈ ਜ਼ਹਿਰੀਲੀ ਦਿਆਲਤਾ, ਘਿਰਣਾ ਅਤੇ ਅਪਮਾਨ ਉਗਲ ਰਹੇ ਹਨ। ਐਸੇ ਇਨਸਾਨੀ ਸੰਕਟ ਦੇ ਵਕਤ ਇਹ ਕੁਝ ਕਿੰਨਾ ਕਿਰਕਿਰਾ ਲਗਦਾ ਹੈ। ਅਸੀਂ ਇਕੋ ਵਕਤ ਹੜ੍ਹ ਅਤੇ ਨਫ਼ਰਤ ਦੀ ਕਾਂਗ ਨਾਲ ਜੂਝ ਰਹੇ ਹਾਂ। ਇਸ ਨਾਲ ਸਾਨੂੰ ਹਿੰਦੁਸਤਾਨ ਨਾਲ ਮੁਹੱਬਤ ਨਹੀਂ ਹੋ ਜਾਣੀ।

ਇਸ ਵਕਤ ਇਕ ਹਾਂ-ਪੱਖ ਵੀ ਹੈ। ਬੰਕਰ, ਰੋਕਾਂ, ਫ਼ੌਜ ਦੀਆਂ ਕਿਲ੍ਹੇਬੰਦੀਆਂ, ਫ਼ੌਜ ਤੇ ਪੁਲਿਸ ਦੇ ਨਾਕੇ ਅਤੇ ਫ਼ੌਜੀ ਕੰਟਰੋਲ ਤੇ ਜਬਰ ਦੇ ਚਿੰਨ੍ਹ ਫਿਲਹਾਲ ਹੜ੍ਹਾਂ 'ਚ ਹੀ ਰੁੜ੍ਹ ਗਏ। ਇਸ ਨਾਲ ਆਵਾਮ ਨੂੰ ਇਸ ਸਭ ਤੋਂ ਕੁਝ ਅਣਕਿਆਸੀ ਰਾਹਤ ਮਿਲ ਗਈ। ਬੰਦੂਕਾਂ ਅਤੇ ਬਖਤਰਬੰਦ ਫ਼ੌਜੀ ਵਾਹਨ ਗ਼ਾਇਬ ਹਨ। ਹਾਲ ਦੀ ਘੜੀ ਲੋਕ ਮਰਜ਼ੀ ਨਾਲ ਇੱਧਰ-ਉਧਰ ਜਾਣ ਲਈ ਆਜ਼ਾਦ ਹਨ। ਇੰਜ ਲਗਦਾ ਹੈ, ਉਹ ਹਰ ਥਾਂ ਦਿਨ-ਰਾਤ, ਪੈਦਲ, ਕਿਸ਼ਤੀਆਂ ਅਤੇ ਨਿੱਜੀ ਵਾਹਨਾਂ ਉਪਰ ਘੁੰਮ ਕੇ ਆਪਣੀ ਸਰਜ਼ਮੀਨ ਉਪਰ ਮੁੜ ਕਾਬਜ਼ ਹੋ ਰਹੇ ਹਨ। ਇਸ ਤ੍ਰਾਸਦੀ ਦੀ ਘੜੀ ਉਹ ਆਵਾਮ ਖ਼ਾਸ ਤਰ੍ਹਾਂ ਦੀ ਆਜ਼ਾਦੀ ਤੇ ਬੰਦ-ਖ਼ਲਾਸੀ ਮਹਿਸੂਸ ਕਰ ਰਹੇ ਹਨ। ਮੁਹੱਲਾ ਕਮੇਟੀਆਂ ਅਤੇ ਉਹ ਪੇਂਡੂ ਜਿਹੜੇ ਤਿਲ-ਫੁੱਲ ਮਦਦ ਲੈ ਕੇ ਬਹੁੜੇ, ਉਹ ਸੜਕਾਂ ਕੰਢੇ ਲੰਗਰ ਲਾ ਕੇ ਬਿਪਤਾ 'ਚ ਫਸੇ ਤੇ ਹੜ੍ਹਾਂ ਮਾਰੇ ਆਵਾਮ ਨੂੰ ਖਾਣਾ ਦੇ ਰਹੇ ਹਨ। ਇਕ ਵੀਡੀਓ ਵਿਚ ਮੈਂ ਖ਼ੁਦ ਦੇਖਿਆ ਕਿ ਫਲਾਂ ਦਾ ਇਕ ਥੋਕ ਵਪਾਰੀ ਆਪਣੇ ਟਰੱਕ ਤੇ ਕੁਝ ਵਾਲੰਟੀਅਰਾਂ ਸਮੇਤ ਵੱਖੋ-ਵੱਖਰੇ ਮੁਹੱਲਿਆਂ 'ਚ ਹੜ੍ਹਾਂ ਮਾਰੇ ਲੋਕਾਂ ਨੂੰ ਫਲ ਵੰਡ ਰਿਹਾ ਹੈ। ਇਸ ਵੀਡੀਓ ਕਲਿੱਪ ਨੇ ਮੈਨੂੰ ਇਕਮੁੱਠਤਾ, ਕੁਰਬਾਨੀ ਅਤੇ ਆਜ਼ਾਦੀ ਦੀ ਉਹ ਯਾਦ ਤਾਜ਼ਾ ਕਰਵਾ ਦਿੱਤੀ ਜੋ ਅਸੀਂ ਆਖ਼ਰੀ ਵਾਰ 1989-90 ਦੇ ਅੰਦੋਲਨ ਵਕਤ ਮਹਿਸੂਸ ਕੀਤੀ ਸੀ ਜਦੋਂ ਉਥੇ ਸਟੇਟ ਦਾ ਕੰਟਰੋਲ ਨਹੀਂ ਸੀ ਰਿਹਾ। ਮੈਂ ਬਾਗੋ-ਬਾਗ਼ ਹਾਂ ਕਿ ਦੋ ਦਹਾਕੇ ਲੰਮੇ ਬੇਰਹਿਮ ਵਹਿਸ਼ੀਕਰਨ ਨਾਲ ਉਹ ਭਾਵਨਾ ਮਰੀ-ਮੁੱਕੀ ਨਹੀਂ।

ਹਵਾਈ ਰਾਹਤ ਯਤਨ ਟਾਂਵੇਂ-ਟਾਂਵੇਂ ਹੀ ਹਨ ਅਤੇ ਜ਼ਿਆਦਾਤਰ ਅਮੀਰ ਸੈਲਾਨੀਆਂ ਤੇ ਵੀ.ਆਈ.ਪੀ. ਲਾਣੇ 'ਤੇ ਕੇਂਦਰਤ ਹਨ ਜਿਨ੍ਹਾਂ ਨੂੰ ਹਵਾਈ ਝੂਟੇ ਦੇ ਕੇ ਮਹਿਫ਼ੂਜ਼ ਥਾਂਵਾਂ 'ਤੇ ਲਿਜਾਇਆ ਗਿਆ ਹੈ। ਹੜ੍ਹਾਂ ਦੀ ਸਭ ਤੋਂ ਭੈੜੀ ਮਾਰ ਦਾ ਸ਼ਿਕਾਰ ਬਿਹਾਰ ਤੇ ਯੂ.ਪੀ. ਦੇ ਪਰਵਾਸੀ ਹੋਏ ਹਨ। ਉਹ ਅਜੇ ਵੀ ਉਨ੍ਹਾਂ ਥਾਂਵਾਂ 'ਤੇ ਘਿਰੇ ਹੋਏ ਹਨ ਜਿਥੇ ਨਾ ਕੋਈ ਰੈਣ-ਬਸੇਰਾ ਹੈ ਤੇ ਨਾ ਖਾਣ-ਪੀਣ ਦਾ ਸਮਾਨ। ਮੈਨੂੰ ਜਾਣਕਾਰੀ ਮਿਲੀ ਹੈ ਕਿ ਰਾਹਤ ਕਾਰਜਾਂ 'ਚ ਲੱਗੇ ਅੱਧੋ ਹੈਲੀਕਾਪਟਰ ਨਕਾਰਾ ਅਤੇ ਮਾੜੀ ਹਾਲਤ 'ਚ ਹਨ। ਦੇਸ਼-ਵਿਦੇਸ਼ ਵਸਦੇ ਕਸ਼ਮੀਰੀਆਂ ਅਤੇ ਹੋਰ ਸ਼ੁਭ-ਚਿੰਤਕਾਂ ਵਲੋਂ ਭੇਜੇ ਜਾ ਰਹੇ ਰਾਹਤ ਦੇ ਸਮਾਨ ਨੂੰ ਕਸ਼ਮੀਰ ਪਹੁੰਚਣ 'ਚ ਬਹੁਤ ਅੜਿੱਕਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਵਕਤ ਸ੍ਰੀਨਗਰ ਹਵਾਈ ਅੱਡਾ ਹੀ ਰਾਹਤ ਦਾ ਸਮਾਨ ਪਹੁੰਚਾਉਣ ਦਾ ਇਕੋ-ਇਕ ਜ਼ਰੀਆ ਹੈ, ਉਥੇ ਵੀ ਬਥੇਰੇ ਅੜਿੱਕੇ ਹਨ। ਜ਼ਿਆਦਾਤਰ ਏਅਰਲਾਈਨਾਂ ਰਾਹਤ ਦੇ ਸਮਾਨ ਦੇ ਪੈਸੇ ਵਸੂਲ ਰਹੀਆਂ ਹਨ। ਆਫ਼ਤ ਮਾਰੇ ਹਰ ਥਾਂ ਦੀ ਤਰ੍ਹਾਂ ਇਥੇ ਵੀ ਸੰਵੇਦਨਹੀਣਤਾ ਦਾ ਬੋਲਬਾਲਾ ਹੈ।

ਕੇਂਦਰ ਦੀ ਪਕੜ ਰਹੀ ਨਹੀਂ। ਰਿਆਸਤੀ ਹਕੂਮਤ ਨੇ ਕਸ਼ਮੀਰੀਆਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਰੱਖਿਆ ਹੈ। ਕਸ਼ਮੀਰੀਆਂ ਤੋਂ ਭੈਭੀਤ, ਇਹ ਕੌਮਾਂਤਰੀ ਪੇਸ਼ੇਵਰ ਰਾਹਤ ਅਤੇ ਮੁੜ-ਵਸੇਬਾ ਕਾਰਵਾਈਆਂ ਦੀ ਇਜਾਜ਼ਤ ਨਹੀਂ ਦੇਵੇਗਾ ਜੋ ਇਸ ਵਕਤ ਕਸ਼ਮੀਰ ਨੂੰ ਬੁਰੀ ਤਰ੍ਹਾਂ ਦਰਕਾਰ ਹੈ। ਅਸੀਂ ਇਕੱਲੇ ਹੀ ਨਜਿੱਠ ਰਹੇ ਹਾਂ।

ਆਪਣੀ ਮਾਂ, ਭੈਣਾਂ, ਭਾਣਜੇ-ਭਾਣਜੀਆਂ ਨਾਲ ਮੇਰੀ ਗੱਲ ਅਜੇ ਹੋਣੀ ਹੈ। ਉਨ੍ਹਾਂ ਦੀ ਸੁੱਖ-ਸਾਂਦ ਪਤਾ ਲਾਉਣ ਦਾ ਕੋਈ ਜ਼ਰੀਆ ਨਹੀਂ ਹੈ। ਕਸ਼ਮੀਰ ਤੋਂ ਬਾਹਰ ਰਹਿ ਰਹੇ ਮੇਰੇ ਵਰਗੇ ਕਸ਼ਮੀਰੀ ਭਰੇ-ਪੀਤੇ ਅਤੇ ਬਹੁਤ ਖ਼ਫ਼ਾ ਹਨ।

# ਕਸ਼ਮੀਰ ਦੇ ਹਾਲਾਤ ਲਈ ਕਸੂਰਵਾਰ ਕੌਣ?

ਪੁੰਨਿਆ ਪ੍ਰਸੂਨ ਬਾਜਪਾਈ
ਪੇਸ਼ਕਸ਼: ਬੂਟਾ ਸਿੰਘ

ਘਾਟੀ ਅਤੇ ਝੀਲ ਦੀ ਖ਼ੂਬਸੂਰਤੀ ਨੇ ਹੀ ਕਸ਼ਮੀਰ ਨੂੰ ਜੰਨਤ ਬਣਾਇਆ ਪਰ ਅੱਜ ਇਹ ਦੋਵੇਂ ਹੀ ਜ਼ਿੰਦਗੀ 'ਤੇ ਹਾਵੀ ਹੋ ਗਈਆਂ ਹਨ। ਜਿਹਲਮ ਦਾ ਪਾਣੀ ਇਕ ਦਰਜਨ ਝੀਲਾਂ ਵਿਚ ਅਤੇ ਝੀਲਾਂ ਦਾ ਪਾਣੀ ਘਾਟੀ ਨੂੰ ਤਹਿਸ-ਨਹਿਸ ਕਰ ਕੇ ਹੁਣ ਤਕ ਡੇਢ ਹਜ਼ਾਰ ਪਿੰਡਾਂ ਨੂੰ ਆਪਣੀ ਲਪੇਟ ਵਿਚ ਲੈ ਚੁੱਕਾ ਹੈ ਜਿਥੇ ਲੱਖਾਂ ਲੋਕਾਂ ਲਈ ਇਕੋ ਇਕ ਸਵਾਲ ਕਿਸੇ ਤਰ੍ਹਾਂ ਜਾਨ ਬਚਾਉਣ ਦਾ ਬਣ ਚੁੱਕਾ ਹੈ। ਆਧੁਨਿਕਤਾ ਦੀ ਚਾਦਰ 'ਚ ਲਿਪਟੀ ਘਾਟੀ ਹੜ੍ਹ ਦੀ ਤ੍ਰਾਸਦੀ ਨਾਲ ਇਕ ਝਟਕੇ 'ਚ ਹੀ ਸਤਵੀਂ ਸਦੀ 'ਚ ਪਹੁੰਚ ਗਈ ਹੈ ਜਦੋਂ ਸਿਰਫ਼ ਲੱਕੜ ਦੀ ਕਿਸ਼ਤੀ ਹੀ ਹੁੰਦੀ ਸੀ; ਪਰ ਅੱਜ ਕਸ਼ਮੀਰ ਨੇ ਪਹਿਲੀ ਦਫ਼ਾ ਉਹ ਸੱਚ ਨੇੜਿਓਂ ਤੱਕਿਆ ਹੈ ਜਦੋਂ ਹੱਥ ਵਿਚ ਮੋਬਾਈਲ ਹਨ, ਫਿਰ ਵੀ ਗੱਲ ਨਹੀਂ ਹੋ ਸਕਦੀ; ਕਿਉਂਕਿ ਸਾਢੇ ਤਿੰਨ ਸੌ ਟਾਵਰ ਡਿੱਗ ਚੁੱਕੇ ਹਨ। ਬਾਰਾਂ ਸੌ ਟਾਵਰਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ। ਡੇਢ ਹਜ਼ਾਰ ਬਿਜਲੀ ਟਰਾਂਸਫਾਰਮਰ ਪਾਣੀ ਵਿਚ ਡੁੱਬੇ ਹੋਏ ਹਨ। ਬਿਜਲੀ ਸਪਲਾਈ ਪੂਰੀ ਤਰ੍ਹਾਂ ਠੱਪ ਹੈ।

ਹਾਲ ਹੀ ਵਿਚ ਮੋਦੀ ਨੇ ਇਕ ਹਜ਼ਾਰ ਕਰੋੜ ਦੀ ਮਦਦ ਦੇ ਐਲਾਨ ਨਾਲ ਹੈਲੀਕਾਪਟਰ ਦੌਰਾ ਕੀਤਾ ਹੈ। ਹਕੀਕਤ ਇਹ ਹੈ ਕਿ 50 ਲੱਖ ਲੋਕਾਂ ਲਈ ਐਲਾਨ ਕੀਤੀ ਰਾਹਤ ਸਮੱਗਰੀ ਸ੍ਰੀਨਗਰ ਸ਼ਹਿਰ ਵਿਚ ਹੀ ਖਪ ਰਹੀ ਹੈ। ਰੇਡੀਓ ਕਸ਼ਮੀਰ ਸਮੇਤ ਕੁਲ ਸੰਚਾਰ ਸੇਵਾਵਾਂ ਠੱਪ ਹਨ।

ਕਸ਼ਮੀਰ ਨੂੰ ਇਸ ਡੋਬੇ ਦੀ ਲਪੇਟ 'ਚ ਆਉਣ ਤੋਂ ਰੋਕਿਆ ਜਾ ਸਕਦਾ ਸੀ? ਘਾਟੀ ਦੇ ਹਜ਼ਾਰਾਂ ਪਿੰਡ ਪਾਣੀ ਵਿਚ ਜਿਸ ਕਦਰ ਡੁੱਬ ਗਏ, ਉਨ੍ਹਾਂ ਨੂੰ ਬਚਾਇਆ ਜਾ ਸਕਦਾ ਸੀ? ਇਹ ਐਸੇ ਸਵਾਲ ਹਨ ਜੋ ਅੱਜ ਕਿਸੇ ਨੂੰ ਵੀ ਪ੍ਰੇਸ਼ਾਨ ਕਰ ਸਕਦੇ ਹਨ ਕਿ ਜੇ ਅਜਿਹਾ ਸੀ, ਤਾਂ ਫਿਰ ਇੰਜ ਹੋਇਆ ਕਿਉਂ ਨਹੀਂ? ਦਰਅਸਲ, ਸਭ ਤੋਂ ਵੱਡਾ ਸਵਾਲ ਇਹੀ ਹੈ ਕਿ ਚਾਰ ਵਰ੍ਹੇ ਪਹਿਲਾਂ ਹੀ ਜੰਮੂ ਕਸ਼ਮੀਰ ਦੇ ਹੜ੍ਹ ਕੰਟਰੋਲ ਵਿਭਾਗ ਨੇ ਇਸ ਦੇ ਸੰਕੇਤ ਦੇ ਦਿੱਤੇ ਸਨ ਕਿ ਆਉਣ ਵਾਲੇ ਪੰਜ ਵਰ੍ਹਿਆਂ ਵਿਚ ਕਸ਼ਮੀਰ ਨੂੰ ਡੁਬੋਣ ਵਾਲੇ ਹੜ੍ਹਾਂ ਦੀ ਤਬਾਹੀ ਆ ਸਕਦੀ ਹੈ। ਉਦੋਂ ਫਰਵਰੀ ਵਿਚ ਹੜ੍ਹ ਕੰਟਰੋਲ ਵਿਭਾਗ ਵਲੋਂ ਬਾਕਾਇਦਾ ਰਿਪੋਰਟ ਤਿਆਰ ਕੀਤੀ ਗਈ ਸੀ ਜਿਸ ਨੂੰ ਘਾਟੀ ਤੋਂ ਛਪਦੇ 'ਗ੍ਰੇਟਰ ਕਸ਼ਮੀਰ' ਨੇ 11 ਫਰਵਰੀ 2010 ਵਾਲੇ ਅੰਕ 'ਚ ਛਾਪਿਆ ਗਿਆ। ਉਸ ਵਕਤ ਕਸ਼ਮੀਰ ਵਿਚ ਤਬਾਹੀ ਦੇ ਸੰਕੇਤ ਦੀ ਗੱਲ ਸੁਣ ਕੇ ਕਸ਼ਮੀਰ ਤੋਂ ਲੈ ਕੇ ਦਿੱਲੀ ਤਕ ਹਕੂਮਤਾਂ ਹਰਕਤ 'ਚ ਜ਼ਰੂਰ ਆਈਆਂ, ਪਰ ਛੇਤੀ ਹੀ ਸਿਆਸੀ ਚਾਲਾਂ ਵਿਚ ਉਲਝ ਕੇ ਰਹਿ ਗਈਆਂ। ਉਸ ਵਕਤ ਹੜ੍ਹ ਕੰਟਰੋਲ ਵਿਭਾਗ ਦੇ ਅਧਿਕਾਰੀਆਂ ਨੇ ਮੰਨਿਆ ਸੀ ਕਿ ਹੜ੍ਹ ਦੇ ਹਾਲਾਤ ਇੰਨੇ ਭਿਆਨਕ ਹੋ ਸਕਦੇ ਹਨ ਕਿ ਸਮੁੱਚਾ ਕਸ਼ਮੀਰ ਹੀ ਡੁੱਬ ਜਾਵੇਗਾ। ਬਾਕਾਇਦਾ ਡੇਢ ਲੱਖ ਕਿਊਸਕ ਪਾਣੀ ਦਰਿਆ ਤੋਂ ਨਿਕਲਣ ਦਾ ਜ਼ਿਕਰ ਕੀਤਾ ਗਿਆ ਸੀ। ਹੁਣ ਸੰਯੋਗ ਦੇਖੋ, ਇਸ ਵਕਤ ਕਸ਼ਮੀਰ ਕਰੀਬ ਪੌਣੇ ਦੋ ਲੱਖ ਕਿਊਸਕ ਪਾਣੀ ਵਿਚ ਡੁੱਬਿਆ ਹੋਇਆ ਹੈ। ਰਿਪੋਰਟ ਅਨੁਸਾਰ ਇਸ ਦਾ ਅੰਦੇਸ਼ਾ ਪਹਿਲਾਂ ਹੀ ਜ਼ਾਹਿਰ ਕਰ ਦਿੱਤਾ ਗਿਆ ਸੀ ਕਿ ਕਸ਼ਮੀਰ ਬਾਕੀ ਹਿੱਸੇ ਨਾਲੋਂ ਪੂਰੀ ਤਰ੍ਹਾਂ ਕੱਟਿਆ ਜਾਵੇਗਾ। ਜੰਮੂ-ਸ੍ਰੀਨਗਰ ਮਾਰਗ ਹੜ੍ਹ ਵਿਚ ਵਹਿ ਜਾਵੇਗਾ। ਹਵਾਈ ਅੱਡੇ ਤਾਈਂ ਜਾਣ ਵਾਲੀ ਸੜਕ ਵੀ ਡੁੱਬ ਜਾਵੇਗੀ, ਤੇ ਹਾਲਾਤ ਤਕਰੀਬਨ ਉਹੀ ਹਨ ਜਿਸ ਦਾ ਜ਼ਿਕਰ ਚਾਰ ਵਰ੍ਹੇ ਪਹਿਲਾਂ ਦੀ ਰਿਪੋਰਟ ਵਿਚ ਕੀਤਾ ਗਿਆ ਸੀ। ਸਵਾਲ ਮਹਿਜ਼ ਹਾਲਾਤ ਐਨ ਉਵੇਂ ਹੀ ਹੋਣ ਦਾ ਨਹੀਂ; ਸਗੋਂ ਹਾਲਾਤ ਐਸੇ ਨਾ ਹੋਣ, ਇਸ ਦੇ ਲਈ ਹੜ੍ਹ ਕੰਟਰੋਲ ਮਹਿਕਮੇ ਨੇ ਬਾਕਾਇਦਾ ਦਸਤਾਵੇਜ਼ਾਂ ਦਾ ਜੋ ਬੰਡਲ ਟਰੱਕ ਵਿਚ ਲੱਦ ਕੇ ਦਿੱਲੀ ਭੇਜਿਆ ਸੀ, ਉਸ ਨੂੰ ਗੰਭੀਰਤਾ ਨਾਲ ਨਾ ਲੈਣ ਦਾ ਹੈ।

ਸਮੁੱਚੀ ਰਿਪੋਰਟ ਜਲ ਸਰੋਤ ਮੰਤਰਾਲੇ ਦੇ ਦਫ਼ਤਰ ਪਹੁੰਚੀ ਸੀ, ਪਰ ਸਮੁੱਚੀ ਰਿਪੋਰਟ ਲੰਘੇ ਚਾਰ ਵਰ੍ਹੇ ਦਫ਼ਤਰ 'ਚ ਪਈ ਗਲਦੀ-ਸੜਦੀ ਰਹੀ। ਉਸ ਵਕਤ ਜੰਮੂ ਕਸ਼ਮੀਰ ਦੇ ਹੜ੍ਹ ਕੰਟਰੋਲ ਵਿਭਾਗ ਨੇ ਕੇਂਦਰ ਤੋਂ 2200 ਕਰੋੜ ਰੁਪਏ ਦੇ ਬਜਟ ਦੀ ਮੰਗ ਕੀਤੀ ਸੀ ਜਿਸ ਨੂੰ 500 ਕਰੋੜ ਰੁਪਏ ਦੀ ਕਿਸ਼ਤ ਦੇ ਹਿਸਾਬ ਨਾਲ ਦੇਣ ਲਈ ਕਿਹਾ ਗਿਆ ਤਾਂ ਕਿ ਹੜ੍ਹ ਕੰਟਰੋਲ ਦੇ ਬੁਨਿਆਦੀ ਢਾਂਚੇ ਨੂੰ ਉਸਾਰਨ ਲਈ ਕੰਮ ਸ਼ੁਰੂ ਹੋ ਸਕੇ, ਪਰ ਉਦੋਂ ਕੇਂਦਰ ਵਿਚ ਮਨਮੋਹਨ ਸਿੰਘ ਦੀ ਹਕੂਮਤ ਨੇ ਮਾਰਚ ਮਹੀਨੇ ਵਿਚ 109 ਕਰੋੜ ਰੁਪਏ ਦੇਣ ਦਾ ਭਰੋਸਾ ਤਾਂ ਦਿਵਾਇਆ, ਪਰ ਨਾ ਦਿੱਲੀ ਤੋਂ ਕੋਈ ਬਜਟ ਸ੍ਰੀਨਗਰ ਪਹੁੰਚਿਆ। ਨਾ ਜੰਮੂ-ਸ੍ਰੀਨਗਰ ਹਕੂਮਤ ਇਸ ਦੌਰ 'ਚ ਕੋਈ ਬੁਨਿਆਦੀ ਢਾਂਚਾ ਖ਼ੁਦ ਹੀ ਬਣਾ ਸਕੀ ਜਿਸ ਨਾਲ ਹੜ੍ਹ ਨੂੰ ਰੋਕਿਆ ਜਾ ਸਕਦਾ। ਹੋਇਆ ਇਸ ਦੇ ਉਲਟ। ਲੰਘੇ ਦਸ ਵਰ੍ਹਿਆਂ ਵਿਚ ਕਸ਼ਮੀਰ ਵਿਚ ਕੋਈ ਐਸੀ ਜਗ੍ਹਾ ਹੀ ਨਹੀਂ ਬਚੀ ਜਿੱਥੋਂ ਹੜ੍ਹ ਦੇ ਪਾਣੀ ਦਾ ਨਿਕਾਸ ਕੀਤਾ ਜਾ ਸਕੇ। ਬੇਸਿਨ ਵਰਗੀਆਂ ਥਾਂਵਾਂ ਤਾਂ ਹੜ੍ਹ ਲਈ ਸੁਰੰਗ ਹੀ ਸਾਬਤ ਹੋਈਆਂ ਕਿਉਂਕਿ ਉਥੇ ਰਿਹਾਇਸ਼ੀ ਅਤੇ ਵਪਾਰਕ ਇਮਾਰਤਾਂ ਨੇ ਸਮੁੱਚੀ ਜ਼ਮੀਨ ਹੀ ਘੇਰ ਲਈ; ਯਾਨਿ ਹੜ੍ਹ ਦੀ ਜਿਸ ਤ੍ਰਾਸਦੀ ਦਾ ਅੰਦੇਸ਼ਾ ਚਾਰ ਵਰ੍ਹੇ ਪਹਿਲਾਂ ਕੀਤਾ ਗਿਆ ਸੀ, ਉਸ ਤੋਂ ਅੱਖਾਂ ਬੰਦ ਕਰ ਕੇ ਕਸ਼ਮੀਰ ਨੂੰ ਜੰਨਤ ਦਾ ਨੂਰ ਬਣਾਉਣ ਦਾ ਸੁਪਨਾ ਦੇਖਣ ਵਾਲਿਆਂ ਨੇ ਕਦੇ ਮਹਿਸੂਸ ਹੀ ਨਹੀਂ ਕੀਤਾ ਕਿ ਜੇ ਐਸਾ ਹੋਵੇਗਾ ਤਾਂ ਫਿਰ ਇਹ ਮੰਜ਼ਰ ਵੀ ਸਾਹਮਣੇ ਆਵੇਗਾ ਜਦੋਂ ਕਸ਼ਮੀਰ ਦੀ ਹੋਂਦ ਉਪਰ ਹੀ ਸਵਾਲੀਆ ਚਿੰਨ੍ਹ ਲੱਗ ਜਾਵੇਗਾ। ਹਰ ਪਾਸੇ ਜਲ-ਥਲ ਹੋਵੇਗਾ ਅਤੇ ਅੰਬਰ ਵੱਲ ਤੱਕਦੀਆਂ ਬੇਵੱਸ ਅੱਖਾਂ ਪੀਣ ਵਾਲੇ ਪਾਣੀ ਲਈ ਵੀ ਤਰਸ ਜਾਣਗੀਆਂ। ਹੁਣ ਪਹਿਲੀ ਦਫ਼ਾ ਇਹ ਸਵਾਲ ਵੀ ਉਠਿਆ ਹੈ ਕਿ ਕੀ ਵਾਕਈ ਵਕਤ ਦੇ ਨਾਲ ਇਸ ਤਰ੍ਹਾਂ ਦੀ ਆਫ਼ਤ ਨਾਲ ਨਜਿੱਠਣ ਦੀ ਸਟੇਟ ਦੀ ਸਮਰੱਥਾ ਖ਼ਤਮ ਹੁੰਦੀ ਜਾ ਰਹੀ ਹੈ। ਕਸ਼ਮੀਰ ਪਹਿਲੀ ਦਫ਼ਾ 1902 'ਚ ਹੜ੍ਹਾਂ ਦੀ ਲਪੇਟ ਵਿਚ ਆਇਆ ਸੀ। ਉਸ ਤੋਂ 57 ਵਰ੍ਹੇ ਪਿੱਛੋਂ 1959 'ਚ ਕਸ਼ਮੀਰ ਘਾਟੀ ਐਨੀ ਭੈੜੀ ਤਰ੍ਹਾਂ ਹੜ੍ਹਾਂ 'ਚ ਘਿਰੀ ਕਿ ਉਦੋਂ ਕਸ਼ਮੀਰ ਨੂੰ ਅੰਗਰੇਜ਼ਾਂ ਤੋਂ ਮਦਦ ਮੰਗਣੀ ਪੈ ਗਈ ਸੀ, ਤੇ ਹੁਣ 2014 ਦੇ ਹਾਲਾਤ ਤਾਂ ਸਭ ਦੇ ਸਾਹਮਣੇ ਹਨ। ਪਹਿਲਾ ਸਵਾਲ ਤਾਂ ਇਹ ਹੈ ਕਿ ਘੱਟੋ-ਘੱਟ ਹਰ 55 ਵਰ੍ਹੇ ਤੋਂ ਪਿੱਛੋਂ ਕਸ਼ਮੀਰ ਹੜ੍ਹਾਂ ਦੀ ਤ੍ਰਾਸਦੀ ਦਾ ਸ਼ਿਕਾਰ ਹੋਇਆ ਹੈ। ਦੂਜਾ ਸਵਾਲ ਹੜ੍ਹ ਨਾਲ ਨਜਿੱਠਣ ਲਈ ਪਹਿਲੀ ਵਾਰ 2014 'ਚ ਹਕੂਮਤ ਬੇਵੱਸ ਨਜ਼ਰ ਆ ਰਹੀ ਹੈ। ਇਸ ਕੋਲ ਕੋਈ ਤਕਨੀਕ ਹੈ ਹੀ ਨਹੀਂ ਕਿ ਕਸ਼ਮੀਰ ਦੇ ਆਵਾਮ ਦੀਆਂ ਜਾਨਾਂ ਕਿਵੇਂ ਬਚਾਈਆਂ ਜਾਣ।

ਚਾਰ ਵਰ੍ਹੇ ਪਹਿਲਾਂ ਹੀ ਜੰਮੂ ਕਸ਼ਮੀਰ ਦੇ ਹੜ੍ਹ ਕੰਟਰੋਲ ਵਿਭਾਗ ਨੇ ਇਸ ਦੇ ਸੰਕੇਤ ਦੇ ਦਿੱਤੇ ਸਨ ਕਿ ਆਉਣ ਵਾਲੇ ਪੰਜ ਵਰ੍ਹਿਆਂ ਵਿਚ ਕਸ਼ਮੀਰ ਨੂੰ ਡੁਬੋਣ ਵਾਲੇ ਹੜ੍ਹਾਂ ਦੀ ਤਬਾਹੀ ਆ ਸਕਦੀ ਹੈ। ਉਦੋਂ ਫਰਵਰੀ ਵਿਚ ਹੜ੍ਹ ਕੰਟਰੋਲ ਵਿਭਾਗ ਵਲੋਂ ਬਾਕਾਇਦਾ ਰਿਪੋਰਟ ਤਿਆਰ ਕੀਤੀ ਗਈ ਸੀ।

ਜਿਹਲਮ ਦੀ ਜ਼ਮੀਨ ਨਾਦਰੂ ਨੰਬਲ, ਨਰਕਾਰਾ ਨੰਬਲ ਅਤੇ ਹੋਕਾਰਸਰ ਉਪਰ ਰਿਹਾਇਸ਼ੀ ਬਸਤੀਆਂ ਬਣਾ ਦਿੱਤੀਆਂ ਗਈਆਂ ਹਨ। ਇਥੋਂ ਤਾਈਂ ਕਿ ਸ੍ਰੀਨਗਰ ਵਿਕਾਸ ਅਥਾਰਟੀ ਨੇ ਵੀ ਹੜ੍ਹ ਨਿਕਾਸ ਚੈਨਲ ਉਪਰ ਸ਼ਾਪਿੰਗ ਕੰਪਲੈਕਸ ਖੋਲ੍ਹ ਦਿੱਤਾ ਹੈ; ਯਾਨਿ ਕਸ਼ਮੀਰ ਜੋ ਅੱਜ ਹੜ੍ਹ ਦੀ ਤ੍ਰਾਸਦੀ ਨਾਲ ਤੜਫ ਰਿਹਾ ਹੈ, ਉਸ ਦੇ ਪਿੱਛੇ ਉਹੀ ਅੰਨ੍ਹੀ ਦੌੜ ਕੰਮ ਕਰ ਰਹੀ ਹੈ ਜੋ ਜ਼ਮੀਨਾਂ ਉਪਰ ਕਬਜ਼ੇ ਕਰ ਕੇ ਮਕਾਨ ਜਾਂ ਦੁਕਾਨਾਂ ਬਣਾਉਣ ਵਿਚ ਹੀ ਸਭ ਤੋਂ ਵੱਡਾ ਸਕੂਨ ਸਮਝਦੀ ਹੈ। ਦੂਜੇ ਪਾਸੇ ਹਰ ਕੋਈ ਇਸ ਨੂੰ ਕੁਦਰਤੀ ਆਫ਼ਤ ਮੰਨ ਕੇ ਖ਼ਾਮੋਸ਼ ਹੈ ਅਤੇ ਇਸ ਦੇ ਕਸੂਰਵਾਰਾਂ ਵੱਲ ਨਜ਼ਰ ਮਾਰ ਕੇ ਉਨ੍ਹਾਂ ਦੀ ਸ਼ਨਾਖ਼ਤ ਕਰਨ ਲਈ ਕੋਈ ਤਿਆਰ ਨਹੀਂ ਹੈ।

# ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ

**ਰੱਬ ਤੇ ਮਨੁੱਖ-2**



**ਪ੍ਰੋ. ਹਰਪਾਲ ਸਿੰਘ**
ਫੋਨ: 916-236-8830

ਉਹ ਅੰਦਰ ਹੈ ਤੁਹਾਡੇ, ਸਾਹਾਂ ਵਿਚ, ਸਾਹਾਂ ਦੀ ਖੁਸ਼ਬੋਈ ਵਿਚ। ਜਾਗਦੀਆਂ ਅੱਖਾਂ ਵਿਚ, ਸੁੱਤੇ ਹੋਏ ਸੁਪਨਿਆਂ ਵਿਚ। ਬੱਸ ਉਹੀ ਤਾਂ ਹੈ- ਨੱਚਦੀਆਂ, ਗਾਉਂਦੀਆਂ 'ਵਾਵਾਂ ਵਿਚ, ਦਰੱਖਤਾਂ ਦੇ ਪੈਰਾਂ ਵਿਚ ਸੁੱਤੇ ਹੋਏ ਪੱਤਿਆਂ ਵਿਚ। ਬੱਸ ਉਹੀ ਤਾਂ ਹੈ- ਚਾਨਣੀ ਰਾਤ ਵਿਚ, ਹਨੇਰੇ ਦੀ ਬੁੱਕਲ ਵਿਚ, ਘੂਕ ਸੁੱਤੀ ਕਾਲੀ ਰਾਤ ਵਿਚ। ਬੱਸ ਉਹੀ ਤਾਂ ਹੈ- ਪੰਛੀਆਂ ਦੇ ਗੀਤਾਂ ਵਿਚ, ਨਦੀ ਦੇ ਨਾਦ ਵਿਚ, ਬੁੱਢੇ ਦੀਆਂ ਝੁਰੜੀਆਂ ਵਿਚ, ਬੱਚੇ ਦੀ ਮੁਸਕਾਨ ਵਿਚ। ਬੱਸ ਉਹੀ ਤਾਂ ਹੈ- ਸੁੱਤੀਆਂ ਰੂਹਾਂ ਵਿਚ, ਫੁੱਲਾਂ ਦੀ ਖੁਸ਼ਬੂ ਵਿਚ। ਬੱਸ ਉਹੀ ਤਾਂ ਹੈ- ਕੁਦਰਤਿ ਕਵਣ ਕਹਾ ਵੀਚਾਰੁ॥

ਕੁਦਰਤਿ ਦਿਸੈ ਕੁਦਰਤਿ ਸੁਣੀਐ
ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ
ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ
ਕੁਦਰਤਿ ਸਰਬ ਵੀਚਾਰੁ॥
ਕੁਦਰਤਿ ਖਾਣਾ ਪੀਣਾ ਪੈਨਹਣੁ
ਕੁਦਰਤਿ ਸਰਬ ਪਿਆਰੁ॥
ਕੁਦਰਤਿ ਜਾਤੀ ਜਿਨਸੀ ਰੰਗੀ
ਕੁਦਰਤਿ ਜੀਅ ਜਹਾਨ॥
ਕੁਦਰਤਿ ਨੇਕੀਆ ਕੁਦਰਤਿ ਬਦੀਆ
ਕੁਦਰਤਿ ਮਾਨੁ ਅਭਿਮਾਨੁ॥
ਕੁਦਰਤਿ ਪਉਣੁ ਪਾਣੀ ਬੈਸੰਤਰੁ
ਕੁਦਰਤਿ ਧਰਤੀ ਖਾਕੁ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ
ਕਰਤਾ ਪਾਕੀ ਨਾਈ ਪਾਕੁ॥
ਨਾਨਕ ਹੁਕਮੈ ਅੰਦਰਿ ਵੇਖੈ
ਵਰਤੈ ਤਾਕੋ ਤਾਕੁ॥
(ਮਹਲਾ ਪਹਿਲਾ, ਪੰਨਾ 464)


ਕਿਵੇਂ ਦੇਖੋਗੇ, ਉਹ ਸੁਆਦ, ਉਹ ਵਿਸਮਾਦ- ਤੁਹਾਡੇ ਵੱਸ ਦਾ ਰੋਗ ਨਹੀਂ।

ਆਪਣਾ ਆਪ ਮਾਰੋਗੇ ਤਾਂ ਜਾਣੋਗੇ ਉਸ ਨੂੰ। ਹਨੇਰਾ ਅੰਦਰ ਹੈ। ਕਿਧਰੇ ਮਨ ਦੀ ਗੁਫ਼ਾ ਵਿਚ ਬੈਠਾ ਹੈ, ਚੁੱਪ ਕੀਤਾ ਹੋਇਆ। ਅੰਦਰ ਤੁਸੀਂ ਕੁਝ ਹੋਰ ਹੋ, ਦਿਖਾ ਕੁਝ ਹੋਰ ਰਹੇ ਹੋ, ਬਣ ਕੁਝ ਹੋਰ ਰਹੇ ਹੋ। ਜ਼ਹਿਰ ਹੈ ਅੰਦਰ, ਸੱਪ ਵਰਗਾ। ਚੇਤਨਾ ਸੁੰਗੜ ਗਈ ਹੈ, ਰੂਹ ਮਰ ਗਈ ਹੈ। ਪੈਂਡਾ ਲੰਮਾ ਹੈ, ਕਠਿਨ ਵੀ ਹੈ; ਦਿਨ, ਮਹੀਨੇ, ਸਾਲਾਂ, ਸਦੀਆਂ ਦਾ। ਸ਼ਾਇਦ ਆਨੰਤ ਦੀ ਯਾਤਰਾ ਹੈ। ਕਰ ਸਕੋਗੇ? ਮਰਨਾ ਪੈਣਾ ਹੈ ਮਨਸੂਰ ਵਾਂਗ। ਸੂਲੀ ਚੜ੍ਹਨਾ ਪੈਣਾ ਹੈ ਈਸਾ ਵਾਂਗ। ਜ਼ਹਿਰ ਪੀਣਾ ਪੈਣਾ ਹੈ ਸੁਕਰਾਤ ਵਾਂਗ, ਮੀਰਾ ਵਾਂਗ। ਪੀ ਸਕੋਗੇ? ਫੋਕੀਆਂ ਟਾਹਰਾਂ ਮਾਰਨਾ ਤੁਹਾਡਾ ਸੁਭਾ ਹੈ। ਚਲਿੱਤਰ ਹੀ ਚਲਿੱਤਰ ਹਨ ਤੁਹਾਡੇ ਕੋਲ।

॥ਸਲੋਕ ਮਹਲਾ ਪਹਿਲਾ॥
ਹਉ ਵਿਚਿ ਆਇਆ ਹਉ ਵਿਚਿ ਗਇਆ॥
ਹਉ ਵਿਚਿ ਜੰਮਿਆ ਹਉ ਵਿਚ ਮੁਆ॥
ਹਉ ਵਿਚਿ ਦਿਤਾ ਹਉ ਵਿਚਿ ਲਇਆ॥
ਹਉ ਵਿਚਿ ਖਟਿਆ ਹਉ ਵਿਚਿ ਗਇਆ॥
ਹਉ ਵਿਚਿ ਸਚਿਆਰੁ ਕੂੜਿਆਰੁ॥
ਹਉ ਵਿਚਿ ਪਾਪ ਪੁੰਨ ਵੀਚਾਰੁ॥
ਹਉ ਵਿਚਿ ਨਰਕਿ ਸੁਰਗਿ ਅਵਤਾਰੁ॥
ਹਉ ਵਿਚਿ ਹਸੈ ਹਉ ਵਿਚਿ ਰੋਵੈ॥
ਹਉ ਵਿਚਿ ਭਰੀਐ ਹਉ ਵਿਚਿ ਧੋਵੈ॥
ਹਉ ਵਿਚਿ ਜਾਤੀ ਜਿਨਸੀ ਖੋਵੈ॥
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ॥
ਮੋਖ ਮੁਕਤਿ ਕੀ ਸਾਰ ਨ ਜਾਣਾ॥
ਹਉ ਵਿਚਿ ਮਾਇਆ ਹਉ ਵਿਚਿ ਛਾਇਆ॥
ਹਉਮੈ ਕਰਿ ਕਰਿ ਜੰਤ ਉਪਾਇਆ॥
ਹਉਮੈ ਬੂਝੈ ਤਾ ਦਰੁ ਸੂਝੈ॥
ਗਿਆਨ ਵਿਹੂਣਾ ਕਥਿ ਕਥਿ ਲੂਝੈ॥
ਨਾਨਕ ਹੁਕਮੀ ਲਿਖੀਐ ਲੇਖੁ॥
ਜੇਹਾ ਵੇਖਹਿ ਤੇਹਾ ਵੇਖੁ॥

ਤੁਸੀਂ ਟੁਕੜਿਆਂ ਵਿਚ ਜੀ ਰਹੇ ਹੋ। ਬਿਮਾਰ ਹੋ ਤੁਸੀਂ। ਪਿੰਡ-ਪਿੰਡ, ਨਗਰ-ਨਗਰ ਸਾਧ ਹਨ, ਸੰਤ ਹਨ, ਬਾਬੇ ਤੇ ਮਹੰਤ ਹਨ। ਉਹ ਰੋਗੀ ਹਨ, ਭੋਗੀ ਹਨ। ਸਹਿਜ ਤੋਂ ਸੱਖਣੇ, ਬਚੋਗੇ ਕਿਵੇਂ? ਬਚ ਸਕੋਗੇ? ਤੁਹਾਡੇ ਅੰਦਰ ਦਾ ਹਨੇਰਾ ਬਾਹਰ ਦੇ ਹਨੇਰੇ ਤੋਂ ਜ਼ਿਆਦਾ ਖਤਰਨਾਕ ਹੈ। ਹੰਕਾਰ ਕਿਤੋਂ ਨਾ ਕਿਤੋਂ ਇਸ਼ਾਰਾ ਜ਼ਰੂਰ ਕਰਦਾ ਹੈ। ਜਿਹੜੀਆਂ ਅੱਖਾਂ ਵਿਚ ਹਉਮੈ ਦੀ ਨੀਂਦ ਹੋਵੇ, ਉਹ ਅਨੰਤ ਦੇ ਸੁਪਨੇ ਨਹੀਂ ਦੇਖ ਸਕਦੀਆਂ। ਹਰ ਡੁੱਬਦਾ ਸੂਰਜ ਤੁਹਾਡੇ ਡੁੱਬਣ ਦੀ ਖਬਰ ਦੇ ਰਿਹਾ ਹੈ। ਮਿਟ ਰਹੇ ਹੋ ਹਰ ਰੋਜ਼। ਤੁਸੀਂ ਸ਼ਿਕਾਇਤਾਂ ਨਾਲ ਭਰੇ ਹੋ। ਜੇ ਮਿਲਦਾ ਨਹੀਂ, ਤਾਂ ਸ਼ਿਕਾਇਤ- ਮੈਨੂੰ ਦਿੱਤਾ ਨਹੀਂ, ਦੂਜਿਆਂ ਦੇ ਘਰ ਭਰ ਰਿਹਾ ਏਂ। ਜੋ ਮਿਲਦਾ ਹੈ, ਉਸ ਨਾਲ ਵੀ ਸਬਰ ਨਹੀਂ- ਮੈਨੂੰ ਥੋੜ੍ਹਾ ਦਿੱਤਾ, ਦੁਸ਼ਮਣ ਨੂੰ ਜ਼ਿਆਦਾ ਦੇ ਰਿਹਾ ਏਂ। ਦੁੱਖ ਬਾਹਰੋਂ ਨਹੀਂ ਆਉਂਦੇ, ਆਪ ਸਹੇੜ ਰਹੇ ਹੋ। ਹਰ ਜਨਮ ਵਾਧਾ ਕਰੀ ਜਾ ਰਹੇ ਹੋ। ਕੰਨ ਰਸ, ਜ਼ਬਾਨ ਰਸ ਦੇ ਮਾਰੇ ਹੋ ਤੁਸੀਂ। ਗਿਆਨ ਰਸ ਤੁਹਾਥੋਂ ਕੋਹਾਂ ਦੂਰ ਹੈ। ਤੁਹਾਡੀ ਚਿੰਤਾ, ਤੁਹਾਡੀਆਂ ਮੰਗਾਂ ਹਨ। ਜਿਹੋ ਜਿਹਾ ਮੈਂ ਚਾਹਿਆ, ਉਹੋ ਜਿਹਾ ਨਹੀਂ ਹੋ ਰਿਹਾ। ਜੋ ਹੋ ਰਿਹਾ ਹੈ, ਉਹ ਨਹੀਂ ਸੀ ਹੋਣਾ ਚਾਹੀਦਾ। ਸੱਚ ਦੇ ਵਿਪਰੀਤ ਖੜ੍ਹੇ ਹੋ, ਸੱਚ ਨੂੰ ਆਪਣੇ ਪੱਖ ਵਿਚ ਕਰਨ ਲਈ ਯਤਨਸ਼ੀਲ ਹੋ। ਸੁੱਤੇ ਨੂੰ ਜਗਾਇਆ ਜਾ ਸਕਦਾ ਹੈ, ਕੁੰਭਕਰਨੀ ਨੀਂਦ ਨੂੰ ਕਿਵੇਂ ਤੋੜੋਗੇ? ਅਗਿਆਨੀ ਨੂੰ ਸਮਝਾਇਆ ਜਾ ਸਕਦਾ ਹੈ; ਜੋ ਗਿਆਨੀ ਬਣ ਖਲੋਤਾ ਹੈ, ਉਸ ਨੂੰ ਕਿਵੇਂ ਸਮਝਾਉਗੇ? ਤੁਸੀਂ ਜੋ ਸੁਣਨਾ ਚਾਹੁੰਦੇ ਹੋ, ਉਹੀ ਸੁਣਦੇ ਹੋ। ਜੋ ਦੱਸਿਆ ਜਾਂਦਾ ਹੈ, ਉਸ ਦੇ ਆਪਣੇ ਹੀ ਅਰਥ ਕੱਢ ਲੈਂਦੇ ਹੋ। ਇਕ ਨਸ਼ਾ ਹੈ ਤੁਹਾਡੇ ਅੰਦਰ-ਬਾਹਰ... ਦੌਲਤ ਦਾ, ਸ਼ੁਹਰਤ ਦਾ; ਪਰਿਵਾਰ ਦਾ, ਗਿਆਨ ਦਾ। ਇਹ ਨਸ਼ਾ ਜਗਾਉਂਦਾ ਨਹੀਂ, ਸੁਲਾਉਂਦਾ ਹੈ। ਬੇਹੋਸ਼ੀ ਦਾ ਨਸ਼ਾ ਹੈ ਇਹ। ਸੂਰਜ ਨਿਕਲ ਆਇਆ ਹੈ, ਤੁਸੀਂ ਬੂਹੇ ਬੰਦ ਕਰੀ ਬੈਠੇ ਹੋ, ਚਾਨਣ ਤੋਂ ਡਰ ਲਗਦਾ ਹੈ।

ਤੁਹਾਡੀ ਜਾਣਕਾਰੀ ਕੀ ਹੈ? ਉਧਾਰੀ ਹੈ, ਬੇਹੀ ਹੈ, ਪਰਾਈ ਹੈ। ਗ੍ਰੰਥ-ਸ਼ਾਸਤਰ ਕਿੰਨੇ ਹੀ ਪੜ੍ਹੋ, ਧਰਮ ਨਾਲ ਸਬੰਧ ਨਹੀਂ ਬਣੇਗਾ। ਤੁਸੀਂ



ਹੀ ਤਾਂ ਹੋ ਜੋ ਦੁਕਾਨ ਚਲਾ ਰਹੇ ਸੀ। ਤੁਸੀਂ ਹੀ ਤਾਂ ਹੋ ਜੋ ਮੰਦਰ ਜਾ ਰਹੇ ਹੋ। ਤੁਹਾਡਾ ਹੋਣਾ ਹੀ ਤੁਹਾਡੀ ਬੇਹੋਸ਼ੀ ਹੈ। ਕੋਈ ਪੁਰਖਿਆਂ ਨੂੰ ਪੂਜ ਰਿਹਾ ਹੈ, ਕੋਈ ਮੜ੍ਹੀਆਂ ਪੂਜ ਰਿਹਾ ਹੈ, ਕੋਈ ਤੀਰਥੀਂ ਇਸ਼ਨਾਨ ਕਰ ਰਿਹਾ ਹੈ। ਕੋਈ ਪੱਥਰ ਦੀਆਂ ਮੂਰਤੀਆਂ ਨੂੰ ਮੱਥਾ ਟੇਕ ਰਿਹਾ ਹੈ। ਮੱਥਾ ਮਨ ਦਾ ਟੇਕਣਾ ਹੈ... ਹੇ ਸੱਚੇ ਪਾਤਸ਼ਾਹ! ਮਨ ਦਾ ਹਨੇਰਾ ਦੂਰ ਕਰ।... ਕੋਈ ਸੰਸਾਰ ਮੰਗ ਰਿਹਾ ਹੈ, ਕੋਈ ਧਨ ਤੇ ਕੋਈ ਪੁੱਤਰ ਮੰਗ ਰਿਹਾ ਹੈ। ਧਰਮ ਦਾ ਇਨ੍ਹਾਂ ਨਾਲ ਕੁਝ ਲੈਣਾ-ਦੇਣਾ ਨਹੀਂ। ਤੁਹਾਡਾ ਧਿਆਨ, ਤੁਹਾਡਾ ਗਿਆਨ ਤੇ ਤੁਹਾਡਾ ਤਿਆਗ, ਤੁਹਾਡੀ ਆਕੜ ਦਾ ਚਿੰਨ੍ਹ ਹੈ। ਮੈਂ ਜਾਣਦਾ ਹਾਂ, ਸਭ ਕੁਝ ਜਾਣਦਾ ਹਾਂ, ਝੁਕਣ ਲਈ ਤਿਆਰ ਨਹੀਂ। ਜਦ ਤੱਕ ਆਕੜ ਨਾਲ ਭਰੇ ਹੋਏ ਹੋ, ਤੁਹਾਨੂੰ ਪਰਮਾਤਮਾ ਦੀ ਲੋੜ ਨਹੀਂ। ਜਿਸ ਦੀ ਤੁਹਾਨੂੰ ਲੋੜ ਨਹੀਂ, ਉਹ ਤੁਹਾਨੂੰ ਕਿਵੇਂ ਮਿਲੇਗਾ? ਤੁਹਾਡੀ ਪ੍ਰਾਰਥਨਾ ਸੰਸਾਰੀ ਹੈ। ਉਸ ਨਾਲ ਧਰਮ ਦਾ ਕੋਈ ਲੈਣਾ-ਦੇਣਾ ਨਹੀਂ। ਸੁੱਕੇ ਪੱਤਿਆਂ ਵਾਂਗ ਤੁਹਾਡੀ ਸੋਚ ਵੀ ਸੁੱਕ ਗਈ ਹੈ। ਸੜਿਆਂਦ ਹਵਾ ਨੂੰ ਦੂਸ਼ਿਤ ਕਰ ਦਿੰਦੀ ਹੈ।

ਕਿਸ ਤਰ੍ਹਾਂ ਸੱਚੇ ਬਣੀਏ? ਕਿਵੇਂ ਸਚਿਆਰੇ ਹੋਈਏ? ਕਿਸ ਮਾਰਗ 'ਤੇ ਚੱਲੀਏ? ਉਸ ਨੂੰ ਪ੍ਰਵਾਨ ਹੋਣ ਲਈ ਝੂਠ ਦੀ ਕੰਧ ਕਿਵੇਂ ਟੁੱਟੇ? ਬਾਬੇ ਦਾ ਫਰਮਾਨ ਹੈ- ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ਉਸ ਦੇ ਹੁਕਮ ਨੂੰ ਮੰਨ ਲਈਏ, ਉਸ ਦੇ ਹੋ ਜਾਈਏ... ਬੱਸ ਉਸ ਦੀ ਮਰਜ਼ੀ, ਜਿਵੇਂ ਉਹ ਕਰਾਏ, ਜਿਵੇਂ ਉਹ ਜੀਵਾਏ, ਜੀਵੀਏ। ਜਿਥੇ ਲੈ ਜਾਏ, ਉਥੇ ਜਾ ਰਹੀਏ। ਏਕ ਦਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥ ਸਭ ਉਸ ਦੀਆਂ ਬਖਸ਼ਿਸ਼ਾਂ ਹਨ। ਉਸ ਦੇ ਸ਼ੁਕਰਾਨੇ ਨਾਲ ਭਰੇ ਮੰਦਰ ਜਾਓ, ਗੁਰਦੁਆਰੇ ਜਾਓ- ਤੂੰ ਬਹੁਤ ਦਿੱਤਾ, ਬਿਨ ਮੰਗਿਆ ਦਿੱਤਾ... ਦਾਤਾ! ਕਿਵੇਂ ਤੇਰਾ ਸ਼ੁਕਰੀਆ ਕਰਾਂ! ਹਰ ਸਾਹ ਉਸ ਦੀ ਦੇਣ ਹੈ। ਆਵੇ ਨਾ ਆਵੇ, ਉਹਦੀ ਮਰਜ਼ੀ।

"ਹੇ ਅਰਜਨ! ਤੂੰ ਇਹ ਨਾ ਸੋਚ ਕਿ ਤੂੰ ਕਰਮ ਕਰ ਰਿਹਾ ਏਂ। ਤੇਰਾ ਸੋਚਣਾ ਗ਼ਲਤ ਹੈ। ਤੇਰੇ ਕੀਤੇ ਕੁਝ ਨਹੀਂ ਹੋਣ ਵਾਲਾ। ਤੇਰਾ ਯੁੱਧ ਕਰਨਾ ਜਾਂ ਨਾ ਕਰਨਾ, ਉਸ ਦਾ ਹੁਕਮ ਹੈ। ਤੂੰ ਹੁਕਮੀ ਹੋ ਜਾ। ਆਪਣਾ ਕਰਮ ਕਰ। ਕਰਮ ਦੇ ਫ਼ਲ ਦੀ ਚਿੰਤਾ ਨਾ ਕਰ। ਕਰਮ ਨਾ ਕਰਨ ਨਾਲ ਕੋਈ ਬੰਦਾ ਕਰਮ ਤੋਂ ਮੁਕਤ ਨਹੀਂ ਹੋ ਸਕਦਾ, ਤੇ ਕੰਮ ਛੱਡ ਦੇਣ ਨੂੰ ਸੰਨਿਆਸ ਨਹੀਂ ਕਿਹਾ ਜਾਂਦਾ। ਇਹ ਸਿੱਧੀ ਨਹੀਂ ਹੈ। ਕੁਦਰਤ ਦੇ ਨਿਯਮਾਂ ਅਨੁਸਾਰ ਹਰ ਹਾਲਤ ਵਿਚ ਵਿਅਕਤੀ ਨੂੰ ਕਰਮ ਕਰਨਾ ਪੈਂਦਾ ਹੈ। ਤੇਰੇ ਲਈ ਜੋ ਕਾਰਜ ਨਿਸ਼ਚਿਤ ਹੈ, ਸੋ ਤੂੰ ਕਰ; ਕਿਉਂਕਿ ਕਰਮ ਕਰਨਾ ਕਰਮਹੀਣ ਹੋਣ ਤੋਂ ਚੰਗਾ ਹੈ। ਹੇ ਅਰਜਨ! ਤੂੰ ਇੱਛਾ ਮੁਕਤ ਹੋ ਕੇ ਸਦਾ ਯੋਗ ਕਰਮ ਕਰਦਾ ਰਹਿ, ਕਿਉਂਕਿ ਨਿਸ਼ਕਾਮ ਕਰਮ ਕਰਨ ਵਾਲਾ ਮਨੁੱਖ ਸਰਬੋਤਮ ਪਰਮੇਸ਼ਵਰ ਨੂੰ ਪ੍ਰਾਪਤ ਕਰ ਲੈਂਦਾ ਹੈ।"

ਮੋਦੀਖਾਨੇ ਸੁਲਤਾਨਪੁਰ ਵਿਚ ਬੈਠਾ ਬਾਬਾ ਨਾਨਕ ਤੇਰਾ ਤੇਰਾ ਕਰਦਾ ਤੇਰਾ ਹੋ ਗਿਆ, ਆਪਾ ਵਿਸਰ ਗਿਆ। ਬਾਬਾ ਉਸੇ ਦਾ ਰੂਪ ਹੋ ਗਿਆ।

"ਰਾਮ ਰਾਮ ਕਰਦੀ ਨੀ ਮੈਂ ਆਪਾ ਰਾਮਾ ਹੋਈ।"

"ਇਹ ਜੋ ਹੋ ਰਿਹਾ ਹੈ, ਜੋ ਹੋਣ ਜਾ ਰਿਹਾ ਹੈ, ਉਸੇ ਦਾ ਹੁਕਮ ਹੈ। ਤੇਰਾ ਮੇਰਾ ਕੁਝ ਨਹੀਂ। ਬਸ ਆਤਮਾ ਨੇ ਤਾਂ ਬਸਤਰ ਬਦਲਣੇ ਹਨ। ਮੀਰ ਸੀ! ਸਹਿਜ ਹੋ ਜਾਓ, ਸ਼ਾਂਤ ਹੋ ਜਾਓ। ਉਸ ਦੇ ਹੁਕਮ ਨੂੰ ਮੰਨੋ।" ਤੱਤੀ ਤਵੀ 'ਤੇ ਬੈਠੇ ਸਤਿਗੁਰੂ ਬੋਲੇ।

"ਜੋ ਹੁਕਮ ਵਿਚ ਆ ਗਿਆ, ਉਹ ਪਾ ਗਿਆ। ਜੋ ਉਸ ਨਾਲੋਂ ਟੁੱਟ ਗਿਆ, ਉਹ ਮੁੱਕ ਗਿਆ। ਇਕ ਥਿੜਕਿਆ ਕਦਮ ਜਨਮਾਂ ਦੀਆਂ ਵਿੱਥਾਂ ਪਾ ਦਿੰਦਾ ਹੈ।"

"ਜਿਹੜਾ ਮਨੁੱਖ ਅੱਲਾਹ ਵਿਚ ਵਿਸ਼ਵਾਸ ਕਰ ਕੇ ਕਰਮ ਕਰਦਾ ਹੈ, ਅੱਲਾਹ ਉਸ ਨੂੰ ਉਨ੍ਹਾਂ ਕਰਮਾਂ ਦਾ ਇਨਾਮ ਦਿੰਦਾ ਹੈ।" (ਕੁਰਾਨ)

"ਮਨੁੱਖ ਦੇ ਮਰਨ ਪਿਛੋਂ ਆਤਮਾ ਨਹੀਂ, ਕਰਮ ਜਾਂਦੇ ਹਨ। ਅਖੰਡ ਦਿਸ ਰਹੇ ਤੱਤ ਖੰਡਿਤ ਹੋਣਗੇ ਤੇ ਘੁਲ ਜਾਣਗੇ। ਤਲਾਸ਼ ਕਰੋ ਜੋ ਅਮਰ ਹੈ। ਧਰਮ ਬਿਨਾਂ ਹੋਰ ਕੁਝ ਅਮਰ ਨਹੀਂ।" (ਧੱਮਪਦ)

"ਜੋ ਕਾਮਨਾ ਤੇ ਅਹੰਭਾਵ ਦਾ ਤਿਆਗ ਕਰ ਕੇ ਕਰਮ ਕਰਦਾ ਹੈ, ਉਹ ਧਰਮੀ ਹੈ। ਉਸ ਨੂੰ ਸੁੱਖ ਤੇ ਪਰਮ ਅਨੰਦ ਮਿਲਦਾ ਹੈ।" (ਗੀਤਾ)

"ਅਨੇਕਾਂ ਦੀਵਿਆਂ ਦੀ ਇਕਸਾਰ ਜਗਦੀ ਜੋਤ ਹੈ ਧਰਮ। ਧਰਮ ਤੋੜਦਾ ਨਹੀਂ, ਜੋੜਦਾ ਹੈ। ਵੰਡੀਆ ਪਾਉਂਦਾ ਨਹੀਂ, ਵੰਡੀਆਂ ਮੇਲਦਾ ਹੈ।"

ਮਨ ਨੂੰ ਮਾਰਨਾ ਨਹੀਂ, ਪ੍ਰੇਮ ਨਾਲ ਸਹਿਜ ਕਰਨਾ ਹੈ। ਬਿਨਾਂ ਪ੍ਰੇਮ ਆਦਮੀ ਅਤ੍ਰਿਪਤ ਹੈ। ਜਿਹੜੀ ਚੀਜ਼ ਪ੍ਰੇਮ ਰਹਿਤ ਹੈ, ਉਹ ਪਾਪ ਹੈ। ਪ੍ਰੇਮ ਦੀਆਂ ਅਨੰਤ ਜੂਨਾਂ ਦਾ ਜੋੜ ਪਰਮਾਤਮਾ ਹੈ। ਪ੍ਰੇਮ ਦੀ ਪ੍ਰਾਪਤੀ ਪਰਮਾਤਮਾ ਦੀ ਪ੍ਰਾਪਤੀ ਹੈ। ਪ੍ਰੇਮ ਤੋਂ ਸੱਖਣੇ ਲੋਕ ਹੀ ਜੰਗਾਂ ਪੈਦਾ ਕਰਦੇ ਹਨ। ਹਿਟਲਰ, ਮਸੋਲਿਨੀ, ਸਟਾਲਿਨ, ਚੰਗੇਜ਼ ਖਾਂ ਕਾਤਲ ਬਣਦੇ ਹਨ, ਪ੍ਰੇਮੀ ਨਹੀਂ। ਜਿਥੇ ਪ੍ਰੇਮ ਨਹੀਂ, ਉਥੇ ਸੇਵਾ ਨਹੀਂ। ਤੁਹਾਡੀ ਸੇਵਾ ਓਪਰੀ-ਓਪਰੀ ਹੈ? ਅੰਦਰ ਤਾਂ ਦੁਸ਼ਮਣੀ, ਈਰਖਾ, ਵੈਰ-ਵਿਰੋਧ ਦੀ ਅੱਗ ਬਲ ਰਹੀ ਹੈ। ਪ੍ਰੇਮ ਦੀ ਸੁਗੰਧ ਹੀ ਸੇਵਾ ਹੈ। ਜਿਥੇ ਸੋਚ ਮਰ ਗਈ, ਚੇਤਨਾ ਮਰ ਗਈ; ਉਥੇ ਫਿਰ ਸੇਵਾ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਪ੍ਰੇਮ ਦੇਣਾ ਹੈ, ਲੈਣਾ ਨਹੀਂ। ਆਪਣੇ ਸੁਭਾਅ ਤੋਂ ਹਟ ਜਾਓ, ਉਸ ਦੇ ਹੁਕਮ ਨੂੰ ਜੀਵਨ ਜਾਚ ਬਣਾਓ।

ਜਿਥੇ ਪ੍ਰੇਮ ਹੈ, ਉਥੇ ਮੰਗ ਨਹੀਂ
ਜਿਥੇ ਮੰਗ ਹੈ, ਉਥੇ ਅੱਯਾਸ਼ੀ ਹੈ।
ਪ੍ਰੇਮ ਅਨੁਭਵ ਹੈ:
ਖਾਕ ਕੋ ਬੁੱਤ, ਬੁੱਤ ਕੋ ਦੇਵਤਾ
ਕਰਤਾ ਹੈ ਇਸ਼ਕ।
ਇੰਤਹਾ ਯੇ ਹੈ ਕਿ ਬੰਦੇ ਕੋ
ਖੁਦ ਕਰਤਾ ਹੈ ਇਸ਼ਕ।
(ਸਾਹਿਰ ਲੁਧਿਆਣਵੀ)
ਪ੍ਰੇਮ ਅਹਿਸਾਸ ਹੈ:
ਹਮ ਨੇ ਦੇਖੀ ਹੈ ਉਨ ਆਖੋਂ ਮੈਂ
ਮਹਿਕਤੀ ਖੁਸ਼ਬੂ
ਹਾਥ ਸੇ ਛੂ ਕੇ ਇਸੇ ਰਿਸ਼ਤੋਂ ਕਾ
ਨਾਮ ਨਾ ਦੋ।
ਸਿਰਫ਼ ਅਹਿਸਾਸ ਹੈ
ਰੂਹ ਸੇ ਮਹਿਸੂਸ ਕਰੋ
ਪਿਆਰ ਕੋ ਪਿਆਰ ਹੀ ਰਹਿਨੇ ਦੋ
ਕੋਈ ਨਾਮ ਨਾ ਦੋ।

***(ਸਮਾਪਤ)***

---



ਚਿੱਤ ਚੇਤਾ

**ਕਾਨਾ ਸਿੰਘ**
ਫੋਨ: 91-95019-44944

# ਵੱਡਿਆਂ ਦਾ ਲਾਂਘਾ

***ਇਸ ਨਿੱਕੇ ਜਿਹੇ ਲੇਖ 'ਵੱਡਿਆਂ ਦਾ ਲਾਂਘਾ' ਵਿਚ ਸੱਚਮੁੱਚ ਕਾਨਾ ਸਿੰਘ ਨੇ ਬਹੁਤ ਵੱਡੀ ਗੱਲ ਕੀਤੀ ਹੈ; ਕੁੱਜੇ ਵਿਚ ਸਮੁੰਦਰ ਭਰਨ ਵਾਂਗ। ਗੱਲ ਬਹੁਤ ਸਾਧਾਰਨ ਹੈ ਅਤੇ ਕਈ ਵਾਰ ਤਾਂ ਇਹ ਥੋੜ੍ਹੇ ਕੀਤਿਆਂ ਪਕੜ ਵਿਚ ਵੀ ਨਹੀਂ ਆਉਂਦੀ, ਪਰ ਜਿਸ ਦੀ ਪਕੜ ਵਿਚ ਆ ਜਾਵੇ, ਫਿਰ ਘੱਟੋ-ਘੱਟ ਪੈਸੇ-ਧੇਲੇ ਦੇ ਪੱਖ ਤੋਂ ਉਹ ਕਦੀ ਔਖਾ ਨਹੀਂ ਹੁੰਦਾ। -ਸੰਪਾਦਕ***

ਨਵੀਨ ਸ਼ਾਹਦਰੇ ਦੇ ਨਗਰਪਾਲਿਕਾ ਸਕੂਲ ਵਿਚ ਨੌਕਰੀ ਲੱਗ ਗਈ। ਪਹਿਲੀ ਤਨਖ਼ਾਹ ਮਿਲੀ ਇਕ ਸੌ ਤੇਤੀ ਰੁਪਏ ਤੇ ਸੱਠ ਪੈਸੇ। ਇਹ ਸਾਰੀ ਮੇਰੀ ਆਪਣੀ ਕਮਾਈ ਸੀ ਤੇ ਆਪੇ ਹੀ ਖਰਚਣ ਦਾ ਹੱਕ ਵੀ। ਅਠਾਰ੍ਹਾਂ ਸਾਲਾਂ ਦੀ ਕਿਸ਼ੋਰੀ ਤੇ ਆਤਮ ਨਿਰਭਰ।

ਇਹ ਪੱਕਾ ਸੀ ਕਿ ਮਾਪਿਆਂ ਨੇ ਮੇਰੀ ਕਮਾਈ ਨੂੰ ਹੱਥ ਨਹੀਂ ਸੀ ਲਾਉਣਾ। ਧੀ ਦੀ ਕਮਾਈ ਉਨ੍ਹਾਂ ਲਈ ਹਰਾਮ ਸੀ, ਘੋਰ ਪਾਪ। ਆਪਣੀ ਹੋਸ਼ ਵਿਚ ਆਪਣੇ ਕਬੀਲੇ ਦਾ ਮੈਂ ਇਹੋ ਵਰਤਾਰਾ ਵੇਖਿਆ ਸੀ।

ਤਨਖ਼ਾਹ ਲੈ ਕੇ ਘਰ ਪਹੁੰਚੀ, ਖੁਸ਼-ਖੁਸ਼ ਤੇ ਉਦਾਸ ਵੀ।

'ਕੇ ਹੋਇਐ ਈ?'

ਮਾਂ ਤਾਂ ਘਰ ਅੰਦਰ ਵੜਦਿਆਂ ਹੀ ਚਿਹਰੇ ਤੋਂ ਪੜ੍ਹ ਲੈਂਦੀ ਸੀ ਸਭ ਕੁਝ।

'ਹਿਕ ਸੌ ਤੇਂਤੀ ਰੁਪਏ... ਤਨਖ਼ਾਹ... ਹਿਤਨੇ ਪੈਸੇ ਮੈਂ ਕੇ ਕਰਸਾਂ?' ਡੁਸਕ ਪਈ ਮੈਂ।

ਮੇਰੀ ਬਸੰਤ ਭੈਣ ਜੀ ਨਾਲ ਵਾਲੇ ਘਰ ਵਿਚ ਰਹਿੰਦੀ ਸੀ। ਜੀਜਾ ਜੀ ਕਲਰਕ ਸਨ, ਯੂ.ਡੀ.ਸੀ.। ਤੇ ਉਨ੍ਹਾਂ ਦੀ ਤਨਖ਼ਾਹ ਇਕ ਸੌ ਪੰਜਾਹ ਰੁਪਏ। ਤਿੰਨ ਬਾਲਕਾਂ ਦੇ ਪਰਿਵਾਰ ਨਾਲ ਭੈਣ ਜੀ ਇਤਨੀ ਰਕਮ ਨਾਲ ਬਹੁਤ ਸੁਹਣਾ ਘਰ ਚਲਾ ਲੈਂਦੀ ਸੀ ਤੇ ਏਧਰ ਸਿਰਫ਼ ਤੇ ਸਿਰਫ਼ ਮੈਂ ਤੇ ਏਡੀ ਵੱਡੀ ਰਕਮ।

'ਸਹਾਰਾ ਕਰ ਤੇਰੇ ਭਾਪਾ ਜੀ ਆਪੇ ਰਾਹ ਦੱਸ ਦੇਸਣ।'

ਬਸ ਕੁਝ ਘੰਟਿਆਂ ਦੀ ਹੀ ਤਾਂ ਦੇਰ ਸੀ। ਭਾਪਾ ਜੀ ਨੇ ਰਾਤੀਂ ਆ ਕੇ ਭੋਜਨ ਕਰਦਿਆਂ ਹੀ ਮੇਰੀ ਸਮੱਸਿਆ ਦਾ ਹੱਲ ਕੱਢ ਲੈਣਾ ਸੀ ਹਮੇਸ਼ਾਂ ਵਾਂਗ।

ਦੂਜੇ ਦਿਨ ਸਵੇਰੇ ਭਾਪਾ ਜੀ ਮੈਨੂੰ ਪਹਿਲਾਂ ਡਾਕਖ਼ਾਨੇ ਲੈ ਗਏ ਤੇ ਖਾਤਾ ਖੁੱਲ੍ਹਵਾ ਦਿੱਤਾ।

'ਸੌ ਰੁਪਏ ਹਰ ਮਹੀਨੇ ਜਮ੍ਹਾਂ ਕਰਵਾ ਦਿਆ ਕਰੀਂ ਤੇ ਉਪਰਲੇ ਪੈਸੇ ਆਪਣੀਆਂ ਲੋੜਾਂ, ਕਿਤਾਬਾਂ, ਫੀਸਾਂ, ਕੱਪੜਿਆਂ ਉਤੇ ਲਾਇਆ ਕਰੀਂ। ਜੇ ਲੋੜ ਪਵੇ ਤਾਂ ਡਾਕਖਾਨਿਓਂ ਹੋਰ ਕਢਾ ਸਕਨੀ ਏਂ।'

ਫਿਰ ਮੈਨੂੰ ਉਹ ਪੰਜਾਬ ਨੈਸ਼ਨਲ ਬੈਂਕ ਲੈ ਗਏ। ਉਥੇ ਵੀ ਪੰਜ ਰੁਪਏ ਨਾਲ ਖਾਤਾ ਖੁੱਲ੍ਹਵਾ ਦਿੱਤਾ। ਜੇ ਪੈਸੇ ਬਚ ਜਾਣ ਤਾਂ ਬੈਂਕ ਵਿਚ ਪਾ ਦਿਆ ਕਰੀਂ। ਦੋਵੇਂ ਖਾਤੇ ਤੇਰੇ ਆਪਣੇ।

'ਪਰ ਇਹ ਤਾਂ ਸਾਰੀ ਬਚਤ ਹੋਈ?' ਮੈਂ ਆਖਿਆ।

'ਹਾਲੇ ਸ਼ੁਰੂਆਤ ਹੈ। ਪੂਣੀ ਛੂਹਣ ਵਾਲੀ ਗੱਲ। ਤੂੰ ਜ਼ਿੰਦਗੀ ਵਿਚ ਵੱਡੇ-ਵੱਡੇ ਕੰਮ ਕਰਨੇ ਨੁ। ਵੱਡੀਆਂ ਪੜ੍ਹਾਈਆਂ ਤੈ ਵੱਡੇ ਖਰਚੇ। ਬਸ ਹਿਕੋ ਗੁਰ ਪੱਲੇ ਬੰਨ੍ਹ ਲੈ ਕਿ ਖਰਚ ਆਮਦਨ ਤੋਂ ਕਦੇ ਵਧ ਨਾ ਹੋਵੇ। ਤੇ ਨਾ ਹੀ ਉਧਾਰ ਲੈਣਾ ਪਵੇ।'

ਭਾਪਾ ਜੀ ਦੀ ਨਸੀਅਤ ਮੈਂ ਪੱਲੇ ਬੰਨ੍ਹ ਲਈ।

ਅੱਧੀ ਸਦੀ ਤੋਂ ਵੀ ਲਗਭਗ ਦਹਾਕਾ ਉਪਰ ਹੋ ਗਿਆ ਹੈ। ਬੜੇ ਤੱਤੇ ਠੰਢੇ ਦਿਨ ਵੇਖੇ ਹਨ। ਬੜੀ ਵਾਰ ਉਜਾੜੇ ਤੇ ਮੁੜ ਵਸੇਵੇਂ ਹੋਏ ਪਰ ਮੈਂ ਸਦਾ ਆਪਣੀ ਮੀਜਾ ਵਿਚ ਹੀ ਰਹੀ। ਚਾਦਰ ਮੁਤਾਬਕ ਹੀ ਪੈਰ ਪਸਾਰੇ। ਨਾ ਕਦੇ ਥੁੜ੍ਹ ਤਕੀ ਤੇ ਨਾ ਤੰਗੀ। ਨਾ ਹੀ ਕਦੇ ਕਿਸੇ ਸਾਕ ਸਬੰਧੀ, ਮਿੱਤਰ ਜਾਂ ਬੈਂਕ ਤੋਂ ਹੀ ਕਰਜ਼ਾ ਲਿਆ।

'ਜਿਹੜਾ ਪੈਸੇ ਨਹੀਂ ਸੰਭਾਲ ਸਕਨਾ, ਉਹ ਕੁਝ ਵੀ ਨਹੀਂ ਸੰਭਾਲ ਸਕਨਾ। ਨਾ ਵਸਤਾਂ, ਨਾ ਘਰ, ਨਾ ਬੱਚੇ, ਨਾ ਮਾਪੇ। ਨਾ ਰਿਸ਼ਤੇਦਾਰੀਆਂ, ਨਾ ਕੁੜਮਚਾਰੀਆਂ। ਪੈਸਾ ਆਖਨੈ ਤੂੰ ਮੇਰੀ ਕਦਰ ਕਰ ਤੈ ਮੈਂ ਤੇਰੀ ਕਰਸਾਂ।' ਦਾਦੀ ਅਕਸਰ ਕਹਿੰਦੀ।

***"ਜਿਹੜਾ ਪੈਸੇ ਨਹੀਂ ਸੰਭਾਲ ਸਕਨਾ, ਉਹ ਕੁਝ ਵੀ ਨਹੀਂ ਸੰਭਾਲ ਸਕਨਾ। ਨਾ ਵਸਤਾਂ, ਨਾ ਘਰ, ਨਾ ਬੱਚੇ, ਨਾ ਮਾਪੇ। ਨਾ ਰਿਸ਼ਤੇਦਾਰੀਆਂ, ਨਾ ਕੁੜਮਚਾਰੀਆਂ। ਪੈਸਾ ਆਖਨੈ ਤੂੰ ਮੇਰੀ ਕਦਰ ਕਰ ਤੈ ਮੈਂ ਤੇਰੀ ਕਰਸਾਂ।" ਦਾਦੀ ਅਕਸਰ ਕਹਿੰਦੀ।***


'ਜਿਹੜਾ ਪੈਸੇ ਨੀ ਕਦਰ ਨਹੀਂ ਕਰਨਾ, ਉਸਨਾ ਨਾ ਤੇ ਕੋਈ ਅਸੂਲ ਹੋਨਾ ਵੈ ਤੈ ਨਾ ਹੀ ਇਖਲਾਕ।' ਮਾਂ ਦਾ ਵੀ ਅਕਸਰ ਇਹੀ ਜੁਮਲਾ ਹੁੰਦਾ।

ਮਾਪਿਆਂ ਦੀ ਨਸੀਹਤ ਮੁਤਾਬਕ ਹੀ ਚੱਲੀ ਹਾਂ ਮੈਂ, ਪਰ ਕੀ ਇਹ 'ਮੈਂ' ਹੀ ਹਾਂ?

ਨਹੀਂ, ਇਹ ਮੇਰੇ ਅੰਦਰ ਦੇ ਮਾਪੇ ਨੇ, ਬੇਜੀ ਤੇ ਸ਼ਾਇਦ ਉਨ੍ਹਾਂ ਦੇ ਵੀ ਮਾਪਿਆਂ ਦੇ ਮਾਪੇ। ਮੇਰੇ ਵੱਡ-ਵਡੇਰੇ। ਮੈਂ ਤਾਂ ਬੱਸ ਲਾਂਘਾ ਹੀ ਹਾਂ, ਵੱਡਿਆਂ ਦਾ ਲਾਂਘਾ।

# ਵਿਦੇਸ਼ੀ ਪੂੰਜੀ ਦੇ ਚਾਅ 'ਚ ਪਿਛਲਾ ਤਜ਼ਰਬਾ ਭੁੱਲੀ ਸਰਕਾਰ

## ਸਿਆਸਤ ਦਾ ਪਿੜ



**ਜਤਿੰਦਰ ਪਨੂੰ**
ਫੋਨ: 91-98140-68455

ਖੁੱਲ੍ਹੇ ਬਾਜ਼ਾਰ ਦੀ ਵਿਵਸਥਾ ਵੇਖਣ ਨੂੰ ਬੜੀ ਚੰਗੀ ਲੱਗਦੀ ਹੈ। ਪੂੰਜੀਵਾਦ ਦੇ ਢੰਡੋਰਚੀ ਕਹਿੰਦੇ ਹਨ ਕਿ ਸਾਰੇ ਦੇਸ਼ਾਂ ਦੇ ਕਾਰੋਬਾਰੀਆਂ ਨੂੰ ਦੁਨੀਆਂ ਦੇ ਹਰ ਦੇਸ਼ ਅੰਦਰ ਜਾ ਕੇ ਪੂੰਜੀ ਲਾਉਣ, ਲੋਕਾਂ ਦੀ ਸੇਵਾ ਕਰਨ ਅਤੇ ਫਿਰ ਇਸ ਨਾਲ ਮੁਨਾਫਾ ਕਮਾਉਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਦੀ ਸੋਚ ਨੂੰ ਪੇਸ਼ ਕਰਨ ਵੇਲੇ ਉਹ ਇੱਕ ਦੇਸ਼ ਤੋਂ ਦੂਸਰੇ ਵਿਚ ਜਾਣ ਨੂੰ ਇੱਕੋ ਸ਼ਹਿਰ ਦੇ ਇੱਕ ਬਾਜ਼ਾਰ ਤੋਂ ਦੂਸਰੇ ਬਾਜ਼ਾਰ ਜਾਂ ਫਿਰ ਨਾਲ ਦੇ ਸ਼ਹਿਰ ਜਾਣ ਜਿੰਨਾ ਸੌਖਾ ਬਣਾ ਕੇ ਪੇਸ਼ ਕਰਨ ਦਾ ਯਤਨ ਕਰਦੇ ਹਨ। ਨੀਤ ਦਾ ਸਾਰਾ ਖੋਟ ਇਸੇ ਪੇਸ਼ਕਾਰੀ ਵਿਚ ਛੁਪਿਆ ਹੁੰਦਾ ਹੈ। ਸਰਮਾਏ ਦੀ ਇਹੋ ਜਿਹੀ ਖੇਡ ਜਦੋਂ ਖੇਡੀ ਜਾਂਦੀ ਹੈ, ਵੱਡੇ ਸਰਮਾਏਦਾਰ ਛੋਟਿਆਂ ਨੂੰ ਅਤੇ ਵੱਡੇ ਦੇਸ਼ਾਂ ਵਾਲੇ ਸਰਮਾਏਦਾਰ ਛੋਟੇ ਦੇਸ਼ਾਂ ਦੇ ਲੋਕਾਂ ਨੂੰ ਚੱਬਣ ਲਈ ਉਹ ਚੁਸਤੀਆਂ ਵਰਤ ਜਾਂਦੇ ਹਨ, ਜਿਨ੍ਹਾਂ ਬਾਰੇ ਪਤਾ ਹੋਣ ਦੇ ਬਾਵਜੂਦ ਸਰਕਾਰਾਂ ਦੇ ਕਰਤੇ-ਧਰਤੇ ਉਨ੍ਹਾਂ ਵੱਲ ਲੋਕਾਂ ਦਾ ਧਿਆਨ ਨਹੀਂ ਜਾਣ ਦਿੰਦੇ। ਉਹ ਸਿਰਫ ਇਹ ਦਿਖਾਉਣ ਦਾ ਉਤਸ਼ਾਹ ਵਿਖਾਉਂਦੇ ਹਨ ਕਿ ਜਿਹੜਾ ਕੰਮ ਅਸੀਂ ਹੁਣ ਕਿਸੇ ਦੇਸ਼ ਨਾਲ ਮਿਲ ਕੇ ਕਰਨ ਜਾ ਰਹੇ ਹਾਂ, ਇਸ ਨਾਲ ਹਰ ਪਾਸੇ ਦੁੱਧ-ਘਿਓ ਦੀਆਂ ਨਹਿਰਾਂ ਇੰਜ ਵਗਣੀਆਂ ਹਨ ਕਿ ਸਾਥੋਂ ਆਪਣੀ ਖੁਸ਼ਹਾਲੀ ਦੇ ਅੰਕੜੇ ਵੀ ਨਹੀਂ ਗਿਣੇ ਜਾ ਸਕਣੇ।

ਅਸੀਂ ਪਿਛਲੇ ਹਫਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜਾਪਾਨ ਦੌਰਾ ਵੇਖਿਆ ਹੈ, ਜਿਸ ਦੀ ਖਾਸ ਗੱਲ ਇਹ ਨਹੀਂ ਕਿ ਉਨ੍ਹਾਂ ਨੇ ਪੂਜਾ ਕਿਸ ਮੰਦਰ ਵਿਚ ਕੀਤੀ, ਸਗੋਂ ਇਹ ਸੀ ਕਿ ਕਾਰੋਬਾਰ ਬਾਰੇ ਉਹ ਕਿਹੜੇ ਲੋਕਾਂ ਨਾਲ ਕੀ ਸਾਂਝ ਪਾ ਕੇ ਆਏ ਹਨ? ਆਪਣੇ ਦੌਰੇ ਤੋਂ ਮੋਦੀ ਸਾਹਿਬ ਏਨੇ ਬਾਗੋ-ਬਾਗ ਸਨ ਕਿ ਉਨ੍ਹਾਂ ਇਹ ਐਲਾਨ ਕਰ ਦਿੱਤਾ ਕਿ ਜਪਾਨ ਵਰਗੇ ਦੇਸ਼ ਨਾਲ ਸਬੰਧਤ ਹਰ ਕੰਮ ਬਾਰੇ ਹੁਣ ਸਾਡੇ ਦੇਸ਼ ਦਾ ਕੋਈ ਮੰਤਰਾਲਾ ਨਹੀਂ, ਪ੍ਰਧਾਨ ਮੰਤਰੀ ਦਾ ਦਫਤਰ ਖੁਦ ਸਿੱਧੀ ਕਮਾਨ ਸੰਭਾਲੇਗਾ। ਵਿਦੇਸ਼ ਮੰਤਰਾਲੇ ਨੂੰ ਬਾਹਰ ਕਰ ਕੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਦਫਤਰ ਅੰਦਰ 'ਜਪਾਨ ਪਲਸ ਕਮੇਟੀ' ਬਣਾ ਕੇ ਜੇ ਸਾਰੀ ਕਮਾਨ ਆਪ ਸੰਭਾਲ ਲਈ ਤਾਂ ਏਨੇ ਨਾਲ ਇਸ ਗੱਲ ਦੀ ਗਾਰੰਟੀ ਨਹੀਂ ਹੋ ਜਾਣੀ ਕਿ ਕੋਈ ਗੜਬੜ ਨਹੀਂ ਹੋਵੇਗੀ। ਜਿਨ੍ਹਾਂ ਨੇ ਲੈਣ-ਦੇਣ ਕਰਨਾ ਹੈ, ਉਹ ਸੌ ਪਹਿਰਿਆਂ ਅੰਦਰ ਰਹਿ ਕੇ ਵੀ ਕਰੀ ਜਾਂਦੇ ਹਨ। ਜਦੋਂ ਹਰ ਕਿਸੇ ਦੀ ਨਜ਼ਰ ਸੀ ਬੀ ਆਈ ਦੇ ਡਾਇਰੈਕਟਰ ਰਣਜੀਤ ਸਿਨਹਾ ਉਤੇ ਟਿਕੀ ਸੀ, ਉਹ ਉਦੋਂ ਵੀ ਆਪਣੇ ਦਫਤਰ ਤੋਂ ਓਹਲਾ ਰੱਖ ਕੇ ਕਾਰਪੋਰੇਟ ਘਰਾਣਿਆਂ ਦੇ 'ਲੋੜਵੰਦ' ਮਾਲਕਾਂ ਤੇ ਉਨ੍ਹਾਂ ਦੇ ਏਜੰਟਾਂ ਨੂੰ ਆਪਣੇ ਘਰ ਮਿਲਣ ਲੱਗਾ ਰਿਹਾ ਸੀ। ਇਹ ਵਿਹਾਰ ਅੱਗੋਂ ਵੀ ਕੋਈ ਹੋਰ ਅਫਸਰ ਕਰ ਸਕਦਾ ਹੈ।

ਪੰਦਰਾਂ ਹਫਤੇ ਪਹਿਲਾਂ ਭਾਰਤ ਦੀ ਕਮਾਨ ਸਾਂਭਣ ਵਾਲੇ ਪ੍ਰਧਾਨ ਮੰਤਰੀ ਦੀ ਇਮਾਨਦਾਰੀ ਬਾਰੇ ਕਿਸੇ ਨੂੰ ਹੁਣੇ ਕਿੰਤੂ ਕਰਨ ਦੀ ਲੋੜ ਨਹੀਂ, ਪਰ ਪ੍ਰਧਾਨ ਮੰਤਰੀ ਨੂੰ ਕੁਝ ਪੁਰਾਣਾ ਤਜ਼ਰਬਾ ਯਾਦ ਕਰਵਾਇਆ ਜਾ ਸਕਦਾ ਹੈ।

ਅਸੀਂ ਪਿਛਲੀ ਸਰਕਾਰ ਦੇ ਵੇਲੇ ਸਿਰਫ ਭਾਰਤ ਦੀਆਂ ਕਾਰਪੋਰੇਸ਼ਨਾਂ ਦੇ ਕਿੱਸੇ ਹੀ ਨਹੀਂ ਸੀ ਸੁਣੇ, ਆਗਸਤਾ ਹੈਲੀਕਾਪਟਰ ਸੌਦੇ ਦੀ ਖੇਹ ਉਡਦੀ ਵੀ ਵੇਖ ਲਈ ਸੀ। ਕਿਉਂਕਿ ਉਹ ਸੌਦਾ ਇਟਲੀ ਦੀ ਇੱਕ ਫਰਮ ਨਾਲ ਹੋਇਆ ਸੀ, ਇਸ ਲਈ ਸੋਨੀਆ ਗਾਂਧੀ ਦੇ ਪੇਕੇ ਇਟਲੀ ਵਿਚ ਹੋਣ ਨਾਲ ਉਸੇ ਬਾਰੇ ਚਰਚਾ ਹੁੰਦੀ ਰਹੀ, ਪਰ ਤੱਥ ਇਹ ਵੀ ਹੈ ਕਿ ਉਸ ਸੌਦੇ ਦੀ ਕਾਰਵਾਈ ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਸ਼ੁਰੂ ਕੀਤੀ ਸੀ। ਉਸ ਤੋਂ ਪਹਿਲਾਂ ਬੋਫੋਰਜ਼ ਤੋਪ ਸੌਦਾ ਵੀ ਦੋਵਾਂ ਪਾਰਟੀਆਂ ਨੂੰ ਵਲ੍ਹੇਟਦਾ ਸੀ। ਬੋਫੋਰਜ਼ ਤੋਪ ਸੌਦੇ ਦਾ ਇੱਕ ਏਜੰਟ ਓਤਾਵੀਓ ਕੁਆਤਰੋਚੀ ਇਟਲੀ ਦਾ ਹੋਣ ਕਰ ਕੇ ਬਹੁਤੀ ਗੱਲ ਕਾਂਗਰਸ ਵੱਲ ਗਈ, ਪਰ ਨਾਲ ਜਿਹੜੇ ਤਿੰਨ ਹਿੰਦੂਜਾ ਭਰਾ ਫਸੇ ਹੋਏ ਸਨ, ਉਹ ਵਾਜਪਾਈ ਸਾਹਿਬ ਦੇ ਨੇੜੂ ਸਨ ਤੇ ਉਨ੍ਹਾਂ ਤਿੰਨਾਂ ਦੀ ਉਸ ਕੇਸ ਤੋਂ ਖਲਾਸੀ ਵੀ ਵਾਜਪਾਈ ਸਰਕਾਰ ਦੇ ਵਕਤ ਹੋਈ ਸੀ। ਏਦਾਂ ਦੇ ਕਈ ਕੇਸ ਹੋਰ ਦੱਸੇ ਜਾ ਸਕਦੇ ਹਨ, ਜਿੱਥੇ ਇਹ ਦੋਵੇਂ ਪਾਰਟੀਆਂ ਦਾਗੀ ਸਨ।

ਇਹ ਦੋਵੇਂ ਰਾਜਸੀ ਧਿਰਾਂ ਇਸ ਲਈ ਦੋਸ਼ੀ ਸਨ ਕਿ ਵਿਦੇਸ਼ੀ ਕਾਰਪੋਰੇਸ਼ਨਾਂ ਨੇ ਜਦੋਂ ਭਾਰਤ ਵਿਚ ਕਾਰੋਬਾਰ ਕਰਨਾ ਸੀ ਤਾਂ ਇਨ੍ਹਾਂ ਦੋਵਾਂ ਦੇ ਆਗੂਆਂ ਨੂੰ ਚੋਗਾ ਪਾ ਕੇ ਕਾਰਿੰਦਿਆਂ ਵਾਂਗ ਵਰਤ ਲਿਆ ਸੀ ਤੇ ਇਨ੍ਹਾਂ ਦੇ ਆਗੂ ਇਹ ਸਮਝਦੇ ਰਹੇ ਕਿ ਕੰਪਨੀ ਵਿਦੇਸ਼ੀ ਹੈ ਅਤੇ ਭੇਦ ਨਹੀਂ ਖੁੱਲ੍ਹਣਾ। ਇਸੇ ਦੀ ਇੱਕ ਮਿਸਾਲ ਐਨਰਾਨ ਬਣੀ ਸੀ। ਐਨਰਾਨ ਕੰਪਨੀ ਨੇ ਮਹਾਰਾਸ਼ਟਰ ਵਿਚ ਬਿਜਲੀ ਪ੍ਰਾਜੈਕਟ ਲਾਉਣਾ ਸੀ। ਨਰਸਿਮਹਾ ਰਾਓ ਸਰਕਾਰ ਨੇ ਜਦੋਂ ਪ੍ਰਾਜੈਕਟ ਪ੍ਰਵਾਨ ਕਰਨਾ ਸੀ, ਮਹਾਰਾਸ਼ਟਰ ਦੀ ਸ਼ਿਵ ਸੈਨਾ ਨਾਲ ਮਿਲ ਕੇ ਭਾਜਪਾ ਨੇ ਦੁਹਾਈ ਪਾਈ ਕਿ ਕਰੋੜਾਂ ਰੁਪਏ ਰਿਸ਼ਵਤ ਲੈ ਕੇ ਪ੍ਰਾਜੈਕਟ ਪਾਸ ਕੀਤਾ ਜਾ ਰਿਹਾ ਹੈ। ਰਾਓ ਨੇ ਪ੍ਰਵਾਨਗੀ ਰੋਕ ਦਿੱਤੀ। ਇਸ ਦੇ ਪਿੱਛੋਂ ਚੋਣਾਂ ਹੋਈਆਂ ਤੇ ਸਿਰਫ ਤੇਰਾਂ ਦਿਨ ਲਈ ਕੰਮ ਚਲਾਊ ਸਰਕਾਰ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ ਬਣ ਗਈ। ਜਿਹੜੀ ਭਾਜਪਾ ਇਹ ਕਹਿੰਦੀ ਸੀ ਕਿ ਐਨਰਾਨ ਪ੍ਰਾਜੈਕਟ ਨੂੰ ਨਰਸਿਮਹਾ ਰਾਓ ਸਰਕਾਰ ਕਰੋੜਾਂ ਰੁਪਏ ਰਿਸ਼ਵਤ ਲੈ ਕੇ ਪਾਸ ਕਰਨ ਚੱਲੀ ਹੈ, ਉਸੇ ਭਾਜਪਾ ਦੀ ਸਿਰਫ ਤੇਰਾਂ ਦਿਨਾਂ ਦੀ ਕੱਚੀ ਸਰਕਾਰ ਨੇ ਐਨਰਾਨ ਪ੍ਰਾਜੈਕਟ ਦੀ ਰੁਕੀ ਹੋਈ ਪ੍ਰਵਾਨਗੀ ਦੀ ਫਾਈਲ ਪਾਸ ਕਰ ਦਿੱਤੀ ਸੀ। ਫਿਰ ਉਹ ਪ੍ਰਾਜੈਕਟ ਲਾਉਣ ਲਈ ਭਾਰਤ ਆਈ ਅਮਰੀਕਾ ਦੀ ਉਹੋ ਕਾਰਪੋਰੇਸ਼ਨ ਐਨਰਾਨ ਆਪਣੇ ਦੇਸ਼ ਵਿਚ ਸਕੈਂਡਲਾਂ ਵਿਚ ਫਸ ਗਈ ਅਤੇ ਉਸ ਦੇ ਮਾਲਕਾਂ ਨੂੰ ਜੇਲ੍ਹ ਜਾਣਾ ਪੈ ਗਿਆ, ਪਰ ਭਾਰਤ ਵਿਚ ਮਨਜ਼ੂਰੀ ਦੇਣ ਅਤੇ ਦਿਵਾਉਣ ਵਾਲਿਆਂ ਨੂੰ ਕਿਸੇ ਨੇ ਇਸ ਬਾਰੇ ਪੁੱਛਿਆ ਤੱਕ ਨਹੀਂ ਸੀ।

ਬੀਤੇ ਹਫਤੇ ਇਹ ਖਬਰ ਆਈ ਹੈ ਕਿ ਫਰਾਂਸ ਦੀ ਕਾਰਪੋਰੇਸ਼ਨ ਅਲਸਟੋਮ ਦੀ ਇੰਗਲੈਂਡ ਯੂਨਿਟ ਨੇ ਪੋਲੈਂਡ ਤੇ ਟਿਊਨੀਸ਼ੀਆ ਦੇ ਨਾਲ ਭਾਰਤ ਦੀ ਮੈਟਰੋ ਰੇਲ ਕਾਰਪੋਰੇਸ਼ਨ ਤੋਂ ਪ੍ਰਾਜੈਕਟ ਲੈਣ ਵਾਸਤੇ ਵੀ ਰਿਸ਼ਵਤ ਦਿੱਤੀ ਸੀ। ਪਹਿਲੀਆਂ ਇਟਲੀ ਵਾਲੀਆਂ ਕੰਪਨੀਆਂ ਵੀ ਆਪਣੇ ਦੇਸ਼ ਤੋਂ ਕੰਮ ਨਹੀਂ ਸੀ ਕਰਦੀਆਂ। ਕਿਸੇ ਨੇ ਬ੍ਰਿਟੇਨ ਵਿਚੋਂ ਕੰਮ ਕੀਤਾ ਅਤੇ ਕਿਸੇ ਨੇ ਕਿਸੇ ਹੋਰ ਦੇਸ਼ ਵਿਚ ਅੱਡਾ ਖੋਲ੍ਹ ਕੇ ਦਲਾਲ ਰੱਖੇ ਅਤੇ ਉਨ੍ਹਾਂ ਰਾਹੀਂ ਭਾਰਤ ਦੇ ਲੀਡਰਾਂ ਦੇ ਹੱਥ ਗਰਮ ਕੀਤੇ ਸਨ। ਫਰਾਂਸ ਦੀ ਇਸ ਕਾਰਪੋਰੇਸ਼ਨ ਨੇ ਇੰਗਲੈਂਡ ਵਿਚ ਦਫਤਰ ਖੋਲ੍ਹ ਕੇ ਇਹ ਕੰਮ ਕਰ ਲਿਆ। ਤਾਜ਼ਾ ਮਾਮਲਾ ਕੰਪਿਊਟਰ ਕਾਰੋਬਾਰ ਕਰਦੀ ਕੰਪਨੀ ਹੈਵਲਕ ਪੈਕਰਡ ਦਾ ਹੈ, ਜਿਸ ਨੂੰ ਇਸ ਕਾਰੋਬਾਰ ਵਿਚ 'ਐਚ ਪੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅਮਰੀਕਾ ਵਿਚ ਹੈਵਲਕ ਪੈਕਰਡ ਨੂੰ ਇੱਕ ਸੌ ਅੱਠ ਕਰੋੜ ਡਾਲਰ, ਕਰੀਬ ਸਾਢੇ ਛੇ ਹਜ਼ਾਰ ਕਰੋੜ ਭਾਰਤੀ ਰੁਪਏ ਦੇ ਬਰਾਬਰ, ਜੁਰਮਾਨਾ ਲਾ ਦਿੱਤਾ ਗਿਆ ਹੈ। ਉਸ ਕੰਪਨੀ ਉਤੇ ਦੋਸ਼ ਇਹ ਲੱਗਾ ਹੈ ਕਿ ਉਸ ਨੇ ਦੋ ਦੇਸ਼ਾਂ- ਮੈਕਸੀਕੋ ਤੇ ਪੋਲੈਂਡ ਵਿਚ ਆਪਣਾ ਕਾਰੋਬਾਰ ਕਰਨ ਲਈ ਉਥੋਂ ਦੀਆਂ ਕੁਝ ਕੰਪਨੀਆਂ ਤੇ ਸਰਕਾਰੀ ਅਧਿਕਾਰੀਆਂ ਨੂੰ ਰਿਸ਼ਵਤ ਦਿੱਤੀ ਸੀ। ਉਨ੍ਹਾਂ ਕੰਪਨੀਆਂ ਦੇ ਆਪਣੇ ਦੇਸ਼ ਉਨ੍ਹਾਂ ਨੂੰ ਰਿਸ਼ਵਤ ਦੇਣ ਦੇ ਦੋਸ਼ ਵਿਚ ਵੀ ਫੜ ਲੈਂਦੇ ਹਨ, ਪਰ ਅਸੀਂ ਭਾਰਤ ਵਾਲੇ ਆਪਣੇ ਆਗੂਆਂ ਅਤੇ ਅਧਿਕਾਰੀਆਂ ਨੂੰ ਵਿਦੇਸ਼ੀ ਅਦਾਲਤਾਂ ਵਿਚ ਰਿਸ਼ਵਤ ਲੈਣ ਦੇ ਦੋਸ਼ੀ ਸਾਬਤ ਹੋ ਚੁੱਕਣ ਪਿੱਛੋਂ ਵੀ ਨਹੀਂ ਫੜ ਸਕਦੇ।



*ਜਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਐਬੇ ਅਤੇ ਨਰੇਂਦਰ ਮੋਦੀ*

> ***ਇੱਕ ਵਾਰੀ ਹਾਈਵੇ ਪ੍ਰਾਜੈਕਟਾਂ ਵਿਚ ਭ੍ਰਿਸ਼ਟਾਚਾਰ ਨਾਲ ਸਾਰਾ ਜਪਾਨ ਦੇਸ਼ ਹਿੱਲ ਗਿਆ ਸੀ। ਸਾਲ 2007 ਵਿਚ ਉਥੇ ਖੁਫੀਆ ਸੇਵਾ ਦਾ ਸਾਬਕਾ ਮੁਖੀ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਫੜਿਆ ਗਿਆ ਸੀ। ਅਸੀਂ ਇਹ ਕਦੇ ਨਹੀਂ ਕਹਿੰਦੇ ਕਿ ਜਪਾਨ ਦਾ ਭ੍ਰਿਸ਼ਟਾਚਾਰ ਤੇ ਭਾਰਤ ਦਾ ਭ੍ਰਿਸ਼ਟਾਚਾਰ ਇੱਕੋ ਪੱਲੜੇ ਵਿਚ ਤੋਲੇ ਜਾ ਸਕਦੇ ਹਨ, ਪਰ ਇਹ ਕਹੇ ਬਗੈਰ ਵੀ ਨਹੀਂ ਰਹਿ ਸਕਦੇ ਕਿ ਜਪਾਨ ਨੂੰ ਵੀ ਸਾਰੇ ਐਬਾਂ ਤੋਂ ਉਪਰ ਨਹੀਂ ਸਮਝ ਲੈਣਾ ਚਾਹੀਦਾ।***

ਹੁਣ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਪਾਨ ਜਾ ਕੇ ਆਏ ਹਨ, ਇਹ ਗੱਲ ਬੜੇ ਜ਼ੋਰ ਨਾਲ ਪ੍ਰਚਾਰੀ ਜਾ ਰਹੀ ਹੈ ਕਿ ਜਾਪਾਨ ਦਾ ਭ੍ਰਿਸ਼ਟਾਚਾਰ ਦੇ ਖਿਲਾਫ ਸਖਤੀ ਦਾ ਬੜਾ ਜ਼ੋਰਦਾਰ ਰਿਕਾਰਡ ਹੋਣ ਕਰ ਕੇ ਭਾਰਤ ਦੇ ਨਾਲ ਉਸ ਦੇ ਕਾਰੋਬਾਰੀਆਂ ਦੀ ਸਾਂਝ ਸਾਫ-ਸੁਥਰੀ ਰਹੇਗੀ। ਖਿਆਲ ਬੜਾ ਅੱਛਾ ਹੈ, ਪਰ ਜਪਾਨ ਦੇ ਹਾਲਾਤ ਕੁਝ ਹੋਰ ਦੱਸ ਰਹੇ ਹਨ। ਅਸੀਂ ਚਾਲੀ ਸਾਲ ਪੁਰਾਣੇ ਲਾਕਹੀਡ ਸਕੈਂਡਲ ਜਾਂ ਉਸ ਤੋਂ ਪਿੱਛੋਂ ਦੇ ਕੇਸਾਂ ਦੀ ਗੱਲ ਨਹੀਂ ਕਰ ਰਹੇ, ਉਥੋਂ ਦੇ ਮੌਜੂਦਾ ਪ੍ਰਧਾਨ ਮੰਤਰੀ ਸ਼ਿੰਜੋ ਐਬੇ ਦੇ ਵੇਲੇ ਦੀ ਕਹਾਣੀ ਵੀ ਜਾਣ ਸਕਦੇ ਹਾਂ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਨਾਲ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਬੰਧ ਬਹੁਤ ਚੰਗੇ ਹਨ। ਫਿਰ ਵੀ ਅਸੀਂ ਐਬੇ ਤੋਂ ਪਹਿਲਾਂ ਦੇ ਕੁਝ ਕੇਸਾਂ ਦਾ ਜ਼ਿਕਰ ਕਰਨਾ ਠੀਕ ਸਮਝਦੇ ਹਾਂ, ਜਿਸ ਨਾਲ ਇਹ ਸਾਫ ਹੋ ਸਕੇ ਕਿ ਸ਼ਿੰਜੋ ਐਬੇ ਦੇ ਜਪਾਨ ਨੂੰ ਵੀ ਸੰਸਾਰ ਦੇ ਸਿਆਸੀ-ਕਾਰਪੋਰੇਟ ਬਾਜ਼ਾਰ ਤੋਂ ਬਹੁਤਾ ਵੱਖਰਾ ਨਹੀਂ ਸਮਝਿਆ ਜਾ ਸਕਦਾ।

ਸਾਲ 2006 ਵਿਚ ਜਪਾਨ ਵਿਚ ਉਸਾਰੀ ਦੇ ਸਕੈਂਡਲਾਂ ਦਾ ਰੌਲਾ ਪਿਆ ਸੀ, ਜਿਸ ਵਿਚ ਕਈ ਵੱਡੇ ਅਫਸਰ ਵੀ ਫਸ ਗਏ ਸਨ। ਉਥੇ ਓਸਾਕਾ ਦੀ ਕਿੰਕੀ ਰੀਜਨਲ ਡਿਵੈਲਪਮੈਂਟ ਬਿਊਰੋ ਨੇ ਇੱਕ ਹਜ਼ਾਰ ਤੋਂ ਵੱਧ ਰਿਟਾਇਰ ਹੋ ਚੁੱਕੇ ਵੱਡੇ ਅਫਸਰਾਂ ਦੀ ਮਦਦ ਨਾਲ ਚਾਰ ਹਜ਼ਾਰ ਦੇ ਕਰੀਬ ਪ੍ਰਾਜੈਕਟ ਉਸੇ ਤਰ੍ਹਾਂ ਆਪਣੇ ਲਈ ਅਲਾਟ ਕਰਵਾ ਲਏ ਸਨ, ਜਿਵੇਂ ਭਾਰਤ ਵਿਚ ਕੋਲੇ ਦੇ ਬਲਾਕ ਅਲਾਟ ਕਰਵਾਏ ਗਏ ਸਨ। ਸਾਲ 2005-06 ਵਿਚ ਭੁਚਾਲ ਮਗਰੋਂ ਇਹ ਰੌਲਾ ਪੈ ਗਿਆ ਸੀ ਕਿ ਮਕਾਨਾਂ ਦੀ ਉਸਾਰੀ ਸਹੀ ਨਾ ਹੋਣ ਕਾਰਨ ਬਿਲਡਿੰਗਾਂ ਤਾਸ਼ ਦੇ ਪੱਤਿਆਂ ਵਾਂਗ ਡਿੱਗ ਪਈਆਂ ਸਨ। ਇਨ੍ਹਾਂ ਬਿਲਡਿੰਗਾਂ ਦੀ ਉਸਾਰੀ ਵਿਚ ਹੋਏ ਭ੍ਰਿਸ਼ਟਾਚਾਰ ਦਾ ਵੀ ਰੌਲਾ ਪਿਆ ਸੀ। ਇੱਕ ਵਾਰੀ ਹਾਈਵੇ ਪ੍ਰਾਜੈਕਟਾਂ ਵਿਚ ਭ੍ਰਿਸ਼ਟਾਚਾਰ ਨਾਲ ਸਾਰਾ ਜਪਾਨ ਦੇਸ਼ ਹਿੱਲ ਗਿਆ ਸੀ। ਸਾਲ 2007 ਵਿਚ ਉਥੇ ਖੁਫੀਆ ਸੇਵਾ ਦਾ ਸਾਬਕਾ ਮੁਖੀ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਫੜਿਆ ਗਿਆ ਸੀ। ਅਸੀਂ ਇਹ ਕਦੇ ਨਹੀਂ ਕਹਿੰਦੇ ਕਿ ਜਪਾਨ ਦਾ ਭ੍ਰਿਸ਼ਟਾਚਾਰ ਤੇ ਭਾਰਤ ਦਾ ਭ੍ਰਿਸ਼ਟਾਚਾਰ ਇੱਕੋ ਪੱਲੜੇ ਵਿਚ ਤੋਲੇ ਜਾ ਸਕਦੇ ਹਨ, ਪਰ ਇਹ ਕਹੇ ਬਗੈਰ ਵੀ ਨਹੀਂ ਰਹਿ ਸਕਦੇ ਕਿ ਜਪਾਨ ਨੂੰ ਵੀ ਸਾਰੇ ਐਬਾਂ ਤੋਂ ਉਪਰ ਨਹੀਂ ਸਮਝ ਲੈਣਾ ਚਾਹੀਦਾ।

ਜਪਾਨ ਦੇ ਹੁਣ ਵਾਲੇ ਪ੍ਰਧਾਨ ਮੰਤਰੀ ਸ਼ਿੰਜੋ ਐਬੇ ਦੀ ਸਰਕਾਰ ਦੇ ਇੱਕ ਮੰਤਰੀ ਨੇ ਖੁਦਕੁਸ਼ੀ ਕੀਤੀ ਤਾਂ ਇਸ ਨੂੰ ਉਸ ਮੰਤਰੀ ਵਿਰੁਧ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਜੋੜਿਆ ਗਿਆ ਸੀ। ਸਰਕਾਰ ਦੇ ਕੁਝ ਹੋਰ ਮੰਤਰੀਆਂ ਉਤੇ ਵੀ ਭ੍ਰਿਸ਼ਟਾਚਾਰ ਦੇ ਦੋਸ਼ ਲੱਗਦੇ ਰਹੇ ਹਨ। ਜਿਵੇਂ ਅਸੀਂ ਆਪਣੇ ਨਵੇਂ ਪ੍ਰਧਾਨ ਮੰਤਰੀ ਮੋਦੀ ਦੀ ਇਮਾਨਦਾਰੀ ਬਾਰੇ ਇਸ ਵੇਲੇ ਕੋਈ ਕਿੰਤੂ ਨਹੀਂ ਕਰ ਰਹੇ, ਇਸੇ ਤਰ੍ਹਾਂ ਜਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਐਬੇ ਦੀ ਇਮਾਨਦਾਰੀ ਬਾਰੇ ਵੀ ਕੋਈ ਕਿੰਤੂ ਨਹੀਂ ਕਰ ਰਹੇ, ਪਰ ਇਹ ਕਾਫੀ ਨਹੀਂ। ਕਿੰਤੂ ਤਾਂ ਪਿਛਲੇ ਭਾਰਤੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਨਿੱਜ ਬਾਰੇ ਵੀ ਕੋਈ ਨਹੀਂ ਸੀ ਕੀਤਾ ਜਾਂਦਾ ਤੇ ਇੱਕ ਸਮੇਂ ਸੰਸਾਰ ਭਰ ਵਿਚ ਉਹ ਨੇਕ-ਦਿਲ ਆਗੂ ਮੰਨਿਆ ਜਾਂਦਾ ਸੀ। ਫਿਰ ਸਮਾਂ ਉਹ ਨਹੀਂ ਸੀ ਰਿਹਾ। ਸਿੱਧਾ ਦੋਸ਼ ਮਨਮੋਹਨ ਸਿੰਘ ਦੇ ਇਮਾਨਦਾਰ ਨਾ ਹੋਣ ਦਾ ਭਾਵੇਂ ਕਦੇ ਨਹੀਂ ਲੱਗਾ, ਪਰ ਇਹ ਗੱਲ ਹਰ ਕੋਈ ਕਹਿਣ ਲੱਗ ਪਿਆ ਸੀ ਕਿ ਉਸ ਦੀ ਸਰਕਾਰ ਆਜ਼ਾਦੀ ਪਿੱਛੋਂ ਦੀ ਹੁਣ ਤੱਕ ਦੀ ਸਭ ਤੋਂ ਭ੍ਰਿਸ਼ਟ ਸਰਕਾਰ ਬਣ ਗਈ ਸੀ। ਹਰ ਆਗੂ ਖਾਣ ਲੱਗ ਪਿਆ ਸੀ ਤੇ ਸਰਕਾਰ ਦਾ ਮੁਖੀ ਸਿਰਫ ਇਹ ਕਹਿ ਕੇ ਲੋਕਾਂ ਦੀ ਤਸੱਲੀ ਕਰਾਉਣੀ ਚਾਹੁੰਦਾ ਸੀ ਕਿ ਉਹ ਆਪ ਨਹੀਂ ਖਾਂਦਾ ਤੇ ਬਾਕੀ ਲੋਕ ਜੋ ਕੁਝ ਕਰਦੇ ਹਨ, ਆਪੇ ਉਹ ਕੀਤਾ ਭਰਨਗੇ। ਉਹ ਹੀ ਦੌਰ ਸੀ, ਜਦੋਂ ਵਿਦੇਸ਼ੀ ਪੂੰਜੀ ਨੂੰ ਭਾਰਤ ਵਿਚ ਸਭ ਤੋਂ ਵੱਧ ਮੌਕੇ ਮਿਲੇ ਸਨ।

ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਕ ਵੱਖਰੇ ਰੰਗ ਵਿਚ ਵਿਦੇਸ਼ ਪੂੰਜੀ ਨੂੰ ਸੱਦੇ ਦੇਣ ਦੇ ਨਾਲ ਉਨ੍ਹਾਂ ਦੇ ਲਈ ਸਾਰਾ ਪ੍ਰੋਟੋਕੋਲ ਪ੍ਰਧਾਨ ਮੰਤਰੀ ਦਫਤਰ ਨਾਲ ਜੋੜਨ ਦੀਆਂ ਗੱਲਾਂ ਕਰ ਰਹੇ ਹਨ। ਇਹ ਸੁਹਾਵਣੇ ਸੁਫਨੇ ਹਨ। ਭਾਰਤ ਵਿਚ ਟੈਲੀਕਾਮ ਦੇ ਟੂ-ਜੀ ਸਪੈਕਟ੍ਰਮ ਤੋਂ ਲੈ ਕੇ ਕਾਮਨਵੈਲਥ ਖੇਡਾਂ ਵਾਲੀ ਟਾਈਮ-ਸਕੋਰ-ਰਿਜ਼ਲਟ (ਟੀ ਐਸ ਆਰ) ਮਸ਼ੀਨ ਤੱਕ ਹਰ ਕੰਮ ਵਿਚ ਉਨ੍ਹਾਂ ਦੇਸ਼ਾਂ ਦੀਆਂ ਕਾਰਪੋਰੇਸ਼ਨਾਂ ਸ਼ਾਮਲ ਸਨ, ਜਿਨ੍ਹਾਂ ਦੇਸ਼ਾਂ ਨੂੰ ਉਸ ਵਕਤ ਓਦਾਂ ਹੀ ਇਮਾਨਦਾਰ ਮੰਨਿਆ ਜਾਂਦਾ ਸੀ, ਜਿਵੇਂ ਹੁਣ ਜਾਪਾਨ ਨੂੰ ਸਰਟੀਫਿਕੇਟ ਦਿੱਤੇ ਜਾ ਰਹੇ ਹਨ। ਪਿੱਛੋਂ ਤਜ਼ਰਬੇ ਨੇ ਦੱਸ ਦਿੱਤਾ ਸੀ ਕਿ ਵਿਦੇਸ਼ੀ ਪੂੰਜੀ ਜਦੋਂ ਵੀ ਤੇ ਜਿਸ ਪ੍ਰਾਜੈਕਟ ਲਈ ਵੀ ਭਾਰਤ ਆਈ, ਭਾਰਤ ਦੀ ਸਰਮਾਏਦਾਰੀ ਅੰਦਰਲੇ ਟੁੱਕੜ-ਬੋਚ ਵਰਗ ਨਾਲ ਮਿਲ ਕੇ ਇਸ ਨੇ ਭ੍ਰਿਸ਼ਟਾਚਾਰ ਦੀ ਉਹ ਹਨੇਰੀ ਲਿਆਂਦੀ ਹੈ, ਜਿਸ ਵਿਚ ਪ੍ਰਧਾਨ ਮੰਤਰੀਆਂ ਦੇ ਦਫਤਰ ਵੀ ਪ੍ਰਭਾਵਤ ਹੋਣ ਤੋਂ ਨਹੀਂ ਸਨ ਬਚ ਸਕੇ।

ਸਾਡੇ ਅਜੋਕੇ ਪ੍ਰਧਾਨ ਮੰਤਰੀ ਸਾਹਿਬ ਕਿਸੇ ਵੀ ਦੇਸ਼ ਦੀਆਂ ਕੰਪਨੀਆਂ ਤੇ ਕਾਰਪੋਰੇਸ਼ਨਾਂ ਵਾਸਤੇ ਲਾਲ-ਦਰੀ ਵਿਛਾਈ ਜਾਣ, ਰੋਕੇਗਾ ਬਿਨਾਂ ਸ਼ੱਕ ਕੋਈ ਨਹੀਂ, ਪਰ ਉਨ੍ਹਾਂ ਨੂੰ ਪਿਛਲਾ ਤਜ਼ਰਬਾ ਤਾਂ ਯਾਦ ਰੱਖਣਾ ਚਾਹੀਦਾ ਹੈ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
*24/7 Customer Service Available*
*Same rate for lanline and mobile.*
ਟੌਲ ਫਰੀ ਨੰਬਰ 1-888-652-6268
732-983-4332/4333

# ਸਤਿ ਕਰਤਾਰ ਚੈਰੀਟੇਬਲ ਟਰੱਸਟ ਵਲੋਂ ਲੋੜਵੰਦਾਂ ਦੀ ਮਦਦ

**ਗੁਰਦਾਸਪੁਰ (ਬਿਊਰੋ):** 'ਗਰੀਬ ਦਾ ਮੂੰਹ ਗੁਰੂ ਦੀ ਗੋਲਕ' ਦੇ ਸਿਧਾਂਤ ਅਨੁਸਾਰ ਸਤਿ ਕਰਤਾਰ ਚੈਰੀਟੇਬਲ ਟਰੱਸਟ (ਠੇਠਰਕੇ) ਵਲੋਂ ਬਹੁਤ ਗਰੀਬ, ਅਤਿ ਲੋੜਵੰਦ ਅਤੇ ਬੇਸਹਾਰਾ ਪਰਿਵਾਰਾਂ ਦੀ ਮਦਦ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇਹ ਟਰੱਸਟ ਸਾਲ 2001 ਤੋਂ ਲਗਾਤਾਰ ਹਰ ਮਹੀਨੇ ਅਜਿਹੇ ਪਰਿਵਾਰਾਂ ਦੀ ਮਦਦ ਕਰਦਾ ਆ ਰਿਹਾ ਹੈ।

ਟਰੱਸਟ ਦੇ ਵੰਡ ਕੇਂਦਰ ਨੰਬਰ 9 (ਸ਼ਾਹਪੁਰ ਗੁਰਾਇਆ), ਵੰਡ ਕੇਂਦਰ 6 (ਡੇਰਾ ਬਾਬਾ ਨਾਨਕ) ਅਤੇ ਵੰਡ ਕੇਂਦਰ 13 (ਧਾਰੋਵਾਲੀ) ਵਿਚ ਹੋਏ ਸਮਾਗਮਾਂ ਦੌਰਾਨ ਲੋੜਵੰਦਾਂ ਦੀ ਨਕਦ ਰਾਸ਼ੀ ਰਾਹੀਂ ਸਹਾਇਤਾ ਕੀਤੀ ਗਈ। ਟਰੱਸਟ ਵਲੋਂ ਨਕਦ ਰਾਸ਼ੀ ਸਤਨਾਮ ਸਿੰਘ ਰੰਧਾਵਾ, ਅਵਤਾਰ ਸਿੰਘ ਰੰਧਾਵਾ ਅਤੇ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਅਤੇ ਟਰੱਸਟ ਨਾਲ ਜੁੜੇ ਹੋਰਨਾਂ ਸੱਜਣਾਂ ਨੇ ਵੰਡੀ।

ਵਿਧਵਾਵਾਂ, ਯਤੀਮ ਬੱਚਿਆਂ, ਦਿਮਾਗੀ ਤੌਰ 'ਤੇ ਪੂਰੀ ਤਰ੍ਹਾਂ ਨਕਾਰਾ ਵਿਅਕਤੀਆਂ, ਲੰਮੇ ਸਮੇਂ ਤੋਂ ਰੋਗੀ ਵਿਅਕਤੀਆਂ, ਅੱਸੀ ਸਾਲ ਤੋਂ ਵੱਧ ਉਮਰ ਦੇ ਬੇਸਹਾਰਾ ਵਿਅਕਤੀਆਂ, ਕਿਸੇ ਵੀ ਗੰਭੀਰ ਹਾਦਸੇ ਵਿਚ ਜ਼ਖਮੀ ਹੋਏ ਵਿਅਕਤੀਆਂ, ਪੂਰੀ ਤਰ੍ਹਾਂ ਨੇਤਰਹੀਣਾਂ ਜਾਂ ਅੰਗਹੀਣ ਵਿਅਕਤੀਆਂ ਦੀ ਵੀ ਮਦਦ ਕੀਤੀ ਜਾਂਦੀ ਹੈ। ਟਰੱਸਟ ਵਲੋਂ ਕੁਦਰਤੀ ਕਰੋਪੀ ਦਾ ਸ਼ਿਕਾਰ ਹੋਏ ਪਰਿਵਾਰਾਂ ਦੀ ਮਦਦ ਕਰਨ ਤੋਂ ਇਲਾਵਾ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਉਪਰ ਵੀ ਮਾਲੀ ਮਦਦ ਕੀਤੀ ਜਾਂਦੀ ਹੈ।

ਟਰੱਸਟ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਦਾਨੀਆਂ ਦਾ ਦਾਨ ਟਰੱਸਟ ਦੇ ਐਫ. ਡੀ. ਖਾਤੇ ਵਿਚ ਜਮਾਂ ਕਰਵਾ ਦਿੱਤਾ ਜਾਂਦਾ ਹੈ। ਖੈਰਾਤ ਦੇ ਸਾਰੇ ਕਾਰਜ ਉਸ ਤੋਂ ਮਿਲਣ ਵਾਲੇ ਵਿਆਜ ਨਾਲ ਹੀ ਕੀਤੇ ਜਾਂਦੇ ਹਨ। ਇਸ ਵੇਲੇ ਟਰੱਸਟ ਦਾ ਕਰੀਬ 96 ਪਿੰਡਾਂ ਵਿਚ ਲੋੜਵੰਦ ਪਰਿਵਾਰਾਂ ਦਾ ਸਾਲਾਨਾ ਖਰਚ ਕਰੀਬ ਬਾਰਾਂ ਲੱਖ ਰੁਪਏ ਹੈ। ਪਿੰਡਾਂ ਨੂੰ 14 ਕੇਂਦਰਾਂ ਵਿਚ ਵੰਡਿਆ ਗਿਆ ਹੈ ਤਾਂ ਕਿ ਉਹ ਨੇੜਲੇ ਵੰਡ ਕੇਂਦਰ ਤੋਂ ਆਪਣੀ ਸਹਾਇਤਾ ਆਦਿ ਆਸਾਨੀ ਨਾਲ ਪ੍ਰਾਪਤ ਕਰ ਸਕਣ। ਦਾਨੀ ਸੱਜਣ ਸਤਿ ਕਰਤਾਰ ਚੈਰੀਟੇਬਲ ਟਰੱਸਟ ਠੇਠਰਕੇ ਦੇ ਖਾਤੇ ਵਿਚ ਪੰਜਾਬ ਐਂਡ ਸਿੰਧ ਬੈਂਕ, ਓਰੀਐਂਟਲ ਬੈਂਕ ਆਫ ਕਾਮਰਸ ਜਾਂ ਪੰਜਾਬ ਨੈਸ਼ਨਲ ਬੈਂਕ ਡੇਰਾ ਬਾਬਾ ਨਾਨਕ-143604 (ਜ਼ਿਲਾ ਗੁਰਦਾਸਪੁਰ) ਵਿਖੇ ਸਿੱਧੇ ਵੀ ਜਮਾਂ ਕਰਾ ਸਕਦੇ ਹਨ।



*(ਉਪਰ) ਧਾਰੋਵਾਲੀ ਵਿਖੇ ਸਹਾਇਤਾ ਰਾਸ਼ੀ ਵੰਡਦੇ ਹੋਏ ਸਤਨਾਮ ਸਿੰਘ ਰੰਧਾਵਾ, ਅਵਤਾਰ ਸਿੰਘ ਰੰਧਾਵਾ ਅਤੇ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਅਤੇ (ਹੇਠਾਂ) ਡੇਰਾ ਬਾਬਾ ਨਾਨਕ ਵਿਖੇ ਸਹਾਇਤਾ ਪ੍ਰਾਪਤ ਪਰਿਵਾਰ ਟਰੱਸਟੀਆਂ ਨਾਲ*



# ਫਰਿਜ਼ਨੋ 'ਚ ਨਗਰ ਕੀਰਤਨ ਦੀਆਂ ਤਿਆਰੀਆਂ ਸਬੰਧੀ ਮੀਟਿੰਗ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਨਾਨਕ ਪ੍ਰਕਾਸ਼ ਵਿਚ ਲੰਘੇ ਐਤਵਾਰ ਗੁਰੂ ਨਾਨਕ ਪ੍ਰਕਾਸ਼ ਪੁਰਬ ਸਬੰਧੀ ਹੋਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਸਬੰਧੀ ਪ੍ਰਬੰਧਕਾਂ ਦੀ ਇੱਕ ਮੀਟਿੰਗ ਹੋਈ। ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਨਗਰ ਕੀਰਤਨ ਇਸ ਵਾਰ 26 ਅਕਤੂਬਰ, ਐਤਵਾਰ ਨੂੰ ਸਜਾਇਆ ਜਾਵੇਗਾ।



ਇਸ ਮੌਕੇ ਬਹੁਤ ਸਾਰੇ ਸੱਜਣਾਂ ਨੇ ਪਿਛਲੇ ਨਗਰ ਕੀਰਤਨ ਦੌਰਾਨ ਆਈਆਂ ਮੁਸ਼ਕਿਲਾਂ ਬਾਬਤ ਪ੍ਰਬੰਧਕਾਂ ਨੂੰ ਜਾਣੂ ਕਰਵਾਇਆ ਅਤੇ ਆਪਣੇ ਸੁਝਾਅ ਦਿੱਤੇ ਕਿ ਇਸ ਵਾਰ ਦੇ ਨਗਰ ਕੀਰਤਨ ਨੂੰ ਹੋਰ ਵਧੀਆ ਤਰੀਕੇ ਨਾਲ ਕਿਵੇਂ ਸਜਾਇਆ ਜਾਵੇ। ਬੁਲਾਰਿਆਂ ਵਿਚ ਹੋਰਨਾਂ ਤੋਂ ਇਲਾਵਾ ਅਮਨਦੀਪ ਸਿੰਘ, ਨਛੱਤਰ ਸਿੰਘ, ਰਾਜਵਿੰਦਰ ਸਿੰਘ ਬਰਾੜ, ਪ੍ਰਮਿੰਦਰ ਸਿੰਘ ਅਤੇ ਜਤਿੰਦਰ ਸਿੰਘ ਦੇ ਨਾਂ ਸ਼ਾਮਲ ਹਨ। ਦੀਵਾਨ ਵਿਚ ਕਥਾਵਾਚਕ ਭਾਈ ਇੰਦਰ ਸਿੰਘ ਰਤੀਆ ਵਾਲਿਆਂ ਨੇ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਮੁਖ ਸੇਵਾਦਾਰ ਭਾਈ ਅਵਤਾਰ ਸਿੰਘ ਨੇ ਸਭਨਾਂ ਦਾ ਧੰਨਵਾਦ ਕੀਤਾ।

ਵਰਣਨਯੋਗ ਹੈ ਕਿ ਇਹ ਕੈਲੀਫੋਰਨੀਆ ਦਾ ਇੱਕੋ ਇੱਕ ਗੁਰਦੁਆਰਾ ਹੈ ਜਿਥੇ ਪੰਜਾਬ ਵਾਂਗੂ ਸਰੋਵਰ ਬਣਿਆ ਹੋਇਆ ਹੈ ਅਤੇ ਸੰਗਤਾਂ ਸਰੋਵਰ ਵਿਚ ਇਸ਼ਨਾਨ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ। ਇਹ ਗੁਰੂ ਘਰ ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ।

## ਮਿਸ ਅਮਰੀਕਾ ਕਰੇਗੀ ਮੋਦੀ ਲਈ ਪਾਰਟੀ ਦੀ ਮੇਜ਼ਬਾਨੀ

**ਵਾਸ਼ਿੰਗਟਨ:** ਅਮਰੀਕਾ ਵਿਚ ਭਾਰਤੀ ਭਾਈਚਾਰੇ ਵੱਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਨਿਊਯਾਰਕ ਵਿਚ 28 ਸਤੰਬਰ ਨੂੰ ਸਨਮਾਨ ਮੌਕੇ ਕੀਤੀ ਜਾਣ ਵਾਲੀ ਪਾਰਟੀ ਦੀ ਮੇਜ਼ਬਾਨੀ ਮਿਸ ਅਮਰੀਕਾ 2014 ਨੀਨਾ ਦਵੂਲਰੀ ਤੇ ਭਾਰਤੀ ਮੂਲ ਦੇ ਐਂਕਰ ਕਰਨਗੇ। ਦਵੂਲਰੀ (25) ਪਹਿਲੀ ਭਾਰਤੀ-ਅਮਰੀਕੀ ਮਹਿਲਾ ਹੈ, ਜਿਸ ਨੂੰ ਮਿਸ ਅਮਰੀਕਾ ਦਾ ਖ਼ਿਤਾਬ ਮਿਲਿਆ ਹੈ। ਉਸ ਨਾਲ ਪੀਬੀਐਸ ਨਿਊਜ਼ਆਵਰ ਵੀਕਐਂਡ ਦੇ ਐਂਕਰ ਹਰੀ ਸ੍ਰੀਨਿਵਾਸਨ (40) ਵੀ ਹੋਣਗੇ।

ਸ੍ਰੀ ਨਰੇਂਦਰ ਮੋਦੀ ਦੇ ਸਨਮਾਨ ਵਿਚ ਮੈਡੀਸਨ ਸਕੁਏਰ ਗਾਰਡਨ ਵਿਚ ਹੋਣ ਵਾਲੇ ਸਮਾਗਮ ਦੌਰਾਨ 20 ਹਜ਼ਾਰ ਭਾਰਤੀਆਂ ਦੇ ਹਾਜ਼ਰ ਰਹਿਣ ਦੀ ਸੰਭਾਵਨਾ ਹੈ। ਅਮਰੀਕਾ ਵਿਚ ਕਿਸੇ ਮੁਲਕ ਦੇ ਮੁਖੀ ਨੂੰ ਦਿੱਤੀ ਜਾਣ ਵਾਲੀ ਇਹ ਸਭ ਤੋਂ ਵੱਡੀ ਪਾਰਟੀ ਮੰਨੀ ਜਾ ਰਹੀ ਹੈ।


## ਛੇਤੀ ਆ ਰਿਹਾ ਹੈ ਨਾਵਲਕਾਰ ਐਨ.ਐਸ. ਸੌਦਾਗਰ ਦਾ ਜੇਠਾ ਕਹਾਣੀ ਸੰਗ੍ਰਹਿ


ਮੇਰੇ ਦੋਸਤ ਲੇਖਕ ਤੇ ਫਿਲਮ-ਮੇਕਰ ਐਨ.ਐਸ. ਸੌਦਾਗਰ ਨੇ ਸ਼ੁਰੂ-ਸ਼ੁਰੂ ਵਿਚ ਪਾਠਕਾਂ ਨਾਲ ਆਪਣੀ ਜਾਣ-ਪਛਾਣ ਨਾਵਲਕਾਰ ਐਨ.ਐਸ. ਸੌਦਾਗਰ ਵਜੋਂ ਕਰਵਾਈ ਸੀ, ਪਰ ਇਸ ਪਛਾਣ ਨੂੰ ਉਹ ਭਾਰਤ ਛੱਡਣ ਤੋਂ ਬਾਅਦ ਕਾਇਮ ਨਹੀਂ ਰੱਖ ਸਕਿਆ। ਅਮਰੀਕਾ ਦੇ ਰੁਝੇਵਿਆਂ ਨੇ ਉਸ ਨੂੰ ਨਾਵਲ ਲਿਖਣ ਦਾ ਮੌਕਾ ਨਹੀਂ ਦਿੱਤਾ, ਪਰ ਸੌਦਾਗਰ ਦੀ ਕਲਮ ਆਪਣੇ ਅੰਦਰ ਦੀ ਭੜਾਸ ਆਖਰ ਕਿੰਨੀ ਦੇਰ ਤੱਕ ਅੰਦਰ ਰੱਖ ਸਕਦੀ ਸੀ! ਉਸ ਨੇ ਸਮੇਂ ਦੀ ਘਾਟ ਨੂੰ ਮੁੱਖ ਰੱਖਦਿਆਂ ਆਪਣੀ ਕਲਮ ਦੀ ਭੜਾਸ ਕਹਾਣੀ ਰਾਹੀਂ ਬਾਹਰ ਕੱਢਣੀ ਸ਼ੁਰੂ ਕਰ ਦਿੱਤੀ।

ਸੌਦਾਗਰ ਦੇ ਪਾਠਕਾਂ ਨੇ ਨਾਵਲਾਂ ਵਾਂਗ ਇਨ੍ਹਾਂ ਕਹਾਣੀਆਂ ਨੂੰ ਵੀ ਉਹੀ ਹੁੰਗਾਰਾ ਭਰਿਆ ਜੋ ਨਾਵਲਾਂ ਨੂੰ ਭਰਿਆ ਸੀ। ਸੋ, ਉਹ ਆਪਣੀ ਹਰ ਕਹਾਣੀ ਹੋਰ ਵੀ ਬੋਚ-ਬੋਚ ਕੇ ਲਿਖਣ ਲੱਗਾ। ਉਸ ਦੀ ਹਰ ਕਹਾਣੀ ਪਾਠਕਾਂ ਨੂੰ ਕੀਲ ਕੇ ਰੱਖ ਦਿੰਦੀ। ਹੁਣ ਪਾਠਕਾਂ ਨੇ ਉਸ ਨੂੰ ਵਾਰ-ਵਾਰ ਕਹਿ ਕੇ, ਕਹਾਣੀ ਸੰਗ੍ਰਹਿ ਛਪਵਾਉਣ ਲਈ ਮਜਬੂਰ ਕਰ ਦਿੱਤਾ। ਇਹੀ ਵਜ੍ਹਾ ਹੈ ਕਿ ਸੌਦਾਗਰ ਹੁਣ ਆਪਣਾ ਇਹ ਪਹਿਲਾ ਕਹਾਣੀ ਸੰਗ੍ਰਹਿ 'ਪੂਰੀ ਔਰਤ' ਲੈ ਕੇ ਪਾਠਕਾਂ ਦੇ ਰੂ-ਬ-ਰੂ ਹੋਣ ਜਾ ਰਿਹਾ ਹੈ। ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਜਦੋਂ ਮੇਰਾ ਇਹ ਬਚਪਨ ਦਾ ਆੜੀ ਮੇਰੇ ਨਾਲ ਅਗਵਾੜ ਗੁੱਜਰਾਂ ਪ੍ਰਾਇਮਰੀ ਸਕੂਲ ਜਗਰਾਉਂ ਦੇ ਹੈਡਮਾਸਟਰ ਲੂੰਬੇ ਦੇ ਹਰੇ ਅੱਕ ਦੇ ਡੰਡੇ ਖਾਂਦਾ ਹੁੰਦਾ ਸੀ। ਪਤਾ ਹੀ ਨਹੀਂ ਲੱਗਿਆ, ਇਹ ਕਦੋਂ ਨਾਮਵਰ ਲੇਖਕਾਂ ਦੀ ਜਮ-ਘਟਾ ਵਿਚ, ਮੀਲ ਪੱਥਰ ਵਾਂਗ ਥੰਮ੍ਹ ਬਣ ਕੇ ਜਾ ਖੜ੍ਹਾ ਹੋਇਆ। ਜਿਹੜੇ ਨਿਰਮਲ ਦੀ ਕਲਮ ਪੋਚੀ ਹੋਈ ਫੱਟੀ ਉਪਰ 'ੳ' 'ਅ' ਲਿਖਣ ਤੋਂ ਐਨਾ ਭੱਜਦੀ ਹੁੰਦੀ ਸੀ, ਅੱਜ ਉਸੇ ਨਿੰਮੇ ਦੀ ਕਲਮ ਨੇ ਆਪਣਾ ਕੱਦ-ਕਾਠ ਐਨਾ ਅਰੂਜ਼ ਅਤੇ ਕੱਦਾਵਰ ਬਣਾ ਲਿਆ ਹੈ ਕਿ ਇਸ ਨੂੰ ਪਹਿਚਾਨਣਾ ਔਖਾ ਹੀ ਨਹੀਂ, ਮੁਸ਼ਕਿਲ ਵੀ ਹੋ ਗਿਆ ਹੈ।



ਪ੍ਰੋਡਿਊਸਰ ਡਾਇਰੈਕਟਰ ਅਤੇ ਲੇਖਕ ਐਨ.ਐਸ. ਸੌਦਾਗਰ

# ਪੂਰੀ ਔਰਤ



ਪ੍ਰੀਤਮ ਸਿੰਘ ਸੱਗੂ
ਫੋਨ: 775-329-6225

ਲੇਖਕ ਐਨ.ਐਸ. ਸੌਦਾਗਰ ਨੇ ਆਪਣੀ ਰਚਨਾ 'ਪੂਰੀ ਔਰਤ' ਵਿਚ ਜੀਜੇ-ਸਾਲੀ ਦੇ ਬਦਲਦੇ ਰਿਸ਼ਤੇ ਦੀ ਤਹਿ ਤਕ ਜਾ ਕੇ ਇਸ ਕਹਾਵਤ ਬਾਰੇ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਨੇ ਇਸ ਮਸਲੇ 'ਤੇ ਉਨ੍ਹਾਂ ਦੇ ਮਾਪਿਆਂ ਉਤੇ ਉਂਗਲ ਧਰੀ ਹੈ ਜੋ ਸੋਚੇ-ਸਮਝੇ ਬਗੈਰ ਆਪਣੀ ਕੁਆਰੀ ਕੁੜੀ ਨੂੰ ਵਿਆਹੀ ਹੋਈ ਵੱਡੀ ਧੀ ਕੋਲ ਭੇਜ ਦਿੰਦੇ ਹਨ; ਕਦੇ ਵੱਡੀ ਧੀ ਦੇ ਜਣੇਪੇ ਅਤੇ ਕਦੇ ਕਿਸੇ ਬੱਚੇ ਦਾ ਜਨਮ ਦਿਨ ਮਨਾਉਣ ਦੇ ਬਹਾਨੇ। ਇਨ੍ਹਾਂ ਬਹਾਨਿਆਂ ਦੀ ਆੜ ਵਿਚ ਹੀ ਜੀਜੇ-ਸਾਲੀ ਦੇ ਰਿਸ਼ਤੇ ਵਿਚ ਖੋਟ ਆ ਜਾਂਦੀ ਹੈ। ਲੇਖਕ ਨੇ ਇਸ ਕਹਾਣੀ ਰਾਹੀਂ ਉਨ੍ਹਾਂ ਕੁੜੀਆਂ ਨੂੰ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਜਿਨ੍ਹਾਂ ਨੂੰ ਮਰਦ ਉਨ੍ਹਾਂ ਨਾਲ ਵਿਆਹ ਕਰਾਉਣ ਦੇ ਲੰਮੇ ਲਾਰੇ ਲਾ ਕੇ ਆਪਣੇ ਨਾਲ ਹਮ-ਬਿਸਤਰ ਹੋਣ ਲਈ ਮਜਬੂਰ ਕਰਦੇ ਹਨ। ਇਸ ਰਿਸ਼ਤੇ ਦੀ ਵਜ੍ਹਾ ਨਾਲ ਹੀ ਵੱਡੀਆਂ ਭੈਣਾਂ ਨਾਮੋ-ਬੇਨਾਮ ਹੋ ਜਾਂਦੀਆਂ ਹਨ। ਫਿਰ ਸਮਾਜ ਵਿਚ ਨਾ ਉਹ ਵਿਧਵਾ ਅਤੇ ਨਾ ਹੀ ਸੁਹਾਗਣ ਕਹਾ ਸਕਦੀਆਂ ਹਨ। ਜੀਜੇ-ਸਾਲੀ ਵਾਲਾ ਇਹ ਰਿਸ਼ਤਾ ਕਈ ਪਰਿਵਾਰਾਂ ਵਿਚ ਮੌਤ ਦਾ ਕਾਰਨ ਵੀ ਬਣਿਆ ਹੈ। ਕਈ ਵਾਰ ਕਹਿ ਦਿੱਤਾ ਜਾਂਦਾ ਹੈ- 'ਸਾਲੀ ਅੱਧੀ ਘਰ ਵਾਲੀ' ਕਹਾਵਤ ਬਣ ਗਈ ਹੈ। ਇਸ ਗੱਲ ਨੂੰ ਆਧਾਰ ਬਣਾ ਕੇ ਲੇਖਕ ਨੇ ਇਹ ਰਚਨਾ ਰਚੀ ਹੈ ਅਤੇ ਇਸ ਕਹਾਵਤ ਨੂੰ ਸਮਾਜ ਦਾ ਕੋਹੜ ਸਮਝਦਿਆਂ ਆਪਣੇ ਪਾਠਕਾਂ ਨੂੰ ਜੀਜੇ-ਸਾਲੀ ਦੇ ਨਾਜਾਇਜ਼ ਸਬੰਧਾਂ ਤੋਂ ਜਾਣੂ ਕਰਵਾਇਆ ਹੈ, ਕਿ ਕਿਵੇਂ ਸਾਲੀ, ਪੂਰੀ ਘਰ ਵਾਲੀ ਬਣਦੀ ਹੈ। 'ਪੂਰੀ ਔਰਤ' ਵਿਚ ਲੇਖਕ ਉਸ ਸਾਲੀ ਨੂੰ ਪਾਠਕਾਂ ਦੇ ਰੂ-ਬ-ਰੂ ਕਰਵਾ ਰਿਹਾ ਹੈ ਜਿਸ ਨੇ ਬਹੁਤ ਦਲੇਰੀ ਨਾਲ 'ਸਾਲੀ ਅੱਧੀ ਘਰ ਵਾਲੀ' ਕਹਾਵਤ ਨੂੰ ਨਵਾਂ ਮੋੜ ਦੇ ਦਿੱਤਾ ਹੈ। 'ਪੂਰੀ ਔਰਤ' ਦੀ ਕਹਾਣੀ ਪਤੀ, ਪਤਨੀ ਤੇ 'ਉਹ' ਦੇ ਇਰਦ-ਗਿਰਦ ਘੁੰਮਦੀ ਹੈ। 'ਪੂਰੀ ਔਰਤ' ਵਿਚ 'ਉਹ' ਭੈਣ ਦੀ ਹੀ ਛੋਟੀ ਭੈਣ ਹੈ ਜੋ ਅਮਰੀਕਾ ਆਉਣ ਖਾਤਰ ਆਪਣੀ ਭੈਣ ਦਾ ਘਰ ਉਜਾੜ ਦਿੰਦੀ ਹੈ।

### 'ਪੂਰੀ ਔਰਤ' ਵਿਚੋਂ...

*-ਜਗਦੀਆਂ ਬੁਝਦੀਆਂ ਲਾਲ ਬੱਤੀਆਂ ਵਿਚ ਉਹ ਤੇਈ ਸੈਕਟਰ ਵਾਲੀ ਵਫਾਦਾਰ ਕੁੜੀ ਖੜ੍ਹੀ ਆਪਣੇ ਬੇਵਫਾ ਪ੍ਰੇਮੀ ਦੇ ਭੱਜੇ ਜਾਂਦੇ 'ਜਾਵਾ' ਮੋਟਰ ਸਾਈਕਲ ਨੂੰ ਉਨੀ ਦੇਰ ਤੱਕ ਖੜ੍ਹੀ ਦੇਖਦੀ ਰਹੀ ਜਿੰਨੀ ਦੇਰ ਤੱਕ ਉਹ ਬੇਵਫਾ ਉਸ ਨੂੰ ਦਿਸਦਾ ਰਿਹਾ...*

*-ਤੇਈ ਸੈਕਟਰ ਵਾਲੀ ਉਸ ਗਰੀਬ ਕੁੜੀ ਦੀ ਦੂਜੀ ਗਲਤੀ ਉਪਰੋਂ ਪਰਦਾ, ਉਸੇ ਕੁੜੀ ਦੀ ਕੱਚੀ ਸਹੇਲੀ ਭੱਜੀ ਨੇ ਚੁੱਕਿਆ ਸੀ ਜੋ ਅੱਜ ਕੱਲ੍ਹ ਕੈਨੇਡਾ ਵੈਨਕੂਵਰ ਰਹਿੰਦੀ ਹੈ- ਕਿ ਉਨ੍ਹਾਂ ਦੀ ਪੜ੍ਹਛੱਤੀ ਉਪਰ ਕਿਰਾਏ ਉਤੇ ਇਕ ਗੁਰਦਾਸਪੁਰੀ ਮੁੰਡਾ ਰਹਿੰਦਾ ਸੀ, ਜਿਸ ਨੇ ਇਕ ਦਿਨ ਕੁੜੀ ਦੀ ਬੀਜੀ ਨੂੰ ਕਿਹਾ ਕਿ ਮੇਰਾ ਰਿਸ਼ਤਾ ਹੋ ਰਿਹਾ ਹੈ, ਤੁਸੀਂ ਆਪਣੀ ਵੱਡੀ ਬੇਟੀ ਨੂੰ ਸਾਡੇ ਪਿੰਡ ਮੇਰੇ ਨਾਲ ਭੇਜ ਦਿਉ... ਜੇ ਉਸ ਕੁੜੀ ਦੀ ਖੁਦ ਆਪਣੀ ਮਰਜ਼ੀ ਉਸ ਮੁੰਡੇ ਨਾਲ ਜਾਣ ਦੀ ਨਾ ਹੁੰਦੀ ਤਾਂ ਕੀ ਮਜਾਲ ਸੀ ਉਸ ਮੁੰਡੇ ਦੀ, ਕਿ ਉਹ ਉਸ ਕੁੜੀ ਨੂੰ ਡਰਾ-ਧਮਕਾ ਸਕਦਾ। ਦੂਜੀ ਸਵੇਰ ਆਪਣਾ ਕੁਆਰਾਪਣ ਲੁਟਾ ਚੁੱਕੀ ਉਸ ਕੁੜੀ ਨੂੰ ਚੰਡੀਗੜ੍ਹ ਵਾਲੀ ਬੱਸ ਵਿਚ ਬਿਠਾ, ਉਹ ਇੱਜ਼ਤ-ਲੁਟੇਰਾ ਕਦੇ ਵੀ ਆਪ ਚੰਡੀਗੜ੍ਹ ਨਹੀਂ ਆਇਆ। ਕੁਝ ਮਹੀਨਿਆਂ ਬਾਅਦ ਉਸੇ ਮੁੰਡੇ ਦੀ ਬਰਾਦਰੀ ਵਿਚੋਂ ਉਡਦੀ-ਉਡਦੀ ਉਸ ਦੀ ਮੌਤ ਦੀ ਖ਼ਬਰ ਆਈ ਕਿ ਉਹ ਨਹਿਰ ਵਿਚ ਤਾਰੀਆ ਲਾਉਂਦਾ-ਲਾਉਂਦਾ ਖੁਦ ਹੀ ਦੁਨੀਆਂ ਤੋਂ ਤੁਰ ਗਿਆ। ਭਰੀ ਜਵਾਨੀ ਵਿਚ ਉਪਰੋਂ ਬੁਲਾਵਾ ਆਉਣਾ, ਸ਼ਾਇਦ ਉਸ ਗਰੀਬਣੀ ਦੀ ਇੱਜ਼ਤ ਨਾਲ ਖਿਲਵਾੜ ਕਰਨ ਦੀ ਸਜ਼ਾ ਹੀ ਹੋਵੇ!*

*-ਉਸ ਗਰੀਬ ਕੁੜੀ ਦਾ ਪਿਤਾ ਚੰਗਾ ਇਨਸਾਨ ਸੀ ਜੋ ਆਪਣੀ ਪਿਛਲੀ ਉਮਰ ਵਿਚ ਵੀ ਭਾਰ ਢੋਣ ਵਾਲੀਆਂ ਗੱਡੀਆਂ ਦਾ ਕੰਮ ਸੰਭਾਲੀ ਬੈਠਾ ਸੀ। ਇਕ ਵਾਰ ਮਹੀਨੇ ਦਾ ਖਰਚਾ ਚੰਡੀਗੜ੍ਹ ਦੇਣ ਆਉਂਦਾ, ਉਸੇ ਬਹਾਨੇ ਘਰ ਵਾਲੀ ਦੇ ਹੱਥਾਂ ਦੀ ਬਣੀ ਸਲਗਮਾਂ ਦੀ ਸਬਜ਼ੀ ਅਤੇ ਆਂਡਿਆਂ ਦੀ ਭੁਰਜੀ ਨਾਲ ਗਰਮ-ਗਰਮ ਪਰੌਂਠੇ ਖਾ ਜਾਂਦਾ। ਨਾਲੇ ਨਿੱਕੇ ਮੁੰਡੇ ਤੋਂ ਲੱਤਾਂ-ਗੋਡੇ ਘੁਟਵਾ ਜਾਂਦਾ।*

ਕਿਤਾਬ ਬਾਰੇ ਹੋਰ ਜਾਣਕਾਰੀ ਲਈ ਫੋਨ: 775-379-5229 ਰੀਨੋ (ਨੇਵਾਡਾ)

Advt.

# Yuba Brothers Field Hockey Club
# & Gadri Babe Sports Club ਵਲੋਂ

# ਹਾਕੀ ਟੂਰਨਾਮੈਂਟ

## 26, 27 ਅਤੇ 28 ਸਤੰਬਰ 2014

**University Of Pacific, Stockton, CA**
**3601 Pacific Ave., Stockton, CA**




## ਪਹਿਲਾ ਇਨਾਮ: $5100

**ਏ ਐਂਡ ਆਈ ਟਰੱਕਿੰਗ ਦੇ ਗਾਖਲ ਭਰਾਵਾਂ ਵਲੋਂ**


ਇਕਬਾਲ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਅਮੋਲਕ ਸਿੰਘ ਗਾਖਲ

## ਦੂਜਾ ਇਨਾਮ: $3100

**ਕਿੰਗਜ਼ ਸਪੋਰਟਸ ਕਲੱਬ, ਸੈਕਰਾਮੈਂਟੋ ਵਲੋਂ**





## ਇਸ ਟੂਰਨਾਮੈਂਟ ਵਿਚ ਉਚ ਕੋਈ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ
## ਸਕਿਉਰਿਟੀ ਅਤੇ ਦਰਸ਼ਕਾਂ ਦੇ ਬੈਠਣ ਲਈ ਖਾਸ ਪ੍ਰਬੰਧ ਕੀਤੇ ਗਏ ਹਨ
## ਪ੍ਰੋਗਰਾਮ ਗਲੋਬਲ ਪੰਜਾਬ 'ਤੇ ਲਾਈਵ ਦਿੱਤਾ ਜਾਵੇਗਾ

### ਹੋਰ ਜਾਣਕਾਰੀ ਲਈ ਸੰਪਰਕ ਕਰੋ

ਟੀ ਜੇ ਉਪਲ 530-701-5591
ਜੀਤੂ ਧਾਲੀਵਾਲ 209-941-3616
ਸੁਰਜੀਤ ਨਿੱਜਰ 530-682-9596
ਦੇਵ ਅਟਵਾਲ 209-456-2559

**Sponsors:** A&I Trucking, AD Services (Sodi Gill), ALR Business Services (Amar Sandhu), Amanpreet Singh Sandhu, Amarjit Singh Dulai, American Freight (Rimple), Avtar Sahota, Bachittar Singh (Jahant), Bajinder Singh Klair, Balhar Bajwa, Baljinder Singh (Sacto) Jhihaz, Baljit Sahota, Balwinder S. Mithu, Bhandal Brothers Trucking, Bullet Express, C&A Trans (Sekhon Manteca), Commander Transport, Davinder Babbar, Dhanna Khalsa, Dr. Jasvir Singh Gill, Ekam Trans, Gill Transport Inc., Global Allianz (Kapoor), Gurmej Singh Gill, Gurmit Singh Basra, Gurmit Singh Sandhu, Gurnam Singh (Manteca), Gurpreet Johl, Harbrinder Janda, Harbans Trucking, HSD Trucking, Jumbo Logistics, Karnial Sandhu, Kashmir Thandi & Balhar Ranu, Kings Sports Club, Lakha Mahil (L&R), Lakhbir Singh Lakha, Lasher Brothers, Liquor King, Mahal Trucking (Sarabjit Mahal), Major Singh Livingston, Manjit Uppal, Mohinder Singh Khinda, Papu Murphys (Charn Kang), Papu Sangha, Power Truck Lines, PS Carrier, Raman Dhaliwal, Ranjit Dhaliwal, Ranjit Lathrop (Gurbinder S. Mangat), Sac Truck Lines, Sarabjit (Wells Fargo), Sarup Singh Sarai, Shop-N-Go 2 (Mahjan), Sigma Freight, Sodi Singh Sidhu, Sony Singh, Sukh Bains, Sukh Dhaliwal, Sukhdev Singh, Sukhwinder Mahal, Sumel Singh Sandhu, Tajinder Singh, Tirath Gakhal, Vanco Truck & Auto Plaza, White Hawk (Rimple Nijjar).













# Wor
# Lea

## 17 ਅਕਤੂਬਰ, ਸ਼ੁੱਕਰਵਾਰ

ਪ੍ਰੋਗਰਾਮ ਸ਼ਾਮ 4:30 ਵਜੇ ਸ਼ੁਰੂ ਹੋਣਗੇ

CALIFORNIA EAGLES

# Stock

ਇਸ ਵਿੱਚ ਹਿਸਾ ਲੈਣ
ਭਰ ਦੇ ਵੱਡੇ ਸਟੇਡੀਅ

ਅਮਰੀਕਾ ਦੇ ਉ
ਉਨ੍ਹਾਂ ਦੀ ਟੀਮ
ਭਰ ਵਿੱਚੋਂ ਚ

ਦੁਨੀਆ ਭਰ ਵਿ





ਸੂਚਨਾ : ਸੰਸਾਰ ਦੀ ਪ੍ਰਸਿੱਧ ਪਾਕਿਸਤਾਨ ਦੀ ਕਬੱਡੀ ਟੀਮ ਨੂੰ ਸਮੇਂ ਸਿ





# rld Kabaddi
# ague 2014

## 18 ਅਕਤੂਬਰ, ਸਨਿਚਰਵਾਰ

ਪ੍ਰੋਗਰਾਮ ਬਾਅਦ ਦੁਪਹਿਰ ਢਾਈ ਵਜੇ ਸ਼ੁਰੂ ਹੋਣਗੇ

# kton Arena ਵਿੱਚ

ਗੇ ਫਿਲਮੀ ਦੁਨੀਆ ਦੇ ਵੱਡੇ ਸੁਪਰ ਸਟਾਰ, ਕਬੱਡੀ ਹੁਣ ਦੁਨੀਆ
ਮ ਵਿੱਚ World Kabaddi League ਵਲੋਂ ਖੇਡੀ ਜਾਵੇਗੀ।

**ਘੇ ਫਾਰਮਰ ਟੁੱਟ ਬ੍ਰਦਰਜ਼ ਵਲੋਂ ਇਨ੍ਹਾਂ ਮੈਚਾਂ ਵਿੱਚ ਕੈਲੀਫੋਰਨੀਆ ਈਗਲਜ਼ ਦਾ ਮੁਕਾਬਲਾ ਦੁਨੀਆ ੁਣੀਆਂ 7 ਚੋਟੀ ਦੀਆਂ ਟੀਮਾ ਨਾਲ ਹੋਵੇਗਾ।**

ੱਚ ਖੇਡੇ ਗਏ ਇਨ੍ਹਾਂ ਮੈਚਾਂ ਦੀਆਂ ਝਲਕੀਆਂ ਤਸਵੀਰਾਂ ਦੀ ਜੁਬਾਨੀ











**ਰ ਵੀਜ਼ਾ ਨਾ ਮਿਲਣ ਕਾਰਨ ਟੂਰਨਾਮੈਂਟ ਦੀ ਤਾਰੀਕ ਬਦਲਣੀ ਪਈ।**

# ਕਲਾ ਦੀ ਅੱਖ

# ਸ਼ੀਰੀਂ ਨਿਸ਼ਾਂਤ



ਫੋਟੋਗ੍ਰਾਫੀ ਦੇ ਖੇਤਰ ਵਿਚ ਸੰਸਾਰ ਪੱਧਰ ਉਤੇ ਚੋਖਾ ਨਾਮਣਾ ਖੱਟਣ ਵਾਲੀ ਸ਼ੀਰੀਂ ਨਿਸ਼ਾਂਤ ਇਰਾਨ ਵਿਚ ਜੰਮੀ-ਪਲੀ ਅਤੇ ਅੱਜ ਕੱਲ੍ਹ ਅਮਰੀਕਾ ਦੇ ਸ਼ਹਿਰ ਨਿਊ ਯਾਰਕ ਵਿਚ ਵੱਸਦੀ ਹੈ। ਉਸ ਦੀ ਕਲਾ ਅਤੇ ਕਲਾਕਾਰੀ ਦੀਆਂ ਧੁੰਮਾਂ ਹਰ ਪਾਸੇ ਹਨ। ਉਸ ਦੀ ਫੋਟੋਗ੍ਰਾਫ਼ੀ ਦਰਸ਼ਕ ਨੂੰ ਇਸ ਤਰ੍ਹਾਂ ਕੀਲਦੀ ਹੈ ਜਿਸ ਤਰ੍ਹਾਂ ਕੋਈ ਗਵੱਈਆ ਸੁਰ ਅਤੇ ਤਾਲ ਨਾਲ ਆਪਣੇ ਸਰੋਤਿਆਂ ਨੂੰ ਮੰਤਰ-ਮੁਗਧ ਕਰਦਾ ਹੈ। ਉਸ ਦੀ ਫੋਟੋਗ੍ਰਾਫ਼ੀ ਸਾਧਾਰਨ ਨਹੀਂ ਹੁੰਦੀ। ਉਹ ਮਨੁੱਖੀ ਦੇਹ ਨੂੰ ਪਹਿਲਾਂ ਚਿੱਤਰਕਾਰ ਵਾਂਗ ਵਰਤਦੀ ਹੈ ਅਤੇ ਫਿਰ ਨਾਲੋ-ਨਾਲ ਵੀਡੀਓਗ੍ਰਾਫ਼ੀ ਵੀ ਕਰਦੀ ਹੈ। ਅਸਲ ਵਿਚ ਫਿਲਮ ਕੈਮਰੇ ਨਾਲ ਉਸ ਦਾ ਬਹੁਤ ਗਹਿਰਾ ਅਤੇ ਆਪ-ਮੁਹਾਰਾ ਰਿਸ਼ਤਾ ਹੈ। ਉਹ ਫਿਲਮ ਕੈਮਰੇ ਦੀ ਭਾਸ਼ਾ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੀ


**ਗੁਰਬਖਸ਼ ਸਿੰਘ ਸੋਢੀ**

ਹੈ। ਉਸ ਵੱਲੋਂ ਕੀਤੀ ਵੀਡੀਓਗ੍ਰਾਫ਼ੀ ਦੰਗ ਕਰਨ ਵਾਲੀ ਹੈ। ਇਸੇ ਲਈ ਜਦੋਂ ਉਸ ਨੇ ਇਰਾਨੀ ਲੇਖਕਾ ਸ਼ਾਹਰਨੁਸ਼ ਪਰਸੀਪੁਰ ਦੇ ਨਾਵਲ 'ਵਿਮੈਨ ਵਿਦਾਊਟ ਮੈਨ' ਦੇ ਆਧਾਰ 'ਤੇ 2009 ਵਿਚ ਇਸੇ ਨਾਂ ਤਹਿਤ ਫਿਲਮ ਬਣਾਈ ਤਾਂ ਇਸ ਦੀਆਂ ਲੋਕੇਸ਼ਨਾਂ ਅਤੇ ਵੀਡੀਓਗ੍ਰਾਫ਼ੀ ਦੇਖ ਕੇ ਲੋਕ ਹੈਰਾਨ ਰਹਿ ਗਏ।

ਸ਼ੀਰੀਂ ਨਿਸ਼ਾਂਤ ਦਾ ਜਨਮ 26 ਮਾਰਚ 1957 ਨੂੰ ਹੋਇਆ। ਉਹ ਆਪਣੇ ਮਾਪਿਆਂ ਦੇ ਪੰਜ ਬੱਚਿਆਂ ਵਿਚੋਂ ਚੌਥੇ ਨੰਬਰ ਉਤੇ ਸੀ। ਉਹਦਾ ਪਿਤਾ ਡਾਕਟਰ ਅਤੇ ਮਾਂ ਘਰੇਲੂ ਔਰਤ ਸੀ। ਪਿਤਾ ਪੱਛਮ ਦਾ ਬੜਾ ਕਾਇਲ ਸੀ ਅਤੇ ਉਹਨੇ ਆਪਣੇ ਬੱਚਿਆਂ ਨੂੰ ਕੈਥੋਲਿਕ ਬੋਰਡਿੰਗ ਸਕੂਲਾਂ ਤੋਂ ਪੜ੍ਹਾਈ ਕਰਵਾਈ। ਇਹੀ ਨਹੀਂ, ਉਹਨੇ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਲਈ ਹੱਲਾਸ਼ੇਰੀ ਦਿੱਤੀ ਅਤੇ ਸੰਸਾਰ ਨੂੰ ਦੇਖਣ-ਪਰਖਣ ਵਾਲੇ ਇਲਮ ਨਾਲ ਜੋੜਿਆ।

ਇਰਾਕ ਵਿਚ 1979 'ਚ ਅਜੇ ਧਾਰਮਿਕ ਇਨਕਲਾਬ ਨਹੀਂ ਸੀ ਆਇਆ ਕਿ ਸ਼ੀਰੀਂ ਪੜ੍ਹਨ ਲਈ ਲਾਸ ਏਂਜਲਸ (ਅਮਰੀਕਾ) ਆ ਗਈ। ਇਸ ਤੋਂ ਬਾਅਦ ਉਹ ਸੈਨ ਫਰਾਂਸਿਸਕੋ ਚਲੀ ਗਈ ਅਤੇ ਉਥੇ ਡੂਮੀਨੀਕਲ ਕਾਲਜ ਵਿਚ ਪੜ੍ਹਾਈ ਕੀਤੀ। ਬਾਅਦ ਵਿਚ ਉਸ ਨੇ ਯੂਨੀਵਰਸਿਟੀ ਆਫ ਕੈਲੀਫੋਰਨੀਆ-ਬਰਕਲੇ ਵਿਚ ਉਚ ਪੜ੍ਹਾਈ ਹਾਸਲ ਕੀਤੀ। ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਉਹ ਨਿਊ ਯਾਰਕ ਚਲੀ ਗਈ ਅਤੇ ਉਥੇ ਕੋਰੀਅਨ ਕਿਓਰੇਟਰ ਕਿਓਂਗ ਪਾਰਕ ਨਾਲ ਵਿਆਹ ਕਰਵਾ ਲਿਆ। ਕਿਓਂਗ ਪਾਰਕ ਉਦੋਂ 'ਸਟੋਰਫਰੰਟ ਫਾਰ ਆਰਟ ਐਂਡ ਆਰਕੀਟੈਚਰ' ਦਾ ਡਾਇਰੈਕਟਰ ਸੀ। ਇਹ ਸੰਸਥਾ ਉਸ ਨੇ ਆਪ ਬਣਾਈ ਸੀ। ਸ਼ੀਰੀਂ ਨੇ ਇਹ ਸੰਸਥਾ ਚਲਾਉਣ ਲਈ ਪੂਰੀ ਵਾਹ ਲਾਈ। ਇਸ ਸਮੇਂ ਦੌਰਾਨ ਉਹ ਆਪਣੀ ਕਲਾ ਵੱਲ ਵੀ ਬਹੁਤਾ ਧਿਆਨ ਨਹੀਂ ਦੇ ਸਕੀ। ਇਸੇ ਦੌਰਾਨ ਕਿਓਂਗ ਪਾਰਕ ਨਾਲ ਰਿਸ਼ਤਾ ਵੀ ਡੋਲ ਗਿਆ ਅਤੇ 1990 ਵਿਚ ਉਹ ਇਰਾਨ ਪਰਤ ਗਈ। ਇਸ ਸਮੇਂ ਨੂੰ ਉਹ ਆਪਣਾ ਸਭ ਤੋਂ ਮਾੜਾ ਸਮਾਂ ਮੰਨਦੀ ਹੈ। ਫਿਰ 2001-2002 ਵਿਚ ਨਿਸ਼ਾਂਤ ਨੇ ਗਾਇਕਾ ਸੂਸਨ ਡੇਹਿਮ ਨਾਲ ਰਲ ਕੇ ਕੰਮ ਸ਼ੁਰੂ ਕੀਤਾ ਅਤੇ ਵੱਖ-ਵੱਖ ਥਾਂਈਂ ਆਪਣੀਆਂ ਨੁਮਾਇਸ਼ਾਂ ਲਾਉਣੀਆਂ ਸ਼ੁਰੂ ਕੀਤੀਆਂ। ਨਾਲ ਹੀ ਫਿਲਮਾਂ ਵਾਲੇ ਪਾਸੇ ਧਿਆਨ ਧਰਿਆ। ਇਸ ਤੋਂ ਬਾਅਦ ਤਾਂ ਮੀਡੀਆ ਵਿਚ ਉਹ ਛਾਅ ਹੀ ਗਈ। ਉਸ ਦੀ ਕਲਾ ਅਤੇ ਕਲਾਕਾਰੀ ਬਾਰੇ ਅਖਬਾਰਾਂ ਨੇ ਦਿਲ ਖੋਲ੍ਹ ਕੇ ਲਿਖਿਆ। 'ਦਿ ਨਿਊ ਯਾਰਕਰ' ਵਰਗੀਆਂ ਅਖਬਾਰਾਂ ਨੇ ਉਸ ਦੇ ਪ੍ਰੋਫ਼ਾਈਲ ਛਾਪੇ। 'ਹਫ਼ਿੰਗਟਨ ਪੋਸਟ' ਦੇ ਆਲੋਚਕ ਜੀ. ਰੋਜ਼ਰ ਡੈਨਸਨ ਨੇ 2010 ਵਿਚ ਸ਼ੀਰੀਂ ਨਿਸ਼ਾਂਤ ਨੂੰ 'ਦਹਾਕੇ ਦੀ ਕਾਲਾਕਾਰ' ਆਖਿਆ।

ਸ਼ੀਰੀਂ ਨੇ ਅੱਜ ਕੱਲ੍ਹ ਇਰਾਨੀ ਮੂਲ ਦੇ ਕਲਾਕਾਰ ਅਤੇ ਫਿਲਮਸਾਜ਼ ਸ਼ੁਜਾ ਅਜ਼ਾਰੀ ਨਾਲ ਜੋੜੀ ਬਣਾਈ ਹੋਈ ਹੈ। 'ਵਿਮੈਨ ਵਿਦਊਟ ਮੈਨ' ਫਿਲਮ ਇਨ੍ਹਾਂ ਦੋਹਾਂ ਜਣਿਆਂ ਨੇ ਰਲ ਕੇ ਡਾਇਰੈਕਟ ਕੀਤੀ ਸੀ। ਸੁਜ਼ਾ ਨੇ ਇਸ ਤੋਂ ਇਲਾਵਾ 'ਵਿੰਡੋਜ਼', 'ਕੇ' ਆਦਿ ਫਿਲਮਾਂ ਬਣਾਇਆ ਹਨ। ਅੱਜ ਕੱਲ੍ਹ ਉਹ ਵੀ ਪੱਕੇ ਤੌਰ 'ਤੇ ਨਿਊ ਯਾਰਕ ਵਿਚ ਰਹਿ ਰਿਹਾ ਹੈ।





ਕਲਾ ਦੀ ਜ਼ੁਬਾਨ: ਸ਼ੀਰੀਂ ਨਿਸ਼ਾਂਤ ਦੀਆਂ ਦੋ ਕਲਾ ਕਿਰਤਾਂ।

## ਫਿਲਮ 'ਵਿਮੈਨ ਵਿਦਊਟ ਮੈਨ' ਤੇ ਸ਼ੀਰੀਂ

*ਸ਼ੀਰੀਂ ਨਿਸ਼ਾਂਤ ਨੇ ਫਿਲਮ 'ਵਿਮੈਨ ਵਿਦਾਊਟ ਮੈਨ' ਵਿਚ ਇਸਲਾਮੀ ਸੰਸਾਰ ਅੰਦਰ ਔਰਤਾਂ ਦੇ ਮੁੱਦਿਆਂ ਬਾਰੇ ਗੱਲ ਕੀਤੀ ਹੈ। ਇਹ ਫਿਲਮ ਮੋਰਾਕੋ ਵਿਚ ਫਿਲਮਾਈ ਗਈ। ਇਸ ਫਿਲਮ ਦੀ ਸੰਸਾਰ ਪੱਧਰ 'ਤੇ ਬੜੀ ਤਾਰੀਫ ਹੋਈ। ਸ਼ੀਰੀਂ ਨਿਸ਼ਾਂਤ ਨੂੰ 2009 ਵਿਚ ਵੈਨਿਸ ਫਿਲਮ ਮੇਲੇ ਦੌਰਾਨ ਸਰਵੋਤਮ ਡਾਇਰੈਕਟਿੰਗ ਦਾ 'ਸਿਲਵਰ ਲਾਇਨ' ਖਿਤਾਬ ਮਿਲਿਆ। 2009 ਵਿਚ ਹੀ ਟੋਰਾਂਟੋ ਕੌਮਾਂਤਰੀ ਫਿਲਮ ਮੇਲੇ ਵਿਚ ਇਹ ਫਿਲਮ ਵਿਸ਼ੇਸ਼ ਤੌਰ 'ਤੇ ਵਿਖਾਈ ਗਈ। ਇਸ ਤੋਂ ਇਲਾਵਾ ਸ਼ੀਰੀਂ ਸੰਸਾਰ ਭਰ ਦੇ ਫਿਲਮ ਮੇਲਿਆਂ ਵਿਚ ਕਿਸੇ ਨਾ ਕਿਸੇ ਹੈਸੀਅਤ ਵਿਚ ਸ਼ਿਰਕਤ ਕਰਦੀ ਹੈ ਅਤੇ ਉਹ ਮਨੁੱਖੀ ਅਧਿਕਾਰਾਂ ਦੀਆਂ ਜਦੋਜਹਿਦਾਂ ਨਾਲ ਵੀ ਜੁੜੀ ਹੋਈ ਹੈ।*




# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਸਤੰਬਰ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-135




*ਪਹਿਲਾਂ ਮੰਜਾ ਬੁਣਿਆ, ਵਿਚ ਰੰਗ-ਬਰੰਗੀ ਬੂਟੀ ਪਾਈ।*
*ਫਿਰ ਨਾਲਾ ਬੁਣਨ ਲਈ, ਮਾਈ ਨੇ ਹੈ ਬੁਣਤੀ ਪਾਈ।*
*ਇਹ ਵੀ ਸੱਚ ਕਿ ਅੱਜ ਕੱਲ੍ਹ ਨਾਲਾ ਬੁਣਦਾ ਕੋਈ ਕੋਈ।*
*ਰੈਡੀਮੇਡ ਜੋ ਹੋਈ ਦੁਨੀਆਂ, ਹੱਥੀਂ ਮਿਹਨਤ ਕਰੇ ਨਾ ਕੋਈ।*

## ਕੈਪਸ਼ਨ ਮੁਕਾਬਲਾ-133



ਬੁੱਕਲ ਦੇ ਵਿਚ ਲੈ ਪੋਤੀ ਨੂੰ,
ਲਾਡਾਂ ਨਾਲ ਵਰਾਵੇ।
ਭਰ ਕੇ ਡੁਲ੍ਹਦੇ ਮਨ ਆਪਣੇ ਨੂੰ,
ਠੁੱਮਣਾ ਦੇਈ ਜਾਵੇ।
ਘਰ ਦੀ ਰੌਣਕ ਅੱਜ ਦਾਦੇ ਨੂੰ,
ਕੋਲੋਂ ਖੁੱਸਦੀ ਜਾਪੇ।
ਦੁਨੀਆਂ ਦੇ ਦਸਤੂਰ ਦੇ ਅੱਗੇ,
ਬੇਵਸ ਹੋਵਣ ਮਾਪੇ।
**-ਜਗਮੀਤ ਸਿੰਘ ਪੰਧੇਰ**
*jagmitsinghpandher@gmail.com*

---

ਧੀ ਦੇਵੇ ਦੁਹਾਈ ਬਾਬਲਾ ਵੇ
ਵਰ ਹੋਵੇ ਚੰਨ ਦਾ ਟੁਕੜਾ।
ਜੋ ਦੇਵੇ ਠੰਡੀ ਮਿੱਠੜੀ ਛਾਂ
ਹੋਵੇ ਜਿਉਂ ਸੰਘਣਾ ਰੁੱਖੜਾ।
ਜਾਪੇ ਕੁਝ ਲੱਭਣਾ ਔਖਾ ਹੈ
ਛੇਵੇਂ ਦਰਿਆ ਪੰਜਾਬ ਵਿਚੋਂ।
ਜ਼ਰੂਰ 'ਹਰਿਆ ਬੂਟ ਰਹਿਓ ਰੀ'
ਨਾਨਕ ਸਿੰਘ ਦੇ ਖੁਆਬ ਵਿਚੋਂ।
**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**

---

ਸਹੁਰੇ ਘਰ ਨੂੰ ਜਾਈਂ ਬੱਚੀਏ
ਲੈ ਜਾ ਬਾਬੇ ਦੀਆਂ ਅਸੀਸਾਂ।
ਤੈਨੂੰ ਸੁਖੀ ਘਰ-ਬਾਰ ਮਿਲੇ
ਖੁਸ਼ੀਆਂ, ਖੇੜੇ, ਰਹਿਮਤਾਂ
ਆਦਰ, ਮਾਣ, ਪਿਆਰ ਮਿਲੇ।
ਸਭਨਾਂ ਦਾ ਸਤਿਕਾਰ ਕਰੀਂ
ਸਭਨਾਂ ਤੋਂ ਸਤਿਕਾਰ ਮਿਲੇ।
ਮਹਿਕ ਹਮੇਸ਼ਾ ਰਹੇ ਵੰਡਦੀ
ਐਸੀ ਖਿੜੀ ਗੁਲਜ਼ਾਰ ਮਿਲੇ।
**-ਗੁਰਦੇਵ ਸਿੰਘ ਵਿਰਦੀ**
**ਓਂਟਾਰੀਓ, ਕੈਨੇਡਾ।**

---

ਦਾਦੇ ਦੀ ਇਹ ਪਿਆਰੀ ਪੋਤੀ
ਵਿਦਾ ਹੋਣ ਤੋਂ ਪਹਿਲਾਂ ਖਲੋਤੀ।
ਬਾਬੇ ਦੀ ਬੁੱਕਲ ਦਾ ਨਿੱਘ ਚਾਹਵੇ
ਡੋਲੀ ਚੜ੍ਹਨ ਵੇਲੇ ਹੰਝੂ ਵਹਾਵੇ।
ਬਾਬੇ ਬੁੱਕਲ 'ਚ ਲਈ ਧੀ ਰਾਣੀ
ਚੁਪ ਕਰਾਵੇ ਨਾਲੇ ਲਾਡ ਲਡਾਵੇ।
ਰੀਤ ਇਹ ਜੱਗ ਦੀ ਤੁਰੀ ਆਈ
ਕੌਣ ਧੀਆਂ ਨੂੰ ਸਦਾ ਘਰ ਬਿਠਾਵੇ!
**-ਹਰਮੀਕ ਸਿੰਘ ਵਿੱਕੀ**
**ਸਟਾਕਟਨ, ਕੈਲੀਫੋਰਨੀਆ।**

---

ਧੀਆਂ ਧੰਨ ਬੇਗਾਨਾ ਹੁੰਦਾ
ਸੱਚ ਕਹਿ ਗਏ ਸਿਆਣੇ।
ਜਾਹ ਘਰ ਆਪਣੇ ਧੀਏ
ਤੂੰ ਸੁੱਖ ਹਜ਼ਾਰਾਂ ਮਾਣੇ।
ਕੰਧਾੜੇ ਚੁੱਕ ਚੁੱਕ ਖਿਡਾਏ
ਅੱਜ ਵੱਡੇ ਹੋਏ ਨਿਆਣੇ।
ਪਾਲ-ਪਲੋਸ ਕੇ ਧੀਆਂ ਨੂੰ
ਲੜ ਕਿਸੇ ਦੇ ਲਾਉਣਾ।
ਇਸ ਤੋਂ ਵੱਡਾ ਜਿਗਰਾ
ਮਾਂ-ਪਿਓ ਦਾ ਕੀ ਹੋਣਾ।
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**



*ਕਸ਼ਮੀਰ ਸਿੰਘ ਸ਼ਾਹੀ ਦੇ ਸਮਰਥਨ ਵਿਚ ਇਕੱਤਰ ਭਾਈਚਾਰੇ ਦੇ ਲੋਕ*

# ਕਸ਼ਮੀਰ ਸਿੰਘ ਸ਼ਾਹੀ ਦੇ ਹੱਕ 'ਚ ਇਕੱਤਰਤਾ

**ਯੂਨੀਅਨ ਸਿਟੀ (ਬਿਊਰੋ):** ਯੂਨੀਅਨ ਸਿਟੀ ਕੌਂਸਲ ਮੈਂਬਰ ਲਈ ਉਮੀਦਵਾਰ ਕਸ਼ਮੀਰ ਸਿੰਘ ਸ਼ਾਹੀ ਦੇ ਸਮਰਥਨ ਵਿਚ ਲੰਘੇ ਦਿਨੀਂ ਯੂਨੀਅਨ ਸਿਟੀ ਵਿਚ ਭਰਵਾਂ ਇਕੱਠ ਕੀਤਾ ਗਿਆ। ਇਸ ਮੌਕੇ ਬੁਲਾਰਿਆਂ ਨੇ ਸ੍ਰੀ ਸ਼ਾਹੀ ਨੂੰ ਜਿਤਾਉਣ ਲਈ ਅਪੀਲ ਕੀਤੀ ਅਤੇ ਚੋਣਾਂ ਵਿਚ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਜ਼ਿਕਰਯੋਗ ਹੈ ਕਿ ਕੌਂਸਲ ਮੈਂਬਰ ਦੀ ਚੋਣ ਲਈ 5 ਉਮੀਦਵਾਰ ਮੈਦਾਨ ਵਿਚ ਹਨ ਅਤੇ ਯੂਨੀਅਨ ਸਿਟੀ ਵਿਚ ਕਰੀਬ 33230 ਵੋਟਰ ਹਨ ਜਿਨ੍ਹਾਂ ਵਿਚ ਕਾਫੀ ਗਿਣਤੀ ਭਾਰਤੀ ਭਾਈਚਾਰੇ ਦੀ ਹੈ। ਇਹ ਚੋਣ 4 ਨਵੰਬਰ ਨੂੰ ਹੋ ਰਹੀ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਸ਼ਾਹੀ ਐਲਾਮੀਡਾ ਕਾਉਂਟੀ ਵਿਚ ਬਤੌਰ ਕਮਿਸ਼ਨਰ ਕੰਮ ਕਰ ਰਹੇ ਹਨ। ਉਨ੍ਹਾਂ ਦਾ ਚੋਣ ਮਨੋਰਥ ਛੋਟੇ ਬਿਜਨਸ ਪ੍ਰਫੁਲਿਤ ਕਰਨਾ, ਬਜ਼ੁਰਗਾਂ ਲਈ ਕਈ ਪ੍ਰੋਗਰਾਮ ਬਣਾਉਣੇ ਜਿਸ ਨਾਲ ਨੌਜਵਾਨ ਵੀ ਨਾਲ ਜੁੜ ਸਕਣ, ਪੰਜਾਬੀਆਂ ਦੇ ਹੋਰ ਤਿਉਹਾਰ ਮਨਾਉਣ ਲਈ ਇਨ੍ਹਾਂ ਨੂੰ ਯੂਨੀਅਨ ਸਿਟੀ ਵਿਚ ਵਿਕਸਤ ਕਰਨਾ ਆਦਿ ਹਨ।

ਸ੍ਰੀ ਸ਼ਾਹੀ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਜਿਨ੍ਹਾਂ ਦੀ ਵੋਟ ਨਹੀਂ ਬਣੀ ਉਹ ਗੁਰਦੁਆਰਾ ਫਰੀਮਾਂਟ ਵਿਚ ਹਰ ਐਤਵਾਰ ਸਵੇਰੇ 11 ਤੋਂ ਬਾਅਦ ਦੁਪਹਿਰ 2 ਵਜੇ ਤੱਕ ਵੋਟ ਬਣਾ ਸਕਦੇ ਹਨ ਅਤੇ ਇਸ ਲਈ ਯੂ.ਐਸ. ਸਿਟੀਜ਼ਨ ਹੋਣਾ ਲਾਜ਼ਮੀ ਹੈ। ਸ੍ਰੀ ਸ਼ਾਹੀ ਨਾਲ ਸੰਪਰਕ ਫੋਨ 510-299-7982 ਰਾਹੀਂ ਕੀਤਾ ਜਾ ਸਕਦਾ ਹੈ।



*ਵਿਸਮਾਦ ਅਕੈਡਮੀ ਵਲੋਂ ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿਖੇ ਭਾਈ ਸੁਰਿੰਦਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਸਿੱਖ ਸੰਗੀਤ ਦੇ ਵਿਦਿਆਰਥੀਆਂ ਹਰਲਵ ਸਿੰਘ ਅਤੇ ਸੁਖਵਿੰਦਰ ਸਿੰਘ ਵਲੋਂ ਗਾਇਨ ਕੀਤੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 31 ਰਾਗਾਂ ਦੀ ਡੀ ਵੀ ਡੀ ਅਤੇ ਐਮ ਪੀ-3 ਰਿਲੀਜ਼ ਕੀਤੀ ਗਈ। ਇਹ ਡੀ ਵੀ ਡੀ 2 ਘੰਟੇ 40 ਮਿੰਟ ਦੀ ਹੈ। ਹਰਲਵ ਸਿੰਘ ਅਤੇ ਸੁਖਵਿੰਦਰ ਸਿੰਘ ਸਿਰਫ 18-18 ਸਾਲ ਦੇ ਹਨ।*

## ਦੋਸ਼ੀ ਨੂੰ ਮੌਤ ਦਾ ਟੀਕਾ ਲਾਇਆ

**ਬੌਨ ਟੈਰੇ:** ਅਮਰੀਕੀ ਸੂਬੇ ਮਿਸੌਰੀ ਵਿਚ 1998 ਵਿਚ ਇਕ ਰੈਸਟੋਰੈਂਟ ਵਿਚ ਡਾਕੇ ਦੌਰਾਨ ਦੋ ਜਣਿਆਂ ਦਾ ਕਤਲ ਕਰ ਦੇਣ ਵਾਲੇ ਅਰਲ ਰਿੰਗੋ ਜੂਨੀਅਰ ਨਾਮੀ ਕਾਤਲ ਨੂੰ ਸਜ਼ਾ-ਏ-ਮੌਤ ਦੇ ਦਿੱਤੀ ਗਈ। ਉਸ ਨੂੰ ਜ਼ਹਿਰ ਦਾ ਟੀਕਾ ਲਾ ਕੇ ਸਦਾ ਦੀ ਨੀਂਦ ਸੰਵਾ ਦਿੱਤਾ ਗਿਆ। ਉਸ ਨੇ ਇਕ ਹੋਰ ਸਾਥੀ ਨਾਲ ਮਿਲ ਕੇ ਚਾਰ ਜੁਲਾਈ 1998 ਨੂੰ ਤੜਕਸਾਰ ਇਕ ਰੈਸਟੋਰੈਂਟ ਨੂੰ ਲੁੱਟਿਆ ਸੀ ਤੇ ਇਸ ਦੌਰਾਨ ਇਕ ਡਿਲੀਵਰੀ ਡਰਾਈਵਰ ਤੇ ਇਕ ਟਰੇਨੀ ਮੈਨੇਜਰ ਨੂੰ ਬੜੀ ਨੇੜਿਓਂ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਸੀ।

M.K. Nijjar DDS
Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

510-794-7058
WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*

ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

Punjab Truck Wash & Repair 2301 Simpson Street, Kingsburg, CA 93631

*ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114*





*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour
All major and minor repairs.

ਤਸੱਲੀਬਖਸ਼ ਕੰਮ
ਵਾਜਬ ਰੇਟ

*Free Parking*






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

# ਇੰਜ ਹੁੰਦੈ ਸੰਗਤ ਦਰਸ਼ਨਾਂ ਲਈ ਮਾਇਆ ਦਾ ਜੁਗਾੜ

## ਮੁੱਖ ਮੰਤਰੀ ਵੱਲੋਂ ਵਾਧੂ ਫੰਡਾਂ ਦੀ ਵਰਤੋਂ 'ਤੇ ਵਿਭਾਗੀ ਅਧਿਕਾਰੀਆਂ ਨੂੰ ਵੀ ਇਤਰਾਜ਼



**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸੰਗਤ ਦਰਸ਼ਨਾਂ ਲਈ ਮਾਇਆ ਦਾ ਜੁਗਾੜ ਖ਼ਜ਼ਾਨੇ ਵਿਚ ਪੈਸਾ ਜਮ੍ਹਾਂ ਹੋਣ ਤੋਂ ਪਹਿਲਾਂ ਹੀ ਕਰ ਲੈਂਦੇ ਹਨ। ਸੰਗਤ ਦਰਸ਼ਨਾਂ ਨੂੰ ਬਜਟ ਦਾ ਹਿੱਸਾ ਬਣਾਉਣ ਦੀ ਥਾਂ ਇਸ ਲਈ ਵੱਖਰੇ ਫੰਡ ਕਾਇਮ ਕੀਤੇ ਗਏ ਹਨ। ਵਿੱਤ ਵਿਭਾਗ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਨੇ ਵਾਧੂ ਫੰਡ ਇਸ ਕਰਕੇ ਕਾਇਮ ਕੀਤੇ ਹਨ ਤਾਂ ਜੋ ਬਜਟ ਵਿਚੋਂ ਪੈਸਾ ਜਾਰੀ ਕਰਾਉਣ ਦੇ ਝੰਜਟ ਤੋਂ ਬਚਿਆ ਜਾ ਸਕੇ। ਵਿਭਾਗ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਸਰਕਾਰ ਵਿੱਤੀ ਬੇਨਿਯਮੀਆਂ ਕਰ ਰਹੀ ਹੈ। ਸਰਕਾਰ ਸੰਵਿਧਾਨਕ ਸੰਸਥਾਵਾਂ ਦੇ ਇਤਰਾਜ਼ ਨੂੰ ਲਗਾਤਾਰ ਅੱਖੋਂ ਪਰੋਖੇ ਕਰ ਦਿਹਾਤੀ ਵਿਕਾਸ ਫੰਡ ਜਾਂ ਪੀ.ਆਈ.ਡੀ.ਬੀ. ਦੇ ਫੰਡਾਂ ਦਾ ਪੈਸਾ ਸੰਗਤ ਦਰਸ਼ਨਾਂ ਵਿਚ ਵੰਡ ਰਹੀ ਹੈ।

ਦਿਹਾਤੀ ਵਿਕਾਸ ਫੰਡ, ਪੰਜਾਬ ਇਨਫਰਾਸਟਰਕਚਰ ਵਿਕਾਸ ਫੰਡ ਤੇ ਵਿਕਾਸ ਅਥਾਰਟੀਆਂ ਰਾਹੀਂ ਇਕੱਠੇ ਕੀਤੇ ਜਾਂਦੇ 3000 ਕਰੋੜ ਦੀ ਵਰਤੋਂ ਮੁੱਖ ਮੰਤਰੀ ਵੱਲੋਂ ਆਪਣੀ ਸਹੂਲਤ ਮੁਤਾਬਕ ਕੀਤੀ ਜਾਂਦੀ ਹੈ। ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਹਾਲ ਹੀ ਵਿਚ ਲਿਖੇ ਪੱਤਰ ਰਾਹੀਂ ਇਸ ਫੰਡ ਨੂੰ ਬਜਟ ਦਾ ਹਿੱਸਾ ਬਣਾਉਣ ਲਈ ਕਿਹਾ ਹੈ।

ਇਸ ਤੋਂ ਪਹਿਲਾਂ ਕੰਪਟਰੋਲਰ ਜਨਰਲ (ਕੈਗ) ਤੇ ਯੋਜਨਾ ਕਮਿਸ਼ਨ ਵੱਲੋਂ ਸੂਬਾ ਸਰਕਾਰ ਦੇ ਇਸ ਰੁਝਾਨ 'ਤੇ ਇਕ ਤੋਂ ਵੱਧ ਵਾਰੀ ਸਵਾਲ ਉਠਾਏ ਜਾ ਚੁੱਕੇ ਹਨ। ਵਿੱਤ ਵਿਭਾਗ ਤੇ ਅਰਥ ਸਾਸ਼ਤਰੀਆਂ ਵੱਲੋਂ ਇਸ ਨੂੰ 'ਵਿੱਤੀ ਬੇਨਿਯਮੀ' ਕਰਾਰ ਦਿੱਤਾ ਜਾ ਰਿਹਾ ਹੈ। ਮਿਲੀ ਜਾਣਕਾਰੀ ਮੁਤਾਬਕ ਸਰਕਾਰ ਨੇ ਲੰਘੇ ਮਾਲੀ ਸਾਲ ਦੌਰਾਨ ਦਿਹਾਤੀ ਵਿਕਾਸ ਫੰਡ ਤੋਂ 747 ਕਰੋੜ ਰੁਪਏ ਤੇ ਪੀ.ਆਈ.ਡੀ.ਬੀ. ਫੰਡ ਤੋਂ 1300 ਕਰੋੜ ਰੁਪਏ ਜੁਟਾਏ ਸਨ। ਪੁੱਡਾ, ਗਮਾਡਾ ਤੇ ਹੋਰਨਾਂ ਵਿਕਾਸ ਅਥਾਰਟੀਆਂ ਰਾਹੀਂ ਸਰਕਾਰੀ ਜਾਇਦਾਦਾਂ ਵੇਚ ਕੇ ਕੀਤੀ ਜਾਂਦੀ ਕਮਾਈ ਵੀ ਬਜਟ ਤੋਂ ਵੱਖਰੇ ਫੰਡ ਦਾ ਹਿੱਸਾ ਬਣਦੀ ਹੈ। ਪੰਜਾਬ ਸਰਕਾਰ ਵੱਲੋਂ ਕਾਇਮ ਕੀਤੇ ਦੋ ਨਵੇਂ ਫੰਡ ਕੈਂਸਰ ਫੰਡ ਤੇ ਸੱਭਿਆਚਾਰਕ ਫੰਡ ਵੀ ਕਾਇਮ ਕਰ ਦਿੱਤੇ ਗਏ ਹਨ। ਸੱਭਿਆਚਾਰਕ ਸੈੱਸ ਰਾਹੀਂ ਸਰਕਾਰ ਨੇ ਸਾਲਾਨਾ 50 ਕਰੋੜ ਰੁਪਏ ਦੀ ਵਸੂਲੀ ਦਾ ਟੀਚਾ ਮਿੱਥਿਆ ਹੈ। ਮੁੱਖ ਮੰਤਰੀ ਦਾ ਮੰਨਣਾ ਹੈ ਕਿ ਖ਼ਜ਼ਾਨੇ ਵਿਚ ਗਏ ਪੈਸੇ 'ਗੰਗਾ ਪਏ ਫੁੱਲਾਂ' ਵਾਂਗ ਹੈ ਤੇ ਵਿੱਤ ਵਿਭਾਗ ਵੱਲੋਂ ਪੈਸਾ ਜਾਰੀ ਕਰਨ ਸਮੇਂ ਆਨਾ ਕਾਨੀ ਕੀਤੀ ਜਾਂਦੀ ਹੈ। ਇਸ ਕਰਕੇ ਇਹ ਫੰਡ ਬਜਟ ਦਾ ਹਿੱਸਾ ਨਹੀਂ ਬਣੇ ਸਕੇ। ਵੱਖਰੇ ਕਾਇਮ ਕੀਤੇ ਫੰਡਾਂ ਰਾਹੀਂ ਸ. ਬਾਦਲ ਨੂੰ ਪੈਸਾ ਵੰਡਣ ਦੀ ਆਸਾਨੀ ਰਹਿੰਦੀ ਹੈ। ਸ. ਬਾਦਲ ਵੱਲੋਂ ਜਿਨ੍ਹਾਂ ਫੰਡਾਂ ਦੀ ਵੰਡ ਆਪਣੀ ਮਰਜ਼ੀ ਮੁਤਾਬਕ ਕੀਤੀ ਜਾਂਦੀ ਹੈ, ਉਸ ਦੀ ਕੈਗ ਵੱਲੋਂ ਆਡਿਟਿੰਗ ਨਹੀਂ ਕੀਤੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਸੰਗਤ ਦਰਸ਼ਨਾਂ ਰਾਹੀਂ ਦਿਹਾਤੀ ਵਿਕਾਸ ਫੰਡ ਜਾਂ ਪੀ.ਆਈ.ਡੀ.ਬੀ. ਦੇ ਫੰਡਾਂ ਦੀ ਹੀ ਵਰਤੋਂ ਕਰਦੇ ਹਨ। ਨਾਲ ਹੀ ਸਰਕਾਰ ਦੀ ਕਮਾਈ ਦਾ 87 ਫ਼ੀਸਦੀ ਤੋਂ ਜ਼ਿਆਦਾ ਪੈਸਾ ਬੱਝਵੇਂ ਖਰਚਿਆਂ 'ਤੇ ਹੀ ਹੁੰਦਾ ਹੈ। ਪੰਜਾਬ ਸਰਕਾਰ ਵੱਲੋਂ ਬੁਢਾਪਾ ਪੈਨਸ਼ਨਾਂ ਨਿਰਵਿਘਨ ਦੇਣ ਲਈ ਬਿਜਲੀ ਡਿਊਟੀ ਵਿਚ ਵਾਧਾ ਤੇ ਸ਼ਹਿਰੀ ਖੇਤਰ ਵਿਚ ਜ਼ਮੀਨਾਂ ਦੀਆਂ ਰਜਿਸਟਰੀਆਂ 'ਤੇ ਇਕ ਫ਼ੀਸਦੀ ਸੈੱਸ ਲਗਾਇਆ ਸੀ। ਇਸੇ ਤਰ੍ਹਾਂ ਸਿੱਖਿਆ ਲਈ ਪੈਸਾ ਜੁਟਾਉਣ ਖ਼ਾਤਰ ਸ਼ਰਾਬ 'ਤੇ ਸੈੱਸ ਲਗਾਇਆ ਸੀ। ਇਹ ਪੈਸਾ ਬਜਟ ਦਾ ਹਿੱਸਾ ਹੈ ਜਿਸ ਨੂੰ ਜਾਰੀ ਕਰਾਉਣ ਲਈ ਸਰਕਾਰ ਨੂੰ ਜੱਦੋ ਜਹਿਦ ਕਰਨੀ ਪੈਂਦੀ ਹੈ।

ਕੇਂਦਰੀ ਯੋਜਨਾ ਕਮਿਸ਼ਨ ਨੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਨਾਲ ਹੁੰਦੀਆਂ ਮੀਟਿੰਗਾਂ ਦੌਰਾਨ ਇਹ ਮੁੱਦਾ ਉਠਾਉਂਦਿਆਂ ਵਾਧੂ ਕਾਇਮ ਕੀਤੇ ਫੰਡਾਂ ਨੂੰ ਬਜਟ ਦਾ ਹਿੱਸਾ ਬਣਾਉਣ ਲਈ ਕਿਹਾ ਸੀ। ਹੁਣ ਵਿੱਤ ਮੰਤਰੀ ਅਰੁਣ ਜੇਤਲੀ ਨੇ ਵੀ ਸਵਾਲ ਖੜ੍ਹਾ ਕਰ ਦਿੱਤਾ ਹੈ। ਕੈਗ ਨੇ ਵੀ ਬਜਟ ਤੋਂ ਬਾਹਰ ਰੱਖੇ ਜਾਂਦੇ ਇਨ੍ਹਾਂ ਫੰਡਾਂ ਨੂੰ ਸਾਲਾਨਾ ਬਜਟ ਦਾ ਹਿੱਸਾ ਬਣਾਉਣ ਦੀ ਗੱਲ ਕਰਦਿਆਂ ਲੋਕਾਂ ਤੋਂ ਉਗਰਾਹੇ ਧੰਨ ਦੀ ਆਡਿਟਿੰਗ ਕਰਾਉਣ ਲਈ ਕਈ ਵਾਰ ਕਿਹਾ ਹੈ। ਕੈਗ ਦਾ ਇਹ ਵੀ ਕਹਿਣਾ ਹੈ ਕਿ ਸਰਕਾਰੀ ਪੈਸੇ ਦੀ ਆਡਿਟਿੰਗ ਨਿਯਮਤ ਢੰਗ ਨਾਲ ਨਾ ਹੋਣ ਕਾਰਨ ਘਪਲੇਬਾਜ਼ੀ ਦੀ ਸੰਭਾਵਨਾ ਬਣੀ ਰਹਿੰਦੀ ਹੈ।

## ਦਿੱਲੀ ਵਿਚ ਵੀ ਲੱਗੇਗਾ ਬਾਦਲਾਂ ਦਾ ਦਰਬਾਰ

**ਚੰਡੀਗੜ੍ਹ:** ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸੰਗਤ ਦਰਸ਼ਨ ਦੇ ਨਾਂ ਹੇਠ ਹੀ ਹਰ ਸ਼ਨਿਚਰਵਾਰ ਨੂੰ ਪੰਜਾਬ ਭਵਨ ਨਵੀਂ ਦਿੱਲੀ ਵਿਖੇ 'ਦਰਬਾਰ' ਲਗਾਉਣਾ ਸ਼ੁਰੂ ਕੀਤਾ ਹੈ। ਸ਼ਾਇਦ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਕਿਸੇ ਸੂਬੇ ਦਾ ਮੁੱਖ ਮੰਤਰੀ ਜਾਂ ਉਪ-ਮੁੱਖ ਮੰਤਰੀ ਆਪਣੇ ਸੂਬੇ ਤੋਂ ਬਾਹਰ ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਲਈ ਦਰਬਾਰ ਲਗਾਉਣ ਦੀ ਪਿਰਤ ਪਾ ਰਿਹਾ ਹੈ। ਹਰ ਹਫ਼ਤੇ ਪੰਜਾਬ ਦੇ ਕਈ ਅਧਿਕਾਰੀ ਤੇ ਲੋਕ ਸੰਪਰਕ ਵਿਭਾਗ ਦੇ ਅਫ਼ਸਰ ਵੀ ਇਸ ਸਮਾਗਮ ਲਈ ਦਿੱਲੀ ਜਾਣ ਵਾਸਤੇ ਮਜਬੂਰ ਹੁੰਦੇ ਹਨ। ਸ. ਸੁਖਬੀਰ ਸਿੰਘ ਬਾਦਲ ਦਾ ਤਰਕ ਹੈ ਕਿ ਦਿੱਲੀ ਵਿਖੇ ਹਰਿਆਣਾ ਤੇ ਦਿੱਲੀ ਦੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਸੰਗਤ ਦਰਸ਼ਨ ਆਰੰਭ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਕੌਮੀ ਪੱਧਰ ਦੀ ਪਾਰਟੀ ਹੈ। ਹਰਿਆਣਾ ਤੇ ਦਿੱਲੀ ਵਿਚ ਇਸ ਦੇ ਵਿਧਾਇਕ ਹਨ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜ਼ਿੰਮੇਵਾਰੀ ਵੀ ਦਲ ਕੋਲ ਹੈ। ਇਸ ਕਰ ਕੇ ਚੰਡੀਗੜ੍ਹ ਵਿਚ ਹੋਣ ਵਾਲੇ ਸੰਗਤ ਦਰਸ਼ਨਾਂ ਵਿਚ ਹਰਿਆਣਾ ਤੇ ਦਿੱਲੀ ਵਿਚ ਵਸਦੇ ਹਰ ਵਰਗ ਦੇ ਲੋਕ ਖਾਸ ਕਰ ਸਿੱਖ ਤੇ ਪੰਜਾਬੀ ਪਹੁੰਚ ਰਹੇ ਹਨ।

## ਜਯੋਤੀ ਕਤਲ ਕੇਸ ਵਿਚ ਵਿਧਾਇਕ ਚੌਧਰੀ ਸਣੇ ਸਾਰੇ ਮੁਲਜ਼ਮ ਬਰੀ

**ਪੰਚਕੂਲਾ:** ਜਯੋਤੀ ਹੱਤਿਆ ਕਾਂਡ ਕੇਸ ਵਿਚ ਫਾਸਟ ਟਰੈਕ ਕੋਰਟ ਵੱਲੋਂ ਦੂਨ ਹਲਕੇ ਦੇ ਵਿਧਾਇਕ ਰਾਮ ਕੁਮਾਰ ਚੌਧਰੀ ਸਮੇਤ ਸਾਰੇ 12 ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ। ਨਵੰਬਰ 2012 ਨੂੰ ਜਯੋਤੀ ਦੀ ਹੱਤਿਆ ਹੋਈ ਸੀ। ਮ੍ਰਿਤਕ ਜਯੋਤੀ ਦੇ ਪਿਤਾ ਬੂਟੀ ਰਾਮ ਨੇ ਕਿਹਾ ਕਿ ਉਸ ਨੂੰ ਇਨਸਾਫ ਨਹੀਂ ਮਿਲਿਆ। ਹੁਣ ਉਹ ਉਚੇਰੀ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ। ਫੈਸਲਾ ਆਉਣ 'ਤੇ ਜ਼ਿਲ੍ਹਾ ਅਦਾਲਤ ਦੇ ਬਾਹਰ ਵਿਧਾਇਕ ਰਾਮ ਕੁਮਾਰ ਚੌਧਰੀ ਦੀ ਵੱਡੀ ਗਿਣਤੀ ਹਮਾਇਤੀ ਇਕੱਠੇ ਹੋ ਗਏ ਤੇ ਉਨ੍ਹਾਂ ਚੌਧਰੀ ਦੇ ਹੱਕ ਵਿਚ ਨਾਅਰੇ ਮਾਰੇ। ਨਵੰਬਰ 2012 ਵਿਚ ਜਯੋਤੀ ਦੀ ਲਾਸ਼ ਪੰਚਕੂਲਾ ਦੇ ਸੈਕਟਰ-21 ਦੀਆਂ ਝਾੜੀਆਂ ਕੋਲ ਸੜਕ ਕਿਨਾਰਿਓਂ ਮਿਲੀ ਸੀ। ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਪੁਲਿਸ ਵਿਧਾਇਕ ਰਾਮ ਕੁਮਾਰ ਚੌਧਰੀ ਉੱਤੇ ਲਗਾਏ ਗਏ ਦੋਸ਼ ਸਾਬਤ ਨਹੀਂ ਕਰ ਸਕੀ। ਇਸ ਕਰਕੇ ਚੌਧਰੀ ਸਮੇਤ ਬਾਕੀ ਮੁਲਜ਼ਮਾਂ ਨੂੰ ਬਰੀ ਕੀਤਾ ਜਾਂਦਾ ਹੈ।

# ਹੋਂਦ ਚਿੱਲੜ ਕਾਂਡ ਦੇ ਗਵਾਹਾਂ ਨੇ ਪੁਲਿਸ ਨੂੰ ਜ਼ਿੰਮੇਵਾਰ ਠਹਿਰਾਇਆ

## ਗਰਗ ਕਮਿਸ਼ਨ 30 ਤੋਂ ਪਹਿਲਾਂ ਸੌਂਪੇਗਾ ਰਿਪੋਰਟ



**ਚੰਡੀਗੜ੍ਹ:** ਹੋਂਦ ਚਿੱਲੜ ਕਾਂਡ ਦੀ ਜਾਂਚ ਕਰ ਰਹੇ ਇਕ ਮੈਂਬਰੀ ਕਮਿਸ਼ਨ ਦੇ ਜੱਜ ਟੀ.ਪੀ. ਗਰਗ ਨੇ ਕਿਹਾ ਹੈ ਕਿ 30 ਸਤੰਬਰ ਨੂੰ ਕਮਿਸ਼ਨ ਦੀ ਮਿਆਦ ਖਤਮ ਹੋ ਰਹੀ ਹੈ ਤੇ ਉਹ ਉਸ ਤੋਂ ਪਹਿਲਾਂ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਦੇਣਗੇ। ਹੋਂਦ ਚਿੱਲੜ ਤਾਲਮੇਲ ਕਮੇਟੀ ਨੇ ਕਮਿਸ਼ਨ ਕੋਲੋਂ ਮੰਗ ਕੀਤੀ ਹੈ ਕਿ ਪਿੰਡ ਦੇ 32 ਸਿੱਖਾਂ ਦੇ ਕਤਲਾਂ ਦੀ ਜ਼ਿੰਮੇਵਾਰੀ ਪੁਲਿਸ 'ਤੇ ਪਾਈ ਜਾਵੇ।


ਪਿੰਡ ਦੇ ਨੰਬਰਦਾਰ ਨਾਨਕ ਚੰਦ ਨੇ ਕਮਿਸ਼ਨ ਦੀ ਅਦਾਲਤ ਨੂੰ ਦੱਸਿਆ ਕਿ ਦੋ ਨਵੰਬਰ ਨੂੰ ਹੇਲੀ ਮੰਡੀ ਤੇ ਪਟੌਦੀ ਤੋਂ ਤਿੰਨ ਚਾਰ ਬੱਸਾਂ ਗੁੰਡਿਆਂ ਨਾਲ ਭਰੀਆਂ ਪਿੰਡ ਵਿਚ ਪਹੁੰਚੀਆਂ ਸਨ ਤੇ ਉਨ੍ਹਾਂ ਨੇ ਬੱਸਾਂ ਵਿਚੋਂ ਉਤਰ ਕੇ ਇੱਟਾਂ ਪੱਥਰ ਵਰ੍ਹਾਉਣੇ ਸ਼ੁਰੂ ਕਰ ਦਿੱਤੇ ਤੇ ਘਰਾਂ ਨੂੰ ਅੱਗਾਂ ਲਾ ਦਿੱਤੀਆਂ।

ਸ਼ਾਮ ਤੱਕ ਸਾਰੇ ਪਿੰਡ ਨੂੰ ਤਬਾਹ ਕਰ ਦਿੱਤਾ ਤੇ ਪਿੰਡ ਦੇ 32 ਸਿੱਖਾਂ ਨੂੰ ਕਤਲ ਕਰ ਦਿੱਤਾ। ਉਸ ਨੇ ਪੰਚਾਇਤ ਨੂੰ ਨਾਲ ਲੈ ਕੇ ਅਗਲੇ ਦਿਨ ਐਫ.ਆਈ.ਆਰ. 91 ਦਰਜ ਕਰਵਾਈ। ਉਸ ਤੋਂ ਅਗਲੇ ਦਿਨ ਪੁਲਿਸ ਨੇ ਕਤਲ ਕੀਤੇ ਗਏ ਸਿੱਖਾਂ ਦਾ ਸਸਕਾਰ ਕਰ ਦਿੱਤਾ। ਪੁਲਿਸ ਨੇ ਰਿਪੋਰਟ ਦਰਜ ਕਰਨ ਸਮੇਂ ਉਸ ਕੋਲੋਂ ਕੋਈ ਪੁੱਛ-ਪੜਤਾਲ ਨਹੀਂ ਕੀਤੀ। ਜੱਜ ਨੇ ਸੁਣਵਾਈ ਤੋਂ ਬਾਅਦ ਦੱਸਿਆ ਕਿ ਕਮਿਸ਼ਨ ਦੀ ਮਿਆਦ 30 ਸਤੰਬਰ ਨੂੰ ਖਤਮ ਹੋ ਰਹੀ ਹੈ ਤੇ ਉਹ ਇਸ ਤੋਂ ਪਹਿਲਾਂ ਸੁਣਵਾਈ ਖਤਮ ਕਰਕੇ ਰਿਪੋਰਟ ਪੇਸ਼ ਕਰਨੀ ਚਾਹੁੰਦੇ ਹਨ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਖ਼ਤ ਹਦਾਇਤ ਕੀਤੀ ਕਿ ਅਗਲੀ ਪੇਸ਼ੀ 'ਤੇ ਪਿੰਡ ਦੇ ਤੱਤਕਾਲੀ ਸਰਪੰਚ ਧਨਪਤ ਨੂੰ ਪੇਸ਼ ਕੀਤਾ ਜਾਵੇ।

ਕਮਿਸ਼ਨ ਨੇ ਕੇਸ ਦੀ ਅਗਲੀ ਸੁਣਵਾਈ ਲਈ 26 ਸਤੰਬਰ ਤੈਅ ਕੀਤੀ ਹੈ ਤੇ ਇਸ ਦਿਨ ਹੀ ਇਸ ਕਾਂਡ ਦੀ ਸੁਣਵਾਈ ਸਮਾਪਤ ਹੋ ਜਾਵੇਗੀ। ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਕਿਹਾ ਹੈ ਕਿ ਨੰਬਰਦਾਰ ਦੇ ਬਿਆਨ ਤੋਂ ਸਪਸ਼ਟ ਹੋ ਗਿਆ ਹੈ ਕਿ ਪੁਲਿਸ ਨੇ ਸਸਕਾਰ ਕਰਨ ਤੋਂ ਇਲਾਵਾ ਦੋਸ਼ੀਆਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ। ਤਕਰੀਬਨ ਸਾਰੇ ਗਵਾਹਾਂ ਨੇ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਦੀ ਹੀ ਨਿਸ਼ਾਨਦੇਹੀ ਕੀਤੀ ਹੈ।

# ਪੰਜਾਬ ਦੀ ਅਫਸਰਸ਼ਾਹੀ ਨੇ ਬਾਦਲ ਨੂੰ ਵੀ ਟਿੱਚ ਜਾਣਿਆ

## ਦਫਤਰਾਂ ਵਿਚ ਹਾਜ਼ਰੀ ਯਕੀਨੀ ਬਣਾਉਣ ਤੋਂ ਨਾਂਹ-ਨੁੱਕਰ




**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਮੰਤਰੀਆਂ ਤੇ ਅਫਸਰਸ਼ਾਹੀ ਦੀ ਦਫ਼ਤਰਾਂ ਵਿਚ ਹਾਜ਼ਰੀ ਯਕੀਨੀ ਬਣਾਉਣ ਲਈ ਵਿੱਢੀ ਮੁਹਿੰਮ ਬੇਅਸਰ ਹੀ ਸਾਬਤ ਹੋਈ ਹੈ। ਭਾਵੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪ ਸਮੇਂ ਦੇ ਬੇਹੱਦ ਪਾਬੰਦ ਮੰਨੇ ਜਾਂਦੇ ਹਨ ਪਰ ਉਨ੍ਹਾਂ ਵੱਲੋਂ ਆਰੰਭੀ ਗਈ ਅਚਨਚੇਤੀ ਮੁਹਿੰਮ ਦੇ ਹਾਲੇ ਤੱਕ ਕੋਈ ਸਾਰਥਕ ਸਿੱਟੇ ਸਾਹਮਣੇ ਨਹੀਂ ਆਏ। ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ 26 ਮਈ ਤੋਂ ਸਰਕਾਰੀ ਦਫਤਰਾਂ ਦੀ ਅਚਨਚੇਤੀ ਚੈਕਿੰਗ ਕਰਨ ਦੀ ਮੁਹਿੰਮ ਦੌਰਾਨ ਤਕਰੀਬਨ 80 ਦਿਨ ਵਿਚ 700 ਅਫਸਰ ਤੇ ਮੁਲਾਜ਼ਮ ਗੈਰ-ਹਾਜ਼ਰ ਪਾਏ ਗਏ। ਇਨ੍ਹਾਂ ਵਿਚ ਮੰਤਰੀਆਂ ਤੋਂ ਇਲਾਵਾ ਡਿਪਟੀ ਕਮਿਸ਼ਨਰ, ਜ਼ਿਲ੍ਹਾ ਪੁਲਿਸ ਮੁਖੀ ਤੇ ਦਰਜਾ ਚਾਰ ਕਰਮਚਾਰੀਆਂ ਤੱਕ ਸਾਰੇ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਚੋਣਾਂ ਦੌਰਾਨ ਵੀ ਇਹ ਮੁੱਦਾ ਭਖਿਆ ਰਿਹਾ ਸੀ ਕਿ ਹਰ ਪੱਧਰ ਦੇ ਸਰਕਾਰੀ ਅਫਸਰ ਤੇ ਮੁਲਾਜ਼ਮ ਅਕਸਰ ਹੀ ਆਪਣੀਆਂ ਸੀਟਾਂ 'ਤੇ ਨਹੀਂ ਮਿਲਦੇ। ਦਫਤਰਾਂ ਵਿਚੋਂ ਗੈਰ-ਹਾਜ਼ਰ ਮੁਲਾਜ਼ਮਾਂ ਦੀ ਗਿਣਤੀ ਇਸ ਤੋਂ ਕਿਤੇ ਵੱਧ ਹੋ ਸਕਦੀ ਹੈ ਕਿਉਂਕਿ ਮੀਡੀਆ ਰਿਪੋਰਟਾਂ ਮੁਤਾਬਕ 700 ਦੇ ਨਾਂ ਹੀ ਸਾਹਮਣੇ ਆਏ ਹਨ।

ਮੁੱਖ ਮੰਤਰੀ ਦੇ ਦੋ ਰਿਸ਼ਤੇਦਾਰ ਮਾਲ ਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਖੁਰਾਕ ਤੇ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਗੈਰ-ਹਾਜ਼ਰਾਂ ਵਾਲੀ ਸੂਚੀ ਵਿਚ ਸਭ ਤੋਂ ਉਪਰ ਹਨ। ਗੈਰ-ਹਾਜ਼ਰ ਰਹਿੰਦੇ ਕੁਝ ਮੰਤਰੀਆਂ ਵਿਚੋਂ ਇਕ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ ਆਪਣੇ ਵਿਭਾਗ ਦੇ ਦਫਤਰਾਂ ਵਿਚ ਕੁਝ ਦਿਨ ਪਹਿਲਾਂ ਛਾਪੇ ਮਾਰੇ ਹਨ। ਇਕ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਅਕਸਰ ਗੈਰ-ਹਾਜ਼ਰ ਰਹਿਣ ਵਾਲਿਆਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ। ਅਚਨਚੇਤੀ ਚੈਕਿੰਗ ਦੀ ਇਸ ਮੁਹਿੰਮ 'ਤੇ ਵੱਖੋ-ਵੱਖਰੀਆਂ ਪ੍ਰਤੀਕਿਰਿਆਵਾਂ ਆਈਆਂ ਹਨ। ਕੁਝ ਡਿਪਟੀ ਕਮਿਸ਼ਨਰਾਂ ਦਾ ਤਰਕ ਹੈ ਕਿ ਉਹ ਹਰ ਦਿਨ 24 ਘੰਟੇ ਕੰਮ ਕਰਦੇ ਹਨ ਤੇ ਇਹ ਸਵੇਰੇ 9 ਵਜੇ ਆਪਣੇ ਦਫਤਰ ਵਿਚ ਨਹੀਂ ਮਿਲਦੇ ਤਾਂ ਇਸ ਨੂੰ ਗੈਰ-ਹਾਜ਼ਰੀ ਨਹੀਂ ਮੰਨਿਆ ਜਾਣਾ ਚਾਹੀਦਾ।

ਕੁਝ ਹੋਰ ਮੁਲਾਜ਼ਮ ਮੰਨਦੇ ਹਨ ਕਿ ਉਹ ਹੁਣ ਦੇਰ ਤੱਕ ਕੰਮ ਨਹੀਂ ਕਰਨਾ ਚਾਹੁੰਦੇ ਕਿਉਂਕਿ ਸਰਕਾਰ ਉਨ੍ਹਾਂ ਨੂੰ ਸਿਰਫ 9 ਤੋਂ 5 ਵਜੇ ਤੱਕ ਹੀ ਦਫਤਰਾਂ ਵਿਚ ਹਾਜ਼ਰ ਦੇਖਣਾ ਚਾਹੁੰਦੀ ਹੈ। ਅਜਿਹੀ ਸੂਰਤ ਵਿਚ ਡਿਊਟੀ ਤੋਂ ਵੱਧ ਘੰਟੇ ਕੰਮ ਕਰਨ ਦਾ ਉਨ੍ਹਾਂ ਨੂੰ ਕੁਝ ਨਹੀਂ ਮਿਲਦਾ। ਗਜ਼ਟਿਡ ਅਫਸਰ ਐਸੋਸੀਏਸ਼ਨ ਤੇ ਹੋਰ ਮੁਲਾਜ਼ਮ ਜਥੇਬੰਦੀਆਂ ਦਾ ਦੋਸ਼ ਹੈ ਕਿ ਸਰਕਾਰ ਉਨ੍ਹਾਂ ਨੂੰ ਤਾਂ ਗੈਰ-ਹਾਜ਼ਰੀ ਦੇ ਨੋਟਿਸ ਕੱਢ ਰਹੀ ਹੈ ਪਰ ਉੱਚ ਅਫਸਰਾਂ ਤੇ ਮੰਤਰੀਆਂ ਨੂੰ ਕੁਝ ਨਹੀਂ ਕਿਹਾ ਜਾ ਰਿਹਾ।

ਕਈ ਮੰਤਰੀਆਂ ਦਾ ਕਹਿਣਾ ਹੈ ਕਿ ਸਖ਼ਤ ਸੁਰੱਖਿਆ ਪ੍ਰਬੰਧਾਂ ਕਾਰਨ ਉਨ੍ਹਾਂ ਨੂੰ ਮਿਲਣ ਆਉਣ ਵਾਲਿਆਂ ਲਈ ਸਕੱਤਰੇਤ ਵਿਖੇ ਆਉਣ ਵਿਚ ਕਈ ਪ੍ਰੇਸ਼ਾਨੀਆਂ ਹਨ, ਜਿਸ ਕਾਰਨ ਉਹ ਇਨ੍ਹਾਂ ਮੁਲਾਕਾਤੀਆਂ ਨੂੰ ਸਵੇਰੇ ਆਪਣੀਆਂ ਰਿਹਾਇਸ਼ਾਂ 'ਤੇ ਮਿਲਣਾ ਚਾਹੁੰਦੇ ਹਨ। ਜਦੋਂਕਿ ਜ਼ਿਲ੍ਹਾ ਪੱਧਰ 'ਤੇ ਸੀਨੀਅਰ ਅਧਿਕਾਰੀ ਵੀ ਰਿਹਾਇਸ਼ੀ ਦਫਤਰ ਵਿਚ ਹੀ ਬਹੁਤਾ ਸਮਾਂ ਬਿਤਾ ਕੇ ਖ਼ੁਸ਼ ਰਹਿੰਦੇ ਹਨ। ਮਗਰਲੇ ਸਮੇਂ ਦੌਰਾਨ ਮੰਤਰੀਆਂ ਤੇ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਸਰਕਾਰੀ ਖ਼ਰਚਿਆਂ 'ਤੇ ਆਪਣੇ ਰਿਹਾਇਸ਼ੀ ਦਫ਼ਤਰਾਂ ਦਾ ਵੀ ਕਾਫ਼ੀ ਵਿਸਥਾਰ ਕਰ ਲਿਆ ਹੈ।

### ਮੁੱਖ ਮੰਤਰੀ ਵੀ ਨਰਮ ਪਏ

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਾਰਲੀਮਾਨੀ ਚੋਣਾਂ ਤੋਂ ਬਾਅਦ ਉਕਤ ਪ੍ਰੋਗਰਾਮ ਨੂੰ ਬੜੀ ਗਰਮਜੋਸ਼ੀ ਨਾਲ ਅਮਲ ਹੇਠ ਲਿਆਉਣ ਦਾ ਬੀੜਾ ਚੁੱਕਿਆ ਸੀ, ਹੁਣ ਖ਼ੁਦ ਵੀ ਸ਼ਾਇਦ ਕੁਝ ਨਰਮ ਪਏ ਨਜ਼ਰ ਆ ਰਹੇ ਹਨ ਤੇ ਇਸੇ ਕਾਰਨ ਮੰਤਰੀਆਂ ਦੀ ਵੀ ਨਿਰਧਾਰਤ ਦਿਨਾਂ ਦੌਰਾਨ ਹਾਜ਼ਰੀ ਪੂਰੀ ਨਹੀਂ ਹੋ ਰਹੀ। ਮੁੱਖ ਸਕੱਤਰ ਦੀ ਸਖ਼ਤੀ ਕਾਰਨ ਪ੍ਰਸ਼ਾਸਨਿਕ ਪੱਧਰ 'ਤੇ ਡਰ ਨਜ਼ਰ ਜ਼ਰੂਰ ਆਉਂਦਾ ਹੈ। ਦਿਲਚਸਪ ਗੱਲ ਇਹ ਹੈ ਕਿ ਮੁੱਖ ਮੰਤਰੀ ਵੱਲੋਂ ਦਫ਼ਤਰੀ ਅਨੁਸ਼ਾਸਨ ਸਿਰਫ ਸਿਵਲ ਅਧਿਕਾਰੀਆਂ 'ਤੇ ਹੀ ਲਾਗੂ ਕੀਤਾ ਜਾ ਰਿਹਾ ਹੈ, ਜਦੋਂਕਿ ਹੁਣ ਤੱਕ ਪੁਲਿਸ ਅਧਿਕਾਰੀਆਂ ਨੂੰ ਦਫ਼ਤਰੀ ਅਨੁਸ਼ਾਸਨ ਹੇਠ ਲਿਆਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ।

# ਅਮਰੀਕਾ ਵੱਲੋਂ ਇਸਲਾਮਿਕ ਸਟੇਟ ਦੇ ਖਾਤਮੇ ਲਈ ਵਿਸ਼ੇਸ਼ ਰਣਨੀਤੀ

**ਵਾਸ਼ਿੰਗਟਨ:** ਅਮਰੀਕੀ ਨੇ ਵਿਸ਼ਵ ਲਈ ਖਤਰਾ ਬਣ ਰਹੀ ਇਸਲਾਮਿਕ ਸਟੇਟ (ਆਈ.ਐਸ.) ਨਾਮੀ ਦਹਿਸ਼ਤਪਸੰਦ ਜਥੇਬੰਦੀ ਨੂੰ ਬਿਲੇ ਲਾਉਣ ਲਈ ਵਿਸ਼ੇਸ਼ ਰਣਨੀਤੀ ਤਿਆਰ ਕੀਤੀ ਹੈ। ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਇਸ ਖਤਰਨਾਕ ਜਥੇਬੰਦੀ ਨੂੰ 'ਪਹਿਲਾਂ ਗਿਰਾਉਣ ਤੇ ਫਿਰ ਮਿਟਾਉਣ' ਲਈ ਫੌਜੀ ਮੁਹਿੰਮ ਵਿਚ ਵੱਡਾ ਵਿਸਤਾਰ ਕੀਤਾ ਜਾਵੇਗਾ। ਇਸ ਮੰਤਵ ਲਈ ਸੀਰੀਆ ਵਿਚ ਹਵਾਈ ਹਮਲੇ ਕੀਤੇ ਜਾਣਗੇ ਤੇ ਇਰਾਕ ਵਿਚ 475 ਹੋਰ ਫੌਜੀ ਸਲਾਹਕਾਰ ਤਾਇਨਾਤ ਕੀਤੇ ਜਾਣਗੇ।



ਕੌਮੀ ਟੈਲੀਵਿਜ਼ਨ 'ਤੇ ਪ੍ਰਸਾਰਤ ਆਪਣੇ ਭਾਸ਼ਣ ਵਿਚ ਰਾਸ਼ਟਰਪਤੀ ਓਬਾਮਾ ਨੇ ਕਿਹਾ ਕਿ ਅਸੀਂ ਦਹਿਸ਼ਤਵਾਦ ਵਿਰੋਧੀ ਵਿਆਪਕ ਤੇ ਬੱਝਵੀਂ ਰਣਨੀਤੀ ਤਹਿਤ ਆਈ.ਐਸ.ਆਈ.ਐਲ. ਨੂੰ ਡੇਗਾਂਗੇ ਤੇ ਅੰਤ ਨੂੰ ਮਿਟਾਂ ਦਿਆਂਗੇ।

ਉਂਜ, ਉਨ੍ਹਾਂ ਆਪਣੇ ਭਾਸ਼ਣ ਵਿਚ ਇਸ ਦਹਿਸ਼ਤਪਸੰਦ ਜਥੇਬੰਦੀ ਨੂੰ ਭਾਂਜ ਦੇਣ ਬਾਬਤ ਕੋਈ ਸਮਾਂ-ਸੀਮਾ ਨਹੀਂ ਮਿੱਥੀ। ਉਨ੍ਹਾਂ ਆਖਿਆ ਕਿ ਅਮਰੀਕਾ ਇਸ ਦਹਿਸ਼ਤਪਸੰਦ ਖਤਰੇ ਨੂੰ ਸਮੇਟਣ ਲਈ ਇਕ ਵਡੇਰੇ ਇਤਹਾਦ ਦੀ ਅਗਵਾਈ ਕਰੇਗਾ। ਇਸਲਾਮਿਕ ਸਟੇਟ ਜਿਸ ਨੇ ਇਰਾਕ ਤੇ ਸੀਰੀਆ ਦੇ ਵੱਡੇ ਖੇਤਰ 'ਤੇ ਕਬਜ਼ਾ ਕੀਤਾ ਹੋਇਆ ਹੈ, ਖ਼ਿਲਾਫ਼ ਲੜਾਈ ਲਈ ਕੌਮਾਂਤਰੀ ਇਤਹਾਦ ਵਿਚ ਦਰਜਨ ਤੋਂ ਵੱਧ ਦੇਸ਼ ਸ਼ਾਮਲ ਹੋ ਗਏ ਹਨ। ਆਪਣੇ 15 ਮਿੰਟ ਦੇ ਭਾਸ਼ਣ ਵਿਚ ਸ੍ਰੀ ਓਬਾਮਾ ਨੇ ਕਿਹਾ ਕਿ ਇਰਾਕੀ ਸਰਕਾਰ ਨਾਲ ਮਿਲ ਕੇ ਕੰਮ ਕਰਦਿਆਂ ਅਸੀਂ ਆਪਣੇ ਉੱਦਮਾਂ ਦਾ ਲੋਕਾਂ ਤੇ ਮਾਨਵੀ ਮਿਸ਼ਨਾਂ ਦੀ ਰਾਖੀ ਤੋਂ ਹੋਰ ਵਿਸਤਾਰ ਕਰਾਂਗੇ ਤਾਂ ਕਿ ਆਈ.ਐਸ.ਆਈ.ਐਲ. ਦੇ ਟਿਕਾਣਿਆਂ 'ਤੇ ਮਾਰ ਕੀਤੀ ਜਾ ਸਕੇ।

ਸ੍ਰੀ ਓਬਾਮਾ ਨੇ ਦੱਸਿਆ ਕਿ ਅਮਰੀਕਾ ਜ਼ਮੀਨੀ ਪੱਧਰ 'ਤੇ ਦਹਿਸ਼ਤਪਸੰਦਾਂ ਖ਼ਿਲਾਫ਼ ਲੜ ਰਹੇ ਦਸਤਿਆਂ ਦੀ ਇਮਦਾਦ ਵਧਾਵੇਗਾ ਤੇ ਉਨ੍ਹਾਂ ਇਰਾਕ ਵਿਚ 475 ਹੋਰ ਫੌਜੀ ਸਲਾਹਕਾਰ ਭੇਜਣ ਦਾ ਵੀ ਐਲਾਨ ਕੀਤਾ। ਪੈਂਟਾਂਗਨ ਨੇ ਇਕ ਬਿਆਨ ਵਿਚ ਦੱਸਿਆ ਕਿ ਇਰਾਕ ਵਿਚ ਭੇਜੇ ਜਾਣ ਵਾਲੇ ਇਹ ਫੌਜੀ ਸਲਾਹਕਾਰ ਇਰਾਕੀ ਸੁਰੱਖਿਆ ਦਸਤਿਆਂ ਨੂੰ ਸਲਾਹ ਤੇ ਮਦਦ ਦੇਣਗੇ।

ਆਈ.ਐਸ.ਆਈ.ਐਲ. ਨੂੰ ਨਿਸ਼ਾਨਾ ਬਣਾਉਣ ਲਈ ਅਮਰੀਕੀ ਸਮਰੱਥਾ ਵਧਾਉਣ ਲਈ ਸੂਹੀਆ ਉਡਾਣਾਂ ਭਰਨਗੇ ਤੇ ਇਰਾਕ ਭਰ ਵਿਚ ਅਮਰੀਕੀ ਫੌਜ ਦੀਆਂ ਸਰਗਰਮੀਆਂ ਵਿਚ ਤਾਲਮੇਲ ਬਿਠਾਉਣਗੇ। ਇਸ ਦੌਰਾਨ ਸੀਰੀਆ ਦੀ ਵਿਰੋਧੀ ਧਿਰ ਨੇ ਦਹਿਸ਼ਤਪਸੰਦ ਧਿਰ ਇਸਲਾਮਿਕ ਸਟੇਟ ਨੂੰ ਨੱਥ ਪਾਉਣ ਲਈ ਅਮਰੀਕੀ ਰਾਸ਼ਟਰਪਤੀ ਦੇ ਐਲਾਨ ਦਾ ਸਵਾਗਤ ਕੀਤਾ ਪਰ ਨਾਲ ਹੀ ਰਾਸ਼ਟਰਪਤੀ ਬਸ਼ਰ ਅਲ-ਅਸਦ ਦੀ ਸਰਕਾਰ ਖ਼ਿਲਾਫ਼ ਕਾਰਵਾਈ ਮੰਗੀ ਹੈ।

## ਅਰਬ ਦੇਸ਼ਾਂ ਵੱਲੋਂ ਵੀ ਅਮਰੀਕਾ ਦੀ ਮਦਦ ਲਈ ਹਾਮੀ

**ਜੱਦਾਹ:** ਦਸ ਅਰਬ ਦੇਸ਼ਾਂ ਸਾਊਦੀ ਅਰਬ, ਕੁਵੈਤ, ਕਤਰ, ਬਹਿਰੀਨ, ਓਮਾਨ, ਲਿਬਨਾਨ, ਜਾਰਡਨ, ਇਰਾਕ, ਮਿਸਰ ਤੇ ਤੁਰਕੀ ਨੇ ਇਸਲਾਮਿਕ ਸਟੇਟ (ਆਈ.ਐਸ.) ਜਥੇਬੰਦੀ ਦੇ ਸੀਰੀਆ ਤੇ ਇਰਾਕ ਵਿਚੋਂ ਖਾਤਮੇ ਲਈ ਅਮਰੀਕਾ ਨਾਲ ਫੌਜੀ ਗਠਜੋੜ ਬਣਾਉਣ ਦਾ ਐਲਾਨ ਕੀਤਾ ਹੈ। ਇਹ ਫੈਸਲਾ ਇਥੇ ਉਪਰੋਕਤ ਦੇਸ਼ਾਂ ਦੀ ਸਾਊਦੀ ਅਰਬ ਦੇ ਵਿਦੇਸ਼ ਮੰਤਰੀ ਪ੍ਰਿੰਸ ਸਾਊਦ ਅਲ ਫੈਸਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਲਿਆ ਗਿਆ। ਅਮਰੀਕਾ ਦੇ ਵਿਦੇਸ਼ ਮੰਤਰੀ ਜੌਹਨ ਕੈਰੀ ਵੀ ਇਥੇ ਆਏ ਹੋਏ ਸਨ। ਉਨ੍ਹਾਂ ਵੀ ਮੀਟਿੰਗ ਵਿਚ ਹਿੱਸਾ ਲਿਆ। ਅਰਬ ਲੀਗ ਦੇ ਸਕੱਤਰ ਜਨਰਲ ਨਾਬਿਲ ਅਲ-ਅਰਬੀ ਵੀ ਮੀਟਿੰਗ ਵਿਚ ਸ਼ਾਮਲ ਸਨ। ਇਹ ਫੈਸਲਾ ਕੀਤਾ ਗਿਆ ਕਿ ਇਸਲਾਮਿਕ ਸਟੇਟ ਨੂੰ ਇਰਾਕ ਤੇ ਸੀਰੀਆ ਸਮੇਤ, ਜਿਥੇ ਵੀ ਇਹ ਹੋਵੇ, ਖਤਮ ਕਰਨ ਲਈ ਸਾਂਝੇ ਯਤਨ ਕੀਤੇ ਜਾਣਗੇ। ਸਾਂਝੇ ਬਿਆਨ ਉਪਰ ਤੁਰਕੀ ਨੇ ਦਸਤਖਤ ਨਹੀਂ ਕੀਤੇ, ਪਰ ਇਹ ਸਪਸ਼ਟ ਕਰ ਦਿੱਤਾ ਕਿ ਉਹ ਇਸ ਜੇਹਾਦ ਵਿਚ ਸ਼ਾਮਲ ਹੋਵੇਗਾ।

## ਭਾਰਤ-ਪਾਕਿਸਤਾਨ ਸਬੰਧਾਂ ਵਿਚ ਸੁਧਾਰ ਦੇ ਵਿਰੁਧ ਹੈ ਲਸ਼ਕਰ

**ਵਾਸ਼ਿੰਗਟਨ:** ਲਸ਼ਕਰ-ਏ-ਤੋਇਬਾ ਭਾਰਤ ਤੇ ਪਾਕਿਸਤਾਨ ਦਰਮਿਆਨ ਸਬੰਧਾਂ ਵਿਚ ਸੁਧਾਰ ਦੇ ਵਿਰੁੱਧ ਹੈ। ਰਾਸ਼ਟਰੀ ਖੁਫ਼ੀਆ ਡਾਇਰੈਕਟੋਰੇਟ ਦੇ ਰਾਸ਼ਟਰੀ ਅਤਿਵਾਦ ਰੋਕੂ ਕੇਂਦਰ ਦੇ ਉਪ ਨਿਰਦੇਸ਼ਕ ਰਾਸਮੁਸੇਨ ਨੇ ਕਿਹਾ ਲਸ਼ਕਰ-ਏ-ਤੋਇਬਾ ਭਾਰਤ ਤੇ ਪਾਕਿਸਤਾਨ ਦਰਮਿਆਨ ਸਬੰਧਾਂ ਵਿਚ ਸੁਧਾਰ ਵਿਰੁੱਧ ਹੈ ਤੇ ਉਸ ਦੇ ਨੇਤਾ ਲਗਾਤਾਰ ਭਾਰਤ ਤੇ ਅਮਰੀਕਾ ਵਿਰੁੱਧ ਬੋਲ ਰਹੇ ਹਨ ਤੇ ਇਨ੍ਹਾਂ ਦੋਹਾਂ ਦੇਸ਼ਾਂ 'ਤੇ ਪਾਕਿਸਤਾਨ ਨੂੰ ਅਸਥਿਰ ਕਰਨ ਦਾ ਦੋਸ਼ ਲਗਾ ਰਹੇ ਹਨ। ਸੈਨੇਟ ਦੀ ਹੋਮਲੈਂਡ ਸੁਰੱਖਿਆ ਤੇ ਸਰਕਾਰੀ ਮਾਮਲਿਆਂ ਦੀ ਕਮੇਟੀ ਦੇ ਸਾਹਮਣੇ ਰਾਸਮੁਸੇਨ ਨੇ ਕਿਹਾ ਕਿ ਲਸ਼ਕਰ ਨੇ ਦੱਖਣੀ ਏਸ਼ੀਆ ਵਿਚ ਅਪਣੇ ਖੇਤਰੀ ਹਿਤਾਂ ਅਨੁਸਾਰ ਕੰਮ ਕਰਦਿਆਂ ਪੱਛਮੀ ਦੇਸ਼ਾਂ ਨੂੰ ਨਿਸ਼ਾਨਾ ਬਣਾਇਆ ਜਿਵੇਂ ਕਿ ਸਾਲ 2008 ਵਿਚ ਮੁੰਬਈ ਹਮਲਿਆਂ ਦੌਰਾਨ ਪੱਛਮੀ ਨਾਗਰਿਕਾਂ ਦੀ ਆਵਾਜਾਈ ਵਾਲੇ ਹੋਟਲਾਂ ਨੂੰ ਨਿਸ਼ਾਨਾ ਬਣਾਏ ਜਾਣ ਦੀ ਤਰ੍ਹਾਂ ਲੱਗਦਾ ਹੈ। ਉਨ੍ਹਾਂ ਕਿਹਾ ਕਿ ਲਸ਼ਕਰ ਦੇ ਨੇਤਾਵਾਂ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਅਮਰੀਕਾ 'ਤੇ ਕਿਸੇ ਹਮਲੇ ਦਾ ਨਤੀਜਾ ਪਾਕਿਸਤਾਨ ਵਿਰੁੱਧ ਸਖ਼ਤ ਕੌਮਾਂਤਰੀ ਕਾਰਵਾਈ ਦੇ ਰੂਪ ਵਿਚ ਹੋਵੇਗਾ ਤੇ ਇਸ ਨਾਲ ਉਥੇ ਇਸ ਸੰਗਠਨ ਦੇ ਸੁਰੱਖਿਅਤ ਟਿਕਾਣਿਆਂ ਨੂੰ ਖ਼ਤਰਾ ਪੈਦਾ ਹੋ ਜਾਵੇਗਾ।

## ਭਾਰਤ ਤੇ ਅਫਗਾਨਿਸਤਾਨ ਸਹਿਯੋਗ ਵਧਾਉਣ ਲਈ ਰਾਜ਼ੀ

**ਕਾਬੁਲ:** ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਤੇ ਅਫਗਾਨਿਸਤਾਨ ਦੇ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਇਸ ਜੰਗ ਮਾਰੇ ਮੁਲਕ ਦੀ ਸਿਆਸੀ ਤੇ ਸੁਰੱਖਿਆ ਸਥਿਤੀ ਬਾਰੇ ਬੜੀ ਤਫਸੀਲ ਨਾਲ ਗੱਲਬਾਤ ਕੀਤੀ ਤੇ ਸੁਰੱਖਿਆ ਤੇ ਫੌਜੀ ਖੇਤਰ ਵਿਚ ਆਪਸੀ ਸਹਿਯੋਗ ਹੋਰ ਤੇਜ਼ ਕਰਨ ਲਈ ਹਾਮੀ ਭਰੀ। ਮੀਟਿੰਗ ਦੌਰਾਨ ਬੀਬੀ ਸਵਰਾਜ ਨੇ ਇਕ ਵਾਰ ਫੇਰ ਭਾਰਤ ਦੀ ਇਹ ਵਚਨਬੱਧਤਾ ਜ਼ਾਹਰ ਕੀਤੀ ਕਿ ਉਹ ਇਸ ਮੁਲਕ ਨੂੰ ਦਰਪੇਸ਼ ਵੱਖ-ਵੱਖ ਵੰਗਾਰਾਂ ਦੇ ਟਾਕਰੇ ਲਈ ਆਪਣੀ ਹਰ ਸੰਭਵ ਸਹਾਇਤਾ ਜਾਰੀ ਰੱਖੇਗਾ। ਇਸੇ ਤਰ੍ਹਾਂ ਭਾਰਤ ਵੱਲੋਂ ਅਫਗਾਨਿਸਤਾਨ ਵਿਚ ਮੁੜ ਉਸਾਰੀ ਸਰਗਰਮੀਆਂ ਵੀ ਵੱਡੇ ਪੱਧਰ 'ਤੇ ਜਾਰੀ ਰਹਿਣਗੀਆਂ। ਦੋਵੇਂ ਧਿਰਾਂ ਨੇ ਆਪਸੀ ਵਪਾਰ ਸਮਝੌਤਿਆਂ ਨੂੰ ਵੀ ਹੋਰ ਅੱਗੇ ਵਧਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ।

## ਏਸ਼ਿਆਈ ਮੌਨਸੂਨ 4 ਕਰੋੜ ਸਾਲ ਪੁਰਾਣੀ

**ਵਾਸ਼ਿੰਗਟਨ:** ਇਕ ਨਵੇਂ ਅਧਿਐਨ ਤੋਂ ਖੁਲਾਸਾ ਹੋਇਆ ਹੈ ਕਿ ਦੁਨੀਆਂ ਦੀ ਸਭ ਤੋਂ ਵੱਡੀ ਤੇ ਅਹਿਮ ਏਸ਼ਿਆਈ ਮੌਨਸੂਨ ਚਾਰ ਕਰੋੜ ਸਾਲ ਪੁਰਾਣੀ ਹੈ। ਪਹਿਲਾਂ ਲਾਏ ਗਏ ਅਨੁਮਾਨਾਂ ਮੁਤਾਬਕ ਏਸ਼ਿਆਈ ਮੌਨਸੂਨ ਇਸ ਤੋਂ ਕਾਫੀ ਅਰਸਾ ਬਾਅਦ ਵਿਚ ਸ਼ੁਰੂ ਹੋਈ ਸੀ। ਵਿਗਿਆਨੀ ਮੰਨਦੇ ਹਨ ਕਿ ਏਸ਼ਿਆਈ ਮੌਨਸੂਨ ਨਾਮੀ ਜਲਵਾਯੂ ਵਰਤਾਰਾ ਤਿੱਬਤ ਦੀ ਪਠਾਰ ਤੇ ਹਿਮਾਲਿਆ ਪਰਬਤ ਮਾਲਾ ਦੇ ਉਭਾਰ ਸਦਕਾ ਤਕਰੀਬਨ 2.2-2.5 ਕਰੋੜ ਸਾਲ ਪਹਿਲਾਂ ਸ਼ੁਰੂ ਹੋਈ ਸੀ। ਹੁਣ ਇਕ ਕੌਮਾਂਤਰੀ ਖੋਜ ਦਲ ਨੇ ਪਤਾ ਲਾਇਆ ਹੈ ਕਿ ਏਸ਼ਿਆਈ ਮੌਨਸੂਨ ਤਕਰੀਬਨ ਚਾਰ ਕਰੋੜ ਸਾਲ ਪਹਿਲਾਂ ਵੀ ਮੌਜੂਦ ਸੀ ਜਦੋਂ ਵਾਯੂਮੰਡਲ ਵਿਚ ਕਾਰਬਨ ਡਾਇਆਕਸਾਈਡ ਦੀ ਮਾਤਰਾ ਕਾਫੀ ਜ਼ਿਆਦਾ ਸੀ ਤੇ ਤਾਪਮਾਨ ਕਾਫੀ ਗਰਮ ਸੀ।



ਐਰੀਜ਼ੋਨਾ ਯੂਨੀਵਰਸਿਟੀ ਦੇ ਜੀਓ ਸਾਇੰਸਿਜ਼ ਵਿਭਾਗ ਦੇ ਖੋਜ ਸਹਾਇਕ ਅਲੈਕਸਿਸ ਲਿਕਟ ਨੇ ਆਖਿਆ ਕਿ ਇਹ ਹੈਰਾਨ ਕਰ ਦੇਣ ਵਾਲੀ ਗੱਲ ਹੈ। ਲੋਕ ਸੋਚਦੇ ਸਨ ਕਿ ਮੌਨਸੂਨ ਕਾਫੀ ਬਾਅਦ ਵਿਚ ਸ਼ੁਰੂ ਹੋਈ ਸੀ। ਇਹ ਮੌਨਸੂਨ ਦੁਨੀਆਂ ਦੀ ਸਭ ਤੋਂ ਵੱਡੀ ਜਲਵਾਯੂ ਪ੍ਰਣਾਲੀ ਹੈ ਤੇ ਏਸ਼ੀਆ ਦੇ ਬਹੁਤੇ ਹਿੱਸੇ ਦੀ ਆਬੋਹਵਾ ਨੂੰ ਇਹੀ ਨਿਰਧਾਰਤ ਕਰਦੀ ਹੈ ਤੇ ਇਸੇ ਸਦਕਾ ਗਰਮੀਆਂ ਵਿਚ ਭਾਰੀ ਮੀਂਹ ਪੈਂਦਾ ਹੈ ਤੇ ਸਰਦੀਆਂ ਵਿਚ ਠੰਢੀਆਂ ਹਵਾਵਾਂ ਚਲਦੀਆਂ ਹਨ। ਅਧਿਐਨ ਦੇ ਸਹਿ-ਲੇਖਕ ਜੇਅ ਕੁਏਡ ਨੇ ਆਖਿਆ ਕਿ ਇਸ ਖੋਜ ਤੋਂ ਪਤਾ ਲੱਗਦਾ ਹੈ ਕਿ ਤਕਰੀਬਨ 3.5-4 ਕਰੋੜ ਸਾਲ ਪਹਿਲਾਂ ਇਕ ਮਜ਼ਬੂਤ ਏਸ਼ਿਆਈ ਮੌਨਸੂਨ ਸਿਸਟਮ ਮੌਜੂਦ ਸੀ।

ਇਸ ਖੋਜ ਤੋਂ ਪਤਾ ਚੱਲਿਆ ਹੈ ਕਿ ਮੌਨਸੂਨ ਦੀ ਸ਼ੁਰੂਆਤ ਉਦੋਂ ਹੋਈ ਸੀ ਜਦੋਂ ਵਾਯੂਮੰਡਲ ਵਿਚ ਸੀਓ-2 (ਕਾਰਬਨ ਡਾਈਆਕਸਾਈਡ) ਦੀ ਮਾਤਰਾ ਹੁਣ ਨਾਲੋਂ ਤਿੰਨ ਗੁਣਾ ਜ਼ਿਆਦਾ ਸੀ। 3.4 ਕਰੋੜ ਸਾਲ ਪਹਿਲਾਂ ਮੌਨਸੂਨ ਕਮਜ਼ੋਰ ਪੈ ਗਈ ਸੀ ਜਦੋਂ ਵਾਯੂਮੰਡਲ ਵਿਚ ਸੀਓ-2 ਦੀ ਮਾਤਰਾ ਘਟਣ ਕਰਕੇ ਬਰਫ ਯੁੱਗ ਸ਼ੁਰੂ ਹੋ ਗਿਆ ਸੀ। ਸ੍ਰੀ ਲਿਕਟ ਨੇ ਆਖਿਆ ਕਿ ਇਸ ਖੋਜ ਤੋਂ ਪਹਿਲੀ ਵਾਰ ਪਤਾ ਚੱਲਿਆ ਹੈ ਕਿ ਮੌਨਸੂਨ ਦੀ ਸ਼ੁਰੂਆਤ ਵਿਚ ਜਿੰਨਾ ਯੋਗਦਾਨ ਪਰਬਤ ਮਾਲਾ ਦਾ ਸੀ ਉਨਾ ਹੀ ਯੋਗਦਾਨ ਆਲਮੀ ਜਲਵਾਯੂ ਦਾ ਵੀ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਲੱਭਤਾਂ ਦਾ ਮੌਜੂਦਾ ਆਲਮੀ ਤਪਸ਼ ਲਈ ਬਹੁਤ ਜ਼ਿਆਦਾ ਮਹੱਤਵ ਹੈ। ਇਸ ਤੋਂ ਪਤਾ ਚੱਲਿਆ ਹੈ ਕਿ ਵਾਯੂਮੰਡਲ ਵਿਚ ਸੀਓ-2 ਦੀ ਮਾਤਰਾ ਵਧਣ ਨਾਲ ਮੌਨਸੂਨ ਤੀਬਰਤਾ ਵੀ ਵਧੇਗੀ।


ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਪਾਵਰਕੌਮ ਨੂੰ ਬੜੀ ਮਹਿੰਗੀ ਪਈ ਚਾਪਲੂਸੀ

## ਮੁੱਖ ਮੰਤਰੀ ਦੇ ਜ਼ੁਬਾਨੀ ਹੁਕਮਾਂ ਨਾਲ ਲੁਆਇਆ 9.32 ਕਰੋੜ ਦਾ ਰਗੜਾ



**ਬਠਿੰਡਾ:** ਅਗਸਤ 2011 ਵਿਚ ਪਾਵਰਕੌਮ ਨੇ ਇੰਨੀ ਫੁਰਤੀ ਦਿਖਾਈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਦੇ ਜ਼ੁਬਾਨੀ ਹੁਕਮਾਂ 'ਤੇ ਹੀ ਚਾਰ ਜ਼ਿਲ੍ਹਿਆਂ ਦੇ 367 ਪਿੰਡਾਂ ਦੇ ਘਰੇਲੂ ਖਪਤਕਾਰਾਂ ਦੇ ਦੋ ਮਹੀਨੇ ਦੇ ਬਿਜਲੀ ਬਿੱਲ ਮੁਆਫ਼ ਕਰ ਦਿੱਤੇ। ਹੁਣ ਤਿੰਨ ਸਾਲ ਬਾਅਦ ਵੀ ਪਾਵਰਕੌਮ ਸਰਕਾਰ ਪੱਲਾ ਨਹੀਂ ਫੜਾ ਰਹੀ ਹੈ ਤੇ ਪਾਵਰਕੌਮ ਪੈਸੇ ਲੈਣ ਲਈ ਪਿੱਛੇ-ਪਿੱਛੇ ਗੇੜੇ ਮਾਰ ਰਿਹਾ ਹੈ। ਪੰਜਾਬ ਸਰਕਾਰ ਨੇ ਇਨ੍ਹਾਂ ਬਿੱਲਾਂ ਦੀ ਰਕਮ 9.32 ਕਰੋੜ ਰੁਪਏ ਪਾਵਰਕੌਮ ਨੂੰ ਹਾਲੇ ਤੱਕ ਦਿੱਤੀ ਨਹੀਂ ਹੈ। ਸਰਕਾਰ ਨੇ ਇਸ ਬਾਰੇ ਕੋਈ ਲਿਖਤੀ ਹਦਾਇਤ ਪਾਵਰਕੌਮ ਨੂੰ ਨਹੀਂ ਕੀਤੀ ਸੀ, ਜਿਸ ਕਰਕੇ ਆਡਿਟ ਮਹਿਕਮੇ ਨੇ ਵੀ ਪਾਵਰਕੌਮ ਦੀ ਖਿਚਾਈ ਕੀਤੀ ਹੈ। ਪਾਵਰਕੌਮ ਦੇ ਅਧਿਕਾਰੀ ਹੁਣ ਆਪਣੀ ਗ਼ਲਤੀ 'ਤੇ ਪਛਤਾ ਰਹੇ ਹਨ।

ਮੁੱਖ ਮੰਤਰੀ ਇਨ੍ਹਾਂ ਦਿਨਾਂ ਵਿਚ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰ ਰਹੇ ਹਨ। ਮੁੱਖ ਮੰਤਰੀ ਨੇ ਹੁਣ ਸਹਿਕਾਰੀ ਬੈਂਕ ਕਰਜ਼ਿਆਂ ਦੀ ਕਿਸ਼ਤ ਅੱਗੇ ਪਾਉਣ ਦਾ ਐਲਾਨ ਕੀਤਾ ਹੈ, ਤਾਂ ਜੋ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਕਿਸਾਨਾਂ ਨੂੰ ਰਾਹਤ ਦਿੱਤੀ ਜਾ ਸਕੇ। ਸਹਿਕਾਰੀ ਮਹਿਕਮੇ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਡਿਫਾਲਟਰ ਕਿਸਾਨਾਂ ਨੂੰ ਇਸ ਸਰਕਾਰੀ ਐਲਾਨ ਦਾ ਕੋਈ ਫਾਇਦਾ ਨਹੀਂ ਮਿਲੇਗਾ ਤੇ ਸਿਰਫ ਉਨ੍ਹਾਂ ਕਿਸਾਨਾਂ ਦੀ ਰੈਗੂਲਰ ਕਿਸ਼ਤ ਅੱਗੇ ਪਾਈ ਜਾਵੇਗੀ, ਜੋ ਡਿਫਾਲਟਰ ਨਹੀਂ ਹਨ। ਰੈਗੂਲਰ ਕਿਸ਼ਤ ਵਾਲੇ ਕਿਸਾਨਾਂ ਨੂੰ ਵੀ ਕਿਸ਼ਤ ਦੇ ਵਿਆਜ ਵਿਚ ਵੀ ਕੋਈ ਮੁਆਫੀ ਨਹੀਂ ਹੋਵੇਗੀ ਬਲਕਿ ਵਿਆਜ ਸਮੇਤ ਇਹ ਕਿਸ਼ਤ ਤਾਰਨੀ ਪਵੇਗੀ।

ਸਾਲ 2011 ਦੇ ਆਖ਼ਰੀ ਮਹੀਨਿਆਂ ਵਿਚ ਵੀ ਹੜ੍ਹ ਆ ਗਏ ਸਨ, ਜਿਸ ਨਾਲ ਮੁਕਤਸਰ, ਫਾਜ਼ਿਲਕਾ, ਤਰਨਤਾਰਨ ਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਕਾਫ਼ੀ ਨੁਕਸਾਨ ਹੋਇਆ ਸੀ। ਉਦੋਂ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਨੇ ਇਨ੍ਹਾਂ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਪ੍ਰਭਾਵਿਤ 367 ਪਿੰਡਾਂ ਦੇ ਘਰੇਲੂ ਖਪਤਕਾਰਾਂ ਦੇ ਅਗਸਤ ਤੇ ਸਤੰਬਰ 2011 ਦੇ ਬਿਜਲੀ ਮੁਆਫ਼ ਕਰਨ ਦਾ ਐਲਾਨ ਕੀਤਾ ਸੀ। ਸਰਕਾਰ ਨੇ ਇਸ ਬਾਰੇ ਕੋਈ ਲਿਖਤੀ ਪੱਤਰ ਜਾਰੀ ਨਹੀਂ ਕੀਤਾ ਸੀ। ਪਾਵਰਕੌਮ ਨੇ ਐਲਾਨ ਦਾ ਹੀ ਨੋਟਿਸ ਲੈਂਦਿਆਂ ਖਪਤਕਾਰਾਂ ਦੇ ਇਹ ਬਿੱਲ ਮੁਆਫ਼ ਕਰ ਦਿੱਤੇ ਸਨ। ਪਾਵਰਕੌਮ ਨੇ ਇਨ੍ਹਾਂ ਜ਼ਿਲ੍ਹਿਆਂ ਦੇ 1.23 ਲੱਖ ਘਰੇਲੂ ਖਪਤਕਾਰਾਂ ਦੇ 9.32 ਕਰੋੜ ਰੁਪਏ ਦੇ ਬਿਜਲੀ ਬਿੱਲ ਮੁਆਫ਼ ਕਰ ਦਿੱਤੇ ਸਨ। ਪੰਜਾਬ ਸਰਕਾਰ ਹੁਣ ਪਾਵਰਕੌਮ ਨੂੰ ਇਸ ਮਾਮਲੇ ਤੇ ਪੱਲਾ ਨਹੀਂ ਫੜਾ ਰਹੀ ਹੈ ਕਿਉਂਕਿ ਸਰਕਾਰ ਨੇ ਲਿਖਤੀ ਰੂਪ ਵਿਚ ਤਾਂ ਪਾਵਰਕੌਮ ਨੂੰ ਬਿਜਲੀ ਮੁਆਫ਼ੀ ਬਾਰੇ ਕੋਈ ਹਦਾਇਤ ਕੀਤੀ ਹੀ ਨਹੀਂ ਸੀ।

ਪਾਵਰਕੌਮ ਤਿੰਨ ਵਰ੍ਹਿਆਂ ਮਗਰੋਂ ਵੀ ਸਰਕਾਰ ਕੋਲੋਂ 9.32 ਕਰੋੜ ਰੁਪਏ ਦੀ ਰਕਮ ਲੈਣ ਵਿਚ ਫੇਲ੍ਹ ਰਹੀ ਹੈ। ਇਸ ਬਾਰੇ ਆਡਿਟ ਵਿਭਾਗ ਨੇ ਵੀ ਇਤਰਾਜ਼ ਲਾਇਆ ਹੈ ਕਿ ਪੰਜਾਬ ਸਰਕਾਰ ਦੇ ਲਿਖਤੀ ਨਿਰਦੇਸ਼ਾਂ ਦੀ ਪ੍ਰਾਪਤੀ ਬਿਨਾਂ ਤੇ ਪੰਜਾਬ ਰਾਜ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ ਦੀ ਪ੍ਰਵਾਨਗੀ ਤੋਂ ਬਿਨਾਂ ਹੀ ਬਿਜਲੀ ਦੇ ਬਿਲ ਮੁਆਫ਼ ਕਰਨੇ ਐਕਟ ਦੇ ਨਿਯਮਾਂ ਮੁਤਾਬਕ ਠੀਕ ਨਹੀਂ ਹਨ।

ਇਸ ਕਾਰਵਾਈ ਕਰਕੇ ਪਾਵਰਕੌਮ ਨੂੰ 9.32 ਕਰੋੜ ਰੁਪਏ ਦੇ ਬਿਜਲੀ ਬਿੱਲਾਂ ਤੇ 1.86 ਕਰੋੜ ਰੁਪਏ ਦੇ ਵਿਆਜ ਦਾ ਨੁਕਸਾਨ ਹੋਇਆ ਹੈ। ਪਾਵਰਕੌਮ ਦਾ ਤਰਕ ਹੈ ਕਿ ਉਹ ਰਾਜ ਸਰਕਾਰ ਕੋਲ ਵਾਰ-ਵਾਰ ਮਾਮਲਾ ਉਠਾ ਚੁੱਕੀ ਹੈ। ਆਡਿਟ ਮਹਿਕਮੇ ਨੇ ਤਾੜਨਾ ਵੀ ਕੀਤੀ ਹੈ ਕਿ ਬਿਨਾਂ ਲਿਖਤੀ ਪੱਤਰ ਤੋਂ ਅਜਿਹੇ ਫੈਸਲੇ ਨਹੀਂ ਲੈਣੇ ਚਾਹੀਦੇ।

# ਪਿੰਡ ਬਿਸ਼ਨੰਦੀ ਵਿਚ ਪ੍ਰੇਮੀ ਜੋੜੇ ਦਾ ਕਤਲ

**ਜੈਤੋ:** ਪਿੰਡ ਬਿਸ਼ਨੰਦੀ ਵਿਚ ਅਣਖ ਖ਼ਾਤਰ ਇਕ ਭਰਾ ਨੇ ਆਪਣੀ ਭੈਣ ਤੇ ਉਸ ਦੇ ਪ੍ਰੇਮੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਮਿਲੀ ਜਾਣਕਾਰੀ ਅਨੁਸਾਰ ਪਿੰਡ ਵਿਚ ਡਾਕੀਏ ਵਜੋਂ ਕੰਮ ਕਰਦੇ ਸੁਖਮੰਦਰ ਸਿੰਘ (47) ਪੁੱਤਰ ਬਿੱਕਰ ਸਿੰਘ ਦੇ ਗੁਆਂਢ ਵਿਚ ਰਹਿੰਦੇ ਨਰ ਸਿੰਘ ਦੀ ਧੀ ਨਾਲ ਤਕਰੀਬਨ ਇਕ ਦਹਾਕੇ ਤੋਂ ਪ੍ਰੇਮ ਸਬੰਧ ਸਨ। ਉਹ ਬਠਿੰਡਾ ਦੇ ਇਕ ਹਸਪਤਾਲ ਵਿਚ ਨਰਸ ਸੀ।

ਲੜਕੀ ਦੇ ਭਰਾ ਰਾਜਿੰਦਰ ਸਿੰਘ ਉਰਫ਼ ਜਿਓਣਾ ਨੇ ਵਿਉਂਤਬੱਧ ਯੋਜਨਾ ਨਾਲ ਇਕ ਗੁਆਂਢੀ ਦੇ ਕਮਰੇ ਵਿਚ ਬੈਠੇ ਸੁਖਮੰਦਰ ਸਿੰਘ 'ਤੇ ਛੁਰੇ ਨਾਲ ਹਮਲਾ ਕਰ ਦਿੱਤਾ। ਉਸ ਨੂੰ ਮਾਰਨ ਤੋਂ ਬਾਅਦ ਉਸ ਨੇ ਘਰ ਜਾ ਕੇ ਆਪਣੀ ਭੈਣ ਸੁਖਜਿੰਦਰ ਕੌਰ ਨੂੰ ਵਹਿਸ਼ਤ ਦਾ ਨਿਸ਼ਾਨਾ ਬਣਾਇਆ।

ਲੜਕੀ ਨੇ ਭੱਜ ਕੇ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਜਦਕਿ ਘਰ ਵਿਚ ਮੌਜੂਦ ਉਸ ਦੀ ਮਾਂ ਨੇ ਉਸ ਨੂੰ ਅਜਿਹਾ ਕਰਨ ਤੋਂ ਵਰਜਿਆ ਪਰ ਉਸ ਨੇ ਮਾਂ ਨੂੰ ਪਿੱਛੇ ਧੱਕ ਕੇ ਲੜਕੀ 'ਤੇ ਛੁਰੇ ਨਾਲ ਕਈ ਵਾਰ ਕੀਤੇ ਜਿਸ ਨਾਲ ਲੜਕੀ ਦੀ ਮੌਤ ਹੋ ਗਈ। ਇਸ ਤੋਂ ਬਾਅਦ ਮੁਲਜ਼ਮ ਨੇ ਪੁਲਿਸ ਅੱਗੇ ਆਤਮ-ਸਮਰਪਣ ਕਰ ਦਿੱਤਾ।

# ਕ੍ਰਿਕਟਰ ਯੁਵਰਾਜ ਹੁਣ ਭਾਜਪਾ ਲਈ 'ਖੇਡੇਗਾ'?



**ਨਵੀਂ ਦਿੱਲੀ:** ਹਰਫ਼ਨਮੌਲਾ ਕ੍ਰਿਕਟਰ ਯੁਵਰਾਜ ਸਿੰਘ ਦੀ ਭਾਜਪਾ ਪ੍ਰਧਾਨ ਅਮਿਤ ਸ਼ਾਹ ਨਾਲ ਮੁਲਾਕਾਤ ਨੇ ਚਰਚੇ ਛੇੜ ਦਿੱਤੇ ਹਨ ਕਿ ਉਹ ਪਾਰਟੀ ਵਿਚ ਸ਼ਾਮਲ ਹੋਣ ਜਾ ਰਹੇ ਹਨ ਤੇ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਭਗਵਾ ਪਾਰਟੀ ਲਈ ਪ੍ਰਚਾਰ ਵੀ ਕਰਨਗੇ। ਉਂਜ ਭਾਜਪਾ ਸੂਤਰਾਂ ਦਾ ਕਹਿਣਾ ਹੈ ਕਿ ਯੂਵਰਾਜ ਆਪਣੇ ਪਿਤਾ ਯੋਗਰਾਜ ਸਿੰਘ ਲਈ ਟਿਕਟ ਦੀ ਮੰਗ ਕਰ ਰਹੇ ਹਨ। ਯੋਗਰਾਮ ਸਿੰਘ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਨੈਲੋ ਦੀ ਟਿਕਟ 'ਤੇ ਪੰਚਕੂਲਾ ਤੋਂ ਚੋਣ ਹਾਰ ਚੁੱਕੇ ਹਨ।

ਭਾਜਪਾ ਸੂਤਰਾਂ ਨੇ ਕਿਹਾ ਕਿ ਯੁਵਰਾਜ ਸਿੰਘ ਪਿਤਾ ਲਈ ਜਾਟ ਜਾਂ ਪੰਜਾਬੀ ਹਲਕੇ ਤੋਂ ਟਿਕਟ ਚਾਹੁੰਦੇ ਹਨ। ਸੂਤਰ ਨੇ ਕਿਹਾ ਕਿ ਅਜੇ ਕੋਈ ਵੀ ਫ਼ੈਸਲਾ ਨਹੀਂ ਹੋਇਆ।

ਭਾਜਪਾ ਦਾ ਕਹਿਣਾ ਹੈ ਕਿ ਜੇਕਰ ਯੁਵਰਾਜ ਚੋਣ ਲੜਨਾ ਚਾਹੁੰਦੇ ਹੁੰਦੇ ਹਨ ਤਾਂ ਉਨ੍ਹਾਂ ਦਾ ਸਵਾਗਤ ਹੈ। ਜੇਕਰ ਉਨ੍ਹਾਂ ਦੇ ਪਿਤਾ ਨੂੰ ਟਿਕਟ ਮਿਲਦੀ ਹੈ ਤਾਂ ਕੁਦਰਤੀ ਤੌਰ 'ਤੇ ਉਹ ਭਾਜਪਾ ਲਈ ਪ੍ਰਚਾਰ ਕਰਨਗੇ। ਹਰਿਆਣਾ ਵਿਚ ਭਾਜਪਾ ਨੂੰ ਚਹੁੰਕੋਨਾ ਮੁਕਾਬਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਯੁਵਰਾਜ ਸਿੰਘ ਜਿਹੀ ਹਸਤੀ ਦੀ ਭਾਜਪਾ ਵਿਚ ਹਾਜ਼ਰੀ ਨਾਲ ਉਹ ਵੱਧ ਸੀਟਾਂ ਹਾਸਲ ਕਰਨਾ ਚਾਹੁੰਦੇ ਹਨ।

ਉਧਰ ਯੁਵਰਾਜ ਸਿੰਘ ਨੇ ਆਪਣੇ ਖੇਡ ਮੈਨੇਜਰ ਨਿਸ਼ਾਂਤ ਜੀਤ ਅਰੋੜਾ ਦੇ ਟਵੀਟ ਦੇ ਜਵਾਬ ਵਿਚ ਕੀਤੇ ਟਵੀਟ ਰਾਹੀਂ ਸਪਸ਼ਟ ਕੀਤਾ ਹੈ ਕਿ ਉਹ ਭਾਜਪਾ ਪ੍ਰਧਾਨ ਅਮਿਤ ਸ਼ਾਹ ਨਾਲ ਦੇਸ਼ ਵਿਚ ਕੈਂਸਰ ਦੀ ਬਿਮਾਰੀ ਬਾਰੇ ਵਿਚਾਰ-ਵਟਾਂਦਰਾ ਕਰਨ ਗਿਆ ਸੀ।

ਸਾਲ 2009 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਯੋਗਰਾਜ ਸਿੰਘ ਨੇ ਇਨੈਲੋ ਦੀ ਟਿਕਟ 'ਤੇ ਪੰਚਕੂਲਾ ਹਲਕੇ ਤੋਂ ਚੋਣ ਲੜੀ ਸੀ ਪਰ ਉਹ ਹਾਰ ਗਏ ਸਨ। ਰਿਪੋਰਟਾਂ ਮੁਤਾਬਕ ਉਸ ਸਮੇਂ ਯੁਵਰਾਜ ਨੇ ਪਿਤਾ ਲਈ ਪ੍ਰਚਾਰ ਨਹੀਂ ਕੀਤਾ ਸੀ ਜਦਕਿ ਯੁਵਰਾਜ ਦੇ ਪੋਸਟਰ ਵੀ ਲਾਏ ਗਏ ਸਨ। ਹੁਣ ਪਿਤਾ-ਪੁੱਤਰ ਦੀ ਅੱਖ ਆ ਰਹੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਉਤੇ ਟਿਕੀ ਹੋਈ ਹੈ।

# ਮੋਦੀ-ਓਬਾਮਾ ਮੁਲਾਕਾਤ ਵਿਚ ਸਿੱਖ ਮਸਲੇ ਉਠਾਉਣ ਲਈ ਲਾਮਬੰਦੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਵਿਚਾਲੇ ਹੋਣ ਵਾਲੀ ਮੁਲਾਕਾਤ ਦੌਰਾਨ ਅਮਰੀਕਾ ਵਿਚਲੇ ਸਿੱਖ ਭਾਈਚਾਰੇ ਨਾਲ ਸਬੰਧਤ ਮਸਲਿਆਂ ਨੂੰ ਉਭਾਰਨ ਦੀ ਮੰਗ ਕੀਤੀ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਨਵੀਂ ਦਿੱਲੀ ਵਿਚ ਮੁਲਾਕਾਤ ਕਰਕੇ ਕਿਹਾ ਕਿ ਅਮਰੀਕਾ ਵਿਚ ਰਹਿੰਦੇ ਸਿੱਖਾਂ ਦੇ ਮਸਲਿਆਂ ਨੂੰ ਤਰਜੀਹ ਦੇਣਾ ਲਾਜ਼ਮੀ ਹੈ ਤੇ ਇਨ੍ਹਾਂ ਨੂੰ ਪ੍ਰਧਾਨ ਮੰਤਰੀ ਵੱਲੋਂ ਬਰਾਕ ਓਬਾਮਾ ਨਾਲ ਕੀਤੀ ਜਾਣ ਵਾਲੀ ਮੀਟਿੰਗ ਦੇ ਏਜੰਡੇ ਵਿਚ ਸ਼ੁਮਾਰ ਕੀਤਾ ਜਾਣਾ ਚਾਹੀਦਾ ਹੈ।

ਸਿੱਖ ਮਸਲਿਆਂ ਬਾਰੇ ਸੁਸ਼ਮਾ ਸਵਰਾਜ ਨੂੰ ਜਾਣੂ ਕਰਵਾਉਂਦਿਆਂ ਸ. ਬਾਦਲ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਅਮਰੀਕਾ ਵਿਚ ਸਿੱਖਾਂ ਨੂੰ ਆਪਣੀ ਪਛਾਣ ਤੇ ਬਾਣੇ ਕਾਰਨ ਕਈ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖਾਂ 'ਤੇ ਨਸਲੀ ਹਮਲੇ ਵੀ ਹੋ ਰਹੇ ਹਨ, ਜਿਨ੍ਹਾਂ ਨੂੰ ਰੋਕਣ ਲਈ ਜਾਗਰੂਕਤਾ ਮੁਹਿੰਮ ਚਲਾਉਣਾ ਸਮੇਂ ਦੀ ਮੁੱਖ ਮੰਗ ਹੈ। ਉਨ੍ਹਾਂ ਸ੍ਰੀਮਤੀ ਸਵਰਾਜ ਤੋਂ ਮੰਗ ਕੀਤੀ ਕਿ ਉਹ ਸਿੱਖ ਮਸਲਿਆਂ ਨੂੰ ਪ੍ਰਧਾਨ ਮੰਤਰੀ ਵੱਲੋਂ ਵਿਚਾਰੇ ਜਾਣ ਵਾਲੇ ਮੁੱਦਿਆਂ ਦੀ ਸੂਚੀ ਵਿਚ ਸ਼ੁਮਾਰ ਕਰਨਾ ਯਕੀਨੀ ਬਣਾਉਣ।

ਸ. ਸੁਖਬੀਰ ਬਾਦਲ ਨੇ ਅਫ਼ਗਾਨਿਸਤਾਨ ਤੋਂ ਹਿਜਰਤ ਕਰਕੇ ਭਾਰਤ ਆਏ ਸਿੱਖ ਪਰਿਵਾਰਾਂ ਦਾ ਮਾਮਲਾ ਵੀ ਉਠਾਇਆ। ਉਨ੍ਹਾਂ ਕਿਹਾ ਕਿ ਐਨ.ਡੀ.ਏ. ਸਰਕਾਰ ਹਮਰੁਤਬਾ ਅਫ਼ਗਾਨੀ ਸਰਕਾਰ ਨਾਲ ਗੱਲਬਾਤ ਰਾਹੀਂ ਇਸ ਮਸਲੇ ਦਾ ਵੀ ਸਥਾਈ ਹੱਲ ਯਕੀਨੀ ਬਣਾਵੇ। ਸ. ਬਾਦਲ ਨੇ ਜਾਰਜੀਆ ਸਰਕਾਰ ਵੱਲੋਂ ਪੰਜਾਬੀ ਕਿਸਾਨਾਂ ਨੂੰ ਅੱਧ-ਵਿਚਾਲੇ ਛੱਡਣ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਐਨ.ਡੀ.ਏ. ਸਰਕਾਰ ਕੌਮਾਂਤਰੀ ਪੱਧਰ 'ਤੇ ਇਸ ਮੁੱਦੇ ਨੂੰ ਚੁੱਕ ਕੇ ਪੰਜਾਬੀ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰੇ। ਉਨ੍ਹਾਂ ਕਿਹਾ ਕਿ ਜਾਰਜੀਆ ਸਰਕਾਰ ਨੇ ਪੰਜਾਬੀ ਕਿਸਾਨਾਂ ਵੱਲੋਂ ਉਥੇ ਜ਼ਮੀਨਾਂ ਖ਼ਰੀਦਣ ਪਿੱਛੋਂ ਉਨ੍ਹਾਂ ਨੂੰ ਵੀਜ਼ੇ ਤੋਂ ਨਾਂਹ ਕਰਨੀ ਸ਼ੁਰੂ ਕਰ ਦਿੱਤੀ ਹੈ, ਜੋ ਬਹੁਤ ਮੰਦਭਾਗਾ ਹੈ।

# ਪੰਜਾਬ ਵੱਲ ਮੂੰਹ ਕਰਨ ਲਈ ਤਿਆਰ ਨਹੀਂ ਸਨਅਤੀ ਘਰਾਣੇ

## ਰਿਆਇਤਾਂ ਦਾ ਚੋਗਾ ਦੇਣ ਵਾਲਾ ਫਾਰਮੂਲਾ ਵੀ ਫੇਲ੍ਹ

**ਬਠਿੰਡਾ:** ਵੱਡੇ ਸਨਅਤੀ ਅਦਾਰੇ ਪੰਜਾਬ ਵਿਚ ਨਿਵੇਸ਼ ਕਰਨ ਤੋਂ ਪਾਸਾ ਵੱਟ ਰਹੇ ਹਨ। ਪੰਜਾਬ ਸਰਕਾਰ ਵੱਲੋਂ ਵੱਡੀਆਂ ਰਿਆਇਤਾਂ ਦੇਣ ਦੇ ਬਾਵਜੂਦ ਨਿਵੇਸ਼ਕਾਰ ਪੱਲਾ ਫੜਾਉਣ ਲਈ ਤਿਆਰ ਨਹੀਂ ਹਨ। ਪੰਜਾਬ ਸਰਕਾਰ ਵੱਲੋਂ ਸੂਬੇ ਵੱਲ ਸਨਅਤਾਂ ਖਿੱਚਣ ਲਈ 'ਫਿਸਕਲ ਇਨਸੈਂਟਿਵ ਫਾਰ ਇੰਡਸਟ੍ਰੀਅਲ ਪ੍ਰੋਮੋਸ਼ਨ ਪਾਲਿਸੀ-2013' ਬਣਾਈ ਗਈ ਸੀ। ਇਸ ਦੇ ਬਾਵਜੂਦ ਸਨਅਤਕਾਰਾਂ ਦਾ ਮੱਠਾ ਹੁੰਗਾਰਾ ਰਿਹਾ ਹੈ।

ਸਰਕਾਰੀ ਵੇਰਵਿਆਂ ਅਨੁਸਾਰ ਇਕ ਹਜ਼ਾਰ ਤੋਂ ਵੱਧ ਰਕਮ ਦਾ ਨਿਵੇਸ਼ ਕਰਨ ਵਾਸਤੇ 23 ਸਮਝੌਤੇ ਹੋਏ ਸਨ, ਜਿਨ੍ਹਾਂ ਵਿਚੋਂ ਸਿਰਫ਼ ਇਕਲੌਤੇ ਨਾਹਰ ਗਰੁੱਪ ਨੇ 1700 ਕਰੋੜ ਦੇ ਨਿਵੇਸ਼ ਦੀ ਤਜਵੀਜ਼ ਭੇਜੀ ਹੈ। 500 ਤੋਂ 1000 ਹਜ਼ਾਰ ਕਰੋੜ ਦੇ ਨਿਵੇਸ਼ ਲਈ 19 ਐਮ.ਓ.ਯੂ. ਹੋਏ ਸਨ ਪਰ ਸਿਰਫ਼ ਇੰਟਰਨੈਸ਼ਨਲ ਟਰੈਕਟਰਜ਼ ਵੱਲੋਂ 500 ਕਰੋੜ ਦੇ ਨਿਵੇਸ਼ ਦੀ ਤਜਵੀਜ਼ ਭੇਜੀ ਗਈ ਹੈ। 100 ਤੋਂ 500 ਕਰੋੜ ਤੱਕ ਦੇ ਨਿਵੇਸ਼ ਦੇ 25 ਐਮ.ਓ.ਯੂਜ਼ ਵਿਚੋਂ ਚਾਰ ਪ੍ਰੋਜੈਕਟਾਂ ਦੀ ਤਜਵੀਜ਼ ਸਰਕਾਰ ਨੂੰ ਮਿਲੀ ਹੈ।

ਇਨ੍ਹਾਂ ਚਾਰ ਕੰਪਨੀਆਂ ਵਿਚ ਰਨਬੈਕਸੀ ਨੇ 150 ਕਰੋੜ, ਨਾਸਾ ਐਗਰੋ ਨੇ 250 ਕਰੋੜ, ਡੀ.ਐਸ.ਐਮ. ਇੰਡੀਆ ਨੇ 350 ਕਰੋੜ ਤੇ ਚਾਣਕਿਆ ਡੇਅਰੀ ਪ੍ਰੋਡਕਟਸ ਨੇ 117 ਕਰੋੜ ਦੀ ਤਜਵੀਜ਼ ਸਰਕਾਰ ਨੂੰ ਦਿੱਤੀ ਹੈ। ਇਨ੍ਹਾਂ ਪ੍ਰਾਜੈਕਟਾਂ 'ਤੇ ਅਮਲ ਸ਼ੁਰੂ ਹੋ ਚੁੱਕਾ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਰਾਜ ਵਿਚ ਸਨਅਤੀ ਨਿਵੇਸ਼ ਨੂੰ ਹੁਲਾਰਾ ਦੇਣ ਲਈ ਇਕ ਵਿਸ਼ੇਸ਼ ਇਸ਼ਤਿਹਾਰੀ ਮੁਹਿੰਮ ਸ਼ੁਰੂ ਕੀਤੀ ਸੀ। ਕੈਬਨਿਟ ਨੇ ਇਸ ਮੁਹਿੰਮ ਲਈ 24 ਕਰੋੜ ਰੁਪਏ ਦੇ ਬਜਟ ਨੂੰ 30 ਨਵੰਬਰ 2013 ਨੂੰ ਪ੍ਰਵਾਨਗੀ ਦਿੱਤੀ ਸੀ, ਜਿਸ ਵਿਚੋਂ ਅੱਠ ਕਰੋੜ ਦਾ ਯੋਗਦਾਨ ਪੰਜਾਬ ਸਰਕਾਰ ਨੇ ਪਾਇਆ ਸੀ।

ਬਾਕੀ ਫੰਡਾਂ ਦਾ ਪ੍ਰਬੰਧ ਹੋਰਨਾਂ ਸਰਕਾਰੀ ਤੇ ਅਰਧ-ਸਰਕਾਰੀ ਅਦਾਰਿਆਂ ਨੇ ਕੀਤਾ ਸੀ। ਉਦਯੋਗ ਮੰਤਰੀ ਮਦਨ ਮੋਹਨ ਮਿੱਤਲ ਦਾ ਕਹਿਣਾ ਹੈ ਕਿ ਮੈਗਾ ਨਿਵੇਸ਼ਕ ਸੰਮੇਲਨ ਵਿਚ 67 ਹਜ਼ਾਰ ਕਰੋੜ ਦੇ ਨਿਵੇਸ਼ ਦੀ ਪੇਸ਼ਕਸ਼ ਹੋਈ ਸੀ, ਜਿਸ ਵਿਚੋਂ 20 ਹਜ਼ਾਰ ਕਰੋੜ ਦੇ ਨਿਵੇਸ਼ ਦੇ ਕੇਸ ਆਏ ਹਨ। ਇਨ੍ਹਾਂ ਵਿਚੋਂ 10 ਹਜ਼ਾਰ ਕਰੋੜ ਦੇ ਕੇਸ ਮਨਜ਼ੂਰ ਹੋ ਚੁੱਕੇ ਹਨ। ਉਨ੍ਹਾਂ ਆਖਿਆ ਕਿ ਕੌਮਾਂਤਰੀ ਪੱਧਰ 'ਤੇ ਹੀ ਮੰਦਾ ਚੱਲ ਰਿਹਾ ਹੈ, ਜਿਸ ਦਾ ਅਸਰ ਪੰਜਾਬ ਦੇ ਸਨਅਤੀ ਨਿਵੇਸ਼ 'ਤੇ ਵੀ ਪਿਆ ਹੈ। ਉਨ੍ਹਾਂ ਦਾ ਵਿਭਾਗ ਲੈਂਡ ਬੈਂਕ ਵੀ ਤਿਆਰ ਕਰ ਰਿਹਾ ਹੈ ਤਾਂ ਜੋ ਸਨਅਤਕਾਰਾਂ ਨੂੰ ਜ਼ਮੀਨ ਹਾਸਲ ਕਰਨ ਪੱਖੋਂ ਕੋਈ ਮੁਸ਼ਕਲ ਪੇਸ਼ ਨਾ ਆਵੇ।

## ਮੈਗਾ ਨਿਵੇਸ਼ ਸੰਮੇਲਨ ਦੇ ਵਾਅਦੇ ਵਫ਼ਾ ਨਾ ਹੋਏ

ਮੈਗਾ ਨਿਵੇਸ਼ ਸੰਮੇਲਨ ਵਿਚ ਵੱਡੇ ਸਨਅਤਕਾਰਾਂ ਨੇ ਸੂਝ-ਪੱਤਰ (ਐਮ.ਓ.ਯੂ.) ਤਾਂ ਸਹੀਬੰਦ ਕੀਤੇ ਸਨ, ਪਰ ਸੰਮੇਲਨ ਤੋਂ 10 ਮਹੀਨੇ ਬੀਤਣ ਮਗਰੋਂ ਵੀ ਇਨ੍ਹਾਂ ਅਹਿਦਾਂ ਨੂੰ ਅਮਲ ਵਿਚ ਬਦਲਣ ਪ੍ਰਤੀ ਰੁਚੀ ਨਹੀਂ ਦਿਖਾਈ। ਸੂਬਾ ਸਰਕਾਰ ਨੇ ਪੰਜਾਬ ਦੀ ਸਨਅਤੀ ਤਰੱਕੀ ਲਈ ਸਾਲ 2013 14 ਵਿਚ ਮੈਗਾ ਨਿਵੇਸ਼ਕ ਸੰਮੇਲਨ ਕਰਾਇਆ ਸੀ, ਜਿਸ 'ਚ 126 ਸਨਅਤੀ ਐਮ.ਓ.ਯੂ. ਸਹੀਬੰਦ ਹੋਏ ਸਨ। ਇਨ੍ਹਾਂ 'ਚੋਂ ਹੁਣ ਤੱਕ ਸਿਰਫ਼ 23 ਪ੍ਰੋਜੈਕਟਾਂ ਦੇ ਅਮਲ ਦੀ ਪ੍ਰਕ੍ਰਿਆ ਸ਼ੁਰੂ ਹੋਈ ਹੈ।

ਸਿਰਫ਼ ਤਿੰਨ-ਚਾਰ ਵੱਡੀਆਂ ਕੰਪਨੀਆਂ ਨੇ ਹੀ ਹੁੰਗਾਰਾ ਭਰਿਆ ਹੈ। ਆਰ.ਟੀ.ਆਈ. ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ ਮੈਗਾ ਨਿਵੇਸ਼ਕ ਸੰਮੇਲਨ ਵਿਚ ਸਨਅਤੀ ਘਰਾਣਿਆਂ ਆਦਿ ਨੇ 67,425 ਕਰੋੜ ਰੁਪਏ ਦੇ 126 ਐਮ.ਓ.ਯੂ. ਸਹੀਬੰਦ ਕੀਤੇ ਸਨ ਜਿਨ੍ਹਾਂ ਵਿਚੋਂ ਸਿਰਫ਼ 3719 ਕਰੋੜ ਦੇ ਅਜਿਹੇ ਪ੍ਰੋਜੈਕਟਾਂ ਦੀਆ ਤਜਵੀਜ਼ਾਂ ਸਰਕਾਰ ਨੂੰ ਪ੍ਰਾਪਤ ਹੋਈਆਂ ਹਨ ਜਿਨ੍ਹਾਂ 'ਤੇ ਅਮਲ ਸ਼ੁਰੂ ਹੋ ਚੁੱਕਾ ਹੈ। ਐਮ.ਓ.ਯੂ. ਵਾਲੇ ਸਿਰਫ਼ 18 ਫੀਸਦੀ ਪ੍ਰੋਜੈਕਟਾਂ ਦਾ ਹੁੰਗਾਰਾ ਮਿਲਿਆ ਹੈ।

ਵੇਰਵਿਆਂ ਅਨੁਸਾਰ 23 ਪ੍ਰੋਜੈਕਟਾਂ ਵਿਚੋਂ 10 ਤਾਂ ਚੌਲ ਮਿੱਲਾਂ ਹੀ ਹਨ। ਇਨ੍ਹਾਂ 23 ਤਜਵੀਜ਼ਾਂ ਵਿਚੋਂ 14 ਪ੍ਰੋਜੈਕਟਾਂ ਦਾ ਨਿਵੇਸ਼ ਪ੍ਰਤੀ ਪ੍ਰੋਜੈਕਟ 50 ਕਰੋੜ ਤੋਂ ਘੱਟ ਹੈ ਜਦੋਂ ਕਿ ਤਿੰਨ ਪ੍ਰੋਜੈਕਟਾਂ ਦੀ ਲਾਗਤ ਰਾਸ਼ੀ 50 ਤੋਂ 100 ਕਰੋੜ ਦਰਮਿਆਨ ਹੈ।

## ਸੁਖਬੀਰ ਵੱਲੋਂ ਨਿਵੇਸ਼ਕਾਰਾਂ ਨੂੰ ਪਲੋਸਣ ਦੇ ਯਤਨ




**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਨਿਵੇਸ਼ਕਾਰਾਂ ਨੂੰ ਸੂਬੇ ਵੱਲ ਖਿੱਚਣ ਲਈ ਯਤਨ ਜਾਰੀ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਭਰੋਸਾ ਦਿੱਤਾ ਹੈ ਕਿ ਨਵੇਂ ਨਿਵੇਸ਼ ਦੇ ਸਾਰੇ ਪ੍ਰਾਜੈਕਟਾਂ ਨੂੰ ਹੁਣ 30 ਦਿਨਾਂ ਦੇ ਅੰਦਰ ਮਨਜ਼ੂਰੀ ਮਿਲੇਗੀ। ਪਹਿਲਾਂ ਇਹ ਪ੍ਰਕਿਰਿਆ 60 ਦਿਨਾਂ ਵਿਚ ਮੁਕੰਮਲ ਹੁੰਦੀ ਸੀ। ਉਨ੍ਹਾਂ ਸਨਅਤਕਾਰਾਂ ਨੂੰ ਭਰੋਸਾ ਦਿਵਾਇਆ ਕਿ ਫੂਡ ਪ੍ਰਾਸੈਸਿੰਗ ਦੇ ਖੇਤਰ ਵਿਚ ਨਿਵੇਸ਼ ਕਰਨ ਵਾਲੇ ਸਨਅਤਕਾਰਾਂ ਨੂੰ ਸਬਸਿਡੀ ਦਾ ਲਾਭ ਦਿਵਾਉਣ ਲਈ ਉਹ ਕੇਂਦਰੀ ਫੂਡ ਪ੍ਰਾਸੈਸਿੰਗ ਮੰਤਰਾਲੇ ਨਾਲ ਤਾਲਮੇਲ ਕਰਨਗੇ। ਉਨ੍ਹਾਂ ਕਿਹਾ ਕਿ ਸਨਅਤੀ ਨੀਤੀ ਨੂੰ ਨਿਵੇਸ਼ ਪੱਖੀ ਬਣਾਉਣ ਲਈ ਛੇਤੀ ਹੀ ਇਸ ਵਿਚ ਸੋਧਾਂ ਕੀਤੀਆਂ ਜਾਣਗੀਆਂ।

ਉਨ੍ਹਾਂ ਸਨਅਤਕਾਰਾਂ ਨੂੰ ਪਿਛਲੇ ਸਮੇਂ ਤੋਂ ਸਾਰੇ ਲਾਭ ਦਿਵਾਉਣ ਦਾ ਭਰੋਸਾ ਦਿਵਾਇਆ। ਕੁਝ ਸਨਅਤਕਾਰਾਂ ਨੇ ਕੌਮੀ ਰਾਜਮਾਰਗ ਅਥਾਰਟੀ ਜੰਗਲਾਤ ਮੰਤਰਾਲੇ, ਸੈਂਟਰਲ ਡਰੱਗ ਅਥਾਰਿਟੀ ਆਦਿ ਤੋਂ ਪ੍ਰਵਾਨਗੀਆਂ ਮਿਲਣ ਵਿਚ ਹੁੰਦੀ ਦੇਰੀ ਦੇ ਮੁੱਦੇ ਉਠਾਏ। ਉਪ ਮੁੱਖ ਮੰਤਰੀ ਨੇ ਸਬੰਧਤ ਮਹਿਕਮਿਆਂ ਕੋਲ ਨਿੱਜੀ ਤੌਰ 'ਤੇ ਇਹ ਮੁੱਦੇ ਉਠਾਉਣ ਦਾ ਭਰੋਸਾ ਦਿੱਤਾ।

# ਪਿੰਡ ਦਾ ਚਿਹਰਾ

*ਹਿੰਦੀ ਕਥਾਕਾਰ/ਨਾਵਲਕਾਰ ਗਿਆਨ ਪ੍ਰਕਾਸ਼ ਵਿਵੇਕ (ਜਨਮ 30 ਜਨਵਰੀ 1949) ਨੇ 'ਪਿੰਡ ਦਾ ਚਿਹਰਾ' ਲੇਖ ਵਿਚ ਆਪਣੇ ਪਿੰਡ ਬਹਾਦਰਗੜ੍ਹ (ਹਰਿਆਣਾ) ਦੇ ਨੈਣ-ਨਕਸ਼ ਉਘਾੜਦਿਆਂ ਸੈਆਂ-ਹਜ਼ਾਰਾਂ ਪਿੰਡਾਂ ਦੀਆਂ ਗੱਲਾਂ ਛੋਹੀਆਂ ਹਨ। ਇਨ੍ਹਾਂ ਪਿੰਡਾਂ ਵਿਚ ਵਸਦੇ ਆਮ ਲੋਕਾਂ ਦੀ ਆਮ ਚਰਚਾ ਕੀਤੀ ਹੈ। ਇਨ੍ਹਾਂ ਲੋਕਾਂ ਬਾਰੇ ਪੜ੍ਹਦਿਆਂ ਆਪਣੇ ਆਲੇ-ਦੁਆਲੇ ਵੱਸਦੇ ਜਾਂ ਨਿੱਤ ਮਿਲਦੇ ਲੋਕਾਂ ਦੇ ਨੈਣ-ਨਕਸ਼ ਖੁਦ-ਬਖੁਦ ਲੱਭਣੇ ਸ਼ੁਰੂ ਹੋ ਜਾਂਦੇ ਹਨ। ਉਨ੍ਹਾਂ ਦੀਆਂ ਹੋਰ ਰਚਨਾਵਾਂ ਵੀ ਇਸੇ ਰੰਗ ਵਾਲੀਆਂ ਹਨ। ਇਨ੍ਹਾਂ ਵਿਚੋਂ ਨਾਵਲਾਂ 'ਗਲੀ ਨੰਬਰ' ਤੇਰਹ', 'ਅਸਤਿਤਵ', 'ਦਿੱਲੀ ਦਰਵਾਜ਼ਾ' ਅਤੇ 'ਆਖੇਟ' ਨੂੰ ਪਾਠਕਾਂ ਨੇ ਖੂਬ ਹੁੰਗਾਰਾ ਭਰਿਆ ਹੈ। 'ਬਦਲੀ ਹੂਈ ਦੁਨੀਆਂ', 'ਇਕੀਸ ਕਹਾਨੀਆਂ', 'ਮੁਸਾਫਿਰਖਾਨਾ', 'ਸੇਵਾ ਨਗਰ ਕਹਾਂ ਹੈ' ਤੇ 'ਸ਼ਿਕਾਰਗਾਹ' ਉਨ੍ਹਾਂ ਦੇ ਕਹਾਣੀ ਸੰਗ੍ਰਿਹ ਹਨ। ਉਨ੍ਹਾਂ ਇਕ ਕਵਿਤਾ ਸੰਗ੍ਰਿਹ 'ਗੁਫਤਗੂ ਆਵਾਮ ਸੇ ਹੈ' ਵੀ ਛਪਵਾਇਆ ਹੈ। ਉਹ ਅੱਜ ਕੱਲ੍ਹ ਬਹਾਦਰਗੜ੍ਹ ਵਿਚ ਹੀ ਵੱਸਦੇ ਹਨ। -ਸੰਪਾਦਕ*


ਗਿਆਨ ਪ੍ਰਕਾਸ਼ ਵਿਵੇਕ

ਇਹ ਮਾਮੂਲੀ ਪਿੰਡ ਹੈ। ਬਹੁਤ ਸਾਧਾਰਨ। ਇੰਨਾ ਸਾਦਾ ਕਿ ਕਦੀ ਕਸਬਾ ਲਗਦਾ, ਕਦੀ ਸ਼ਹਿਰ। ਸਮਾਧ ਵਰਗਾ ਖਾਮੋਸ਼। ਇੰਨਾ ਪਾਕ-ਸਾਫ ਜਿਵੇਂ ਪੀਰ ਦੀ ਦਰਗਾਹ। ਕਹਿਣ ਨੂੰ ਸ਼ਹਿਰ, ਪਰ ਰੇਲਵੇ ਸਟੇਸ਼ਨ ਦੇ ਮੁਸਾਫਿਰਖਾਨੇ ਵਰਗਾ। ਤੇ ਬਾਸ਼ਿੰਦੇ? ਪੁਰਾਣੀ ਗਠੜੀ ਕੱਛ ਵਿਚ ਦੱਬੀ ਹਰੇ ਬੈਂਚ ਉਪਰ ਬੈਠੇ ਅਨਜਾਣ ਰੇਲ ਗੱਡੀ ਨੂੰ ਉਡੀਕਦੇ! ਜਿਵੇਂ ਗੋਦੋ ਦੀ ਉਡੀਕ ਵਿਚ ਵਲਾਦੀਮੀਰ ਤੇ ਰੇਸਤਾਂਗਸ।

ਇੰਤਜ਼ਾਰ ਵਿਚ ਗੁੰਮ ਲੋਕਾਂ ਦਾ ਪਿੰਡ। ਹਰ

**ਗਿਆਨ ਪ੍ਰਕਾਸ਼ ਵਿਵੇਕ**
ਅਨੁਵਾਦ: ਹਰਪਾਲ ਸਿੰਘ ਪੰਨੂ
ਫੋਨ: 91-94642-51454

ਬੰਦਾ ਆਪਣੀ ਕੀਮਤੀ ਚੀਜ਼ ਲੱਭ ਰਿਹੈ। ਅਜੀਬ ਗੱਲ। ਹਰ ਇਕ ਦਾ ਕੁਝ ਨਾ ਕੁਝ ਗੁਆਚਿਆ ਹੋਇਆ। ਕਿਸੇ ਕੋਲ ਧਾਗਾ ਸੀ ਤਾਂ ਸੂਈ ਗੁੰਮ ਹੋ ਗਈ, ਕਿਸੇ ਨੇ ਕਿਤੇ ਜਾਣਾ ਸੀ ਪਰ ਪੈਰ ਗੁੰਮ ਹੋ ਗਏ, ਜਿਸ ਕੋਲ ਪੈਰ ਸਨ ਉਸ ਦਾ ਰਸਤਾ ਗੁਆਚ ਗਿਆ। ਕਿਸੇ ਕੋਲ ਜੇਬਾਂ ਸਨ, ਜੇਬਾਂ ਵਿਚ ਸਿੱਕੇ, ਪਰ ਖਰੀਦਣ ਦੀ ਇੱਛਾ ਗੁੰਮ ਗਈ ਸੀ। ਕੁਝ ਬੰਦੇ ਦੁਕਾਨਾਂ ਸਾਹਮਣੇ ਖਲੋ ਕੇ ਸਜਿਆ ਪਿਆ ਸਮਾਨ ਦੇਖਦੇ ਰਹਿੰਦੇ, ਫਿਰ ਇਛਾਵਾਂ ਦੀਆਂ ਮੁਰਝਾਈਆਂ ਉਂਗਲੀਆਂ ਫੜ ਕੇ ਚੱਲ ਪੈਂਦੇ, ਜੇਬਾਂ ਸਨ ਪਰ ਖਾਲੀ।

ਬਹੁਤੇ ਬੰਦੇ ਅਜਿਹੇ ਜਿਹੜੇ ਉਦਾਸ ਰਹਿੰਦੇ। ਆਪਣੇ ਹਾਸੇ ਲੱਭਦੇ ਰਹਿੰਦੇ। ਹਾਸਾ ਲੱਭਣਾ ਉਨਾ ਹੀ ਔਖਾ ਜਿੰਨਾ ਡਿਗੇ ਹੰਝੂ ਨੂੰ ਵਾਪਸ ਅੱਖ ਵਿਚ ਪਾ ਲੈਣਾ। ਘੱਟ ਆਵਾਜ਼ਾਂ ਵਾਲਾ ਪਿੰਡ। ਕਦੇ-ਕਦੇ ਤਾਂ ਇਹ ਪਿੰਡ ਬੜਾ ਸੂਖਮ ਲਗਦਾ, ਜਿਵੇਂ ਆਪਣੇ ਦਰਦ ਨੂੰ ਲੋਰੀਆਂ ਸੁਣਾਏ।

ਬਹਾਦਰਗੜ੍ਹ ਨਾਂ ਦੇ ਇਸ ਪਿੰਡ ਨੂੰ ਕਿਸੇ ਬਹਾਦਰਖਾਨ ਨੇ ਵਸਾਇਆ ਸੀ। ਪਿੰਡ ਅਜੇ ਵਸਣ ਲੱਗਾ ਸੀ, ਪੰਛੀ ਪਹਿਲਾਂ ਵੱਸ ਗਏ। ਹਵਾਵਾਂ ਅਤੇ ਧੁੱਪਾਂ ਵੱਸ ਗਈਆਂ। ਹਵਾਵਾਂ ਦੀਵਿਆਂ ਨਾਲ ਲੁਕਣਮੀਟੀ ਖੇਡਦੀਆਂ ਤੇ ਧੁੱਪ, ਸਵੇਰ ਸਾਰ ਕੰਧਾਂ ਉਪਰ ਖੁਸ਼-ਆਮਦੀਦ ਲਿਖ ਦਿੰਦੀ। ਬਹਾਦਰਗੜ੍ਹ ਵਿਚ ਇਕ ਕਿਲ੍ਹਾ ਸੀ, ਇਕ ਨਗਾਰਖਾਨਾ ਤੇ ਇਕ ਨਵਾਬ ਦੀ ਹਵੇਲੀ। ਕਿਲ੍ਹਾ ਢਹਿ ਗਿਆ ਸੀ। ਕੁਝ ਬੁਰਜ ਖਲੋਤੇ ਸਨ ਜਿਨ੍ਹਾਂ ਦੇ ਪੈਰਾਂ ਵਿਚ ਸਫਰ ਦਾ ਥਕੇਵਾਂ ਸੀ ਤੇ ਚਿਹਰੇ ਉਪਰ ਵਕਤ ਦੇ ਨਿਸ਼ਾਨ।

ਜਿਥੇ ਕਿਲ੍ਹਾ ਹੁੰਦਾ ਸੀ, ਉਥੇ ਹੁਣ ਕਿਲ੍ਹਾ ਮੁਹੱਲਾ ਹੈ। ਕਿਲ੍ਹੇ ਮੁਹੱਲੇ ਦੇ ਸਭ ਵਸਨੀਕ ਰਫੂਜੀ, ਉਨ੍ਹਾਂ ਦੀ ਬੋਲੀ, ਵਿਹਾਰ ਤੇ ਦੁੱਖ ਇਕੋ ਜਿਹੇ। ਇਕ ਦੂਜੇ ਨੂੰ ਮਿਲਦੇ ਤਾਂ ਝਿਜਕ ਜਾਂਦੇ, ਜਿਵੇਂ ਉਜਾੜੇ ਦਾ ਮਾਤਮ ਮਨਾ ਰਹੇ ਹੋਣ। ਚੁੱਪ-ਚਪੀਤੇ ਲੋਕ ਬੋਲਦੇ, ਲਗਦਾ ਜਿਵੇਂ ਯਾਦਾਂ ਦੀ ਉਨ ਦਾ ਗੋਲਾ ਉਧੜਦਾ ਜਾਵੇ। ਦੂਰ ਚਲੇ ਜਾਂਦੇ... ਮੁਲਤਾਨ... ਰਾਵੀ... ਸਿੰਧ... ਡੇਰਾ ਇਸਮਾਈਲ ਖਾਨ... ਖਜੂਰ ਦੇ ਦਰਖਤ... ਰੇਤਲੇ ਟਿੱਬੇ।

ਪਾਕਿਸਤਾਨ ਸੁੱਟ ਆਏ, ਯਾਦਾਂ ਚੁੱਕ ਲਿਆਏ। ਯਾਦਾਂ ਕੋਲ ਤੰਗ ਕਰਨ ਤੋਂ ਬਿਨਾਂ ਹੋਰ ਕੁਝ ਹੈ ਈ ਨਹੀਂ, ਅੱਖਾਂ ਵਿਚ ਚੁਭਦੀਆਂ, ਹੰਝੂ ਬਣ ਕੇ ਡਿਗਦੀਆਂ। ਬੇਸੁਰੇ ਲਹਿਜੇ ਵਿਚ ਕਾਫੀਆਂ ਗਾਉਣ ਲੱਗ ਜਾਂਦੇ,

ਆਪਣਾ ਦੱਸ ਟਿਕਾਣਾ
ਕਿੱਥੋਂ ਆਇਆ ਕਿਥੇ ਜਾਣਾ।
ਜਿਸ ਠਾਣੇ ਦਾ ਮਾਣ ਕਰੇਂਦਾ
ਉਸ ਨੇ ਨਾਲ ਨਾ ਜਾਣਾ।
ਖਾਮੋਸ਼ੀ ਦੇ ਪਿੰਡ ਚੱਲ ਵੱਸੀਏ
ਜਿਥੇ ਮੁਲਕ ਸਮਾਣਾ।
ਆਪਣਾ ਦੱਸ ਟਿਕਾਣਾ।

ਇਨ੍ਹਾਂ ਕਾਫੀਆਂ ਦੀ ਸੁਰ ਦੁਖਦਾਈ ਹੁੰਦੀ। ਕਦੀ ਜੀਵਨ ਦਿਸਦਾ, ਕਦੀ ਮੌਤ। ਇਕ ਦੂਜੇ ਨੂੰ ਇਉਂ ਮਿਲਦੇ ਜਿਵੇਂ ਪਰਦੇਸ ਵਿਚ ਇਤਫਾਕਨ ਕੋਈ ਆਪਣਾ ਮਿਲ ਗਿਆ ਹੋਵੇ। ਮਿੱਠੇ ਤੇ ਉਦਾਸ ਬੋਲ ਬੋਲਦੇ। ਮੰਦਾ ਬੋਲ ਨਾ ਬੋਲੀਏ ਕਰਤਾਰੋਂ ਡਰੀਏ। ਕੁਝ ਪਿੰਡਾਂ ਵਿਚ ਬੀਆਬਾਨ ਵਸ ਜਾਂਦਾ ਹੈ ਜਿਵੇਂ ਬਹਾਦਰਗੜ੍ਹ ਵਿਚ। ਇਸ ਪਿੰਡ ਦਾ ਚਿਹਰਾ ਵੀਰਾਨ ਹੈ, ਇਉਂ ਲਗਦਾ ਹੈ ਜਿਵੇਂ ਪਿੰਡ ਨਾ ਹੋ ਕੇ ਇਹ ਕੋਈ ਰਾਮਚੰਦਰ ਹੋਵੇ, ਬਣਵਾਸ ਭੋਗਦਾ ਰਾਜਾ। ਇੰਨਾ ਗਰੀਬ ਪਿੰਡ ਕਿ ਇਤਿਹਾਸ ਨੇ ਬੇਦਖਲ ਹੀ ਕਰ ਦਿਤਾ। ਇਹ ਪਿੰਡ ਨਿਕਾ ਜਿਹਾ ਭੂਗੋਲ ਹੈ। ਇੰਨਾ ਛੋਟਾ ਭੂਗੋਲ ਜਿਸ ਨੂੰ ਧਰਤੀ ਨੇ ਕੈਲੰਡਰ ਵਾਂਗ ਉਂਗਲ 'ਤੇ ਲਟਕਾ ਲਿਆ।

ਇਸ ਪਿੰਡ ਦੇ ਦੇਸੀ ਠਾਠਾਂ ਦਾ ਕੀ ਕਹਿਣਾ, ਇੰਨਾ ਦੇਸੀ ਕਿ ਇਸ ਦੇ ਕੋਸ਼ ਵਿਚ ਕਾਲੋਨੀ ਨਾਂ ਦਾ ਸ਼ਬਦ ਨਹੀਂ। ਬਸਤੀਆਂ ਹਨ... ਨਵੀਂ ਬਸਤੀ... ਜੱਟਾਂ ਵਾਲਾ ਚੌਂਤਰਾ... ਕਿਲ੍ਹਾ ਮੁਹੱਲਾ... ਝੀਲ ਮੁਹੱਲਾ, ਸਰਹੰਦੀ ਦਰਵਾਜ਼ਾ।

ਇਹ ਪਿੰਡ ਅਸਲ ਵਿਚ ਕਸਬਾ ਹੈ। ਕਸਬਾ ਕੁਝ ਔਖਾ ਲਫਜ਼ ਹੈ ਜਿਸ ਕਰ ਕੇ ਸਾਰੀਆਂ ਕਸਬਾਈ ਹਰਕਤਾਂ, ਹਰਾਰਤਾਂ, ਹੁੱਜਤਾਂ ਅਤੇ ਹੱਦਬੰਦੀਆਂ ਦੇ ਬਾਵਜੂਦ ਲੋਕ ਕਹਿੰਦੇ ਇਹਨੂੰ ਸ਼ਹਿਰ ਹੀ ਨੇ। ਲੋਕ ਖਾਨਦਾਨੀ ਖੁਸ਼ੀਆਂ ਅਤੇ ਖਾਨਦਾਨੀ ਦੁੱਖਾਂ ਨਾਲ ਜਿਉਂਦੇ ਰਹਿਣ ਦੇ ਆਦੀ ਹੋ ਗਏ ਹਨ, ਇੰਨੇ ਸਾਦੇ ਕਿ ਆਲਸ ਨੂੰ ਸ਼ਾਨ ਸਮਝਦੇ, ਇੰਨੇ ਫੱਕਰ ਕਿ ਸੱਟਾਂ ਉਪਰ ਹੱਸਦੇ, ਇੰਨੇ ਮਸਤਾਨੇ ਕਿ ਮੁਸਕਾਣ ਦੀ ਓਟ ਪਿਛੇ ਹੰਝੂਆਂ ਦੀ ਦੁਕਾਨ ਸਜਾ ਲੈਂਦੇ।

ਸੁਸਤ ਰਫਤਾਰ ਪਿੰਡ ਹੈ। ਗੱਡਾ ਖਿੱਚੀ ਜਾਂਦੀ ਬਲਦਾਂ ਦੀ ਜੋੜੀ। ਗੱਡੇ ਵਿਚ ਗੁੜ। ਗੱਡੇ ਵਿਚ ਘਰ। ਰੁਕਿਆ ਹੋਇਆ ਪਿੰਡ, ਪਿੰਡ ਵਿਚ ਤੁਰਦਾ ਫਿਰਦਾ ਘਰ। ਗੱਡੇ ਵਿਚ ਵੱਸਿਆ ਘਰ। ਥੋੜ੍ਹੀਆਂ ਸੜਕਾਂ, ਥੋੜ੍ਹੀਆਂ ਖਾਹਸ਼ਾਂ। ਇਥੋਂ ਸ਼ੁਰੂ, ਉਥੇ ਜਾ ਕੇ ਸੜਕ ਖਤਮ। ਦਖਲ ਬੇਦਖਲ ਦਾ ਨਾਂ ਜ਼ਿੰਦਗੀ ਹੈ, ਹੈ ਕਿ ਨਹੀਂ; ਪਤਾ ਨਹੀਂ। ਖੇਡ ਵਾਂਗ। ਦੇਖਣ ਨੂੰ ਇਉਂ ਲਗਦਾ ਜਿਵੇਂ ਪਿੰਡ ਵਸਾਉਣ ਵਾਲਾ ਇਸ ਨੂੰ ਅਧੂਰਾ ਛੱਡ ਕੇ ਕਿਸੇ ਜ਼ਰੂਰੀ ਕੰਮ ਚਲਾ ਗਿਆ ਹੋਵੇ। ਅੱਧਾ-ਅਧੂਰਾ ਪਿੰਡ, ਅੱਧੇ-ਅਧੂਰੇ ਸੁਫਨੇ।

ਛੋਟੇ ਪਿੰਡ ਵਿਚ ਕਿੰਨੇ ਸਾਰੇ ਟੋਭੇ, ਜਿਵੇਂ ਪਾਣੀ ਦੇ ਸਿੱਕੇ ਜਮ੍ਹਾਂ ਕਰ ਲਏ ਹੋਣ। ਕਈ ਖੂਹ ਸਨ, ਸਭ ਦਾ ਪਾਣੀ ਖਾਰਾ। ਖਾਰੇ ਪਾਣੀ ਦੀ ਸਾਖੀ ਹੈ। ਪਿਆਸੇ ਫਕੀਰ ਨੂੰ ਪਾਣੀ ਨਾ ਪਿਲਾਇਆ, ਤਾਂ ਉਹ ਸਰਾਪ ਦੇ ਗਿਆ। ਚੰਗਾ ਹੋਵੇਗਾ ਫਿਰ ਵੀ, ਜੋ ਖਾਰੇ ਪਾਣੀ ਦਾ ਸਰਾਪ ਦੇ ਗਿਆ, ਜੇ ਖੂਹ ਸੁਕਾਉਣ ਦਾ ਸਰਾਪ ਦੇ ਜਾਂਦਾ? ਕਈ ਥਾਂਵਾਂ 'ਤੇ ਛਬੀਲਾਂ ਲੱਗ ਗਈਆਂ, ਪਰਦੇਸੀ ਆਖਦੇ- ਮੰਦਰ ਘੱਟ ਨੇ ਤੇ ਛਬੀਲਾਂ ਵਧੀਕ। ਬਈ, ਪਿਆਸ ਦਾ ਰਿਸ਼ਤਾ ਪਾਣੀ ਨਾਲ, ਪਾਣੀ ਦਾ ਰਿਸ਼ਤਾ ਛਬੀਲ ਨਾਲ। ਕਿੰਨੇ ਭਲੇ ਲੋਕ ਜਿਨ੍ਹਾਂ ਨੂੰ ਪਿਆਸ ਦੇ ਮਾਅਨਿਆਂ ਦਾ ਪਤਾ ਸੀ, ਇਕ ਦੂਜੇ ਦੀ ਤ੍ਰੇਹ ਦੀ ਤੜਫ ਜਾਣ ਲੈਂਦੇ, ਇਸ ਕਰ ਕੇ ਇੰਨੀਆਂ ਛਬੀਲਾਂ ਲਾ ਦਿਤੀਆਂ। ਤਾਂ ਹੀ ਮੰਦਰ ਘੱਟ ਸਨ, ਕਿਉਂਕਿ ਪਿਆਸ ਬੁਝਾਣਾ ਇਬਾਦਤ ਕਰਨ ਵਰਗਾ ਹੁੰਦਾ ਹੈ।

ਗੁੰਬਦ ਵਾਲੀ ਛਬੀਲ ਉਤੇ ਹੱਥ ਵਿਚ ਗੰਗਾਸਾਗਰ ਫੜੀ ਪਾਣੀ ਪਿਲਾਉਂਦਾ ਬੰਦਾ ਦਰਿਆ ਵਰਗਾ ਲਗਦਾ, ਬੱਦਲ ਵਰਗਾ ਜਾਂ ਫਿਰ ਕੀਰਤਨ ਵਰਗਾ। ਪਾਣੀ ਦੀ ਧਾਰ ਪਿਆਸੇ ਅਤੇ ਪਿਆਊ ਵਿਚਕਾਰ ਰਿਸ਼ਤਾ ਜੋੜਦੀ।

ਇਹ ਬਹਾਦਰਗੜ੍ਹ ਪਿੰਡ, ਗੁੰਬਦ ਜਿਹਾ ਲਗਦਾ ਜਿਸ ਹੇਠ ਜ਼ਿੰਦਗੀ ਗੁੰਮਨਾਮ ਲੈਅ ਵਾਂਗ ਗੂੰਜਦੀ ਮਹਿਸੂਸ ਹੁੰਦੀ, ਨੀਂਦ ਦਾ ਮੈਲਾ ਕੰਬਲ ਉਤਾਰ ਕੇ ਆਵਾਜ਼ਾਂ ਸਵੇਰ ਸਾਰ ਨੰਗੇ ਪੈਰੀਂ ਨਿਕਲ ਤੁਰਦੀਆਂ ਵੱਖ-ਵੱਖ ਤਰ੍ਹਾਂ ਦੀਆਂ ਆਵਾਜ਼ਾਂ; ਜਿਵੇਂ ਖਾਮੋਸ਼ੀ ਦੇ ਥਾਨ ਉਪਰ ਰੰਗ-ਬਰੰਗੀਆਂ ਵੇਲ-ਬੂਟੀਆਂ। ਹਲਾਂ ਪਿਛੇ ਹਾਲੀਆਂ ਦੀਆਂ ਆਵਾਜ਼ਾਂ। ਦੋਧੀਆਂ ਦੇ ਸਾਈਕਲਾਂ ਦੀਆਂ ਟੱਲੀਆਂ ਦੀਆਂ ਆਵਾਜ਼ਾਂ। ਖੂਹ ਵਿਚ ਬਾਲਟੀਆਂ ਭਰਨ ਦੀਆਂ। ਰਾਮ-ਰਾਮ, ਭਜਨ। ਤਾਰ 'ਤੇ ਬੈਠੀਆਂ ਚਿੜੀਆਂ ਦੀਆਂ ਆਵਾਜ਼ਾਂ। ਪੌੜੀਆਂ ਉਤਰਦੀ ਧੁੱਪ ਦੀ ਨਾ ਸੁਣਾਈ ਦੇਣ ਵਾਲੀ ਆਵਾਜ਼। ਸ਼ੋਰ ਸ਼ਰਾਬੇ ਦਾ ਨਹੀਂ, ਕਲ-ਕਲ ਝਰਨੇ ਵਰਗੀਆਂ ਮੱਧਮ ਆਵਾਜ਼ਾਂ ਦਾ ਪਿੰਡ। ਕਦੀ ਲਗਦਾ ਕਟੀਆਂ ਪਤੰਗਾਂ ਵਾਂਗ ਆਵਾਜ਼ਾਂ ਨਸੀਬ ਦੇ ਬੁਰਜ ਵਿਚ ਅਟਕ ਗਈਆਂ ਜਾਂ ਫਿਰ ਨਗਾਰਖਾਨੇ ਦੇ ਚਬੂਤਰੇ 'ਤੇ ਆ ਗਿਰੀਆਂ। ਇਸ ਪਿੰਡ ਦੀ ਸਾਦਗੀ ਕਿਸੇ ਨਿਆਮਤ ਵਰਗੀ ਸੀ। ਤਿਉਹਾਰ ਵਰਗੀ। ਦਿਨ-ਰਾਤ ਘੁਲਾੜੀਆਂ ਗੰਨੇ ਪੀੜਦੀਆਂ, ਰਸ, ਗੁੜ। ਪੇਂਡੂ ਕਿੰਨੇ ਫੱਕਰ। ਇਕੋ ਗੁਰਮੰਤਰ ਸਿਖਿਆ- ਭੋਲੇ ਭਾਵ ਮਿਲੇ ਰਘੁਰਾਈ। ਵੱਡੇ ਚੱਕਾਂ ਵਿਚ ਗੁੜ ਠੰਢਾ ਹੋਈ ਜਾਂਦਾ, ਦੂਰ ਤੱਕ ਗੁੜ ਦੀ ਖੁਸ਼ਬੂ ਫੈਲਦੀ। ਕਿਲ੍ਹੇ ਮੁਹੱਲੇ ਦੇ ਬੱਚੇ ਘੁਲਾੜੀ ਨੇੜੇ ਜਾ ਖਲੋਂਦੇ... ਕਿਸੇ ਉਮੀਦ ਨਾਲ। ਖਾਲੀ ਹੱਥ ਕੋਈ ਨਾ ਪਰਤਦਾ। ਹਰ ਇਕ ਦੀ ਜੇਬ ਵਿਚ ਗੁੜ ਦੀ ਰੋੜੀ। ਗੁੜ ਦੀ ਡਲੀ ਨਾਲ ਅਸੀਸ ਵੀ ਮਿਲਦੀ- ਜਿਉਂਦੇ ਰਹੋ, ਖੂਬ ਪੜ੍ਹੋ ਲਿਖੋ... ਨਾਮ ਰੋਸ਼ਨ ਕਰੋ। ਵਾਪਸ ਆਉਂਦੇ ਬੱਚਿਆਂ ਨੂੰ ਲਗਦਾ, ਗੁੜ ਦੀ ਡਲੀ ਨਾਲ ਇਕ-ਇਕ ਮੰਦਰ ਵੀ ਲੈ ਆਏ।

ਬਹਾਦਰਗੜ੍ਹ ਪਿੰਡ ਦਾ ਸਰਮਾਇਆ ਬੱਸ ਚਾਰ ਸੜਕਾਂ- ਰੇਲਵੇ ਰੋਡ, ਨਜਫਗੜ੍ਹ ਰੋਡ, ਸੈਫਦੀਪੁਰ ਰੋਡ ਤੇ ਝੱਜਰ ਰੋਡ। ਤਬੀਅਤ ਦੇ ਫੱਕਰ, ਲਹਿਜੇ ਦੇ ਅੱਖੜ ਲੋਕ। ਬਾਸ਼ਊਰ ਦਾਰਸ਼ਨਿਕ ਵੀ। ਜਾਂਦੇ-ਜਾਂਦੇ ਰੁਕ ਜਾਂਦੇ। ਆਪਣੇ ਆਪ ਨੂੰ ਸਵਾਲ ਕਰਦੇ- ਰਸਤਾ ਕਿਥੇ ਜਾਂਦੈ? ਆਪੇ ਆਖ ਦਿੰਦੇ- ਰਸਤੇ ਕਿਤੇ ਨਹੀਂ ਜਾਂਦੇ, ਯਾਤਰੀ ਜਾਂਦੇ ਹਨ।

-ਕੀ ਯਾਤਰਾ ਦਾ ਰਿਸ਼ਤਾ ਪੈਰਾਂ ਨਾਲ ਹੈ? ਫਿਰ ਸਵਾਲ ਕਰਦੇ।

-ਯਾਤਰਾ ਦਾ ਰਿਸ਼ਤਾ ਪੈਰਾਂ ਨਾਲ ਹੋਵੇ, ਤਾਂ ਥਾਂ ਬਦਲੀਦਾ ਹੈ; ਯਾਤਰਾ ਦਾ ਰਿਸ਼ਤਾ ਮਨ ਨਾਲ ਹੋਵੇ ਤਾਂ ਧਿਆਨੀ ਯਾਤਰਾ ਹੋ ਜਾਂਦੀ ਹੈ।

ਖਾਮੋਸ਼ ਜਿਹਾ ਪਿੰਡ ਕਦੀ ਕਦਾਈਂ ਧਿਆਨੀ ਯਾਤਰਾ ਕਰਦਾ ਲਗਦਾ। ਪਿੰਡ ਵਿਚ ਇਕ ਸਿਨੇਮਾ ਹਾਲ ਸੀ ਜਿਸ ਦਾ ਨਾਮ ਸੀ- ਕੁੰਦਨ। ਚਲਦੀ ਫਿਲਮ ਵੇਲੇ ਬਿਜਲੀ ਗੁਲ ਹੋ ਜਾਂਦੀ ਤਾਂ ਲੋਕ ਤੈਸ਼ ਵਿਚ ਆ ਜਾਂਦੇ। ਦਰਸ਼ਕਾਂ ਦੀ ਭੂਮਿਕਾ ਬਦਲ ਜਾਂਦੀ। ਹੋ-ਹੱਲਾ ਕਰਦੇ ਖੁਦ ਅਭਿਨੇਤਾ ਬਣ ਜਾਂਦੇ। ਸੀਟੀਆਂ, ਸ਼ੋਰ, ਕੁਰਸੀਆਂ ਥਪਥਪਾਉਂਦੇ... ਬਿਜਲੀ ਆਉਣ ਤੱਕ। ਬਿਜਲੀ ਆਉਂਦੀ, ਫਿਰ ਹਨੇਰਾ... ਫਿਰ ਫਿਲਮ... ਪਿਆਰ... ਗੀਤ... ਰੋਮਾਂਸ... ਸੁਫਨਾ... ਸੱਚ।

ਛੇ ਤੋਂ ਨੌਂ ਵਜੇ ਵਾਲਾ ਸ਼ੋਅ ਸੁੰਨਾ ਰਹਿੰਦਾ। ਸ਼ੋਅ ਹੋਏਗਾ ਵੀ ਕਿ ਨਹੀਂ, ਇਸ ਦਾ ਪੱਕਾ ਪਤਾ ਨਾ ਲਗਦਾ। ਔਰਤਾਂ ਦੇ ਚੁੱਲ੍ਹੇ-ਚੌਂਕੇ ਦਾ ਸਮਾਂ ਹੈ, ਦੁਕਾਨਦਾਰ ਦੁਕਾਨਾਂ ਬੰਦ ਥੋੜ੍ਹਾ ਕਰਨਗੇ, ਨੌਕਰੀ ਪੇਸ਼ਾ ਲੋਕ ਸਟੇਸ਼ਨ ਤੋਂ ਸਾਈਕਲ ਚੁੱਕ ਕੇ ਘਰ ਮੁੜਦੇ, ਸਿਨੇਮੇ ਨਾਲੋਂ ਘਰ ਜ਼ਰੂਰੀ ਹੁੰਦਾ। ਕਸ਼ਿਸ਼ ਅਤੇ ਇੰਤਜ਼ਾਰ ਦਾ ਨਾਮ ਘਰ ਹੈ।

ਕੁੰਦਨ ਸਿਨੇਮੇ ਦਾ ਮਾਲਕ ਮੋਹਨ ਲਾਲ ਬਾਹਰ ਖਲੋਤਾ ਦਰਸ਼ਕਾਂ ਉਪਰ ਸਰਸਰੀ ਨਜ਼ਰ ਮਾਰਦਾ। ਆਪਣੇ ਕਿਸੇ ਕਾਰਿੰਦੇ ਨੂੰ ਵਾਜ ਮਾਰਦਾ। ਗੇਟਕੀਪਰ, ਟਿਕਟ ਕੱਟਣ ਵਾਲਾ, ਪ੍ਰੋਜੈਕਟਰ ਚਲਾਉਣ ਵਾਲਾ, ਕੰਧਾਂ 'ਤੇ ਪੋਸਟਰ ਚਿਪਕਾਣ ਵਾਲਾ; ਕਾਰਿੰਦਾ ਕੋਈ ਵੀ ਹੋ ਸਕਦਾ ਸੀ।

ਸ਼ੋਅ ਦੇਖਣ ਆਏ ਲੋਕਾਂ ਦੀ ਗਿਣਤੀ ਸ਼ੁਰੂ ਹੁੰਦੀ। ਗਿਣਨ ਦਾ ਆਪੋ ਆਪਣਾ ਢੰਗ ਹੁੰਦਾ। ਕੋਈ ਸਿਰਾਂ ਦੀ ਗਿਣਤੀ ਕਰਦਾ, ਕੋਈ ਧੜਾਂ ਦੀ। ਗਿਣਤੀ ਅਕਸਰ ਗਲਤ ਹੁੰਦੀ, ਕਿਉਂਕਿ ਲੋਕਾਂ ਦੀ ਭੀੜ ਸਰਕਦੀ ਰਹਿੰਦੀ। ਗਿਣਨ ਵਾਲਾ ਉਲਝ ਜਾਂਦਾ। ਗਿਣਤੀ ਘੱਟ ਤਾਂ ਸ਼ੋਅ ਰੱਦ। ਵੀਰਾਨੀ ਛਾ ਜਾਂਦੀ। ਸੱਨਾਟਾ। ਮੋਹਨ ਲਾਲ ਉਦਾਸ ਦਿਖਾਈ ਦਿੰਦਾ। ਮੋਹਨ ਲਾਲ ਦੇ ਮਨ ਦੀ ਕੋਈ ਨਹੀਂ ਜਾਣਦਾ। ਸਲੇਟ ਵਰਗਾ ਚਿਹਰਾ। ਸ਼ੋਅ ਸ਼ੁਰੂ ਹੋਣ ਤੋਂ ਪਹਿਲਾਂ ਹਮੇਸ਼ ਇਕੋ ਗੀਤ ਕਈ ਵਾਰ ਲੁਆਉਂਦਾ- ਚਲ ਉੜ ਜਾ ਰੇ ਪੰਛੀ ਕਿ ਅਬ ਯੇ ਦੇਸ ਹੂਆ ਬੇਗਾਨਾ...।

ਦੇਰ ਪਹਿਲਾਂ ਇਸ ਥਾਂ 'ਤੇ ਟੀਨ ਦਾ ਛੱਪਰ ਜਿਹਾ ਸੀ... ਚਲਦਾ ਫਿਰਦਾ ਵੀ ਸੀ, ਉਦੋਂ ਇਸ ਦਾ ਨਾਮ ਮੋਹਨ ਟਾਕੀਜ਼ ਸੀ। ਖਾਲੀ ਉਜਾੜ ਜਿਹੀ ਥਾਂ ਸੀ। ਸ਼ਹਿਰ ਦੇ ਉਜਾੜ ਵਿਚ ਵਸਿਆ ਹੋਇਆ ਮੇਲਾ। ਮੋਹਨ ਲਾਲ ਛੋਟੇ ਕੱਦ ਦਾ ਵੱਡਾ ਇਨਸਾਨ ਸੀ। ਮੋਹਨ ਲਾਲ ਨੂੰ ਇਹ ਉਜਾੜ ਥਾਂ ਇੰਨਾ ਪਸੰਦ ਆ ਗਿਆ ਕਿ ਛੱਪਰ ਪੱਕੇ ਖੰਭਿਆਂ ਵਿਚ ਜੜ ਦਿਤਾ, ਮੁੜ ਨਹੀਂ ਉਖਾੜਿਆ। ਟੀਨ ਟੱਪਰ ਸਿਨੇਮਾ, ਟੀਨ ਟੱਪਰ ਮੋਹਨ ਲਾਲ, ਢਿੱਲਾ-ਮੱਠਾ। ਕਿਸੇ ਸੋਚ ਵਿਚ ਡੁੱਬਿਆ ਹੋਇਆ। ਉਂਗਲੀਆਂ ਵਿਚ ਚਾਰਮੀਨਾਰ ਸਿਗਰਟ ਹੁੰਦੀ ਤੇ ਲਾਵਾਰਿਸ ਯਾਤਰਾ ਉਤੇ ਨਿਕਲੇ ਧੂੰਏਂ ਦੇ ਪਿਛੇ-ਪਿਛੇ ਤੁਰਦਾ ਮੋਹਨ ਲਾਲ। ਲਗਦਾ ਆਪਣੇ ਅੰਦਰ ਕਿਸੇ ਨਾਲ ਗੱਲਾਂ ਕਰ ਰਿਹਾ ਹੈ ਚੁਪ-ਚਾਪ। ਕਦੇ ਲਗਦਾ ਇਸ ਦੁਨੀਆਂ ਦਾ ਨਹੀਂ, ਉਹ ਕਿਸੇ ਹੋਰ ਗ੍ਰਹਿ ਤੋਂ ਉਤਰਿਆ ਹੈ ਜਿਸ ਨੂੰ ਇਸ ਧਰਤੀ ਦੇ ਲੋਕਾਂ ਦਾ ਮਜਾਜ਼ ਸਮਝ ਨਹੀਂ ਆਇਆ।

ਕਦੇ-ਕਦੇ ਬਹੁਤ ਲੋਕ ਫਿਲਮ ਦੇਖਣ ਆ ਜਾਂਦੇ ਪਰ ਟਿਕਟ ਖਰੀਦ ਕੇ ਫਿਲਮ ਦੇਖਣ ਵਾਲੇ ਘੱਟ ਹੁੰਦੇ, ਅੱਧੇ ਕੁ। ਟਿਕਟ ਖਰੀਦ ਕੇ ਫਿਲਮ ਦੇਖਣ ਵਿਚ ਕਈਆਂ ਨੂੰ ਬੇਇਜ਼ਤੀ ਲਗਦੀ। ਟੀਨ ਦੀ ਚਾਦਰ ਦੀ ਕਿਸੇ ਨੁੱਕਰ ਨੂੰ ਜ਼ੋਰ ਲਾ ਕੇ ਪਰੇ ਸਰਕਾਂਦੇ ਤੇ ਪੂਰੀ ਮੁਸ਼ੱਕਤ ਬਾਅਦ ਅੰਦਰ ਘੁਸਦੇ। ਕਦੀ ਕਮੀਜ਼ ਫਟਦੀ ਕਦੀ ਜਿਸਮ ਝਰੀਟਾਂ ਕਾਰਨ ਲਹੂ-ਲੁਹਾਣ ਹੁੰਦਾ।

ਕਿਸੇ ਕੋਨੇ ਵਿਚ ਖਲੋਤਾ ਮੋਹਨ ਲਾਲ ਇਹ ਤਮਾਸ਼ਾ ਦੇਖਦਾ ਮੁਸਕਰਾਂਦਾ ਰਹਿੰਦਾ। ਕਿਸੇ ਨੂੰ ਕੁਝ ਨਾ ਆਖਦਾ, ਉਦੋਂ ਕੁਝ ਉਦਾਸ ਹੋ ਜਾਂਦਾ ਜਦੋਂ ਕਿਸੇ ਦੇ ਵਧੀਕ ਝਰੀਟਾਂ ਵੱਜ ਜਾਂਦੀਆਂ ਜਾਂ ਕਮੀਜ਼ ਫਟ ਜਾਂਦੀ। ਕੋਈ ਮੁੰਡਾ ਕੋਸ਼ਿਸ਼ਾਂ ਦੇ ਬਾਵਜੂਦ ਅੰਦਰ ਨਾ ਘੁਸ ਸਕਦਾ ਤਾਂ ਮੋਹਨ ਲਾਲ ਉਸ ਨੂੰ ਬੁਲਾ ਲੈਂਦਾ, ਜੇਬ ਵਿਚੋਂ ਫ੍ਰੀ ਪਾਸ ਕੱਢ ਕੇ ਦਸਤਖਤ ਕਰਦਾ ਤੇ ਆਖਦਾ- ਹਜ਼ੂਰ ਅੱਜ ਦਾ ਸ਼ੋਅ ਮੇਰੇ ਵਲੋਂ ਤੁਹਫਾ।

ਬੰਦਾ ਕੁਝ ਉਲਝ ਜਾਂਦਾ, ਮੋਹਨ ਲਾਲ ਮੁਸਕਾਉਂਦਾ। ਇਸ ਸਿਨੇਮਾ ਦੁਆਲੇ ਚੱਕਰ ਲਾਉਣ ਦੇ ਇਲਾਵਾ ਹੋਰ ਕੋਈ ਕੰਮ ਨਹੀਂ। ਧੂੰਆਂ ਉਗਲ ਰਿਹਾ ਹੈ ਕਿ ਦਰਦ? ਲੋਕ ਉਸ ਦੇ ਕਿਰਦਾਰ 'ਤੇ ਹੈਰਾਨ ਹੁੰਦੇ। ਉਹ ਲੋਕਾਂ 'ਤੇ ਹੈਰਾਨ ਹੁੰਦਾ। ਸੋਚਦਾ- ਜਿਨ੍ਹਾਂ ਨੂੰ ਟੀਨਾਂ ਵਿਚੋਂ ਦੀ ਘੁਸ ਕੇ ਫਿਲਮ ਦੇਖਣ ਦਾ ਸੁਆਦ ਆਉਂਦਾ ਹੈ, ਮੈਂ ਉਨ੍ਹਾਂ ਲਈ ਬੇਸੁਆਦੀ ਕਾਹਨੂੰ ਕਰਾਂ?

ਉਸ ਅੰਦਰ ਦੁਖ ਦਾ ਰੰਗਮੰਚ ਚਲਦਾ। ਦੁਖ ਬਿਨਾਂ ਉਸ ਦਾ ਕੋਈ ਸਕਾ ਨਹੀਂ। ਅੰਨ੍ਹੇ ਧੂਏਂ ਰਾਹੀਂ ਦੁੱਖ ਦੀ ਵਿਆਖਿਆ ਕਰਦਾ ਦਿਖਾਈ ਦਿੰਦਾ। ਘੱਟ ਬੋਲਦਾ ਕਿਉਂਕਿ ਅੰਦਰ ਵਧੀਕ ਸ਼ੋਰ ਹੁੰਦਾ... ਇਹ ਸ਼ੋਰ ਕੇਵਲ ਮੋਹਨ ਲਾਲ ਨੂੰ ਸੁਣਦਾ। ਅੰਦਰਲਾ ਸ਼ੋਰ ਬਾਹਰਲੀਆਂ ਆਵਾਜ਼ਾਂ ਤੋਂ ਡਰਦਾ ਤ੍ਰਹਿੰਦਾ। ਪ੍ਰੋਜੈਕਟਰ ਚੱਲਣ ਲਗਦਾ ਤਾਂ ਓਪਰੇਟਰ ਦੀਨਾ ਨਾਥ ਦੇ ਬਰਾਬਰ ਖਿੜਕੀ ਵਿਚ ਆਪ ਵੀ ਬੈਠ ਜਾਂਦਾ। ਦੀਨਾ ਨਾਥ ਨੂੰ ਉਸ ਦੀ ਉਦਾਸੀ ਦਾ ਪਤਾ ਸੀ। ਆਪਣੀ ਪਤਨੀ ਨੂੰ ਬਹੁਤ ਪਿਆਰ ਕਰਦਾ ਸੀ। ਕਿਸੇ ਗੱਲੋਂ ਨਾਰਾਜ਼ ਹੋ ਕੇ ਚਲੀ ਗਈ ਸੀ। ਮੋਹਨ ਲਾਲ ਬੁਲਾਉਣ ਨਹੀਂ ਗਿਆ, ਆਪ ਆਈ ਨਹੀਂ। ਕੁਝ ਪ੍ਰੇਮ ਇਸ ਤਰ੍ਹਾਂ ਵੀ ਖ਼ਤਮ ਹੁੰਦੇ ਨੇ... ਚੁਪ-ਚੁਪੀਤੇ। ਸ਼ੌਕ ਨਾਲ ਤਿਣਕੇ ਇਕੱਠੇ ਕਰਨ ਵਾਲੇ, ਸ਼ਾਨ ਨਾਲ ਆਲ੍ਹਣਾ ਖਿੱਲਰਦਾ ਦੇਖਦੇ ਹਨ।

ਇਕ ਰਾਤ ਪ੍ਰੋਜੈਕਟਰ ਦੇ ਸਪੂਲ ਉਤੇ ਆਖਰੀ ਰੀਲ ਘੁੰਮ ਰਹੀ ਸੀ। ਮੋਹਨ ਲਾਲ ਦੇ ਜੀਵਨ ਦੀ ਆਖਰੀ ਰੀਲ। ਦਿਲ ਦਾ ਦੌਰਾ ਪਿਆ... ਬਸ... ਉਥੇ ਹੀ ਖ਼ਤਮ। ਮੋਹਨ ਲਾਲ ਵੀ ਫਿਲਮ ਦੇ ਉਸ ਸੀਨ ਵਾਂਗ ਹੋ ਗਿਆ ਜਿਥੇ ਹੀਰੋ ਦੇ ਮਰਨ ਬਾਅਦ ਕੁਝ ਨਹੀਂ ਬਚਦਾ ਸਿਵਾਇ ਦਰਦ... ਹੰਝੂ... ਯਾਦਾਂ... ਮਾਰਮਿਕ ਕਿੱਸੇ ਦੇ।

***



# ਮੈ ਮਨੁ ਤਨੁ ਖੋਜਿ ਖੋਜੇਦਿਆ ਸੋ ਪ੍ਰਭੁ ਲਧਾ ਲੋੜਿ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਸਿੱਖ ਧਰਮ ਚਿੰਤਨ ਅਨੁਸਾਰ ਅਕਾਲ ਪੁਰਖ ਜੋਤਿ ਸਰੂਪ ਹੋ ਕੇ ਆਪਣੀ ਤਮਾਮ ਰਚਨਾ ਵਿਚ ਵਿਆਪਕ ਹੈ ਅਤੇ ਹਰ ਜੀਵ ਦੇ ਅੰਦਰ ਵੱਸਦਾ ਹੈ। ਇਸ ਲਈ ਉਸ ਨੂੰ ਪਾਉਣ ਵਾਸਤੇ ਕਿਸੇ ਜੰਗਲ, ਪਹਾੜ ਜਾਂ ਗੁਫਾ 'ਚ ਏਕਾਂਤ-ਵਾਸ ਹੋ ਕੇ ਕਠਿਨ ਤਪੱਸਿਆ ਕਰਨ ਦੀ ਜ਼ਰੂਰਤ ਨਹੀਂ ਹੈ। ਮਨੁੱਖ ਉਸ ਨੂੰ ਆਪਣੇ ਅੰਦਰ ਹੀ ਅਨੁਭਵ ਕਰ ਸਕਦਾ ਹੈ। ਇਸ ਪ੍ਰਾਪਤੀ ਲਈ ਉਸ ਨੂੰ ਗੁਰੂ ਦੀ ਅਗਵਾਈ ਵਿਚ, ਗੁਰੂ ਦੀ ਸਿੱਖਿਆ ਤੇ ਇਕਾਗਰ-ਚਿੱਤ ਹੋ ਕੇ ਚੱਲਣ ਦੀ ਲੋੜ ਹੈ। ਇਸੇ ਤੱਥ ਦਾ ਵਰਣਨ ਗੁਰੂ ਰਾਮਦਾਸ ਸਾਹਿਬ ਇਸ ਸਲੋਕ ਵਿਚ ਕਰਦੇ ਹਨ ਕਿ ਮੈਂ ਆਪਣੇ ਮਨ ਅਤੇ ਤਨ ਨੂੰ ਖੋਜਦਿਆਂ ਖੋਜਦਿਆਂ ਅੰਤ ਵਿਚ ਉਸ ਨੂੰ ਲੱਭ ਹੀ ਲਿਆ ਹੈ। ਉਸ ਨੂੰ ਮੈਂ ਕਿਵੇਂ ਲੱਭਿਆ ਹੈ? ਉਸ ਨੂੰ ਗੁਰੂ-ਰੂਪ ਵਿਚੋਲੇ ਜਾਂ ਵਕੀਲ ਰਾਹੀਂ ਲੱਭਿਆ ਹੈ। ਮੈਨੂੰ ਗੁਰੂ ਦਾ ਆਸਰਾ ਪ੍ਰਾਪਤ ਹੋ ਗਿਆ ਹੈ ਜਿਸ ਨੇ ਅਕਾਲ ਪੁਰਖ ਨਾਲ ਮੇਰਾ ਮਿਲਾਪ ਕਰਾ ਦਿੱਤਾ ਹੈ,

ਮੈ ਮਨੁ ਤਨੁ ਖੋਜਿ ਖੋਜੇਦਿਆ
ਸੋ ਪ੍ਰਭੁ ਲਧਾ ਲੋੜਿ॥
ਵਿਸਟੁ ਗੁਰੂ ਮੈ ਪਾਇਆ
ਜਿਨਿ ਹਰਿ ਪ੍ਰਭੁ ਜਿਤਾ ਜੋੜਿ॥੧॥
(ਪੰਨਾ ੩੧੩)

ਅਗਲੇ ਸਲੋਕ ਵਿਚ ਗੁਰੂ ਅਮਰਦਾਸ ਸਾਹਿਬ ਨੇ ਗੁਰਮੁਖਿ ਤੇ ਮਨਮੁਖਿ ਵਿਚ ਫਰਕ ਦੱਸਿਆ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਮਾਇਆਧਾਰੀ ਮਨੁੱਖ ਸਤਿਗੁਰੂ ਦੇ ਦਰਸ਼ਨ ਵੱਲੋਂ ਅਤੇ ਸਤਿਗੁਰੂ ਦੇ ਸ਼ਬਦ ਵੱਲੋਂ ਅੰਨ੍ਹਾ ਅਤੇ ਬੋਲਾ ਦੋਵੇਂ ਹੁੰਦਾ ਹੈ। ਉਸ 'ਤੇ ਸਤਿਗੁਰੂ ਦਾ ਦਰਸ਼ਨ ਕਰਕੇ ਕੋਈ ਅਸਰ ਨਹੀਂ ਹੁੰਦਾ ਅਤੇ ਨਾ ਹੀ ਸਤਿਗੁਰੂ ਦਾ ਸ਼ਬਦ ਕੰਨਾਂ ਰਾਹੀਂ ਸੁਣ ਕੇ ਉਸ ਦੇ ਮਨ 'ਤੇ ਕੋਈ ਅਸਰ ਪੈਂਦਾ ਹੈ। ਉਸ ਦੇ ਕੰਨ ਸਤਿਗੁਰੂ ਦਾ ਸ਼ਬਦ ਸੁਣਨ ਦੀ ਥਾਂ ਮਾਇਆ ਦਾ ਪ੍ਰੇਸ਼ਾਨ ਕਰਨ ਵਾਲਾ ਰੌਲਾ ਸੁਣਨਾ ਪਸੰਦ ਕਰਦੇ ਹਨ। ਇਸ ਦੇ ਬਿਲਕੁਲ ਉਲਟ ਗੁਰਮੁਖਿ ਹੈ ਜਿਸ ਦੀ ਪਛਾਣ ਹੀ ਇਹ ਹੈ ਕਿ ਸਤਿਗੁਰੂ ਦੇ ਸ਼ਬਦ ਨੂੰ ਸੁਣਦਾ ਹੈ, ਸਤਿਗੁਰੂ ਦੇ ਸਨਮੁਖ ਹੁੰਦਾ ਹੈ ਅਤੇ ਸ਼ਬਦ ਵਿਚ ਲਿਵ ਜੋੜਦਾ ਹੈ। ਅਕਾਲ ਪੁਰਖ ਦੇ ਨਾਮ ਨੂੰ ਸੁਣਦਾ ਹੈ, ਉਸ ਤੇ ਵੀਚਾਰ ਕਰਦਾ ਹੈ ਅਤੇ ਅੰਤ ਨੂੰ ਉਸ ਵਿਚ ਹੀ ਅੰਤਰ-ਧਿਆਨ ਹੋ ਜਾਂਦਾ ਹੈ। ਇਹ ਸਭ ਕੁਝ ਅਕਾਲ ਪੁਰਖ ਦੇ ਭਾਣੇ ਵਿਚ ਵਾਪਰਦਾ ਹੈ। ਇਸ ਤਰ੍ਹਾਂ ਜੋ ਅਕਾਲ ਪੁਰਖ ਨੂੰ ਭਾਉਂਦਾ ਹੈ, ਉਹ ਉਸ ਰਸਤੇ 'ਤੇ ਮਨੁੱਖ ਨੂੰ ਤੋਰਦਾ ਹੈ ਅਤੇ ਇਹ ਜੀਵ ਉਸ ਦੇ ਹੁਕਮ ਵਿਚ ਹੀ ਵਜਾਇਆ ਵੱਜਦਾ ਹੈ,

ਮਾਇਆਧਾਰੀ ਅਤਿ ਅੰਨਾ ਬੋਲਾ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ॥
ਗੁਰਮੁਖਿ ਜਾਪੈ ਸਬਦਿ ਲਿਵ ਲਾਇ॥
ਹਰਿ ਨਾਮੁ ਸੁਣਿ ਮੰਨੇ ਹਰਿ ਨਾਮਿ ਸਮਾਇ॥
ਜੋ ਤਿਸੁ ਭਾਵੈ ਸੁ ਕਰੇ ਕਰਾਇਆ॥
ਨਾਨਕ ਵਜਦਾ ਜੰਤੁ ਵਜਾਇਆ॥੨॥
(ਪੰਨਾ ੩੧੩)

ਅੱਗੇ ਪਉੜੀ ਵਿਚ ਗੁਰੂ ਰਾਮਦਾਸ ਸਾਹਿਬ ਨੇ ਇਸੇ ਵਿਚਾਰ ਨੂੰ ਪ੍ਰਗਟ ਕੀਤਾ ਹੈ ਕਿ ਸੰਸਾਰ ਵਿਚ, ਸੰਸਾਰ ਦੇ ਜੀਵਾਂ ਅੰਦਰ ਜੋ ਕੁਝ ਵੀ ਵਰਤ ਰਿਹਾ ਹੈ, ਅਕਾਲ ਪੁਰਖ ਉਸ ਸਭ ਕੁਝ ਨੂੰ ਜਾਣਦਾ ਹੈ। ਉਹ ਹਰ ਇੱਕ ਦੇ ਅੰਦਰ ਵਿਆਪਕ ਹੈ ਪਰ ਇਸ ਦੇ ਬਾਵਜੂਦ ਉਸ ਨੂੰ ਗੁਰੂ ਰਾਹੀਂ, ਗੁਰੂ ਦੇ ਸ਼ਬਦ ਦੇ ਅਨੁਸਾਰੀ ਹੋ ਕੇ ਹੀ ਪਾ ਸਕੀਦਾ ਹੈ। ਗੁਰੂ ਜੀ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ, ਹੇ ਸਿਰਜਣਹਾਰ! ਤੂੰ, ਜਿਸ ਨੇ ਇਹ ਸਾਰੀ ਸ੍ਰਿਸ਼ਟੀ ਰਚੀ ਹੈ, ਜੀਵਾਂ ਦੀ ਰਚਨਾ ਕੀਤੀ ਹੈ, ਹਰ ਇੱਕ ਦੇ ਮਨ ਦੀ ਜਾਣਦਾ ਹੈਂ ਕਿ ਇਨ੍ਹਾਂ ਜੀਵਾਂ ਦੇ ਮਨਾਂ ਵਿਚ ਕੀ ਵਰਤ ਰਿਹਾ ਹੈ, ਕੀ ਚੱਲ ਰਿਹਾ ਹੈ। ਭਾਵ ਵਾਹਿਗੁਰੂ ਘਟ ਘਟ ਦੀਆਂ ਜਾਨਣਹਾਰ ਹੈ। ਇਹ ਸਾਰਾ ਸੰਸਾਰ ਲਾਹੇ-ਤੋਟੇ ਦੀਆਂ ਗਿਣਤੀਆਂ ਮਿਣਤੀਆਂ ਅਤੇ ਫਿਕਰਾਂ ਵਿਚ ਪਿਆ ਰਹਿੰਦਾ ਹੈ, ਇੱਕ ਅਕਾਲ ਪੁਰਖ ਹੀ ਹੈ ਜੋ ਇਸ ਕਿਸਮ ਦੀ ਚਿੰਤਾ ਤੋਂ ਉਤੇ ਹੈ ਕਿਉਂਕਿ ਉਹ ਆਪ ਸਭ ਕੁਝ ਕਰਨ-ਕਰਾਉਣ ਵਾਲਾ ਹੈ, ਇਸ ਸ੍ਰਿਸ਼ਟੀ ਵਿਚ ਜੋ ਕੁਝ ਵੀ ਹੋ ਰਿਹਾ ਹੈ, ਉਹ ਸਭ ਕੁਝ ਉਸੇ ਦਾ ਕੀਤਾ ਹੋਇਆ ਹੋ ਰਿਹਾ ਹੈ, ਉਸ ਦੇ ਹੁਕਮ ਵਿਚ ਵਾਪਰ ਰਿਹਾ ਹੈ, ਕਿਉਂਕਿ ਇਸ ਸ੍ਰਿਸ਼ਟੀ ਦੀ ਸਾਰੀ ਰਚਨਾ ਉਸੇ ਦੀ ਕੀਤੀ ਹੋਈ ਹੈ। ਉਹ ਅਕਾਲ ਪੁਰਖ ਵਾਹਿਗੁਰੂ ਹਰ ਇੱਕ ਸਰੀਰ, ਹਰ ਇੱਕ ਰਚਨਾ ਵਿਚ ਵਿਆਪਕ ਹੈ, ਇਹ ਸਭ ਉਸ ਦਾ ਅਸਚਰਜ ਕੌਤਕ ਹੈ। ਉਹ ਅਕਾਲ ਪੁਰਖ ਹਰ ਇੱਕ ਦੇ ਅੰਦਰ ਵਸ ਰਿਹਾ ਹੈ ਫਿਰ ਵੀ ਉਸ ਦੀ ਪ੍ਰਾਪਤੀ ਸਤਿਗੁਰੂ ਨੂੰ ਮਿਲਿਆਂ ਹੀ ਹੁੰਦੀ ਹੈ, ਜਿਸ ਨੂੰ ਸਤਿਗੁਰੂ ਮਿਲਿਆ ਹੈ, ਉਸ ਨੇ ਹੀ ਅਕਾਲ ਪੁਰਖ ਦੀ ਪ੍ਰਾਪਤੀ ਕੀਤੀ ਹੈ ਅਤੇ ਅਜਿਹੇ ਮਨੁੱਖਾਂ ਨੂੰ ਮਾਇਆ ਨੇ ਅਕਾਲ ਪੁਰਖ ਵੱਲੋਂ ਮੋੜਿਆ ਨਹੀਂ ਅਰਥਾਤ ਕੋਈ ਰੁਕਾਵਟ ਨਹੀਂ ਪੈਂਦੀ,

ਤੂ ਕਰਤਾ ਸਭੁ ਕਿਛੁ ਜਾਣਦਾ
ਜੋ ਜੀਆ ਅੰਦਰਿ ਵਰਤੈ॥
ਤੂ ਕਰਤਾ ਆਪਿ ਅਗਣਤੁ ਹੈ
ਸਭੁ ਜਗੁ ਵਿਚਿ ਗਣਤੈ॥
ਸਭੁ ਕੀਤਾ ਤੇਰਾ ਵਰਤਦਾ
ਸਭ ਤੇਰੀ ਬਣਤੈ॥
ਤੂ ਘਟਿ ਘਟਿ ਇਕੁ ਵਰਤਦਾ
ਸਚੁ ਸਾਹਿਬ ਚਲਤੈ॥
ਸਤਿਗੁਰ ਨੋ ਮਿਲੇ ਸੁ ਹਰਿ ਮਿਲੇ
ਨਾਹੀ ਕਿਸੈ ਪਰਤੈ॥੨੪॥ (ਪੰਨਾ ੩੧੪)

ਅਗਲੇ ਸਲੋਕ ਵਿਚ ਗੁਰੂ ਰਾਮਦਾਸ ਸਾਹਿਬ ਮਨੁੱਖ ਨੂੰ ਇਕਾਗਰ ਮਨ ਨਾਲ ਉਸ ਸਿਰਜਣਹਾਰ ਨਾਲ ਜੁੜੇ ਰਹਿਣ ਦੀ ਗੱਲ ਕਰਦੇ ਹਨ ਜੋ ਸਭ ਦੀ ਸੰਭਾਲ ਕਰਨ ਵਾਲਾ ਹੈ। ਗੁਰੂ ਜੀ ਆਦੇਸ਼ ਕਰਦੇ ਹਨ ਕਿ ਸਤਿਗੁਰ ਦੀ ਸਿੱਖਿਆ 'ਤੇ ਚੱਲਦਿਆਂ ਇੱਕ ਮਨ ਹੋ ਕੇ, ਮਨ ਨੂੰ ਦ੍ਰਿੜ ਕਰਕੇ ਉਸ ਅਕਾਲ ਪੁਰਖ ਨਾਲ ਜੋੜੀਏ। ਉਸ ਨੂੰ ਹਰ ਬਹਿੰਦਿਆਂ ਉਠਦਿਆਂ ਯਾਦ ਰੱਖੀਏ, ਇੱਕ ਪਲ ਲਈ ਵੀ ਨਾ ਵਿਸਾਰੀਏ (ਜਦੋਂ ਮਨ ਹਰ ਵਕਤ ਉਸ ਨਾਲ ਜੋੜੀ ਰੱਖਾਂਗੇ ਤਾਂ ਕਦੇ ਵੀ ਗਲਤ ਰਸਤੇ 'ਤੇ ਨਹੀਂ ਪਵਾਂਗੇ)। ਜਦੋਂ ਇਸ ਤਰ੍ਹਾਂ ਮਨ ਨੂੰ ਹਰ ਵਕਤ ਉਸ ਨਾਲ ਜੋੜ ਕੇ ਰੱਖਦੇ ਹਾਂ ਤਾਂ ਇਹ ਮਨ ਉਸ ਅਕਾਲ ਪੁਰਖ ਦੇ ਹਵਾਲੇ ਹੋ ਜਾਂਦਾ ਹੈ, ਉਹ ਆਪ ਹੀ ਜੀਵ ਦੀ ਸੰਭਾਲ ਕਰਦਾ ਹੈ ਅਤੇ ਮਨ ਦੇ ਸਾਰੇ ਫਿਕਰ, ਚਿੰਤਾ ਖ਼ਤਮ ਹੋ ਜਾਂਦੇ ਹਨ, ਕਿਉਂਕਿ ਅਕਾਲ ਪੁਰਖ ਦੇ ਭਰੋਸੇ ਕਿਸੇ ਚਿੰਤਾ ਦੀ ਜ਼ਰੂਰਤ ਨਹੀਂ ਰਹਿੰਦੀ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਜਿਸ ਤਰ੍ਹਾਂ ਤੈਨੂੰ ਚੰਗਾ ਲੱਗਦਾ ਹੈ ਤਿਵੇਂ ਰੱਖ ਅਤੇ ਆਪਣੇ ਨਾਮ ਦੀ ਦਾਤ ਬਖ਼ਸ਼ਿਸ਼ ਕਰ ਤਾਂ ਕਿ ਮੇਰੇ ਮਨ ਦੇ ਸਾਰੇ ਝੋਰੇ ਖਤਮ ਹੋ ਜਾਣ,

ਇਹੁ ਮਨੂਆ ਦ੍ਰਿੜੁ ਕਰਿ ਰਖੀਐ
ਗੁਰਮੁਖਿ ਲਾਈਐ ਚਿਤੁ॥
ਕਿਉ ਸਾਸਿ ਗਿਰਾਸਿ ਵਿਸਾਰੀਐ
ਬਹਦਿਆ ਉਠਦਿਆ ਨਿਤ॥
ਮਰਣ ਜੀਵਣ ਕੀ ਚਿੰਤਾ ਗਈ
ਇਹੁ ਜੀਅੜਾ ਹਰਿ ਪ੍ਰਭ ਵਸਿ॥
ਜਿਉ ਭਾਵੈ ਤਿਉ ਰਖੁ ਤੂ
ਜਨ ਨਾਨਕ ਨਾਮੁ ਬਖਸਿ॥੧॥
(ਪੰਨਾ ੩੧੪)

ਅਗਲਾ ਸਲੋਕ ਗੁਰੂ ਅਮਰਦਾਸ ਸਾਹਿਬ ਦਾ ਹੈ ਜਿਸ ਵਿਚ ਉਨ੍ਹਾਂ ਨੇ ਆਪਣੇ ਮਨ ਦੇ ਪਿੱਛੇ ਲੱਗ ਕੇ ਚੱਲਣ ਵਾਲੇ ਮਨੁੱਖ ਦੀ ਗੱਲ ਕੀਤੀ ਹੈ ਜੋ ਗੁਰੂ ਦੀ ਸੰਗਤਿ ਨਹੀਂ ਕਰਦਾ ਅਤੇ ਕਦੇ ਵੀ ਸਤਿਸੰਗਤਿ ਵਾਲੇ ਸਥਾਨ 'ਤੇ ਨਹੀਂ ਜਾਂਦਾ। ਗੁਰੂ ਜੀ ਫੁਰਮਾਉਂਦੇ ਹਨ ਕਿ ਆਪਣੇ ਮਨ ਦੀਆਂ ਲਾਲਸਾਵਾਂ ਦੇ ਪਿੱਛੇ ਲੱਗ ਕੇ ਚੱਲਣ ਵਾਲੇ ਮਨੁੱਖ ਦੇ ਮਨ ਵਿਚ ਅਹੰਕਾਰ ਹੁੰਦਾ ਹੈ, ਇਸ ਲਈ ਉਹ ਗੁਰੂ ਦੇ ਸਥਾਨ ਬਾਰੇ ਜਾਣਦਾ ਹੀ ਨਹੀਂ ਹੈ, ਉਸ ਨੂੰ ਉਸ ਸਥਾਨ ਦੀ ਪਛਾਣ ਹੀ ਨਹੀਂ ਹੈ, ਉਸ ਦਾ ਮਨ ਸਦਾ ਗਿਣਤੀਆਂ-ਮਿਣਤੀਆਂ ਵਿਚ ਪਿਆ ਰਹਿੰਦਾ ਹੈ ਅਰਥਾਤ ਸਦਾ ਡੋਲਦਾ ਰਹਿੰਦਾ ਹੈ, ਕਦੇ ਵੀ ਸਥਿਰ ਨਹੀਂ ਹੁੰਦਾ। ਅਜਿਹੇ ਮਨਮੁਖਿ ਨੂੰ ਭਾਵੇਂ ਹਮੇਸ਼ਾ ਸਤਿਸੰਗਤਿ ਵਿਚ ਬੁਲਾਉਂਦੇ ਵੀ ਰਹੀਏ, ਉਹ ਫਿਰ ਵੀ ਨਹੀਂ ਆਉਂਦਾ। ਅਜਿਹਾ ਮਨੁੱਖ ਪਰਮਾਤਮਾ ਦੇ ਦਰਵਾਜ਼ੇ 'ਤੇ ਮਨਜ਼ੂਰ ਨਹੀਂ ਹੁੰਦਾ। ਅਕਾਲ ਪੁਰਖ ਦੇ ਘਰ ਦਾ ਗਿਆਨ ਕਿਸੇ ਉਸ ਵਿਰਲੇ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ, ਜਿਸ ਦੇ ਮਨ ਵਿਚ ਹਲੀਮੀ ਹੋਵੇ ਅਰਥਾਤ ਜੋ ਨਿਵ ਕੇ ਸਤਿਗੁਰ ਦੀ ਯਾਦ ਵਿਚ ਜੁੜਿਆ ਰਹੇ। ਗੁਰੂ ਜੀ ਕਹਿੰਦੇ ਹਨ ਕਿ ਜਿਸ ਮਨੁੱਖ ਉਤੇ ਅਕਾਲ ਪੁਰਖ ਦੀ ਮਿਹਰ ਹੋਵੇ ਉਸ ਨੂੰ ਉਹ ਮਨਮੁਖਤਾ ਵੱਲੋਂ ਮੋੜ ਕੇ ਪਰਮਾਤਮਾ ਵਾਲੇ ਪਾਸੇ ਲਾ ਲੈਂਦਾ ਹੈ,

ਮਨਮੁਖੁ ਅਹੰਕਾਰੀ ਮਹਲੁ ਨ ਜਾਣੈ
ਖਿਨੁ ਆਗੈ ਖਿਨੁ ਪੀਛੈ॥
ਸਦਾ ਬੁਲਾਈਐ ਮਹਲਿ ਨ ਆਵੈ
ਕਿਉ ਕਰਿ ਦਰਗਹ ਸੀਝੈ॥
ਸਤਿਗੁਰ ਕਾ ਮਹਲੁ ਵਿਰਲਾ ਜਾਣੈ
ਸਦਾ ਰਹੈ ਕਰਿ ਜੋੜਿ॥
ਆਪਣੀ ਕ੍ਰਿਪਾ ਕਰੇ ਹਰਿ ਮੇਰਾ
ਨਾਨਕ ਲਏ ਬਹੋੜਿ॥੨॥ (ਪੰਨਾ ੩੧੪)

ਸਿੱਖ ਧਰਮ ਚਿੰਤਨ ਵਿਚ ਸੇਵਾ ਦਾ ਬਹੁਤ ਮਹੱਤਵ ਹੈ ਅਤੇ ਉਹ ਸੇਵਾ ਹੀ ਸਫਲ ਮੰਨੀ ਜਾਂਦੀ ਹੈ ਜੋ ਪੂਰਨ ਸਮਰਪਣ ਨਾਲ ਕੀਤੀ ਜਾਂਦੀ ਹੈ। ਸੇਵਾ ਦੇ ਕਈ ਰੂਪ ਹਨ ਜਿਵੇਂ ਗੁਰੂ ਦੀ ਸੇਵਾ, ਸ਼ਬਦ ਦੀ ਸੇਵਾ, ਭਾਈਚਾਰੇ ਦੀ ਸੇਵਾ ਆਦਿ। ਲੰਗਰ ਦੀ ਸੰਸਥਾ ਇਸੇ ਸੇਵਾ ਦੇ ਸਿਧਾਂਤ ਦਾ ਹੀ ਅਮਲੀ ਪ੍ਰਕਾਸ਼ਨ ਹੈ ਜਿਥੇ ਬਿਨਾ ਕਿਸੇ ਉਚ-ਨੀਚ, ਛੋਟੇ-ਬੜੇ ਧਰਮ ਆਦਿ ਭੇਦ-ਭਾਵ ਦੇ ਸੇਵਾ ਕੀਤੀ ਜਾਂਦੀ ਹੈ। ਇਸ ਪਉੜੀ ਵਿਚ ਗੁਰੂ ਰਾਮਦਾਸ ਸਾਹਿਬ ਸਤਿਗੁਰੂ ਦੀ ਸੇਵਾ ਦੀ ਗੱਲ ਕਰ ਰਹੇ ਹਨ ਕਿ ਇਹ ਕਿਹੋ ਜਿਹੀ ਹੋਣੀ ਚਾਹੀਦੀ ਹੈ ਤਾਂ ਕਿ ਸਤਿਗੁਰੂ ਦੇ ਮਨ ਨੂੰ ਚੰਗੀ ਲੱਗ ਆਵੇ ਅਰਥਾਤ ਕੀਤੀ ਹੋਈ ਸੇਵਾ ਸਫਲ ਹੋ ਜਾਵੇ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਉਹੋ ਸੇਵਾ ਸਫਲ ਹੈ ਜੋ ਸੇਵਾ ਸਤਿਗੁਰ ਦੇ ਮਨ ਨੂੰ ਚੰਗੀ ਲੱਗ ਆਵੇ ਅਤੇ ਸਤਿਗੁਰ ਦਾ ਮਨ ਸਿੱਖ ਦੀ ਸੇਵਾ ਨੂੰ ਮਨਜ਼ੂਰ ਕਰ ਲਵੇ। ਜਦੋਂ ਕੀਤੀ ਹੋਈ ਸੇਵਾ ਸਤਿਗੁਰ ਦੇ ਮਨ ਨੂੰ ਭਾ ਜਾਂਦੀ ਹੈ, ਸਤਿਗੁਰ ਦਾ ਮਨ ਪਤੀਜ ਜਾਂਦਾ ਹੈ ਤਾਂ ਅਜਿਹੀ ਸੇਵਾ ਨਾਲ ਹੀ ਮਨੁੱਖ ਦੇ ਮਨ ਵਿਚੋਂ ਕਾਮ, ਕ੍ਰੋਧ, ਲੋਭ, ਮੋਹ ਆਦਿ ਵਿਕਾਰਾਂ ਦੇ ਪਾਪ ਦੂਰ ਹੋ ਜਾਂਦੇ ਹਨ। ਜਦੋਂ ਮਨ ਵਿਕਾਰਾਂ ਤੋਂ ਰਹਿਤ ਹੋ ਜਾਂਦਾ ਹੈ ਤਾਂ ਗੁਰੂ ਜੋ ਸਿੱਖਿਆ ਦਿੰਦਾ ਹੈ, ਸਿੱਖ ਦੇ ਕੰਨ ਉਸ ਨੂੰ ਧਿਆਨ ਨਾਲ ਸੁਣਦੇ ਹਨ ਅਤੇ ਸਿੱਖਿਆ ਮਨ ਵਿਚ ਵਸ ਜਾਂਦੀ ਹੈ। ਇਸ ਤਰ੍ਹਾਂ ਸਤਿਗੁਰ ਦੀ ਸਿੱਖਿਆ ਨੂੰ ਸੁਣ ਕੇ ਜਿਸ ਸਿੱਖ ਦਾ ਮਨ ਸਤਿਗੁਰ ਦੇ ਭਾਣੇ ਭਾਵ ਸਤਿਗੁਰ ਦੀ ਸਿੱਖਿਆ 'ਤੇ ਚੱਲਣਾ ਸ਼ੁਰੂ ਕਰ ਦਿੰਦਾ ਹੈ ਤਾਂ ਉਨ੍ਹਾਂ ਉਤੇ ਚਾਰ ਗੁਣਾਂ ਰੰਗ ਚੜ੍ਹ ਜਾਂਦਾ ਹੈ। ਉਹ ਅਕਾਲ ਪੁਰਖ ਦੇ ਪ੍ਰੇਮ ਵਿਚ ਰੰਗੇ ਜਾਂਦੇ ਹਨ। ਸਤਿਗੁਰ ਦਾ ਉਪਦੇਸ਼ ਸੁਣ ਕੇ ਅਤੇ ਉਸ 'ਤੇ ਚੱਲ ਕੇ ਜਦੋਂ ਮਨ ਅਕਾਲ ਪੁਰਖ ਦੇ ਪ੍ਰੇਮ ਵਿਚ ਭਿੱਜ ਜਾਂਦਾ ਹੈ ਤਾਂ ਗੁਰੂ ਦੇ ਸਨਮੁਖ ਹੋ ਕੇ ਚੱਲਣ ਵਾਲੇ ਮਨੁੱਖ ਦਾ ਰਸਤਾ ਹੀ ਹੋਰ ਰਸਤਿਆਂ ਨਾਲੋਂ ਨਿਰਾਲਾ ਹੋ ਜਾਂਦਾ ਹੈ, ਉਸ ਦੀ ਜੀਵਨ ਜਾਚ ਹੀ ਬਾਕੀਆਂ ਨਾਲੋਂ ਵੱਖਰੀ ਨਜ਼ਰ ਆਉਂਦੀ ਹੈ,

ਸਾ ਸੇਵਾ ਕੀਤੀ ਸਫਲ ਹੈ
ਜਿਤੁ ਸਤਿਗੁਰ ਕਾ ਮਨੁ ਮੰਨੇ॥
ਜਾ ਸਤਿਗੁਰ ਕਾ ਮਨੁ ਮੰਨਿਆ
ਤਾ ਪਾਪ ਕਸੰਮਲ ਭੰਨੇ॥
ਉਪਦੇਸੁ ਜਿ ਦਿਤਾ ਸਤਿਗੁਰੂ
ਸੋ ਸੁਣਿਆ ਸਿਖੀ ਕੰਨੇ॥
ਜਿਨ ਸਤਿਗੁਰ ਕਾ ਭਾਣਾ ਮੰਨਿਆ
ਤਿਨ ਚੜੀ ਚਵਗਣਿ ਵੰਨੇ॥
ਇਹ ਚਾਲ ਨਿਰਾਲੀ ਗੁਰਮੁਖੀ
ਗੁਰ ਦੀਖਿਆ ਸੁਣਿ ਮਨੁ ਭਿੰਨੇ॥੨੫॥
(ਪੰਨਾ ੩੧੪)

ਅੱਗੇ ਸਲੋਕ ਵਿਚ ਗੁਰੂ ਅਮਰਦਾਸ ਸਾਹਿਬ ਉਨ੍ਹਾਂ ਮਨੁੱਖਾਂ ਦਾ ਜ਼ਿਕਰ ਕਰਦੇ ਹਨ ਕਿ ਉਨ੍ਹਾਂ ਦਾ ਕੀ ਹਾਲ ਹੁੰਦਾ ਹੈ ਜੋ ਆਪਣੇ ਗੁਰੂ ਦੀ ਨਿੰਦਿਆ ਕਰਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਹੜੇ ਮਨੁੱਖ ਆਪਣੇ ਗੁਰੂ ਦੀ ਨਿੰਦਿਆ ਕਰਦੇ ਹਨ, ਉਨ੍ਹਾਂ ਦਾ ਕੋਈ ਠਿਕਾਣਾ ਨਹੀਂ ਰਹਿੰਦਾ, ਉਨ੍ਹਾਂ ਨੂੰ ਕਿਧਰੇ ਵੀ ਢੋਈ ਨਹੀਂ ਮਿਲਦੀ। ਉਹ ਲੋਕ ਅਤੇ ਪਰਲੋਕ- ਦੋਵੇਂ ਗੁਆ ਲੈਂਦੇ ਹਨ, ਉਨ੍ਹਾਂ ਨੂੰ ਰੱਬ ਦੇ ਦਰਵਾਜ਼ੇ 'ਤੇ ਵੀ ਕੋਈ ਸਥਾਨ ਹਾਸਲ ਨਹੀਂ ਹੁੰਦਾ। ਉਹ ਜੀਵਨ ਵਿਚ ਮਿਲਿਆ ਹੋਇਆ ਮੌਕਾ ਗੁਆ ਲੈਂਦੇ ਹਨ ਅਤੇ ਮੁੜ ਕੇ ਵੇਲਾ ਉਨ੍ਹਾਂ ਦੇ ਹੱਥ ਨਹੀਂ ਆਉਂਦਾ ਕਿ ਉਹ ਸਤਿਗੁਰ ਦੇ ਚਰਨੀਂ ਲੱਗ ਸਕਣ। ਜੇ ਸਤਿਗੁਰ ਦੀ ਨਿੰਦਾ ਕਰਦਿਆਂ ਇੱਕ ਵਾਰ ਮੌਕਾ ਖੁੰਝਾ ਲਿਆ ਜਾਵੇ ਫਿਰ ਤਮਾਮ ਜੀਵਨ ਦੁੱਖਾਂ ਵਿਚ ਹੀ ਬੀਤਦਾ ਹੈ। ਸਤਿਗੁਰ ਦੇ ਮਨ ਵਿਚ ਕਿਸੇ ਲਈ ਵੀ ਦਵੈਸ਼, ਈਰਖਾ ਜਾਂ ਵੈਰ ਨਹੀਂ ਹੁੰਦਾ ਕਿਉਂਕਿ ਉਹ ਨਿਰਵੈਰ ਪੁਰਖ ਹੈ ਅਤੇ ਨਿੰਦਕ ਨੂੰ ਵੀ ਮਿਹਰ ਕਰ ਕੇ ਆਪਣੇ ਨਾਲ ਲਾ ਲੈਂਦਾ ਹੈ, ਆਪਣੇ ਚਰਨਾਂ ਵਿਚ ਸਥਾਨ ਦੇ ਦਿੰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਨ੍ਹਾਂ 'ਤੇ ਰੱਬ ਦੀ ਮਿਹਰ ਹੁੰਦੀ ਹੈ, ਉਨ੍ਹਾਂ ਨੂੰ ਰੱਬ ਗੁਰੂ ਦੇ ਦਰਸ਼ਨ ਕਰਾਉਂਦਾ ਹੈ, ਉਨ੍ਹਾਂ ਨੂੰ ਦਰਗਾਹ ਵਿਚ ਛੁਡਾ ਲੈਂਦਾ ਹੈ,

ਜਿਨਿ ਗੁਰੁ ਗੋਪਿਆ ਆਪਣਾ
ਤਿਸੁ ਠਉਰ ਨ ਠਾਉ॥
ਹਲਤੁ ਪਲਤੁ ਦੋਵੈ ਗਏ
ਦਰਗਹ ਨਾਹੀ ਥਾਉ॥
ਓਹ ਵੇਲਾ ਹਥਿ ਨ ਆਵਈ
ਫਿਰਿ ਸਤਿਗੁਰ ਲਗਹਿ ਪਾਇ॥
ਸਤਿਗੁਰ ਕੀ ਗਣਤੈ ਘੁਸੀਐ
ਦੁਖੇ ਦੁਖਿ ਵਿਹਾਇ॥
ਸਤਿਗੁਰ ਪੁਰਖੁ ਨਿਰਵੈਰੁ ਹੈ
ਆਪੇ ਲਏ ਜਿਸੁ ਲਾਇ॥
ਨਾਨਕ ਦਰਸਨੁ ਜਿਨਾ ਵੇਖਾਲਿਓਨੁ
ਤਿਨਾ ਦਰਗਹ ਲਏ ਛਡਾਇ॥੧॥
(ਪੰਨਾ ੩੧੪)

ਅਗਲਾ ਸਲੋਕ ਵੀ ਗੁਰੂ ਅਮਰਦਾਸ ਸਾਹਿਬ ਦਾ ਹੀ ਹੈ ਜਿਸ ਵਿਚ ਉਨ੍ਹਾਂ ਨੇ ਮਨਮੁਖ ਦਾ ਜ਼ਿਕਰ ਕੀਤਾ ਹੈ ਕਿ ਉਸ ਦੀਆਂ ਬਿਰਤੀਆਂ ਅਤੇ ਸੁਭਾ ਕਿਹੋ ਜਿਹਾ ਹੁੰਦਾ ਹੈ। ਗੁਰੂ ਸਾਹਿਬ ਮਨਮੁਖ ਦੀ ਵਿਆਖਿਆ ਕਰਦੇ ਹਨ ਕਿ ਉਹ ਅਗਿਆਨੀ ਹੁੰਦਾ ਹੈ ਜਿਸ ਦੇ ਮਨ ਵਿਚ ਅਹੰਕਾਰ ਹੁੰਦਾ ਹੈ ਅਤੇ ਉਸ ਦੀ ਬੁੱਧੀ ਜਾਂ ਮੱਤ ਖੋਟੀ ਹੁੰਦੀ ਹੈ। ਅੰਦਰ ਕ੍ਰੋਧ ਹੋਣ ਕਰਕੇ ਉਹ ਵਿਕਾਰਾਂ ਵਿਚ ਆਪਣੀ ਅਕਲ ਗੁਆ ਲੈਂਦਾ ਹੈ, ਅਕਲ ਹਾਰ ਦਿੰਦਾ ਹੈ (ਗੁਰਮਤਿ ਵਿਚ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਮਨ ਦੇ ਵਿਕਾਰ ਮੰਨਿਆ ਗਿਆ ਹੈ ਜੋ ਮਨੁੱਖ ਦੀ ਬੁੱਧੀ ਨੂੰ ਭ੍ਰਿਸ਼ਟ ਕਰ ਦਿੰਦੇ ਹਨ ਅਤੇ ਮਨਮੁਖ ਉਹ ਹੁੰਦਾ ਹੈ ਜੋ ਆਪਣੇ ਮਨ ਦੀ ਮੱਤ ਅਨੁਸਾਰ ਚੱਲਦਾ ਹੈ ਅਤੇ ਇਨ੍ਹਾਂ ਵਿਕਾਰਾਂ ਵਿਚ ਖੱਚਤ ਹੋ ਕੇ ਆਪਣੀ ਬੁੱਧੀ ਨੂੰ ਮਲੀਨ ਕਰ ਲੈਂਦਾ ਹੈ)। ਮਨਮੁਖ ਝੂਠ, ਫਰੇਬ ਅਤੇ ਪਾਪ ਦੇ ਕੰਮ ਕਰਦਾ ਹੈ ਅਰਥਾਤ ਸਾਰੇ ਕੰਮ ਵਿਸ਼ੇ-ਵਿਕਾਰਾਂ ਅਨੁਸਾਰ ਕਰਦਾ ਹੈ, ਇਸ ਲਈ ਉਹ ਕੀ ਸੁਣੇ ਅਤੇ ਕੀ ਦੂਸਰਿਆਂ ਨੂੰ ਦੱਸੇ, ਉਸ ਕੋਲ ਕੁਝ ਵੀ ਚੰਗਾ ਸੁਣਨ-ਸੁਣਾਉਣ ਲਈ ਨਹੀਂ ਹੁੰਦਾ। ਅਜਿਹਾ ਮਨੁੱਖ ਨਾ ਚੰਗਿਆਈ ਦੇਖਦਾ ਅਤੇ ਨਾ ਹੀ ਚੰਗੇ ਉਪਦੇਸ਼ ਨੂੰ ਸੁਣਦਾ ਹੈ ਭਾਵ ਗੁਰੂ ਦੀ ਸੰਗਤਿ ਵਿਚ ਜਾ ਕੇ ਕੋਈ ਚੰਗੀ ਗੱਲ ਪੱਲੇ ਪਾਉਣ ਦੀ ਕੋਸ਼ਿਸ਼ ਨਹੀਂ ਕਰਦਾ, ਇਸ ਲਈ ਜਨਮ ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਸਤਿਗੁਰ ਨੂੰ ਮਿਲਣ ਤੋਂ ਬਿਨਾ ਅਕਾਲ ਪੁਰਖ ਦੇ ਦਰਵਾਜ਼ੇ 'ਤੇ ਉਸ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਹੁੰਦਾ। ਉਹ ਆਪਣੇ ਪਹਿਲਾਂ ਕੀਤੇ ਕਰਮਾਂ ਦੇ ਬੁਰੇ ਸੰਸਕਾਰਾਂ ਕਾਰਨ ਇਸ ਜਨਮ ਵਿਚ ਵੀ ਉਹੋ ਜਿਹੀ ਹੀ ਕਮਾਈ ਕਰੀ ਜਾਂਦਾ ਹੈ,

ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ॥
ਅੰਤਰਿ ਕ੍ਰੋਧੁ ਜੂਐ ਮਤਿ ਹਾਰੀ॥
ਕੂੜੁ ਕੁਸਤੁ ਓਹੁ ਪਾਪ ਕਮਾਵੈ॥
ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ॥
ਅੰਨਾ ਬੋਲਾ ਖੁਇ ਉਝੜਿ ਪਾਇ॥
ਮਨਮੁਖੁ ਅੰਧਾ ਆਵੈ ਜਾਇ॥
ਬਿਨੁ ਸਤਿਗੁਰ ਭੇਟੇ ਥਾਇ ਨ ਪਾਇ॥
ਨਾਨਕ ਪੂਰਬਿ ਲਿਖਿਆ ਕਮਾਇ॥੨॥
(ਪੰਨਾ ੩੧੪)

## ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ

ਗੁਰਬਾਣੀ ਗਿਆਨ

**ਆਸਾ ਮਹਲਾ ੫**
ਜਿਨਾ ਨ ਵਿਸਰੈ ਨਾਮੁ
ਸੇ ਕਿਨੇਹਿਆ॥
ਭੇਦੁ ਨ ਜਾਣਹੁ ਮੂਲਿ
ਸਾਂਈ ਜੇਹਿਆ॥੧॥
ਮਨੁ ਤਨੁ ਹੋਇ ਨਿਹਾਲੁ
ਤੁਮ ਸੰਗਿ ਭੇਟਿਆ॥
ਸੁਖੁ ਪਾਇਆ ਜਨ ਪਰਸਾਦਿ
ਦੁਖੁ ਸਭੁ ਮੇਟਿਆ॥੧॥ਰਹਾਉ॥
ਜੇਤੇ ਖੰਡ ਬ੍ਰਹਮੰਡ
ਉਧਾਰੇ ਤਿੰਨ ਖੇ॥
ਜਿਨ ਮਨਿ ਵੁਠਾ ਆਪਿ
ਪੂਰੇ ਭਗਤ ਸੇ॥੨॥
ਜਿਸ ਨੋ ਮੰਨੇ ਆਪਿ
ਸੋਈ ਮਾਨੀਐ॥
ਪ੍ਰਗਟ ਪੁਰਖੁ ਪਰਵਾਣੁ
ਸਭ ਠਾਈ ਜਾਨੀਐ॥੩॥
ਦਿਨਸੁ ਰੈਣਿ ਆਰਾਧਿ
ਸਮਾਲੇ ਸਾਹ ਸਾਹ॥
ਨਾਨਕ ਕੀ ਲੋਚਾ ਪੂਰਿ
ਸਚੇ ਪਾਤਿਸਾਹ॥੪॥

ਪੰਜਵੇਂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਰਾਹੀਂ ਪ੍ਰਭੂ ਦੇ ਪਿਆਰਿਆਂ ਦੇ ਗੁਣ ਗਾਇਨ ਕਰਦੇ ਆਖਦੇ ਹਨ- ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ, ਹੇ ਭਾਈ! ਕੀ ਤੁਸੀਂ ਜਾਣਦੇ ਹੋ ਜਾਂ ਤੁਹਾਨੂੰ ਪਤਾ ਹੈ ਕਿ ਜਿਨ੍ਹਾਂ ਵੱਡੇ ਭਾਗਾਂ ਵਾਲਿਆਂ ਨੂੰ ਉਸ ਮਿਹਰਵਾਨ ਪ੍ਰਭੂ ਦਾ ਨਾਮ ਕਦੀ ਵੀ ਨਹੀਂ ਭੁਲਦਾ, ਭਲਾ ਉਹ ਕਿਹੋ ਜਿਹੇ ਹੁੰਦੇ ਹਨ, ਆਓ ਤੁਹਾਨੂੰ ਦੱਸੀਏ; ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ, ਉਨ੍ਹਾਂ ਪ੍ਰਭੂ ਦੇ ਪਿਆਰਿਆਂ ਅਤੇ ਪ੍ਰਭੂ ਵਿਚ ਜ਼ਰਾ ਜਿੰਨਾ ਵੀ ਭੇਦ-ਭਾਵ ਨਹੀਂ ਰਹਿ ਜਾਂਦਾ, ਉਹ ਪ੍ਰਭੂ ਜੈਸੇ ਹੀ ਹੋ ਜਾਂਦੇ ਹਨ।

ਮਨੁ ਤਨੁ ਹੋਇ ਨਿਹਾਲੁ
ਤੁਮ ਸੰਗਿ ਭੇਟਿਆ॥
ਸੁਖੁ ਪਾਇਆ ਜਨ ਪਰਸਾਦਿ
ਦੁਖੁ ਸਭੁ ਮੇਟਿਆ॥੧॥ਰਹਾਉ॥

ਰਹਾਉ ਦੀ ਪੰਕਤੀ ਵਿਚ ਸਤਿਗੁਰੂ ਪਿਤਾ ਉਸ ਜਗਤ ਦੇ ਮਾਲਕ ਪਰਮਾਤਮਾ ਦੇ ਮਿਲਾਪ ਦੀ ਅਨੰਦਮਈ ਤਸਵੀਰ ਦਿਖਾਉਂਦੇ ਆਖਦੇ ਹਨ, ਹੇ ਮੇਰੇ ਮਿਹਰਵਾਨ ਪ੍ਰਭ ਜੀ! ਜਿਨ੍ਹਾਂ ਵੱਡੇ ਭਾਗਾਂ ਵਾਲਿਆਂ ਨੇ ਤੇਰਾ ਨਾਮ ਸਿਮਰਨ ਕੀਤਾ, ਤੇਰਾ ਮਿਲਾਪ ਹਾਸਲ ਕਰ ਲਿਆ, ਉਨ੍ਹਾਂ ਦਾ ਮਨ ਅਤੇ ਤਨ ਸਦਾ ਲਈ ਹੀ ਨਿਹਾਲ ਹੋ ਗਿਆ; ਉਨ੍ਹਾਂ ਨੇ ਗੁਰ ਕਿਰਪਾ ਸਦਕਾ ਆਤਮਕ ਸੁਖ ਪ੍ਰਾਪਤ ਕਰ ਕੇ ਆਪਣੇ ਜੀਵਨ ਦਾ ਸਾਰਾ ਦੁਖ ਮਿਟਾ ਲਿਆ ਹੈ।

ਜੇਤੇ ਖੰਡ ਬ੍ਰਹਮੰਡ
ਉਧਾਰੇ ਤਿੰਨ ਖੇ॥
ਜਿਨ ਮਨਿ ਵੁਠਾ ਆਪਿ
ਪੂਰੇ ਭਗਤ ਸੇ॥੨॥

ਸਤਿਗੁਰੂ ਆਖ ਰਹੇ ਹਨ, ਹੇ ਭਾਈ! ਜਿਨ੍ਹਾਂ ਵੱਡੇ ਭਾਗਾਂ ਵਾਲਿਆਂ ਦੇ ਅੰਦਰ ਪ੍ਰਭੂ ਆਪ ਆਣ ਵੱਸਦਾ ਹੈ, ਉਹ ਪ੍ਰਭੂ ਦਾ ਸਰੂਪ ਹੀ ਬਣ ਜਾਂਦੇ ਹਨ ਅਤੇ ਉਸ ਪਰਮਾਤਮਾ ਦਾ ਨਾਮ ਸਿਮਰਨ ਕਰ ਕੇ ਉਸ ਪ੍ਰਭੂ ਨਾਲ ਇਕ-ਮਿਕ ਹੋ ਜਾਂਦੇ ਹਨ, ਪ੍ਰਭੂ ਭਗਤੀ ਕਰ ਕੇ ਉਹ ਸਾਰੇ ਹੀ ਖੰਡਾਂ ਅਤੇ ਬ੍ਰਹਿਮੰਡਾਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰਨ ਦੀ ਸ਼ਕਤੀ ਵੀ ਪ੍ਰਾਪਤ ਕਰ ਲੈਂਦੇ ਹਨ ਅਤੇ ਉਸ ਪ੍ਰਭੂ ਦੇ ਪਿਆਰੇ ਪੂਰੇ ਭਗਤ ਵੀ ਬਣ ਜਾਂਦੇ ਹਨ।

ਜਿਸ ਨੋ ਮੰਨੇ ਆਪਿ
ਸੋਈ ਮਾਨੀਐ॥
ਪ੍ਰਗਟ ਪੁਰਖੁ ਪਰਵਾਣੁ
ਸਭ ਠਾਈ ਜਾਨੀਐ॥੩॥

ਪੰਜਵੇਂ ਸਤਿਗੁਰ ਜੀ ਆਖਦੇ ਹਨ, ਭਾਈ ਬਰਕਤਾਂ ਅਤੇ ਬਖ਼ਸ਼ਿਸ਼ਾਂ ਦਾ ਮਾਲਕ ਤਾਂ ਉਹ ਪ੍ਰਭੂ ਆਪ ਹੀ ਹੈ, ਜਿਸ ਜੀਵ ਨੂੰ ਉਹ ਮਿਹਰਵਾਨ ਪ੍ਰਭੂ ਆਦਰ ਸਤਿਕਾਰ ਦਿੰਦਾ ਹੈ, ਉਹ ਜੀਵ ਹੀ ਸੰਸਾਰ ਵਿਚ ਹਰ ਥਾਂ ਮਾਣ ਸਤਿਕਾਰ ਪਾਉਂਦਾ ਹੈ; ਪ੍ਰਭੂ ਕਿਰਪਾ ਸਦਕਾ ਉਹ ਜੀਵ ਲੋਕ ਪਰਲੋਕ- ਦੋਹਾਂ ਹੀ ਜਹਾਨਾਂ ਵਿਚ ਸਭ ਥਾਂ ਜਾਣਿਆ ਜਾਂਦਾ ਹੈ। ਇਹ ਸਭ ਪ੍ਰਭੂ ਦੇ ਨਾਮ ਦੀ ਹੀ ਬਖ਼ਸ਼ਿਸ਼ ਹੈ।

ਦਿਨਸੁ ਰੈਣਿ ਆਰਾਧਿ
ਸਮਾਲੇ ਸਾਹ ਸਾਹ॥
ਨਾਨਕ ਕੀ ਲੋਚਾ ਪੂਰਿ
ਸਚੇ ਪਾਤਿਸਾਹ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਪਿਤਾ ਉਸ ਸਰਬ ਸ਼ਕਤੀਮਾਨ ਪਰਮਾਤਮਾ ਦੇ ਅੱਗੇ ਅਰਦਾਸ ਕਰਦੇ ਆਖਦੇ ਹਨ, ਹੇ ਸਦਾ ਹੀ ਅਟੱਲ ਰਹਿਣ ਵਾਲੇ ਪਾਤਸ਼ਾਹ ਜੀਓ! ਮੇਰੇ 'ਤੇ ਵੀ ਕਿਰਪਾ ਕਰੋ ਕਿ ਮੈਂ ਦਿਨ ਰਾਤ ਸਵਾਸ ਸਵਾਸ ਲਗਾਤਾਰ ਤੇਰਾ ਨਾਮ ਸਿਮਰਨ ਕਰਦਾ ਰਵਾਂ ਅਤੇ ਕਦੀ ਵੀ ਤੈਥੋਂ ਦੂਰ ਨਾ ਹੋਵਾਂ। ਹੇ ਪ੍ਰਭੂ! ਮੇਰੀ ਇਹ ਇੱਛਾ ਪੂਰੀ ਕਰ ਦਿਓ ਕਿ ਮੈਂ ਤੈਥੋਂ ਕਦੀ ਵੀ ਦੂਰ ਨਾ ਹੋਵਾਂ, ਤੇ ਤੇਰੇ ਨਾਮ ਨਾਲ ਜੁੜਿਆ ਰਵਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਪੰਜਾਬੀ ਦਾ ਭਵਿੱਖ-4

# ਲਿਪੀ ਅਤੇ ਕੁਝ ਹੋਰ ਪੱਖ



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

**ਪਰਵਾਸੀਆਂ ਦੇ ਪ੍ਰਸੰਗ ਵਿਚ ਭਾਸ਼ਾ ਬਾਰੇ 'ਪੰਜਾਬ ਟਾਈਮਜ਼' ਵਿਚ ਪਿਛਲੇ ਅੰਕਾਂ ਵਿਚ ਛਪੇ ਮੇਰੇ ਤਿੰਨ ਲੇਖਾਂ ਦੇ ਹਵਾਲੇ ਨਾਲ ਕਈ ਪਾਠਕਾਂ ਨੇ ਸੁਝਾਅ ਦਿੱਤਾ ਹੈ ਕਿ ਇਸ ਦੌਰ ਦੀ ਸਮੁੱਚੀ ਭਾਸ਼ਾਈ ਹਾਲਤ ਦੇ ਚੌਖਟੇ ਵਿਚ ਪੰਜਾਬੀ ਦੇ ਭਵਿੱਖ ਬਾਰੇ ਲਿਖਿਆ ਜਾਵੇ। ਇਸ ਲੇਖ ਨਾਲ ਸ਼ੁਰੂ ਕਰ ਕੇ ਸਰਲ-ਸੌਖੇ ਸ਼ਬਦਾਂ ਵਿਚ ਪੰਜਾਬੀ ਦੀ ਹਾਲਤ ਨੂੰ ਨਿਰੋਲ ਇਤਿਹਾਸਕ, ਭਾਸ਼ਾ-ਵਿਗਿਆਨਕ ਅਤੇ ਸਮਾਜਕ-ਰਾਜਨੀਤਕ ਨਜ਼ਰੀਏ ਤੋਂ ਪੇਸ਼ ਕਰਨ ਦਾ ਯਤਨ ਕੀਤਾ ਜਾਵੇਗਾ। -ਲੇਖਕ**

ਪੰਜਾਬੀ ਦਾ ਭਵਿੱਖ ਕਿਸ ਰਾਹ ਪਿਆ ਹੋਇਆ ਹੈ, ਇਹ ਤੱਥ ਅਸੀਂ ਦੋ ਪੈਮਾਨਿਆਂ ਅਨੁਸਾਰ ਦੇਖਾਂਗੇ। ਇਕ ਤਾਂ ਸੰਪਰਕ, ਗਿਆਨ ਅਤੇ ਸਭਿਆਚਾਰ ਦੇ ਵਸੀਲੇ ਵਜੋਂ; ਦੂਜਾ, ਮੁੱਖ ਆਧਾਰਾਂ ਦੀ ਮਜ਼ਬੂਤੀ ਦੇ ਪੱਖੋਂ।

ਆਮ ਬੋਲਚਾਲ ਅਤੇ ਆਮ ਸੰਪਰਕ ਵਿਚ ਪੰਜਾਬੀ ਅਜੇ ਵੀ ਕਾਫੀ ਵੱਡੇ ਭੂਗੋਲਿਕ ਖੇਤਰ ਵਿਚ ਵੱਡੀ ਹੱਦ ਤੱਕ ਵਰਤੋਂ ਵਿਚ ਹੈ। ਗਿਆਨ-ਵਿਗਿਆਨ ਦੇ ਵਿਕਾਸ ਦੇ ਨਾਲ ਨਾਲ ਇਸ ਉਤੇ ਅੰਗਰੇਜ਼ੀ ਦਾ ਜਾਇਜ਼ ਤੇ ਨਾਜਾਇਜ਼- ਦੋਵਾਂ ਕਿਸਮਾਂ ਦਾ ਛਾਪਾ ਵਧਦਾ ਜਾਂਦਾ ਹੈ। ਸਾਹਿਤ, ਲੋਕ-ਸਾਹਿਤ, ਵਿਚਾਰ-ਚਰਚਾ, ਲੋਰੀਆਂ, ਗੀਤਾਂ, ਵੈਣਾਂ, ਆਦਿ ਰਾਹੀਂ ਪਰਗਟ ਹੁੰਦਾ ਭਾਵਨਾਤਮਕ, ਦਾਰਸ਼ਨਿਕ ਅਤੇ ਸਭਿਆਚਾਰਕ ਪੱਖ ਹੀ ਹੈ ਜੋ ਮਨੁੱਖ ਨੂੰ ਮਨੁੱਖ ਬਣਾਉਂਦਾ ਹੈ। ਇਹ ਪੱਖ ਨਵੀਆਂ ਸਮਾਜਕ, ਆਰਥਿਕ, ਵਿਗਿਆਨਕ ਹਾਲਤਾਂ ਵਿਚ ਲਗਾਤਾਰ ਸੁੰਗੜ ਰਿਹਾ ਹੈ।

ਕਿਸੇ ਵੀ ਭਾਸ਼ਾ ਨੂੰ ਖੜ੍ਹੀ ਰੱਖਣ ਲਈ ਭੂਗੋਲਿਕ ਖੇਤਰ, ਸ਼ਬਦ-ਭੰਡਾਰ, ਲਿਪੀ ਅਤੇ ਵਿਆਕਰਨ ਉਹਦੇ ਚਾਰ ਥੰਮ੍ਹ ਹੁੰਦੇ ਹਨ। ਜੇ ਇਨ੍ਹਾਂ ਚਾਰਾਂ ਦੇ ਪੱਖੋਂ ਪੰਜਾਬੀ ਨੂੰ ਪਰਖ ਕੇ ਦੇਖੀਏ, ਸਿੱਟੇ ਕੋਈ ਉਤਸ਼ਾਹਜਨਕ ਨਹੀਂ ਨਿਕਲਦੇ।

ਪਹਿਲਾ, ਪੰਜਾਬੀ ਦਾ ਭੂਗੋਲਿਕ ਖੇਤਰ, ਜੋ ਸੰਤਾਲੀ ਤੱਕ ਦੂਰ ਦੂਰ ਫੈਲਿਆ ਹੋਇਆ ਸੀ, ਵਾਰ ਵਾਰ ਟੁਕੜੇਬੰਦੀ ਦਾ ਸ਼ਿਕਾਰ ਹੋ ਕੇ ਥੋੜ੍ਹੇ ਜਿਹੇ ਇਲਾਕੇ ਤੱਕ ਸਿਮਟ ਗਿਆ ਹੈ।

ਦੂਜਾ, ਪੰਜਾਬੀ ਦਾ ਮੌਲਿਕ ਸ਼ਬਦ-ਭੰਡਾਰ, ਜੋ ਹਰ ਭਾਸ਼ਾ ਵਾਂਗ, ਆਪਣੇ ਬੋਲਣ ਵਾਲਿਆਂ ਦੇ ਵਿਚਾਰ-ਪ੍ਰਗਟਾਵੇ ਦੇ ਪੂਰੀ ਤਰ੍ਹਾਂ ਸਮਰੱਥ ਹੈ, ਬਦਕਿਸਮਤੀ ਨੂੰ ਆਪਣਿਆਂ ਹੱਥੋਂ ਹੀ ਖੁਰਦਾ ਜਾ ਰਿਹਾ ਹੈ। ਪੰਜਾਬ ਦੇ ਪ੍ਰਬੰਧਕ ਤੇ ਰਾਜਨੀਤਕ ਹਲਕਿਆਂ ਵਿਚ ਅਤੇ ਸਭ ਤੋਂ ਮਾੜੀ ਗੱਲ, ਅਕਾਦਮਿਕ ਖੇਤਰ ਵਿਚ ਅਜਿਹੇ ਲੋਕਾਂ ਦੀ ਭਰਮਾਰ ਹੈ ਜਿਨ੍ਹਾਂ ਨੂੰ ਨਾ ਤਾਂ ਪੰਜਾਬੀ ਨਾਲ ਕੋਈ ਮੋਹ ਹੈ, ਨਾ ਸਮਾਜ ਲਈ ਮਾਤਭਾਸ਼ਾ ਦੇ ਮਹੱਤਵ ਦਾ ਪਤਾ ਹੈ ਅਤੇ ਨਾ ਪੰਜਾਬੀ ਦੀ ਭਾਸ਼ਾਈ ਆਬਤਾਬ ਦੀ ਕੋਈ ਜਾਣਕਾਰੀ ਹੈ। ਇਹ ਲੋਕ ਪੰਜਾਬੀ ਦੇ ਸੁੱਚੇ ਟਕਸਾਲੀ ਸ਼ਬਦਾਂ ਦੀ ਥਾਂ ਓਪਰੀਆਂ ਭਾਸ਼ਾਵਾਂ ਦੇ ਸ਼ਬਦ ਆਮ ਹੀ ਵਰਤਦੇ ਹਨ।

ਤੀਜਾ, ਇਹ ਕਥਨ ਕਿਸੇ ਜਜ਼ਬਾਤੀ ਜਾਂ ਸੌੜੇ ਨਜ਼ਰੀਏ ਉਤੇ ਆਧਾਰਿਤ ਨਹੀਂ ਸਗੋਂ ਭਾਸ਼ਾ-ਵਿਗਿਆਨਕ ਕਸਵੱਟੀ ਉਤੇ ਖਰਾ ਉਤਰਦਾ ਹੈ ਕਿ ਪੰਜਾਬੀ ਲਈ ਇਕੋ-ਇਕ ਢੁਕਵੀਂ ਲਿਪੀ ਗੁਰਮੁਖੀ ਹੀ ਹੈ ਜੋ ਇਸ ਦੀ ਹਰ ਧੁਨੀ ਅਤੇ ਸ਼ਬਦ ਨੂੰ ਲਿਖਤ ਦਾ ਸਹੀ ਸਹੀ ਜਾਮਾ ਪੁਆ ਸਕਦੀ ਹੈ। ਪਰ ਇਸ ਦੇ ਬਾਵਜੂਦ ਮੁਸਲਮਾਨ ਭਾਈ, ਪਵਿੱਤਰ ਕੁਰਾਨ ਨਾਲ ਜੁੜੀ ਲਿਪੀ ਹੋਣ ਕਾਰਨ, ਸ਼ਾਹਮੁਖੀ ਨੂੰ ਸਤਿਕਾਰਦੇ ਹਨ, ਹਿੰਦੂ ਵੀਰਾਂ ਲਈ 'ਦੇਵਤਿਆਂ ਦੀ ਬਣਾਈ' ਦੇਵਨਾਗਰੀ ਤੋਂ ਬਿਨਾਂ ਸਭ ਕੂੜ ਹੈ ਅਤੇ ਸਿੱਖ ਸੱਜਣਾਂ ਲਈ ਗੁਰਮੁਖੀ ਗੁਰੂ ਗ੍ਰੰਥ ਸਾਹਿਬ ਦੀ ਲਿਪੀ ਹੈ। ਇਸ ਸੋਚ ਨੇ ਪੰਜਾਬੀ ਦਾ ਨੁਕਸਾਨ ਕਰਨ ਵਿਚ ਕੋਈ ਕਸਰ ਨਹੀਂ ਛੱਡੀ!

ਇਤਿਹਾਸ ਵਿਚ ਹਰ ਭੂਗੋਲਿਕ ਭਾਈਚਾਰੇ ਦੀ ਭਾਸ਼ਾ ਤੇ ਲਿਪੀ ਦਾ ਸਰੂਪ ਲੰਮੇ ਕਾਲ-ਖੰਡਾਂ ਦੌਰਾਨ ਬਦਲਦਾ ਰਿਹਾ ਹੈ। ਵਰਤਮਾਨ ਪੰਜਾਬ ਅਤੇ ਗੁਆਂਢ ਦਾ ਇਲਾਕਾ ਸਮੇਂ ਸਮੇਂ ਹੁੰਦੇ ਰਹੇ ਆਵਾਸਾਂ ਅਤੇ ਹਮਲਿਆਂ ਕਾਰਨ ਅਨੇਕ ਭਾਸ਼ਾਈ-ਸਭਿਆਚਾਰਕ ਅਸਰ ਕਬੂਲਦਾ ਰਿਹਾ ਹੈ। ਮੁੱਢਲੀ ਸੰਸਕ੍ਰਿਤ ਲਈ ਕੋਈ 3500 ਸਾਲ ਪਹਿਲਾਂ ਬ੍ਰਾਹਮੀ ਤੇ ਖਰੋਸ਼ਠੀ ਲਿਪੀਆਂ ਵਰਤੀਆਂ ਜਾਣ ਲੱਗੀਆਂ। ਕੋਈ ਇਕ ਹਜ਼ਾਰ ਸਾਲ ਦੇ ਸਮੇਂ ਵਿਚ ਮੁਢਲੀ ਸੰਸਕ੍ਰਿਤ ਨੇ ਟਕਸਾਲੀ ਵੇਦਿਕ ਸੰਸਕ੍ਰਿਤ ਦਾ ਰੂਪ ਧਾਰ ਲਿਆ ਅਤੇ ਲਿਪੀ ਦੇਵਨਾਗਰੀ ਦਾ ਰੂਪ ਧਾਰ ਗਈ ਜੋ ਅੱਜ ਕਈ ਭਾਰਤੀ ਭਾਸ਼ਾਵਾਂ ਲਈ ਵਰਤੀ ਜਾਂਦੀ ਹੈ। ਲਗਭਗ ਡੇਢ ਹਜ਼ਾਰ ਸਾਲ ਹੋਰ ਲੰਘੇ ਤਾਂ ਵਰਤਮਾਨ ਪੰਜਾਬੀ ਅਤੇ ਇਹਦੀ ਲਿਪੀ ਗੁਰਮੁਖੀ ਦੇ ਨੈਣ-ਨਕਸ਼ ਉਜਾਗਰ ਹੋਏ।

ਪਰ ਪੰਜਾਬ ਅਤੇ ਗੁਆਂਢ ਨੂੰ ਉਪਰੋਕਤ ਇਤਿਹਾਸ ਤੋਂ ਬਹੁਤ ਪਹਿਲਾਂ ਲਿਪੀ ਘੜਨ ਦਾ ਮਾਣ ਪ੍ਰਾਪਤ ਹੈ। ਇਹ ਸਿੰਧ ਵਾਦੀ ਦੀ ਸਭਿਅਤਾ ਦੀ ਲਿਪੀ ਹੈ। ਭਾਵੇਂ ਅਜੇ ਤੱਕ ਕੋਈ ਹਵਾਲਾ-ਬਿੰਦੂ ਨਾ ਮਿਲੇ ਹੋਣ ਕਾਰਨ ਸਿੰਧ ਲਿਪੀ ਉਠਾਲੀ ਨਹੀਂ ਜਾ ਸਕੀ, ਤਾਂ ਵੀ ਮਨੁੱਖ ਦੇ ਭਾਸ਼ਾਈ ਇਤਿਹਾਸ ਵਿਚ ਇਸ ਦੀ ਮਹੱਤਤਾ ਬਹੁਤ ਵੱਡੀ ਹੈ। ਇਹ ਲਿਪੀ ਚਿਨ੍ਹਾਂ ਦੇ ਰੂਪ ਵਿਚ ਸੀ ਜੋ ਮੋਹਰਾਂ, ਤਾਂਬੇ ਦੇ ਪੱਤਰਿਆਂ, ਕਾਂਸੀ ਦੇ ਸੰਦਾਂ, ਹਾਥੀ ਦੰਦ ਦੇ ਟੁਕੜਿਆਂ, ਮਿੱਟੀ ਦੇ ਭਾਂਡਿਆਂ, ਆਦਿ ਉਤੇ ਬਣਾਏ ਹੋਏ ਹਨ। ਹੁਣ ਤੱਕ ਇਸ ਸਭਿਅਤਾ ਦੇ ਕੋਈ 2200 ਥੇਹ ਪਛਾਣੇ ਜਾ ਚੁੱਕੇ ਹਨ। ਇਨ੍ਹਾਂ ਵਿਚੋਂ ਕੁਝ ਦੀ ਪੁਟਾਈ ਸਮੇਂ ਕੋਈ 3700 ਵਸਤਾਂ ਅਜਿਹੀਆਂ ਮਿਲੀਆਂ ਹਨ ਜਿਨ੍ਹਾਂ ਉਤੇ ਸਥਾਨਕ ਅਸਰ ਕਾਰਨ ਪਏ ਕੁਝ ਫਰਕਾਂ ਨਾਲ ਸਿੰਧ ਲਿਪੀ ਉਕਰੀ ਹੋਈ ਮਿਲਦੀ ਹੈ। 80 ਫੀਸਦੀ ਵਸਤਾਂ ਮੋਹਿੰਜੋਦੜੋ ਤੇ ਹੜੱਪਾ ਵਿਚੋਂ ਮਿਲੀਆਂ ਹਨ। ਆਪਣੀ ਭਾਸ਼ਾ ਅਤੇ ਲਿਪੀ ਨਾਲ ਇਹ ਸਭਿਅਤਾ ਕਿੰਨੀ ਦੂਰ ਤੱਕ ਫੈਲੀ ਹੋਈ ਸੀ, ਇਸ ਦਾ ਅੰਦਾਜ਼ਾ ਥੇਹਾਂ ਦੇ ਟਿਕਾਣਿਆਂ ਤੋਂ ਸੌਖਾ ਹੀ ਲੱਗ ਜਾਂਦਾ ਹੈ। ਇਹਦਾ ਇਲਾਕਾ ਕੋਈ ਦਸ ਲੱਖ ਵਰਗ ਕਿਲੋਮੀਟਰ ਬਣ ਜਾਂਦਾ ਹੈ। ਇਨ੍ਹਾਂ ਵਿਚੋਂ ਸਭ ਤੋਂ ਪ੍ਰਸਿੱਧ ਥੇਹਾਂ, ਜਿਨ੍ਹਾਂ ਦੀ ਪੁਟਾਈ ਨੇ ਸਾਡੇ ਸਾਹਮਣੇ ਮਨੁੱਖੀ ਇਤਿਹਾਸ ਦੇ ਵਡਮੁੱਲੇ ਪੰਨੇ ਖੋਲ੍ਹ ਦਿੱਤੇ, ਦਾ ਟਿਕਾਣਾ ਇਸ ਦੇ ਪਸਾਰ ਬਾਰੇ ਦੱਸ ਦਿੰਦਾ ਹੈ। ਹੜੱਪਾ ਪਾਕਿਸਤਾਨੀ ਪੰਜਾਬ ਵਿਚ ਹੈ ਅਤੇ ਰੋਪੜ ਭਾਰਤੀ ਪੰਜਾਬ ਵਿਚ। ਮੋਹਿੰਜੋਦੜੋ ਪਾਕਿਸਤਾਨੀ ਸਿੰਧ ਵਿਚ, ਰਾਖੀਗੜ੍ਹੀ ਹਰਿਆਣਾ ਵਿਚ, ਕਾਲੀਬੰਗਾਂ ਰਾਜਸਥਾਨ ਵਿਚ ਅਤੇ ਧੌਲਾਵੀਰਾ ਤੇ ਲੋਥਲ ਗੁਜਰਾਤ ਵਿਚ।

ਲਿਪੀ ਬਾਰੇ ਅਸਲ ਚਿੰਤਾਜਨਕ ਗੱਲ ਕਈ ਪੰਜਾਬੀ ਲੇਖਕਾਂ ਸਮੇਤ ਕੁਝ ਲੋਕਾਂ ਦੀ ਇਹ ਸਮਝ ਹੈ ਕਿ ਲਿਪੀ ਦਾ ਕੀ ਹੈ, ਕੋਈ ਵੀ ਵਰਤ ਲਵੋ! ਉਹ ਕਹਿੰਦੇ ਹਨ, ਬਹੁਤੀਆਂ ਲਿਪੀਆਂ ਵਿਚ ਲਿਖੀ ਪੰਜਾਬੀ ਬਹੁਤੇ ਲੋਕਾਂ ਤੱਕ ਪਹੁੰਚ ਸਕੇਗੀ। ਇਸ ਦਲੀਲ ਅਨੁਸਾਰ ਤਾਂ ਸਾਨੂੰ ਪੰਜਾਬੀ ਦੀ ਥਾਂ ਭਾਸ਼ਾ ਵੀ ਅੰਗਰੇਜ਼ੀ ਅਪਨਾ ਲੈਣੀ ਚਾਹੀਦੀ ਹੈ ਕਿਉਂਕਿ ਅਜਿਹਾ ਕਰ ਕੇ ਅਸੀਂ ਬਹੁਤ ਵੱਧ ਲੋਕਾਂ ਨਾਲ ਜੁੜ ਸਕਾਂਗੇ। ਇਨ੍ਹਾਂ ਲੋਕਾਂ ਨੂੰ ਏਨੀ ਚੇਤਨਾ ਨਹੀਂ ਕਿ ਪੁਜਦੀ ਭਾਸ਼ਾ ਹੈ, ਲਿਪੀ ਨਹੀਂ। ਜੇ ਮੈਨੂੰ ਕੋਈ ਭਾਸ਼ਾ ਨਹੀਂ ਆਉਂਦੀ, ਮੈਂ ਆਪਣੇ ਲਈ ਪੜ੍ਹਨਜੋਗ ਕਿਸੇ ਲਿਪੀ ਵਿਚ ਲਿਖੀ ਉਸ ਭਾਸ਼ਾ ਦਾ ਕੀ ਕਰਾਂਗਾ? ਕੋਈ ਅੰਗਰੇਜ਼ ਰੋਮਨ ਵਿਚ ਲਿਖੀ ਹੋਈ ਪੰਜਾਬੀ ਦਾ ਕੀ ਕਰੇਗਾ? ਤੇ ਜੇ ਕਿਸੇ ਨੂੰ ਪੰਜਾਬੀ ਦੀ ਸਮਝ ਹੈ ਤਾਂ ਉਹ ਇਸ ਦੀ ਲਿਪੀ ਗੁਰਮੁਖੀ ਕਿਉਂ ਨਾ ਸਿੱਖੇ-ਜਾਣੇ?

| | | | | |
|---|---|---|---|---|
| ਉ O | ਅ A | ੲ E | ਸ SA | ਹ HA |
| ਕ KA | ਖ KHA | ਗ GA | ਘ GHA | ਙ NGA |
| ਚ CHA | ਛ CHHA | ਜ JA | ਝ JHA | ਞ NJA |
| ਟ TA | ਠ THA | ਡ DA | ਢ DHA | ਣ NA |
| ਤ TA | ਥ THA | ਦ D | ਧ DHA | ਨ NA |
| ਪ PA | ਫ PHA | ਬ BA | ਭ BHA | ਮ MA |
| ਯ YA | ਰ RA | ਲ LA | ਵ VA | ੜ RA |

ਇਹ ਮੱਤ ਪੇਸ਼ ਕਰਨ ਵਾਲੇ ਸੱਜਣਾਂ ਨੂੰ ਨਾ ਇਹ ਪਤਾ ਹੈ ਕਿ ਭਾਸ਼ਾ ਕੀ ਹੁੰਦੀ ਹੈ, ਨਾ ਇਹ ਜਾਣਕਾਰੀ ਹੈ ਕਿ ਲਿਪੀ ਕੀ ਹੁੰਦੀ ਹੈ ਅਤੇ ਨਾ ਹੀ ਇਹ ਸੋਝੀ ਹੈ ਕਿ ਇਨ੍ਹਾਂ ਦੋਵਾਂ ਦਾ ਆਪਸ ਵਿਚ ਕੀ ਰਿਸ਼ਤਾ ਹੈ ਤੇ ਸਮਾਜ ਨਾਲ ਕੀ ਨਾਤਾ ਹੈ! ਕਿਸੇ ਭੂਗੋਲਿਕ ਖੇਤਰ ਦੇ ਲੋਕਾਂ ਦੀ ਭਾਸ਼ਾ ਬਹੁਤ ਲੰਮੇ ਇਤਿਹਾਸਕ ਦੌਰ ਵਿਚ ਰੂਪ ਧਾਰਦੀ ਹੈ। ਉਹਦੀਆਂ ਕੁਝ ਧੁਨੀਆਂ ਹੋਰ ਭਾਸ਼ਾਵਾਂ ਨਾਲ ਸਾਂਝੀਆਂ ਹੋ ਸਕਦੀਆਂ ਹਨ ਤੇ ਹੁੰਦੀਆਂ ਹਨ ਪਰ ਕੁਝ ਧੁਨੀਆਂ ਉਸੇ ਦੀਆਂ ਹੀ ਵਿਸ਼ੇਸ਼ ਹੁੰਦੀਆਂ ਹਨ। ਹਰ ਭਾਸ਼ਾ ਦੀ ਲਿਪੀ ਦਾ ਵਿਕਾਸ ਵੀ ਉਹਦੇ ਨਾਲ ਨਾਲ ਹੀ ਹੁੰਦਾ ਹੈ। ਇਹੋ ਲਿਪੀ ਉਸ ਭਾਸ਼ਾ ਦੀਆਂ ਸਾਰੀਆ ਧੁਨੀਆਂ ਨੂੰ ਪਰਗਟ ਕਰਨ ਦੇ ਸਮਰੱਥ ਹੁੰਦੀ ਹੈ। ਹੋਰ ਕੋਈ ਲਿਪੀ ਅਜਿਹਾ ਨਹੀਂ ਕਰ ਸਕਦੀ। ਪੰਜਾਬੀ ਦੀਆਂ ਕੁਝ ਪੁਰਾਣੀਆਂ ਧੁਨੀਆਂ, ਜਿਵੇਂ ਘ, ਝ, ਢ, ਧ, ਭ, ਆਦਿ ਅਜਿਹੀਆਂ ਹਨ ਜਿਨ੍ਹਾਂ ਨੂੰ ਹੋਰ ਕਿਸੇ ਲਿਪੀ ਵਿਚ ਪਰਗਟ ਹੀ ਨਹੀਂ ਕੀਤਾ ਜਾ ਸਕਦਾ। ਇਸੇ ਤਰ੍ਹਾਂ 'ਲ' ਨਾਲੋਂ ਪਾਟ ਕੇ ਵਿਕਸਿਤ ਹੋਈ ਅਤੇ ਹੁਣ ਪੈਂਤੀ ਵਿਚ ਸ਼ਾਮਲ ਹੋ ਚੁੱਕੀ 'ਲ਼' ਦੀ ਧੁਨੀ ਹੋਰ ਲਿਪੀਆਂ ਵਿਚ ਪਰਗਟ ਨਹੀਂ ਕੀਤੀ ਜਾ ਸਕਦੀ।

ਸ਼ਾਹਮੁਖੀ ਦੀ ਗੱਲ ਨੂੰ ਉਰਦੂ ਜਾਣਨ ਵਾਲੇ ਸੱਜਣ ਚੰਗੀ ਤਰ੍ਹਾਂ ਸਮਝ ਸਕਣਗੇ। ਕੋਈ ਅੱਧੀ ਸਦੀ ਪਹਿਲਾਂ ਦੀ ਗੱਲ ਹੈ, ਜਲੰਧਰ ਰੇਡੀਓ ਤੋਂ ਸ਼ਾਹਮੁਖੀ ਵਿਚ ਲਿਖ ਕੇ ਪੰਜਾਬੀ ਪੜ੍ਹਨ ਵਾਲੇ ਇਕ ਸੱਜਣ ਨੇ ਕਲ਼ਗੀ ਨੂੰ ਕੁਲਫ਼ੀ ਪੜ੍ਹ ਦਿੱਤਾ ਸੀ। ਬੜਾ ਰੌਲਾ ਪਿਆ ਤੇ ਬੜਾ ਝੰਜਟ ਹੋਇਆ। ਚਲੋ ਇਹ ਤਾਂ ਦੂਰ ਦੀ ਗੱਲ ਹੈ, ਸੱਜਰੀ ਮਿਸਾਲ ਲਵੋ। ਕੁਛ ਸਮਾਂ ਪਹਿਲਾਂ ਦਿੱਲੀ ਦੇ ਇਕ ਦੋਮਾਸਕ ਨੇ ਪਾਕਿਸਤਾਨ ਵਿਚ ਸ਼ਾਹਮੁਖੀ-ਪੰਜਾਬੀ ਵਿਚ ਛਪੀਆਂ ਗ਼ਜ਼ਲਾਂ ਗੁਰਮੁਖੀ-ਪੰਜਾਬੀ ਵਿਚ ਛਾਪੀਆਂ। ਲਿਪੀ ਬਦਲਣ ਸਮੇਂ ਹੋਏ ਅਨੇਕ ਕਾਰਨਾਮਿਆਂ ਵਿਚੋਂ ਦੋ ਮਿਸਾਲਾਂ ਕਾਫੀ ਹਨ। ਮਿਸਰਾ ਸੀ, "ਹੌਲੀ ਹੌਲੀ ਵਿਥਾਂ ਵਧੀਆਂ ਜਿਵੇਂ ਮੁੱਠੀਉਂ ਕਿਰਦੀ ਰੇਤ।" ਲਿਪੀਕਾਰ ਨੇ ਕੀਤਾ, "...ਮੱਠੀਉਂ ਕਰਦੀ ਰੀਤ।" ਇਵੇਂ ਹੀ "ਚੰਨ ਵੀ ਉਹਨੂੰ ਵੇਖ ਕੇ ਖੜ੍ਹਾ ਰਿਹਾ ਬਨੇਰੇ 'ਤੇ" ਦੇ 'ਬਨੇਰੇ' ਨੂੰ 'ਹਨੇਰੇ' ਲਿਖ ਦਿੱਤਾ। ਕਾਰਨ ਇਹ ਸੀ ਕਿ ਜੇ ਸੋਚਿਆ ਨਾ ਜਾਵੇ, ਇਹ ਲਫ਼ਜ਼ ਇਉਂ ਵੀ ਪੜ੍ਹੇ ਜਾ ਸਕਦੇ ਹਨ!

ਹੁਣ ਗੱਲ ਕਰੀਏ ਦੇਵਨਾਗਰੀ ਦੀ। ਪੰਜਾਬੀ ਲਈ (ਤੇ ਹੋਰ ਭਾਰਤੀ ਭਾਸ਼ਾਵਾਂ ਲਈ ਵੀ) ਆਨੀਂ-ਬਹਾਨੀਂ, ਕਿਸੇ ਭਾਸ਼ਾਈ ਆਧਾਰ ਤੋਂ ਬਿਨਾਂ, ਭਾਸ਼ਾਈ-ਸਾਮਰਾਜੀ ਸੋਚ ਜਾਂ ਫਿਰਕੂ ਰਾਜਨੀਤੀ ਕਾਰਨ ਦੇਵਨਾਗਰੀ ਲਿਪੀ ਦੀ ਮੰਗ ਕੀਤੀ ਜਾਂਦੀ ਰਹਿੰਦੀ ਹੈ, ਭਾਵੇਂ ਕਿ ਪੰਜਾਬ ਵਿਚ ਇਹ ਮੰਗ ਕਰਨ ਵਾਲੇ ਲੋਕ ਆਪ ਵੀ ਪੰਜਾਬੀ ਨੂੰ ਦੇਵਨਾਗਰੀ ਵਿਚ ਨਹੀਂ ਲਿਖਦੇ। ਇਕ ਦਿਲਚਸਪ ਤੱਥ; ਮੈਨੂੰ ਜੇ ਗੁਰਮੁਖੀ ਦੀ ਥਾਂ ਦੇਵਨਾਗਰੀ ਦੀ ਵਰਤੋਂ ਕਿਤੇ ਸੋਚ-ਸਮਝ ਕੇ ਬਾਕਾਇਦਾ ਕੀਤੀ ਮਿਲੀ ਹੈ, ਉਹ ਗੁਰਦੁਆਰਿਆਂ ਵਿਚ ਰੱਖੇ ਜਾਂਦੇ ਗੁਟਕਿਆਂ ਵਿਚ ਹੈ। ਸ਼ਰਧਾਲੂਆਂ ਨੂੰ ਬਾਣੀ ਤੱਕ ਪਹੁੰਚਣ ਵਾਸਤੇ ਉਸ ਦੀ ਲਿਪੀ ਸਿੱਖਣ ਲਈ ਪ੍ਰੇਰਨ ਦੀ ਥਾਂ ਬਾਣੀ ਦੀ ਹੀ ਲਿਪੀ 'ਅਵਰ ਤੁਮਾਰੀ' ਕਰ ਦਿੱਤੀ ਗਈ ਹੈ। ਇਕੋ ਮਿਸਾਲ ਕਾਫੀ ਹੈ। ਦੇਵਨਾਗਰੀ ਵਿਚ ਲਿਖ ਕੇ ਕਿਸੇ ਨੂੰ ਘਰ, ਝੂਲਾ, ਢੋਲ, ਧਰਤੀ ਅਤੇ ਭੋਲਾਭਾਲਾ ਪੜ੍ਹਨ ਵਾਸਤੇ ਕਹੋ ਅਤੇ ਦੇਖੋ ਕਿ ਉਹ ਇਨ੍ਹਾਂ ਦੇ ਸਹੀ ਪੰਜਾਬੀ ਉਚਾਰਨ ਦੀ ਥਾਂ ਕੀ ਉਚਰਦਾ ਹੈ!

ਅੰਗਰੇਜ਼ੀ ਦੀ ਲਿਪੀ ਰੋਮਨ ਦੀ ਗੱਲ ਤਾਂ ਰਹਿਣ ਹੀ ਦੇਈਏ ਤਾਂ ਚੰਗਾ! ਈਮੇਲ ਕਰਦਿਆਂ ਲੋਕ ਪੰਜਾਬੀ ਲਈ ਆਮ ਕਰਕੇ ਰੋਮਨ ਲਿਪੀ ਵਰਤਦੇ ਹਨ ਜਿਸ ਵਿਚ ਲਿਖੀ ਪੰਜਾਬੀ ਨੂੰ ਉਠਾਲਣਾ ਖਾਸੀ ਮੁਸ਼ੱਕਤ ਲੋੜਦਾ ਹੈ। ਅਜਿਹਾ ਇਸ ਤੱਥ ਦੇ ਬਾਵਜੂਦ ਹੋ ਰਿਹਾ ਹੈ ਕਿ ਕੰਪਿਊਟਰ ਵਿਚ ਗੁਰਮੁਖੀ-ਪੰਜਾਬੀ ਵਿਚ ਈਮੇਲ ਕਰਨ ਦੀ ਬਹੁਤ ਹੀ ਸੌਖੀ-ਸਰਲ ਸਹੂਲਤ ਪ੍ਰਾਪਤ ਹੈ। ਇਹਨੂੰ ਪੰਜਾਬੀ ਨਾਲ ਦਿਲੀ ਸਾਂਝ ਦੀ ਘਾਟ ਹੀ ਸਮਝੋ ਕਿ, ਮਿਸਾਲ ਵਜੋਂ, ਜਿਨ੍ਹਾਂ ਲੇਖਕਾਂ, ਪ੍ਰੋਫੈਸਰਾਂ, ਪਾਠਕਾਂ ਨੂੰ ਮੈਂ ਗੁਰਮੁਖੀ-ਪੰਜਾਬੀ ਲਿਖਣ ਦਾ ਇਹ ਤਰੀਕਾ ਦੱਸਿਆ ਹੈ, ਉਨ੍ਹਾਂ ਵਿਚੋਂ ਬਹੁਤ ਘੱਟ ਨੇ ਉਹ ਅਪਨਾਇਆ ਹੈ। ਇਉਂ ਪੰਜਾਬੀ ਦੀ ਇਕ ਲਿਪੀ ਵਜੋਂ ਕੰਪਿਊਟਰ ਰਾਹੀਂ ਸਹਿਜੇ ਸਹਿਜੇ ਰੋਮਨ ਦਾ ਪ੍ਰਵੇਸ਼ ਹੋ ਰਿਹਾ ਹੈ। ਮੋਤੀ ਤੇ ਮੋਟੀ ਨੂੰ ਰੋਮਨ ਵਿਚ ਕੀ ਫਰਕ ਕਰ ਕੇ ਲਿਖੋਗੇ? ਦੋਵੇਂ Moti ਹਨ। Das ਦਸ ਹੈ ਕਿ ਦਾਸ? Dal ਦਾਲ ਹੈ ਕਿ ਦਲ ਹੈ, ਡਾਲ ਹੈ ਕਿ ਡਲ ਹੈ? Gard ਨੂੰ ਗਾਰਦ, ਗਰਦ, ਗਾਰਡ, ਗਰੜ ਵਿਚੋਂ ਕੀ ਪੜ੍ਹੋਗੇ?

ਪੰਜਾਬੀ ਵਾਸਤੇ ਇਸ ਦੀ ਵਿਗਿਆਨਕ ਲਿਪੀ ਗੁਰਮੁਖੀ ਦੀ ਥਾਂ ਕੋਈ ਹੋਰ ਲਿਪੀ ਲਿਆਉਣ ਵਾਲਿਆਂ ਦੀ ਨਿਰੋਲ ਰਾਜਨੀਤਕ ਤੇ ਧਾਰਮਿਕ-ਫਿਰਕੂ ਮੰਗ ਵਿਰੁਧ ਲੰਮੇ ਸੰਘਰਸ਼ ਦੇ ਸਿੱਟੇ ਵਜੋਂ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦਾ ਕਾਨੂੰਨੀ ਮੇਲ ਹੋਇਆ ਹੈ। ਭਾਸ਼ਾ-ਵਿਗਿਆਨ ਦੇ ਵਿਰੁਧ ਗੱਲਾਂ ਲਿਖ-ਬੋਲ ਕੇ ਸੁੱਤੀਆਂ ਕਲਾਂ ਨਹੀਂ ਜਗਾਉਣੀਆਂ ਚਾਹੀਦੀਆਂ ਅਤੇ ਪੰਜਾਬੀ ਦਾ ਨੁਕਸਾਨ ਨਹੀਂ ਕਰਨਾ ਚਾਹੀਦਾ!

ਚੌਥਾ, ਹਰ ਭਾਸ਼ਾ ਦਾ ਨਿੱਤ-ਵਰਤੋਂ ਸਦਕਾ ਵਿਕਸਿਤ ਹੋਇਆ ਵਿਆਕਰਨ ਮੂੰਹੋਂ-ਮੂੰਹ ਪੀੜ੍ਹੀ-ਦਰ-ਪੀੜ੍ਹੀ ਅੱਗੇ ਪੁਜਦਾ ਰਹਿੰਦਾ ਹੈ। ਸਕੂਲੀ ਉਮਰ ਤੋਂ ਪਹਿਲਾਂ ਹੀ ਬੱਚਾ ਵਚਨ ਅਤੇ ਲਿੰਗ ਸਮੇਤ ਬਹੁਤ ਸਾਰਾ ਵਿਆਕਰਨ ਸਿੱਖ ਚੁੱਕਾ ਹੁੰਦਾ ਹੈ। ਉਹ 'ਮੈਂ ਰੋਟੀ ਖਾਣੀ ਹੈ' ਕਹਿੰਦਾ ਹੈ, 'ਮੈਂ ਰੋਟੀ ਖਾਣਾ ਹੈ' ਨਹੀਂ ਅਤੇ 'ਮੈਂ ਪਾਣੀ ਪੀਣਾ ਹੈ' ਬੋਲਦਾ ਹੈ, 'ਮੈਂ ਪਾਣੀ ਪੀਣੀ ਹੈ' ਨਹੀਂ। ਉਹ 'ਇਕ ਰੋਟੀ ਲੈਣੀ ਹੈ' ਆਖਦਾ ਹੈ, 'ਇਕ ਰੋਟੀ ਲੈਣੀਆਂ ਹਨ' ਨਹੀਂ। ਪਰ ਵੱਡੀਆਂ ਡਿਗਰੀਆਂ ਵਾਲੇ ਉਨ੍ਹਾਂ ਅਨੇਕ 'ਵਿਦਵਾਨਾਂ' ਦਾ ਕੀ ਕਰੀਏ ਜਿਹੜੇ ਇਨ੍ਹਾਂ ਤੋਤਲੇ ਬੱਚਿਆਂ ਦੇ ਬਰਾਬਰ ਵਿਆਕਰਨ ਵੀ ਨਹੀਂ ਜਾਣਦੇ? ਅਜਿਹੇ ਲੋਕਾਂ ਦੇ ਮੂੰਹੋਂ ਤੁਸੀਂ ਅਕਸਰ ਹੀ 'ਮੱਕੀ ਦੀ ਰੋਟੀਆਂ' ਤੇ 'ਕੱਚ ਦੀ ਚੂੜੀਆਂ' ਵਰਗੇ ਮਨੋਹਰ ਵਚਨ ਸੁਣੇ ਹੋਣਗੇ। ਕੁਛ ਸਮਾਂ ਪਹਿਲਾਂ ਦੂਰਦਰਸ਼ਨ ਤੋਂ ਆਜ਼ਾਦੀ ਦਿਵਸ ਦੇ ਪ੍ਰੋਗਰਾਮ ਦੀ ਪੇਸ਼ਕਾਰ ਬੀਬੀ ਪੰਜਾਬੀ ਨੂੰ ਬਿਲਕੁਲ ਬਣਾਉਟੀ ਲਹਿਜੇ ਵਿਚ ਤਾਂ ਬੋਲ ਹੀ ਰਹੀ ਸੀ, 'ਸ਼ਹੀਦਾਂ ਦੀ ਕੁਰਬਾਨੀਆਂ' ਜਿਹੇ ਭਾਸ਼ਾਈ ਮੋਤੀ ਵੀ ਬਖੇਰ ਰਹੀ ਸੀ! ਹੁਣ ਪੰਜਾਬੀ 'ਮਿਲਿਆ' ਦੀ ਥਾਂ ਅਕਸਰ 'ਪਾਇਆ ਗਿਆ' ਲਿਖਿਆ ਮਿਲਦਾ ਹੈ ਜਿਸ ਦੇ ਬੜੇ ਹਾਸੋਹੀਣੇ ਸਿੱਟੇ ਨਿਕਲਦੇ ਹਨ। ਅਖ਼ਬਾਰ ਮਰੀਜ਼ ਦੇ ਪੇਟ ਵਿਚ ਕੈਂਸਰ ਮਿਲਿਆ ਜਾਂ ਨਿਕਲਿਆ ਦੀ ਥਾਂ ਲਿਖਦੇ ਹਨ, ਮਰੀਜ਼ ਦੇ ਪੇਟ ਵਿਚ ਕੈਂਸਰ ਪਾਇਆ ਗਿਆ। ਅਰਥਾਤ, ਉਸ ਬਦਕਿਸਮਤ ਦੇ ਪਹਿਲਾਂ ਦੇ ਚੰਗੇ-ਭਲੇ ਪੇਟ ਵਿਚ ਹੁਣ ਕੈਂਸਰ ਪਾ ਦਿੱਤਾ ਗਿਆ ਹੈ!

*(ਚਲਦਾ)*

## ਕਾਵਿ-ਵਿਅੰਗ

### ਪਰਖ

ਉਸ ਦੇ ਇਸ਼ਕ ਨੇ ਕੀ ਪ੍ਰਵਾਨ ਚੜ੍ਹਨਾ, ਕਰਦਾ ਆਸ਼ਕ ਜੋ ਨਿੱਤ ਨਾਦਾਨੀਆਂ ਜੀ।
ਜਿਹੜੇ ਮਾਪਿਆਂ ਦੀ ਹੋਵੇ ਔਲਾਦ ਮਾੜੀ, ਸਹਿੰਦੇ ਸਦਾ ਹੀ ਉਹ ਪ੍ਰੇਸ਼ਾਨੀਆਂ ਜੀ।
ਚੁੱਪ ਕਰਕੇ ਕਦੇ ਨਹੀਂ ਬਹਿੰਦੀਆਂ ਉਹ, 'ਕੱਠੀਆਂ ਹੁੰਦੀਆਂ ਜਦੋਂ ਜਨਾਨੀਆਂ ਜੀ।
ਬਿੰਨਾ ਪਰਖ ਤੋਂ ਕਦੇ ਨਾ ਸੱਚ ਮੰਨੋ, ਗੱਲ ਕਹੀ ਹੈ 'ਚੋਹਲਾ' ਵਿਗਿਆਨੀਆਂ ਜੀ।

*-ਰਮੇਸ਼ ਬੱਗਾ ਚੋਹਲਾ, ਫੋਨ: 91-94631-32719*

## ਮਿੰਨੀ ਕਹਾਣੀ

### ਚਾਹਤ

ਬਹੁਤਾ ਪੜ੍ਹਿਆ ਨਾ ਹੋਣ ਕਰਕੇ ਉਸ ਨੂੰ ਗ੍ਰਹਿਸਥੀ ਚਲਾਉਣ ਲਈ ਦਾਣਾ ਮੰਡੀ ਵਿਚ ਪੱਲੇਦਾਰੀ ਕਰਨੀ ਪੈ ਰਹੀ ਸੀ। ਉਹ ਹਰ ਮਹੀਨੇ ਆੜਤੀਏ ਕੋਲੋਂ ਕੁਝ ਪੈਸੇ ਉਧਾਰ ਲੈ ਲੈਂਦਾ। ਇਕ ਦਿਨ ਆੜਤੀਏ ਨੇ ਕਿਹਾ, "ਤੇਰੇ ਵੱਲ ਮੇਰੇ ਕਾਫੀ ਪੈਸੇ ਬਣ ਗਏ ਨੇ ਹੁਣ ਤੂੰ ਮੇਰੇ ਪੈਸੇ ਵਾਪਸ ਕਰ ਦੇ।"

"ਬਸ ਲਾਲਾ ਜੀ ਇਕ-ਅੱਧੇ ਮਹੀਨੇ ਤੀਕਰ ਬਾਪੂ ਨੇ ਰਿਟਾਇਰ ਹੋ ਜਾਣਾ ਹੈ, ਕਾਫੀ ਪੈਸੇ-ਧੇਲੇ ਮਿਲਣਗੇ, ਫਿਰ ਮੈਂ ਤੁਹਾਡਾ ਹਿਸਾਬ ਕਰ ਦਿਆਂਗਾ।"

ਡੇਢ ਮਹੀਨਾ ਵੀ ਬੀਤ ਗਿਆ। ਲਾਲਾ ਫਿਰ ਬੁੜ-ਬੁੜ ਕਰਨ ਲੱਗਾ।

"ਲਾਲਾ ਜੀ, ਮੈਂ ਪੁਛਦਾ ਹਾਂ ਅੱਜ ਬਾਪੂ ਨੂੰ ਜਾ ਕੇ ਕਿ ਤੁਹਾਡੀ ਰਿਟਾਇਰਮੈਂਟ ਦਾ ਕੀ ਬਣਿਆ?" ਸ਼ਾਮੀਂ ਜਦੋਂ ਉਹ ਥੱਕਿਆ ਹਾਰਿਆ ਘਰ ਪਹੁੰਚਾ ਤਾਂ ਬਾਪੂ ਨੂੰ ਪੁੱਛਣ ਲੱਗਾ, "ਬਾਪੂ ਪਿਛਲੇ ਮਹੀਨੇ ਤੁਹਾਡੀ ਰਿਟਾਇਰਮੈਂਟ ਸੀ, ਤੁਸੀਂ ਰਿਟਾਇਰ ਨਹੀ ਹੋਏ, ਪੈਸੇ-ਧੇਲੇ ਕਦੋਂ ਮਿਲਣੇ ਨੇ, ਕਿੰਨੇ ਕੁ ਮਿਲਣਗੇ?"

"ਬੇਟਾ, ਸਰਕਾਰ ਨੇ ਮੇਰੇ ਦੋ ਸਾਲ ਹੋਰ ਵਧਾ ਦਿੱਤੇ, ਹੁਣ ਮੈਂ ਦੋ ਸਾਲ ਹੋਰ ਨੌਕਰੀ ਕਰਾਂਗਾ।"

"ਓ ਹੋ ਬਾਪੂ, ਇਹ ਤਾਂ ਬਹੁਤ ਮਾੜਾ ਹੋਇਆ, ਹੁਣ ਮੈਂ ਲਾਲਾ ਜੀ ਨੂੰ ਕੀ ਜਵਾਬ ਦੇਵਾਂ?" ਇਹ ਕਹਿ ਕੇ ਉਹ ਮੱਥੇ ਉਤੇ ਹੱਥ ਰੱਖ ਕੇ ਬੈਠ ਗਿਆ ਸੀ।

"ਇਹ ਤਾਂ ਖੁਸ਼ੀ ਦੀ ਗੱਲ ਹੈ, ਸਗੋਂ ਨੌਕਰੀ ਕਰਦਿਆਂ ਮੇਰੇ ਹੱਥ ਪੈਰ ਚਲਦੇ ਰਹਿਣਗੇ, ਨਾਲੇ ਵਿਹਲਾ ਬੰਦਾ ਤਾਂ ਜਲਦੀ ਹੀ ਖਤਮ ਹੋ ਜਾਂਦਾ ਹੈ।"

"ਬਾਪੂ, ਚੰਗਾ ਹੁੰਦਾ ਜੇ ਤੁਸੀਂ ਉਦੋਂ ਹੀ ਖਤਮ ਹੋ ਜਾਂਦੇ, ਜਦੋਂ ਪਿਛੇ ਜਿਹੇ ਬੀਮਾਰ ਪਏ ਸੀ, ਨਾਲੇ ਤੁਹਾਡੀ ਜਗ੍ਹਾ ਮੈਨੂੰ ਨੌਕਰੀ ਮਿਲ ਜਾਣੀ ਸੀ ਤੇ ਚੰਗੇ ਪੈਸੇ ਵੀ, ਪਰ ਮੈਂ ਜੋ ਜਮ੍ਹਾਂ ਕੀਤਾ ਸੀ ਤੁਹਾਡੇ ਇਲਾਜ 'ਤੇ ਲਾ ਕੇ ਕਰਜ਼ਈ ਹੋ ਗਿਆ।" ਬੇਟੇ ਦੀ ਇਹ ਚਾਹਤ ਸੁਣ ਕੇ ਬਾਪੂ ਨੂੰ ਜਿਵੇਂ ਲਕਵਾ ਮਾਰ ਗਿਆ ਸੀ।

*-ਨਾਇਬ ਸਿੰਘ 'ਸੈਂਪਲੇ'*
*ਫੋਨ: 91-98724-05203*

# ਕਿਰਤ ਜੇ ਫੈਲੇ ਅੰਬਰਾਂ ਤੀਕਰ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਛੇ ਫੁੱਟ ਦਾ ਸਰੀਰ ਮੁੱਠੀ ਵਿਚ ਘੁੱਟਿਆ ਪਿਆ ਸੀ। ਮਨ ਦੇ ਵੈਰਾਗ-ਵਿਹੜੇ 'ਤੇ ਉਦਾਸੀ ਦੀਆਂ ਕਾਲੀਆਂ ਘਟਾਵਾਂ ਛਾਈਆਂ ਹੋਈਆਂ ਸਨ। ਮਨ ਬਾਣੀ ਪੜ੍ਹਨ ਦੀ ਹਾਮੀ ਨਹੀਂ ਸੀ ਭਰ ਰਿਹਾ। ਕੁਝ ਲਿਖਣ ਜਾਂ ਪੜ੍ਹਨ ਨੂੰ ਮਨ ਵਾਧੂ ਬੋਝ ਕਹਿ ਰਿਹਾ ਸੀ। ਆਪਣੀ ਜ਼ਿੰਦਗੀ ਦੀਆਂ ਬੀਤ ਗਈਆਂ ਘੜੀਆਂ, ਦਿਨ, ਮਹੀਨੇ, ਸਾਲਾਂ ਦੀ ਬੁਣਤੀ ਉਧੇੜਨ ਲੱਗ ਗਿਆ। ਪਰਿਵਾਰ ਸੀ, ਪਰ ਪੈਸੇ ਦੀ ਕਮੀ ਸੀ। ਪਰਮਾਤਮਾ ਪਾਸੋਂ ਪੈਸਾ ਮੰਗਿਆ ਤਾਂ ਪਰਿਵਾਰ ਤੋਂ ਵਿਛੜ ਗਿਆ। ਬਹੁਤਿਆਂ ਕੋਲ ਇਹ ਦੋਵੇਂ ਹੀ ਹਨ, ਪਰ ਮਨ ਦੀ ਸ਼ਾਂਤੀ ਤੇ ਟਿਕਾਓ ਫਿਰ ਵੀ ਨਹੀਂ ਜੁੜਦਾ।... ਸੋਚਾਂ... ਜੇ ਇਸ ਵਾਰ ਲੇਖ ਨਾ ਭੇਜਿਆ ਤਾਂ ਪਾਠਕਾਂ ਨਾਲ ਧੋਖਾ ਹੋਵੇਗਾ। ਆਪਣੇ ਮਨ ਨਾਲ ਕਈ ਵਿਚਾਰਾਂ ਕਰਦਾ ਹਾਂ। ਅਚਾਨਕ ਫੋਨ ਦੀ ਘੰਟੀ ਵੱਜਦੀ ਹੈ। ਛੇ ਸੌ ਨੌਂ... ਏਰੀਆ ਕੋਡ ਦਾ ਫੋਨ ਹੈ। ਮੈਂ ਅਣਦੇਖਿਆ ਕਰ ਦਿੰਦਾ ਹਾਂ। ਫੋਨ ਫਿਰ ਆਉਂਦਾ ਹੈ। ਮੈਂ ਫਿਰ ਨਹੀਂ ਚੁੱਕਦਾ। ਜਦ ਚੌਥੀ ਵਾਰ ਫੋਨ ਵੱਜਿਆ ਤਾਂ ਮੈਂ ਫੋਨ ਚੁੱਕਦਿਆਂ 'ਹੈਲੋ' ਕਿਹਾ।

"ਭਾਈ ਸਾਬ੍ਹ! ਜੇ ਫੋਨ ਚੁੱਕਣਾ ਨਹੀਂ ਹੁੰਦਾ, ਤਾਂ ਅਖ਼ਬਾਰ ਵਿਚ ਨੰਬਰ ਕਿਉਂ ਲਿਖਦੇ ਹੋ?" ਫੋਨ ਕਰਨ ਵਾਲੇ ਦਾ ਗਿਲਾ ਸੀ।

"ਮੈਂ ਥੋੜ੍ਹਾ ਜਿਹਾ ਬਿਜ਼ੀ ਸੀ, ਇਸ ਕਰ ਕੇ ਪਹਿਲੀ ਵਾਰ ਫੋਨ ਚੁੱਕ ਨਹੀਂ ਹੋਇਆ।" ਮੈਂ ਫਤਹਿ ਬੁਲਾਉਂਦਿਆਂ ਹੀ ਡਾਂਗ ਵਰਗਾ ਝੂਠ ਬੋਲਦਿਆਂ ਕਹਿ ਦਿੱਤਾ ਸੀ।

"ਮੈਂ ਗੁਰਦੁਆਰੇ ਬਹੁਤ ਘੱਟ ਜਾਂਦਾ ਹਾਂ, ਪਰ ਗੁਰੂ ਦੇ ਕਹੇ ਬਚਨਾਂ 'ਤੇ ਸਦਾ ਫੁੱਲ ਚੜ੍ਹਾਉਂਦਾ ਹਾਂ।" ਫੋਨ ਕਰਨ ਵਾਲੇ ਨੇ ਕਿਹਾ। ਆਵਾਜ਼ ਤੋਂ ਉਹ ਸੱਤਰ ਸਾਲ ਤੋਂ ਉਪਰ ਲੱਗਦਾ ਸੀ।

"ਗੁਰਦੁਆਰੇ ਘੱਟ ਕਿਉਂ ਜਾਂਦੇ ਹੋ?" ਮੈਂ ਪੁੱਛਿਆ।

"ਭਾਈ ਸਾਬ੍ਹ! ਜੇ ਤੁਸੀਂ ਇਮਿਤਿਹਾਨ ਵਿਚੋਂ ਪਾਸ ਨਹੀਂ ਹੋਣਾ, ਤਾਂ ਸਕੂਲ ਜਾਣ ਦਾ ਕੀ ਫਾਇਦਾ। ਜੇ ਤੁਸੀਂ ਬਿਨ ਪੜ੍ਹਿਆਂ, ਬਿਨ ਸੁਣਿਆਂ, ਨਕਲਾਂ ਦਾ ਸਹਾਰਾ ਲੈ ਕੇ ਪਾਸ ਹੋਣ ਦੀ ਸੋਚੋਗੇ, ਤਾਂ ਸਮਝੋ ਆਪਣੇ ਅਧਿਆਪਕ ਤੋਂ ਨਹੀਂ, ਤੁਸੀਂ ਖੁਦ ਆਪਣੇ-ਆਪ ਤੋਂ ਸ਼ਰਮਿੰਦਾ ਹੋਵੋਗੇ। ਇਹੀ ਹਾਲ ਸਾਡੇ ਗੁਰਦੁਆਰਿਆਂ ਵਿਚ ਹੈ। ਜਾਂਦੇ ਅਸੀਂ ਜ਼ਰੂਰ ਹਾਂ, ਪਰ ਨਕਲਾਂ ਮਾਰਦੇ ਤੁਰੇ ਫਿਰਦੇ ਹਾਂ।" ਉਸ ਨੇ ਜਵਾਬ ਦਿੱਤਾ।

ਮੈਂ ਉਸ ਦੀਆਂ ਵਿੰਗੀਆਂ-ਟੇਢੀਆਂ ਗੱਲਾਂ ਵਿਚੋਂ ਕੁਝ ਲੱਭਣ ਲਈ ਫੌਜੀਆਂ ਵਾਂਗ ਤਿਆਰ-ਬਰ-ਤਿਆਰ ਹੋ ਗਿਆ ਅਤੇ ਗੱਲ ਅੱਗੇ ਤੋਰੀ।

... ਤੇ ਉਹਨੇ ਆਪਣੀ ਕਹਾਣੀ ਛੇੜ ਲਈ:

ਮੈਂ ਵਿਧਵਾ ਮਾਂ ਦਾ ਇਕਲੌਤਾ ਪੁੱਤ ਸੀ। ਬਾਪ ਨਿੱਕੇ ਹੁੰਦੇ ਦਾ ਮਰ ਗਿਆ। ਨਾ ਕੋਈ ਖੱਬੇ ਨਾ ਸੱਜੇ। ਮਾਂ ਜਵਾਨੀ ਦੇ ਦਿਨਾਂ ਵਿਚ ਹੀ ਰੰਡੇਪੇ ਦੇ ਜਾਲ ਵਿਚ ਫਸ ਗਈ। ਜ਼ਮੀਨ ਗੁਜ਼ਾਰੇ ਜੋਗੀ ਸੀ। ਨਾਨਕਾ ਪਿੰਡ ਨੇੜੇ ਹੋਣ ਕਰ ਕੇ ਮਾਮੇ ਖੇਤੀਬਾੜੀ ਦਾ ਕੰਮ-ਕਾਜ ਕਰ ਜਾਂਦੇ। ਮਾਮਿਆਂ ਦੇ ਸਹਾਰੇ ਸਾਨੂੰ ਖਾਣ ਲਈ ਚਾਰ ਮਣ ਦਾਣੇ ਹੋ ਜਾਂਦੇ। ਸਾਡਾ ਨਾਨਾ ਰਿਟਾਇਰਡ ਸੂਬੇਦਾਰ ਸੀ। ਮਾਮੇ ਉਸ ਦੇ ਕਹਿਣੇ ਵਿਚ ਸਨ, ਤੇ ਮੇਰੀ ਮਾਂ ਅਤੇ ਮੇਰਾ ਪੂਰਾ ਖਿਆਲ ਰੱਖਦੇ ਸਨ। ਮਾਂ ਦਾ ਇਕੋ ਮਕਸਦ ਸੀ- ਮੈਨੂੰ ਪੜ੍ਹਾ ਕੇ ਪੜ੍ਹਾਉਣ ਜੋਗਾ ਕਰਨਾ। ਦੁੱਖਾਂ ਦੇ ਜੰਜਾਲਾਂ ਨੇ ਮੈਨੂੰ ਵੀ ਛੋਟੀ ਉਮਰੇ ਸਿਆਣਾ ਬਣਾ ਦਿੱਤਾ। ਮੈਂ ਹੋਰ ਮੁੰਡਿਆਂ ਵਿਚੋਂ ਅਲੱਗ ਹੀ ਰਹਿੰਦਾ। ਮੈਂ ਪੜ੍ਹ-ਲਿਖ ਕੇ ਅਧਿਆਪਕ ਬਣ ਗਿਆ। ਮੇਰੀ ਮਾਂ ਨੂੰ ਜਿਵੇਂ ਪਰਮਾਤਮਾ ਨੇ ਫਿਰ ਅੱਖਾਂ ਦੇ ਦਿੱਤੀਆਂ ਹੋਣ। ਉਹ ਤਾਂ ਆਪਣੇ ਨੈਣਾਂ ਦੀ ਜੋਤ ਦੁੱਖਾਂ ਦੇ ਝੱਖੜਾਂ ਨਾਲ ਬੁਝਾ ਚੁੱਕੀ ਸੀ, ਪਰ ਪਰਮਾਤਮਾ ਤੇ ਮਾਮਿਆਂ ਦੀ ਬਦੌਲਤ ਮੈਂ ਉਸ ਦੀ ਜ਼ਿੰਦਗੀ ਦੇ ਬੁਝਦੇ ਦੀਵੇ ਵਿਚ ਤਰੱਕੀ ਰੂਪੀ ਤੇਲ ਪਾਉਣ ਵਿਚ ਕਾਮਯਾਬ ਹੋ ਗਿਆ। ਮਾਂ ਦੇ ਚਿਹਰੇ ਦੀ ਰੌਣਕ ਪਰਤ ਆਈ ਸੀ।



ਐਤਵਾਰ ਸਕੂਲੋਂ ਛੁੱਟੀ ਹੁੰਦੀ, ਤਾਂ ਮਾਂ ਨਾਲ ਕੰਮ-ਕਾਜ ਕਰਵਾ ਦਿੰਦਾ। ਫਿਰ ਕੇਸੀਂ ਇਸ਼ਨਾਨ ਕਰ ਕੇ ਲਾਲੇ ਦੀ ਹੱਟੀ ਅਖ਼ਬਾਰ ਪੜ੍ਹਨ ਬੈਠ ਜਾਂਦਾ। ਉਥੇ ਹੋਰ ਵੀ ਬੰਦੇ ਜੁੜ ਜਾਂਦੇ, ਤੇ ਮੈਨੂੰ ਆਖਦੇ- 'ਮਾਸਟਰਾ! ਸੁਣਾ ਅੱਜ ਦੀ ਕੋਈ ਨਵੀਂ ਤਾਜ਼ੀ ਖਬਰ।' ਮੈਂ ਉਨ੍ਹਾਂ ਨੂੰ ਖ਼ਬਰ ਸੁਣਾਉਂਦਾ। ਕਈ ਵਾਰ ਲਾਲਾ ਸਾਨੂੰ ਉਠਣ ਲਈ ਕਹਿ ਦਿੰਦਾ, ਉਥੇ ਬੈਠਣ ਨਾਲ ਉਸ ਦੀ ਗਾਹਕੀ 'ਤੇ ਫਰਕ ਜੂ ਪੈਂਦਾ ਸੀ, ਪਰ ਕਈ ਵਾਰ ਉਹ ਵੀ ਮੈਨੂੰ ਸਿਆਣਿਆਂ ਵਿਚ ਗਿਣਦਾ ਅੰਦਰ ਬਿਠਾ ਲੈਂਦਾ ਸੀ। ਮੈਂ ਅੰਦਰ ਹੀ ਲੇਖਾਂ, ਕਹਾਣੀਆਂ ਨਾਲ ਸਮਾਂ ਲੰਘਾਉਂਦਾ ਰਹਿੰਦਾ। ਮੈਂ ਦੇਖਦਾ, ਬਹੁਤੇ ਗਾਹਕ ਸ਼ਾਇਦ ਗੁਰਦੁਆਰੇ ਜਾ ਕੇ ਫਰਿਆਦਾਂ ਘੱਟ ਕਰਦੇ ਹੋਣ, ਪਰ ਲਾਲੇ ਅੱਗੇ ਜਾ ਕੇ ਆਪਣੀਆਂ ਮਜਬੂਰੀਆਂ ਸੁਣਾ ਕੇ ਸੌਦਾ ਉਧਾਰ ਲੈਣ ਵਿਚ ਹੱਥ ਜ਼ਿਆਦਾ ਜੋੜਦੇ ਸਨ। ਲਾਲਾ ਵੀ ਬੱਕਰੀ ਵਾਂਗ ਮੇਂਗਣਾ ਪਾ ਕੇ ਹੀ ਦੁੱਧ ਦਿੰਦਾ ਸੀ। ਕਈਆਂ ਨੂੰ ਉਹ ਬਰੰਗ ਲਿਫ਼ਾਫੇ ਵਾਂਗ ਮੋੜ ਦਿੰਦਾ ਸੀ। ਇਹ ਸਭ ਕੁਝ ਦੇਖ ਕੇ ਮੇਰਾ ਮਨ ਅੰਦਰੋਂ ਅੰਦਰੀ ਡੁੱਲ੍ਹ ਜਾਂਦਾ ਸੀ। ਮੈਂ ਮਨੋਂ ਅਰਦਾਸ ਕਰਦਾ ਕਿ ਪਰਮਾਤਮਾ ਮੈਨੂੰ ਇੰਨਾ ਪੈਸਾ ਦੇ, ਫਿਰ ਕੋਈ ਲਾਲੇ ਅੱਗੇ ਸੌਦੇ ਲਈ ਹਾੜ੍ਹੇ ਨਾ ਕੱਢੇ ਤੇ ਖਾਲੀ ਨਾ ਮੁੜੇ। ਲਾਲਾ ਇਕ ਦੇ ਦੋ ਲਿਖ ਕੇ ਸੌਦਾ ਦਿੰਦਾ, ਤੇ ਨਾਲ ਚਾਰ ਹੋਰ ਟਕੋਰਾਂ ਜੜ ਦਿੰਦਾ ਸੀ। ਮੈਂ ਕਈ ਵਾਰ ਅਖ਼ਬਾਰ ਪੜ੍ਹਨ ਘੱਟ ਜਾਂਦਾ, ਪਰ ਮਜਬੂਰੀ ਵੱਸ ਲੋਕਾਂ ਨੂੰ ਲਾਲੇ ਦੇ ਹਾੜ੍ਹੇ ਕੱਢਣ ਦੇ ਦ੍ਰਿਸ਼ ਦੇਖਣ ਜਾਂਦਾ।

ਸਮਾਂ ਬੀਤਿਆ... ਮਾਂ ਤੇ ਮਾਮਿਆਂ ਨੇ ਰਲ ਕੇ ਮੇਰਾ ਵਿਆਹ ਕਰ ਦਿੱਤਾ। ਕਹਿੰਦੇ- 'ਕੁੜੀ ਦੇ ਭਰਾ ਅਮਰੀਕਾ ਵਿਚ ਨੇ, ਅੱਜ ਤੂੰ ਜਾਵੇਂਗਾ, ਕੱਲ੍ਹ ਨੂੰ ਆਪਣੇ ਮਾਮਿਆਂ ਦੇ ਪੁੱਤਾਂ ਨੂੰ ਸੱਦ ਲਵੇਂਗਾ।' ਮੈਂ ਵਿਆਹ ਕਰਵਾ ਲਿਆ। ਮੈਂ ਪੜ੍ਹਿਆ-ਲਿਖਿਆ ਸੀ, ਪਰ ਘਰਵਾਲੀ ਅਨਪੜ੍ਹ। ਬੱਸ ਮੇਲ ਇਸ ਕਰ ਕੇ ਹੋਇਆ ਕਿ ਉਸ ਦੇ ਭਰਾ ਅਮਰੀਕਾ ਸਨ। ਮੇਰੇ ਵਿਆਹ ਤੋਂ ਬਾਅਦ ਨਾਨਾ ਸਦਾ-ਸਦਾ ਲਈ ਤੁਰ ਗਿਆ। ਨਾਲ ਹੀ ਮਾਮਿਆਂ ਦਾ ਇਕੱਠ ਖਿੱਲਰ ਗਿਆ। ਉਨ੍ਹਾਂ ਦਾ ਹੁਣ ਆਉਣਾ-ਜਾਣਾ ਵੀ ਘੱਟ ਗਿਆ। ਇਕ ਤਾਂ ਉਨ੍ਹਾਂ ਦੀ ਆਪਣੀ ਕਬੀਲਦਾਰੀ ਵੱਡੀ ਹੋ ਗਈ ਸੀ; ਦੂਜਾ, ਮੈਂ ਆਪਣੇ ਪੈਰਾਂ 'ਤੇ ਖੜ੍ਹ ਚੁੱਕਾ ਸੀ। ਮਾਂ ਨੂੰ ਉਨ੍ਹਾਂ ਦੀ ਘਾਟ ਰੜਕਦੀ ਰਹਿੰਦੀ। ਉਹ ਬੂਹੇ ਵੱਲ ਤੱਕਦੀ ਰਹਿੰਦੀ। ਦੋਵੇਂ ਨੂੰਹ-ਸੱਸ ਰਲ-ਮਿਲ ਸਮਾਂ ਗੁਜ਼ਾਰ ਰਹੀਆਂ ਸਨ। ਮੈਂ ਆਪਣੀ ਕਮਾਈ ਵਿਚੋਂ ਪੰਜਵਾਂ ਹਿੱਸਾ ਪਿੰਡ ਹੀ ਦਾਨ ਕਰਨ ਲੱਗ ਪਿਆ ਸੀ। ਗੁਰਦੁਆਰੇ ਦੇ ਸਪੀਕਰ ਵਿਚੋਂ ਆਪਣਾ ਨਾਮ ਸੁਣਨ ਲਈ ਦਾਨ ਉਥੇ ਨਹੀਂ ਕਰਦਾ ਸੀ, ਸਗੋਂ ਜਿਹੜਾ ਬੰਦਾ ਗਰੀਬ ਸੀ, ਉਸ ਨੂੰ ਲੋੜ ਮੁਤਾਬਕ ਸੌਦਾ-ਪੱਤਾ ਲਿਆ ਦੇਣਾ, ਤੇ ਕਹਿਣਾ- 'ਭਰਾਵਾ ਕਿਸੇ ਕੋਲ ਗੱਲ ਨਾ ਕਰੀਂ ਕਿ ਮਾਸਟਰ ਨੇ ਸੌਦਾ-ਪੱਤਾ ਲਿਆ ਕੇ ਦਿੱਤਾ ਹੈ।' ਉਨ੍ਹਾਂ ਦਿਨਾਂ ਵਿਚ ਅੱਜ ਵਾਂਗ ਮਲੰਗ ਮੰਡਲੀ ਘੱਟ ਹੁੰਦੀ ਸੀ। ਜਿਹੜੇ ਸਾਧ-ਸੰਤ ਸੀ, ਉਹ ਵੀ ਦਾਨੀ ਤੇ ਠੰਢੇ ਸੁਭਾਓ ਦੇ ਮਾਲਕ ਸਨ।...

"ਫਿਰ ਤੁਸੀਂ ਅਮਰੀਕਾ ਕਿਵੇਂ ਆਏ?" ਮੈਂ ਵਿਚਕਾਰੋਂ ਟੋਕਦਿਆਂ ਪੁੱਛਿਆ।

... ਦਿਲ ਰੱਖ! ਸਭ ਕੁਝ ਦੱਸਦਾ ਹਾਂ।... ਪੰਜ ਸਾਲਾਂ ਵਿਚ ਦੋ ਮੁੰਡੇ ਹੋ ਗਏ। ਮਾਂ ਮੇਰੀ ਦਾਦੀ ਬਣ ਗਈ। ਉਸ ਦਾ ਚਾਅ ਚੱਕਿਆ ਨਹੀਂ ਸੀ ਜਾਂਦਾ। ਘਰਵਾਲੀ ਦੇ ਭਰਾ ਨੇ ਸਾਡੇ ਪੇਪਰ ਭਰੇ ਸਨ। ਉਹ ਵਾਰੀ ਮੁਤਾਬਕ ਸਾਡੇ ਬੂਹੇ ਪਹੁੰਚ ਗਏ। ਮਾਂ ਨੂੰ ਚਾਹ ਤਾਂ ਬਥੇਰਾ ਹੋਇਆ, ਪਰ ਪੋਤਿਆਂ ਦੇ ਵਿਛੋੜੇ ਦਾ ਦਰਦ ਉਸ ਦੇ ਮੁੱਖ ਤੋਂ ਸਾਫ ਦਿਖਾਈ ਦਿੰਦਾ ਸੀ। ਮੈਂ ਆਪਣੇ ਆਪ ਲਈ ਅਮਰੀਕਾ ਨਹੀਂ ਆਇਆ, ਮੈਂ ਤਾਂ ਉਨ੍ਹਾਂ ਗਰੀਬਾਂ ਦੇ ਜੁੜੇ ਹੋਏ ਹੱਥਾਂ ਨੂੰ ਆਪਣੇ ਗਲ ਦੁਆਲੇ ਪਾਉਣੇ ਚਾਹੁੰਦਾ ਸੀ। ਮਾਂ ਨੂੰ ਛੱਡ ਮੈਂ ਪਰਿਵਾਰ ਸਮੇਤ ਅਮਰੀਕਾ ਪਹੁੰਚ ਗਿਆ। ਨਵਾਂ ਦੇਸ਼ ਨਵੀਂ ਬੋਲੀ। ਇੰਜ ਲੱਗਦਾ ਸੀ ਜਿਵੇਂ ਨਵਾਂ ਜਨਮ ਹੋਇਆ ਹੋਵੇ। ਫਿਰ ਕਦੇ ਗੈਸ ਸਟੇਸ਼ਨ 'ਤੇ ਕੰਮ ਕੀਤਾ; ਕਦੇ ਟੈਕਸੀ ਚਲਾਉਣੀ। ਹੱਡ ਭੰਨਵੀਂ ਮਿਹਨਤ ਕਰ ਕੇ ਬੱਚੇ ਪੜ੍ਹਾ-ਲਿਖਾ ਲਏ। ਇਥੇ ਆ ਕੇ ਕਮਾਈ ਦਾ ਪੰਜਵਾਂ ਹਿੱਸਾ ਪਿੰਡ ਭੇਜਦਾ ਰਿਹਾ। ਕਈ ਵਾਰ ਮੈਂ ਵੀ ਬੇਸ਼ੱਕ ਤੰਗੀਆਂ-ਤੁਰਸੀਆਂ ਨਾਲ ਘੁਲਦਾ ਰਿਹਾ, ਪਰ ਮੇਰੀ ਇਹੀ ਕੋਸ਼ਿਸ਼ ਹੁੰਦੀ ਕਿ ਕਿਸੇ ਦੇ ਚੁੱਲ੍ਹੇ ਦੀ ਅੱਗ ਠੰਢੀ ਨਾ ਹੋਵੇ।

ਮਾਂ ਕੋਲ ਕਈ ਵਾਰ ਪਿੰਡ ਗੇੜਾ ਮਾਰ ਆਇਆ ਸੀ। ਉਹ ਨੂੰਹ ਤੇ ਪੋਤਿਆਂ ਨੂੰ ਮਿਲਣਾ ਚਾਹੁੰਦੀ ਸੀ। ਮੈਂ ਫਿਰ ਸਾਰਾ ਪਰਿਵਾਰ ਲੈ ਕੇ ਪਿੰਡ ਗਿਆ। ਮਾਂ ਪੂਰੀ ਖੁਸ਼। ਘਰ ਭਰਿਆ-ਭਰਿਆ ਲੱਗਦਾ ਸੀ। ਮਾਂ ਦੇ ਕਹਿਣ 'ਤੇ ਮੈਂ ਮਾਮਿਆਂ ਦੇ ਦੋ ਮੁੰਡਿਆਂ ਨੂੰ ਇਥੇ ਏਜੰਟਾਂ ਰਾਹੀਂ ਸੱਦ ਲਿਆ ਸੀ। ਮਾਂ ਅਤੇ ਆਪਣੇ ਸਿਰੋਂ ਉਨ੍ਹਾਂ ਦਾ ਸਾਡੇ ਵੱਲ ਚੜ੍ਹਿਆ ਕਰਜ਼ਾ ਥੋੜ੍ਹਾ-ਬਹੁਤਾ ਮੈਂ ਉਤਾਰ ਦਿੱਤਾ ਸੀ। ਵਾਪਿਸ ਆਉਣ ਤੋਂ ਪੰਜ ਦਿਨ ਪਹਿਲਾਂ ਮਾਂ ਪੂਰੀ ਹੋ ਗਈ। ਆਪਣੇ ਹੱਥੀਂ ਮਾਂ ਦਾ ਸਸਕਾਰ ਕਰ ਦਿੱਤਾ, ਫਿਰ ਸ਼ਰੀਕਾ-ਕਬੀਲਾ ਕਹੇ- 'ਪੋਤਿਆਂ ਵਾਲੀ ਹੋ ਕੇ ਤੁਰੀ ਹੈ, ਜਲੇਬੀਆਂ ਤਾਂ ਬਣਦੀਆਂ ਨੇ।' ਪਿੰਡ ਦੀਆਂ ਸਮਾਜਕ ਪਾਰਟੀਆਂ ਆ ਗਈਆਂ ਕਿ ਮਾਂ ਦੇ ਭੋਗ 'ਤੇ ਪਿੰਡ ਵਾਸਤੇ ਕੀ ਦੇਵੋਂਗੇ? ਮਾਮੇ ਕਹਿੰਦੇ- 'ਆਪਣੀ ਮਰਜ਼ੀ ਦੇਖ।' ਮੈਂ ਹਲਵਾਈ ਸੱਦਿਆ। ਉਸ ਤੋਂ ਸਾਰੇ ਪਕਵਾਨਾਂ ਦਾ ਹਿਸਾਬ ਕਿਤਾਬ ਲਾ ਕੇ ਤੋਰ ਦਿੱਤਾ। ਪਰਿਵਾਰ ਨਾਲ ਰਾਇ ਕਰ ਕੇ, ਦਾਨ ਦੀ ਰਕਮ ਜੋੜ ਲਈ। ਮਾਂ ਦੇ ਭੋਗ 'ਤੇ ਦਾਲ-ਰੋਟੀ ਖੁਆਈ, ਕੋਈ ਰੁਪਈਆ ਦਾਨ ਨਾ ਕੀਤਾ। ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ ਚਲੇ ਗਏ। ਮੈਂ ਭੋਗ ਤੋਂ ਬਾਅਦ ਘਰਵਾਲੀ ਤੇ ਬੱਚੇ ਵਾਪਸ ਤੋਰ ਦਿੱਤੇ। ਜਿੰਨਾ ਖਰਚਾ ਮਾਂ ਦੇ ਭੋਗ 'ਤੇ ਜਲੇਬੀਆਂ ਅਤੇ ਦਾਨ ਕਰਨ ਦਾ ਆਉਣ ਸੀ, ਉਨੇ ਪੈਸੇ ਇਕੱਠੇ ਕਰ ਕੇ, ਨਾਲੇ ਵਿਚ ਹੋਰ ਰੁਪਏ ਪਾ ਲਏ। ਜਿਹੜੇ ਘਰ ਗਰੀਬ ਸਨ, ਉਨ੍ਹਾਂ ਦਾ ਮੈਨੂੰ ਪਤਾ ਸੀ। ਦੋ-ਤਿੰਨਾਂ ਘਰਾਂ ਵਿਚ ਤਾਂ ਛੱਤ ਹੀ ਨਹੀਂ ਸੀ, ਉਨ੍ਹਾਂ ਨੂੰ ਛੱਤ ਪੁਆ ਦਿੱਤੀ। ਕਿਸੇ ਨੂੰ ਇਲਾਜ ਲਈ ਪੈਸੇ ਦੇ ਦਿੱਤੇ, ਕਿਸੇ ਨੂੰ ਸੌਦਾ-ਪੱਤਾ ਲਿਆ ਦਿੱਤਾ।

ਮਾਂ ਦੇ ਭੋਗ 'ਤੇ ਮੁੜਦੇ ਲੋਕਾਂ ਨੇ ਇਹੀ ਕਹਿਣਾ ਸੀ- 'ਦਾਲ ਵਿਚ ਲੂਣ ਜ਼ਿਆਦਾ ਸੀ, ਸਬਜ਼ੀ ਵਿਚ ਲੂਣ ਘੱਟ ਸੀ, ਜਲੇਬੀਆਂ ਨੂੰ ਚਾਣੀ (ਚਾਸ਼ਣੀ) ਬਾਹਲੀ ਲੱਗੀ ਸੀ', ਪਰ ਜੋ ਮੈਂ ਮਾਂ

*(ਬਾਕੀ ਅਗਲੇ ਸਫੇ 'ਤੇ)*

## ਵੀਰ ਦੇ ਨਾਂ ਖਤ

ਵੀਰ ਤੂੰ ਵਾਅਦਾ ਕੀਤਾ ਸੀ
ਆ ਕੇ ਰੱਖੜੀ ਬੰਨ੍ਹਾਵਾਂਗਾ
'ਮੈਨੂੰ ਮੇਚਾ ਦੱਸ ਆਪਣਾ
ਤੇਰੇ ਲਈ ਸੂਟ ਲਿਆਵਾਂਗਾ।'
ਕਿੰਨੇ ਸਾਲ ਬੀਤ ਗਏ
ਵੀਰ ਤੂੰ ਨਹੀਂ ਆਇਆ
ਤੂੰ ਤੇ 'ਆਜ਼ਾਦ' ਹਵਾ ਸੈਂ
ਤੈਨੂੰ ਕਿਸ ਨੇ ਪਿੰਜਰੇ ਪਾਇਆ?

ਹਰ ਸਾਲ ਮੈਂ ਤੇਰੇ ਲਈ
ਰੱਖੜੀ ਖਰੀਦ ਲੈਂਦੀ ਹਾਂ
ਤੇਰੀ ਫੋਟੋ ਅੱਗੇ ਰੱਖ ਕੇ
ਰੋ-ਰੋ ਕੇ ਕਹਿੰਦੀ ਹਾਂ-
ਵੀਰ ਤੂੰ ਮੇਰੇ ਨਾਲ
ਇੰਨਾ ਧੋਖਾ ਕਿਉਂ ਕੀਤਾ?
ਦਿਲ ਦੀ ਗੱਲ ਨਾ ਦੱਸੀ
ਤੁਰ ਗਿਆ ਚੁੱਪ-ਚੁਪੀਤਾ।

ਅੱਜ ਵੀ ਬਚਪਨ ਦੀਆਂ ਯਾਦਾਂ
ਲੈ ਕੋਠੇ 'ਤੇ ਬਹਿੰਦੀ ਹਾਂ
ਫਿਰਨੀ ਵੱਲ ਰਾਹ ਤੱਕਦੀ
ਬੀਬੀ (ਮਾਂ) ਨੂੰ ਕਹਿੰਦੀ ਹਾਂ
ਆਖ਼ਰੀ ਬੱਸ ਲੰਘ ਗਈ
ਅਜੇ ਵੀਰ ਨਹੀਂ ਆਇਆ
ਪੂਰਨ ਡਾਕੀਆ ਤੁਰ ਗਿਆ
ਕੋਈ ਖਤ ਨਹੀਂ ਫੜਾਇਆ।

ਫਿਰ ਕਿਰਾਏ 'ਤੇ ਸਾਇਕਲ ਲੈ
ਵੀਰ ਦਾ ਘਰ ਆ ਜਾਣਾ
ਬੀਬੀ ਦੀ ਕਾੜ੍ਹੀ ਖੀਰ ਦਾ
ਛੰਨਾ ਭਰ ਕੇ ਖਾਣਾ
ਬੈਗ ਵਿਚੋਂ ਕੱਢ ਕੇ ਕੱਪੜੇ
ਕੱਲ੍ਹ ਨੂੰ ਧੋਣ ਲਈ ਕਹਿਣਾ
ਵੀਰ ਦੇ ਕੱਪੜੇ ਲੱਗਦੇ ਸੀ
ਮੈਨੂੰ ਸੋਨੇ ਦਾ ਗਹਿਣਾ।

ਦੇਰ ਰਾਤ ਤੱਕ ਬੀਬੀ
ਸੀ ਚਰਖਾ ਕੱਤਦੀ
ਜਾਂ ਪਿੰਜਾਏ ਰੂੰ ਦੀਆਂ
ਸੀ ਪੂਣੀਆਂ ਵੱਟਦੀ
ਵੀਰ ਭਗਤ ਸਿੰਘ ਤੇ ਸਰਾਭੇ ਦੀਆਂ
ਗੱਲਾਂ/ਕਹਾਣੀਆਂ ਸੁਣਾਉਂਦਾ
ਲਾਗੇ ਮੰਜੇ 'ਤੇ ਭਾਅ (ਪਿਤਾ ਜੀ)
ਹੀਰ ਤੇ ਪੂਰਨ ਭਗਤ ਗਾਉਂਦਾ।

ਸਾਡੇ ਘਰ ਵਿਚ ਕਾਲੀ ਰਾਤ
ਪੂਰਨਮਾਸ਼ੀ ਸੀ ਲੱਗਦੀ
ਵੱਡੇ ਵੀਰ ਦੇ ਮੱਥੇ ਵਿਚ
ਕੋਈ ਜੋਤ ਸੀ ਜਗਦੀ
ਉਸ ਰੋਸ਼ਨੀ ਸਹਾਰੇ ਅਸੀਂ
ਹਨੇਰੇ ਚੀਰਦੇ ਗਏ
ਤੇ ਜ਼ਿੰਦਗੀ ਦੀਆਂ ਰਾਹਾਂ ਦੇ
ਵੱਖ-ਵੱਖ ਮੱਲ ਲਏ ਪਹੇ।

ਮੈਨੂੰ ਯਾਦ ਹੈ ਅੱਜ ਵੀ
ਮੇਰਾ ਚੁੱਪ-ਚੁੱਪ ਰਹਿਣਾ
'ਤੈਨੂੰ ਕਿਸੇ ਕੁਝ ਕਿਹਾ'
ਵੀਰ ਦਾ ਵਾਰ-ਵਾਰ ਕਹਿਣਾ
ਕਿਵੇਂ ਬਿਨਾਂ ਕੁਝ ਕਿਹਾਂ
'ਉਸ' ਮੇਰੀ ਊਣ ਨੂੰ ਮਾਪਿਆ
ਤੇ ਮੇਰੇ ਮੱਥੇ ਤੋਂ ਪੂੰਝ ਦਿੱਤਾ
ਮੇਰਾ ਲੇਖ ਸਰਾਪਿਆ।

ਸਭ ਨੂੰ ਉਡਣਾ ਸਿਖਾ ਕੇ 'ਉਹ'
ਧਰਤੀ ਤੋਂ ਦੇਖਦਾ ਰਿਹਾ
ਸਭ ਦਾ ਕੱਦ-ਬੁੱਤ ਘੜਦਾ
ਨਾ ਕਿਸੇ ਦੇ ਮੇਚ ਦਾ ਰਿਹਾ
ਅਸੀਂ ਜ਼ਿੰਦਗੀ ਜਿਉਣ ਲੱਗੇ
'ਉਹ' ਜ਼ਿੰਦਗੀ ਨਾਲ ਲੜਨ ਲੱਗਾ
ਅਸੀਂ ਮਜ਼ਬੂਤ ਹੁੰਦੇ ਗਏ
ਉਹ ਪੋਟਾ-ਪੋਟਾ ਖਰਨ ਲੱਗਾ।

ਕਦੀ ਕਦੀ ਇੰਜ ਲੱਗੇ
ਵੀਰ ਉਚੀ-ਉਚੀ ਹੱਸਦਾ
ਕਿੱਲ ਨਾਲੋਂ ਲਾਹ ਕੇ ਰੱਖੜੀ
ਬੜੇ ਮਾਣ ਨਾਲ ਦੱਸਦਾ
ਤੈਨੂੰ ਪਤਾ ਤੇਰੀ ਹਰ ਚੀਜ਼
ਮੈਂ ਸੰਭਾਲ ਕੇ ਰੱਖਦਾ
ਤੂੰ ਕਿੰਨੀ ਮੂਰਖ ਤੇ ਸਿਆਣੀ ਏਂ
ਮੈਂ ਸਭ ਨੂੰ ਫਿਰਾਂ ਦੱਸਦਾ।

ਵੀਰ ਇਸ ਰੱਖੜੀ ਮਹੀਨੇ
ਮੇਰਾ ਦਿਲ ਨਹੀਂ ਲੱਗਦਾ
ਤੇਰੇ ਆਉਣ ਦਾ ਵਾਅਦਾ
ਭੁਲੇਖੇ ਪਾ-ਪਾ ਠੱਗਦਾ
ਐਵੇਂ ਕਮਲਿਆਂ ਵਾਂਗੂ
ਖੁਦ ਨਾਲ ਗੱਲਾਂ ਕਰਦੀ ਹਾਂ
ਤੇਰੇ ਤੋਂ ਦੂਰ ਕਿਉਂ ਆਈ
ਆਪਣੇ ਸਿਰ ਦੋਸ਼ ਮੜ੍ਹਦੀ ਹਾਂ।

ਵੀਰ ਤੇਰੇ ਘਰ ਦੀ ਮਿੱਟੀ 'ਤੇ
ਹੁਣ ਮੇਰਾ ਨਾਮ ਨਹੀਂ ਰਿਹਾ
'ਤੂੰ' ਤਕਸੀਮ ਹੋ ਗਿਆ
ਬਾਕੀ ਕੁਝ ਨਹੀਂ ਰਿਹਾ
ਮੈਂ ਬੁੱਕ-ਬੁੱਕ ਹੰਝੂ ਪੀ ਕੇ
ਇਹ ਦੁੱਖ ਜਰਦੀ ਹਾਂ
ਤੇਰੀਆ ਯਾਦਾਂ ਜਗੀਰ ਨੂੰ
ਰਹਿੰਦੀ ਵਾੜ ਕਰਦੀ ਹਾਂ।

ਬੜਾ ਚਿਰ ਹੋਇਆ ਦਿਲ ਕਰਦਾ
ਰੱਜ-ਰੱਜ ਕੇ ਗੱਲਾਂ ਕਰਾਂ
ਕਦੀ ਖੁੱਲ੍ਹ ਕੇ ਹੱਸਾਂ
ਕਦੀ ਵੀਰ ਤੋਂ ਡਰਾਂ
ਵੀਰ ਦਏ ਮੈਨੂੰ ਝਿੜਕਾਂ
ਤੇ ਮੈਂ ਰੁੱਸ ਜਾਵਾਂ
ਫਿਰ ਵੀਰ ਮਨਾਏ ਮੈਨੂੰ
ਜਿਵੇਂ ਮਨਾਉਂਦੀਆਂ ਮਾਂਵਾਂ।
ਵੀਰ ਤੈਨੂੰ ਪਤਾ ਤੂੰ ਮੇਰਾ
ਇਕ ਪਾਸਾ ਮਾਰ ਦਿੱਤਾ ਏ
ਚੰਦ-ਤਾਰੇ ਗਿਣਦੀ ਰਹਿੰਦੀ ਸਾਂ
ਹਨੇਰਾ ਪਸਾਰ ਦਿੱਤਾ ਏ
ਤੇਰਾ ਸ਼ਹਿਰ ਹੁਣ ਮੇਰੇ ਲਈ
ਕਬਰਸਤਾਨ ਹੋ ਗਿਆ ਏ
ਬੁਝ ਗਈ ਰੋਸ਼ਨੀ
ਸ਼ਮਸ਼ਾਨ ਹੋ ਗਿਆ ਏ।

ਵੀਰ ਜਦ ਵੀ ਉਸ ਸ਼ਹਿਰ ਦਾ
ਕੋਈ ਨਾਂ ਏ ਲੈਂਦਾ
ਦਿਲ ਵਿਚੋਂ ਚੀਸ ਏ ਉਠਦੀ
ਅੱਖਾਂ 'ਚੋਂ ਖੂਨ ਏ ਵਹਿੰਦਾ
ਮੈਂ ਕਦੀ ਵੀ ਮੁੜ ਕੇ
ਪਟਿਆਲੇ ਸ਼ਹਿਰ ਨਹੀਂ ਗਈ
ਤੇਰੀ ਅਣਹੋਂਦ ਮੈਥੋਂ ਜਾਏ ਨਾ ਸਹੀ।
ਉਸ ਸ਼ਹਿਰ ਨੇ ਹੀ ਮੇਰੀ
ਹੋਂਦ ਘੜੀ ਸੀ
ਉਸ ਸ਼ਹਿਰ ਸੁਪਨਿਆਂ ਨੇ
ਪਰਵਾਜ਼ ਭਰੀ ਸੀ
ਦੁਨੀਆਂ ਕਿੰਨੀ ਰੋਸ਼ਨ ਏ
ਮੈਂ ਉਸ ਸ਼ਹਿਰ ਵਿਚ ਦੇਖੀ
ਉਸ ਸ਼ਹਿਰ ਵਿਚ ਉਂਗਲਾਂ ਨੇ
ਪ੍ਰੋਏ ਅੱਖਰਾਂ ਦੇ ਮੋਤੀ।

ਵੀਰ ਮੈਨੂੰ ਪਤਾ ਮੇਰਾ ਇਹ ਖਤ
ਤੂੰ ਕਦੀ ਨਹੀਂ ਪੜ੍ਹਨਾ
'ਤੂੰ ਕਵਿਤਾਵਾਂ ਦੇ ਕਿਉਂ ਲਿਖਦੀ ਏਂ'
ਮੇਰੇ ਨਾਲ ਨਹੀਂ ਲੜਨਾ।
ਫਿਰ ਵੀ ਖਤ ਲਿਖ-ਲਿਖ ਕੇ
ਆਪਣਾ ਸਾਰਾ ਹਾਲ ਸੁਣਾਵਾਂਗੀ
ਸਾਰੇ ਗਿਲੇ ਮਿਟਾਵਾਂਗੀ
ਇਕ ਦਿਨ ਤੇਰੇ ਕੋਲ ਆਵਾਂਗੀ।

*-ਦਵਿੰਦਰ ਕੌਰ ਗੁਰਾਇਆ*
*ਫੋਨ: 571-315-9543*


### ਬਰਸੀ 'ਤੇ

**ਡਾ. ਨਿਰਮਲ ਸਿੰਘ ਆਜ਼ਾਦ ਨੂੰ**

ਵੀਰ! ਤੇਰੇ ਤੋਂ ਬਾਅਦ ਜੋ ਜ਼ਖਮ ਲੱਗੇ
ਮੈਂ ਪੋਟੇ ਵਿੰਨ੍ਹ-ਵਿੰਨ੍ਹ ਸੀਅ ਰਹੀ ਹਾਂ
ਤੂੰ ਕਦੀ ਮੇਰੀ ਹੋਂਦ 'ਚੋਂ
ਮਨਫ਼ੀ ਨਹੀਂ ਹੋਵੇਂਗਾ
ਮੈਂ ਆਪਣੇ ਸਾਹਾਂ ਨਾਲ
ਤੈਨੂੰ ਵੀ ਜੀਅ ਰਹੀ ਹਾਂ।

# ਢਾਡੀ ਸੀਤਲ ਦੇ ਹੋਣਹਾਰ ਸ਼ਾਗਿਰਦ ਕੁਲਵੰਤ ਸਿੰਘ ਬੀ.ਏ.

ਨਾਮਵਰ ਤੇ ਵਿਦਵਾਨ ਢਾਡੀ ਕੁਲਵੰਤ ਸਿੰਘ ਬੀ.ਏ. ਦਾ ਜਨਮ ਸਰਲੀ ਕਲਾਂ ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ) ਵਿਖੇ 15 ਸਤੰਬਰ 1936 ਨੂੰ ਸ. ਪ੍ਰੀਤਮ ਸਿੰਘ ਅਤੇ ਗੁਰਬਚਨ ਕੌਰ ਦੇ ਘਰੇ ਹੋਇਆ। ਉਹ ਅਜੇ ਪੰਜਵੀਂ ਵਿਚ ਹੀ ਪੜ੍ਹਦੇ ਸਨ, ਜਦੋਂ ਦੇਸ਼ ਦੀ ਵੰਡ ਹੋ ਗਈ। ਉਹ ਪਰਿਵਾਰ ਸਮੇਤ ਆਪਣੇ ਜੱਦੀ ਪਿੰਡ ਸਰਲੀ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਆ ਗਏ, ਤੇ ਖਡੂਰ ਸਾਹਿਬ ਦੇ ਸਕੂਲ ਵਿਚ ਪੰਜਵੀਂ ਵਿਚ ਦਾਖ਼ਲ ਹੋ ਗਏ। ਖਡੂਰ ਸਾਹਿਬ ਦੇ ਹੋਲੇ ਮਹੱਲੇ 'ਤੇ ਪਹਿਲੀ ਵਾਰ ਸੋਹਣ ਸਿੰਘ ਸੀਤਲ ਨੂੰ ਸੁਣਿਆ ਤੇ ਕੀਲੇ ਗਏ। ਦਿਲ ਵਿਚ ਅਹਿਸਾਸ ਜਾਗਿਆ ਕਿ ਸੀਤਲ ਜੀ ਵਰਗਾ ਬਣਾਂ, ਤੇ ਸਟੇਜ ਉਤੇ ਬੋਲਾਂ। ਇਸ ਚਾਹ ਨੇ



**ਜਸਵੰਤ ਸਿੰਘ ਸੰਧੂ ਘਰਿੰਡਾ**
ਫੋਨ: 510-516-5971

ਉਨ੍ਹਾਂ ਨੂੰ ਸੋਹਣ ਸਿੰਘ ਸੀਤਲ ਦੁਆਰਾ ਲਿਖਿਆ ਸਿੱਖ ਇਤਿਹਾਸ ਪੜ੍ਹਨ ਦੀ ਲਗਨ ਲਾਈ। ਉਨ੍ਹਾਂ ਸਭ ਤੋਂ ਪਹਿਲਾਂ 'ਸੀਤਲ ਸੁਨੇਹੇ', 'ਸੀਤਲ ਕਿਰਨਾਂ', 'ਸਿੱਖ ਰਾਜ ਕਿਵੇਂ ਬਣਿਆ', 'ਸਿੱਖ ਰਾਜ ਕਿਵੇਂ ਗਿਆ' ਅਤੇ 'ਦੁਖੀਏ ਮਾਂ-ਪੁੱਤ' ਆਦਿ ਕਿਤਾਬਾਂ ਅੰਮ੍ਰਿਤਸਰੋਂ ਲਿਆ ਕੇ ਪੜ੍ਹੀਆਂ।

ਸ਼ਿਮਲੇ ਦੇ ਭਾਰਗਵ ਮਿਉਂਸਿਪਲ ਕਾਲਜ ਤੋਂ ਖੇਤੀਬਾੜੀ ਵਿਚੋਂ ਗ੍ਰੈਜੂਏਸ਼ਨ ਕਰ ਕੇ ਖੇਤੀਬਾੜੀ ਇੰਸਪੈਕਟਰ ਬਣ ਗਏ। ਹਰ ਸਾਲ ਪਹਿਲੀ ਜੇਠ ਨੂੰ ਪਿੰਡ ਸਰਲੀ ਕਲਾਂ ਵਿਚ ਜੋੜ ਮੇਲਾ ਲਗਦਾ ਸੀ। ਵਿਦਵਾਨ ਢਾਡੀ ਸ. ਪਿਆਰਾ ਸਿੰਘ ਪੰਛੀ ਇਸ ਜੋੜ ਮੇਲੇ 'ਤੇ ਆਉਂਦੇ ਹੁੰਦੇ ਸਨ। ਚੰਗੇ ਪੜ੍ਹੇ-ਲਿਖੇ ਹੋਣ ਕਰ ਕੇ ਪਿੰਡ ਵਾਲਿਆਂ ਨੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਕੁਲਵੰਤ ਸਿੰਘ ਦੀ ਲਾ ਦਿੱਤੀ। ਸ. ਪੰਛੀ ਨੇ ਇਨ੍ਹਾਂ ਦੀ ਬੋਲਣ ਕਲਾ ਦੀ ਸਟੇਜ ਤੋਂ ਤਾਰੀਫ ਕੀਤੀ। ਇਸ ਨਾਲ ਇਨ੍ਹਾਂ ਨੂੰ ਹੋਰ ਉਤਸ਼ਾਹ ਮਿਲਿਆ। ਬਾਅਦ ਵਿਚ ਕੁਲਵੰਤ ਸਿੰਘ ਨੇ ਸ. ਪੰਛੀ ਨਾਲ ਮੇਲ-ਮਿਲਾਪ ਰੱਖਿਆ ਤੇ ਢਾਡੀ ਕਲਾ ਅਪਨਾਉਣ ਦਾ ਪੱਕਾ ਮਨ ਬਣਾ ਲਿਆ।

ਇਸ ਦੇ ਨਾਲ ਹੀ ਉਨ੍ਹਾਂ ਸੀਤਲ ਸਾਹਿਬ ਦੁਆਰਾ ਰਚਿਆ ਸਾਰਾ ਸਾਹਿਤ ਪੜ੍ਹਿਆ ਤੇ ਉਨ੍ਹਾਂ ਨੂੰ ਆਪਣਾ ਉਸਤਾਦ ਧਾਰ ਲਿਆ। ਸ. ਪਿਆਰਾ ਸਿੰਘ ਪੰਛੀ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਖਾਈ ਵਿਖੇ ਦੀਵਾਨ ਕਰਨ ਗਏ। ਦੀਵਾਨ ਛੇ ਦਿਨ ਚੱਲਣਾ ਸੀ। ਇਕ ਦਿਨ ਉਹ ਸਾਥੀਆਂ ਸਮੇਤ ਸਵਖਤੇ ਖੇਤਾਂ ਵੱਲ ਜੰਗਲ ਪਾਣੀ ਗਏ, ਸੱਪ ਨੇ ਡੱਸ ਲਿਆ। ਬੜਾ ਇਲਾਜ ਕੀਤਾ, ਪਰ ਉਹ ਬਚ ਨਾ ਸਕੇ ਅਤੇ 13 ਅਗਤਸਰ 1965 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਸ. ਪੰਛੀ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਸਾਥੀ ਸ਼ਾਮ ਸਿੰਘ ਦਬੁਰਜੀ, ਸਵਰਨ ਸਿੰਘ ਦਬੁਰਜੀ ਤੇ ਸਾਰੰਗੀ ਮਾਸਟਰ ਪੂਰਨ ਸਿੰਘ ਅਲਾਦੀਨਪੁਰ (ਨੇੜੇ ਤਰਨ ਤਾਰਨ) ਰਲ ਕੇ ਕੁਲਵੰਤ ਸਿੰਘ ਬੀ.ਏ. ਕੋਲ ਆਏ, ਤੇ ਆਪਣਾ ਜਥੇਦਾਰ ਬਣਨ ਦੀ ਬੇਨਤੀ ਕੀਤੀ। ਪਹਿਲਾ ਦੀਵਾਨ ਇਨ੍ਹਾਂ ਨੇ ਮਲੋਟ ਕਰਨਾ ਸੀ। ਬੀ.ਏ. ਦੇ ਇਕ ਸਾਥੀ ਸਵਰਨ ਸਿੰਘ ਦਬੁਰਜੀ ਨੇ ਦੱਸਿਆ ਕਿ ਪਹਿਲਾ ਦੀਵਾਨ ਹੋਣ ਕਰ ਕੇ ਉਹ ਕੁਝ ਝਿਜਕਦੇ ਸਨ, ਪਰ ਜਦੋਂ ਸਟੇਜ 'ਤੇ ਬੋਲੇ, ਤਾਂ ਸੰਗਤ ਨੇ ਬੜਾ ਸਲਾਹਿਆ। ਪ੍ਰਸ਼ੰਸਾ ਮਿਲਣ ਨਾਲ ਇਨ੍ਹਾਂ ਦਾ ਸਵੈ-ਵਿਸ਼ਵਾਸ ਵਧ ਗਿਆ। ਲੋਕ ਧਾਰਮਿਕ ਦੀਵਾਨਾਂ 'ਤੇ ਬੁਲਾਉਣ ਲੱਗ ਪਏ। ਇਉਂ ਇਹ ਪੱਕੇ ਢਾਡੀ ਬਣ ਗਏ ਤੇ ਨੌਕਰੀ ਛੱਡ ਦਿੱਤੀ। ਉਹ ਸਿੱਖ ਇਤਿਹਾਸ ਨੂੰ ਤੱਥਾਂ ਦੇ ਆਧਾਰ 'ਤੇ ਪੇਸ਼ ਕਰਦੇ। ਉਨ੍ਹਾਂ ਦੀ ਸ਼ਬਦ ਚੋਣ ਤੇ ਉਚਾਰਨ ਅਛੋਪਲੇ ਹੀ ਸਰੋਤਿਆਂ ਦੇ ਦਿਲ ਵਿਚ ਖੁਭ ਜਾਂਦੇ। ਪੜ੍ਹੇ-ਲਿਖੇ ਲੋਕਾਂ ਦੇ ਦਿਲਾਂ ਵਿਚ ਉਨ੍ਹਾਂ ਖਾਸ ਸਥਾਨ ਬਣਾ ਲਿਆ। ਸੰਗਤ ਨੂੰ ਜਦੋਂ ਕਦੇ ਉਨ੍ਹਾਂ ਦੇ ਕਿਸੇ ਦੀਵਾਨ 'ਚ ਆਉਣ ਦਾ ਪਤਾ ਲੱਗ ਜਾਂਦਾ, ਤਾਂ ਉਹ ਆਪਣੇ ਕੰਮ ਛੱਡ ਕੇ ਦੀਵਾਨ ਸੁਣਦੇ। ਉਹ ਹਰ ਮੱਸਿਆ 'ਤੇ ਅਕਾਲ ਤਖਤ ਦੇ ਢਾਡੀ ਦੀਵਾਨ 'ਚੋਂ ਆਉਂਦੇ ਸਨ। ਮੈਂ ਵੀ ਹਰ ਮੱਸਿਆ ਸਕੂਲੋਂ ਛੁੱਟੀ ਲੈ ਕੇ ਉਨ੍ਹਾਂ ਨੂੰ ਸੁਣਨ ਜਾਣਾ।

ਈਰਖਾ ਮਨੁੱਖੀ ਸੁਭਾਅ ਹੈ। ਸਮਕਾਲੀ ਢਾਡੀ ਜਥੇ ਇਨ੍ਹਾਂ ਨਾਲ ਈਰਖਾ ਕਰਨ ਲੱਗ ਪਏ। ਅਕਾਲ ਤਖਤ ਦੇ ਦੀਵਾਨ ਵਿਚ ਸੰਗਤ ਆਪ ਨੂੰ ਉਡੀਕਦੀ ਰਹਿੰਦੀ ਸੀ। ਜਦ ਉਨ੍ਹਾਂ ਆ ਕੇ ਸਟੇਜ 'ਤੇ ਬੈਠ ਜਾਣਾ ਤਾਂ ਸੰਗਤ ਨੇ ਸਟੇਜ ਸਕੱਤਰ ਨੂੰ ਸਿਫਾਰਸ਼ਾਂ ਕਰਨੀਆਂ ਕਿ ਬੀ.ਏ. ਸਾਹਿਬ ਦੇ ਜਥੇ ਨੂੰ ਲਾਓ। ਦੂਜੇ ਢਾਡੀਆਂ ਦਾ ਇਲਜ਼ਾਮ ਸੀ ਕਿ ਬੀ.ਏ. ਨੇ ਸੰਗਤ ਦੇ ਕੁਝ ਬੰਦਿਆਂ ਨੂੰ ਸਿਖਾਇਆ ਹੁੰਦਾ ਹੈ ਕਿ ਉਹ ਉਸ ਦੇ ਜਥੇ ਦੀ ਮੰਗ ਕਰਨ। ਜਦ ਬੀ.ਏ. ਨੂੰ ਇਸ ਇਲਜ਼ਾਮ ਦਾ ਇਲਮ ਹੋਇਆ ਤਾਂ ਉਨ੍ਹਾਂ ਨੂੰ ਬੜਾ ਦੁਖ ਹੋਇਆ। ਉਨ੍ਹਾਂ ਸਟੇਜ ਤੋਂ ਇਸ ਇਲਜ਼ਾਮ ਦਾ ਜ਼ਿਕਰ ਕੀਤਾ ਤੇ ਆਪਣੀ ਗੱਲ ਸਾਫ-ਸਾਫ ਰੱਖੀ।

ਮੈਂ ਅਟਾਰੀ ਲਾਗੇ ਕਾਉਂਕੇ (ਅੰਮ੍ਰਿਤਸਰ) ਪਿੰਡ ਅਧਿਆਪਕ ਸਾਂ। ਪਿੰਡ ਵਿਚ ਪੰਜ ਅੱਸੂ ਨੂੰ ਕਿਸੇ ਸੰਤ ਦੀ ਯਾਦ ਵਿਚ ਸਾਲਾਨਾ ਮੇਲਾ ਲਗਦਾ ਸੀ। ਢਾਡੀ, ਕਵੀਸ਼ਰ ਤੇ ਰਾਗੀ ਬਿਨਾਂ ਬੁਲਾਏ ਉਸ ਮੇਲੇ 'ਤੇ ਆ ਕੇ ਕੀਰਤਨ ਕਰਦੇ ਸਨ, ਪਰ ਉਨ੍ਹਾਂ ਦਾ ਸਿੱਖ ਇਤਿਹਾਸ ਬਾਰੇ ਗਿਆਨ ਸੀਮਤ ਹੁੰਦਾ। ਮੈਂ ਬਾਪੂ ਸੀਤਲ ਵਰਗੇ ਵਿਦਵਾਨ ਨੂੰ ਸੁਣਿਆ ਹੋਇਆ ਸੀ। ਮੈਂ ਪਿੰਡ ਦੇ ਪੜ੍ਹੇ-ਲਿਖੇ ਬੰਦਿਆਂ ਨਾਲ ਗੱਲ ਕੀਤੀ, ਕਿ ਕਿਉਂ ਨਾ ਕੋਈ ਵਿਦਵਾਨ ਢਾਡੀ ਜੋੜ ਮੇਲੇ 'ਤੇ ਸੱਦਿਆ ਕਰੀਏ। ਉਹ ਸਹਿਮਤ ਹੋ ਗਏ, ਤੇ ਇਸ ਕੰਮ ਦੀ ਮੇਰੀ ਡਿਊਟੀ ਲਾ ਦਿੱਤੀ। ਮੈਂ ਪਹਿਲੀ ਵਾਰ ਕੁਲਵੰਤ ਸਿੰਘ ਬੀ.ਏ. ਨੂੰ ਸੱਦਿਆ। ਉਸ ਵਕਤ ਉਨ੍ਹਾਂ ਦੇ ਜਥੇ ਦੇ ਸਾਥੀ ਸਨ- ਸ਼ਾਮ ਸਿੰਘ ਦਬੁਰਜੀ, ਸਵਰਨ ਸਿੰਘ ਦਬੁਰਜੀ ਤੇ ਸਾਰੰਗੀ ਮਾਸਟਰ ਦਲੀਪ ਸਿੰਘ ਗੋਰੇ ਨੰਗਲ। ਇਹ ਜਥਾ ਪੰਜਾਬ ਵਿਚ ਨਾਮਣਾ ਖੱਟ ਚੁੱਕਾ ਸੀ। ਬੀ.ਏ. ਸਾਹਿਬ ਨੇ ਪਹਿਲੀ ਵਾਰ ਸਟੇਜ ਤੋਂ ਸ਼ਾਮ ਸਿੰਘ ਅਟਾਰੀ ਦੀ ਵਾਰ ਸੁਣਾਈ, ਤੇ ਦੱਸਿਆ ਕਿ ਕਿਵੇਂ ਸ਼ਾਮ ਸਿੰਘ ਦੇ ਵਡੇਰੇ ਜੈਸਲਮੇਰ (ਰਾਜਸਥਾਨ) ਤੋਂ ਆਏ ਅਤੇ ਪਿੰਡ ਕਾਉਂਕੇ ਕਲਾਂ (ਲੁਧਿਆਣਾ) ਵਸਾਇਆ। ਸਿੱਖ ਰਾਜ ਦੀ ਚੜ੍ਹਦੀ ਕਲਾ ਨੂੰ ਵੇਖ ਕੇ ਸ. ਸ਼ਾਮ ਸਿੰਘ ਦੇ ਬਜ਼ੁਰਗਾਂ ਕੌਰਾ ਤੇ ਗੌਰਾ ਕਿਵੇਂ ਅੰਮ੍ਰਿਤ ਛਕ ਕੇ ਕੌਰਾ ਤੋਂ ਕੌਰ ਸਿੰਘ ਤੇ ਗੌਰਾ ਤੋਂ ਗੌਰ ਸਿੰਘ ਬਣੇ। ਕਾਉਂਕੇ ਕਲਾਂ (ਲੁਧਿਆਣਾ) ਛੱਡ ਕੇ ਅਟਾਰੀ ਲਾਗੇ ਪਿੰਡ ਕਾਉਂਕੇ ਵਸਾਇਆ। ਆਪਣੇ ਪਿੰਡ ਦਾ ਇਤਿਹਾਸ ਸੁਣ ਕੇ ਲੋਕ ਅਸ਼-ਅਸ਼ ਕਰ ਉਠੇ। ਜਿੰਨਾ ਚਿਰ ਮੈਂ ਕਾਉਂਕੇ ਪਿੰਡ ਰਿਹਾ, ਲੋਕ ਹਰ ਸਾਲ ਉਨ੍ਹਾਂ ਨੂੰ ਸੱਦਦੇ ਰਹੇ। ਹਰ ਦੀਵਾਨ 'ਤੇ ਉਹ ਸੋਹਣ ਸਿੰਘ ਸੀਤਲ ਨੂੰ ਯਾਦ ਕਰਦੇ।

1980 ਉਹ ਆਪਣੇ ਢਾਡੀ ਜਥੇ ਨਾਲ ਕੈਨੇਡਾ ਪੁੱਜੇ ਅਤੇ ਅੱਡ-ਅੱਡ ਸ਼ਹਿਰਾਂ ਵਿਚ ਦੀਵਾਨ ਸਜਾਏ ਜਿਨ੍ਹਾਂ ਨੂੰ ਕੈਨੇਡਾ ਦੀ ਸੰਗਤ ਨੇ ਬਹੁਤ ਪਸੰਦ ਕੀਤਾ। ਪਿਛੋਂ ਉਹ ਕੈਨੇਡਾ ਹੀ ਵਸ ਗਏ। 1978 ਵਿਚ ਸਿੱਖ ਨਿਰੰਕਾਰੀ ਕਾਂਡ ਤੋਂ ਬਾਅਦ ਪੰਜਾਬ ਵਿਚ ਸੰਤ ਭਿੰਡਰਾਂਵਾਲੇ ਦੀ ਅਗਵਾਈ ਵਿਚ ਹਾਲਾਤ ਗਰਮ ਸਿਆਸਤ ਵੱਲ ਮੋੜਾ ਕੱਟ ਗਏ। ਉਹ ਵੀ ਕੈਨੇਡਾ ਵਿਚ ਗਰਮ ਸਿਆਸਤ ਨਾਲ ਜੁੜ ਗਏ ਅਤੇ ਸਿੱਖਾਂ ਦੇ ਹੱਕਾਂ ਬਾਰੇ ਸਟੇਜ ਤੋਂ ਗੱਲ ਕੀਤੀ। ਇਹ ਗੱਲ ਭਾਰਤੀ ਹੁਕਮਰਾਨਾਂ ਨੂੰ ਚੁਭਦੀ ਸੀ। ਪੰਜਾਬ ਵਿਚ ਸਿੱਖਾਂ ਅਤੇ ਪੰਜਾਬੀਆਂ ਦੀਆਂ ਹੱਕੀ ਮੰਗਾਂ ਮੰਗਣ ਵਾਲਿਆਂ ਨੂੰ ਅਤਿਵਾਦੀ ਤੇ ਵੱਖਵਾਦੀ ਕਹਿ ਕੇ ਭੰਡਿਆ ਗਿਆ। ਮਗਰੋਂ ਗੱਲ ਰਵਾਇਤੀ ਅਕਾਲੀਆਂ ਦੇ ਵਸੋਂ ਬਾਹਰ ਹੋ ਗਈ। ਸਾਕਾ ਨੀਲਾ ਤਾਰਾ ਵਰਗੀ ਮੰਦਭਾਗੀ ਘਟਨਾ ਵਾਪਰੀ। ਬੀ.ਏ. ਸਾਹਿਬ ਨੇ ਸਦਾ ਪੰਜਾਬ ਦੀਆਂ ਹੱਕੀ ਮੰਗਾਂ ਦੀ ਗੱਲ ਕੀਤੀ ਅਤੇ ਸਦਾ ਸੱਚੋ-ਸੱਚ ਕਿਹਾ। ਸੱਚ ਕਹਿਣ ਕਰ ਕੇ ਆਪ ਵੀਹ ਸਾਲ ਪੰਜਾਬ ਨਾ ਜਾ ਸਕੇ। ਜਦ 1997 ਵਿਚ ਅਕਾਲੀ ਸਰਕਾਰ ਪੰਜਾਬ ਵਿਚ ਬਣੀ, ਤਾਂ ਆਪਣੇ ਸ਼ਾਗਿਰਦ ਢਾਡੀ ਬਲਦੇਵ ਸਿੰਘ ਐਮ.ਏ. ਦੀ ਕੋਸ਼ਿਸ਼ ਸਦਕਾ ਉਹ 1999 ਵਿਚ ਪੰਜਾਬ ਜਾ ਸਕੇ।

ਮਾਰਚ 1999 ਵਿਚ ਮੈਂ ਤੇ ਬਲਦੇਵ ਸਿੰਘ ਐਮ.ਏ. ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਸਨ, ਨੇ ਫਿਰ ਕਾਉਂਕੇ ਪਿੰਡ ਵਿਚ ਉਨ੍ਹਾਂ ਦਾ ਦੀਵਾਨ ਕਰਾਇਆ। ਜਿਥੇ ਪਹਿਲਾਂ ਸਾਰਾ ਪੰਡਾਲ ਸੰਗਤ ਨਾਲ ਭਰਿਆ ਹੁੰਦਾ ਸੀ, ਉਥੇ ਹਾਜ਼ਰੀ ਬਹੁਤ ਘੱਟ ਸੀ। ਵੇਖ ਕੇ ਦੁਖੀ ਮਨ ਨਾਲ ਉਨ੍ਹਾਂ ਕਿਹਾ, "ਜਦੋਂ ਮੈਂ ਪਹਿਲੀ ਵਾਰ ਕਾਉਂਕੇ ਪਿੰਡ ਵਿਚ ਆਇਆ ਸੀ, ਬੜੀਆਂ ਰੌਣਕਾਂ ਸੀ। ਲੋਕ ਨਸ਼ਿਆਂ ਤੋਂ ਦੂਰ, ਸਿੱਖੀ ਸਰੂਪ ਤੇ ਕਿਰਤ ਨਾਲ ਜੁੜੇ ਹੋਏ ਸਨ। ਅਕਾਲੀ ਲੀਡਰਸ਼ਿਪ ਨੌਜਵਾਨ ਸ਼ਕਤੀ ਨੂੰ ਸੇਧ ਦੇਣ ਵਿਚ ਨਾਕਾਮ ਰਹੀ ਹੈ। ਮੈਂ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਕੌਮ ਨੂੰ ਕੋਈ ਬਾਬਾ ਬੰਦਾ ਸਿੰਘ ਵਰਗਾ ਰਹਿਨੁਮਾ ਮਿਲ ਜਾਵੇ, ਤਾਂ ਸ਼ਾਇਦ ਉਹ ਪੁਰਾਣੀਆਂ ਰੌਣਕਾਂ ਫਿਰ ਪਰਤ ਆਉਣ।"



ਢਾਡੀ ਸੋਹਣ ਸਿੰਘ ਸੀਤਲ



ਢਾਡੀ ਕੁਲਵੰਤ ਸਿੰਘ ਬੀ.ਏ.

***ਮਾਰਚ 1999 ਵਿਚ ਮੈਂ ਤੇ ਬਲਦੇਵ ਸਿੰਘ ਐਮ.ਏ. ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਸਨ, ਨੇ ਫਿਰ ਕਾਉਂਕੇ ਪਿੰਡ ਵਿਚ ਉਨ੍ਹਾਂ ਦਾ ਦੀਵਾਨ ਕਰਾਇਆ। ਜਿਥੇ ਪਹਿਲਾਂ ਸਾਰਾ ਪੰਡਾਲ ਸੰਗਤ ਨਾਲ ਭਰਿਆ ਹੁੰਦਾ ਸੀ, ਉਥੇ ਹਾਜ਼ਰੀ ਬਹੁਤ ਘੱਟ ਸੀ। ਵੇਖ ਕੇ ਦੁਖੀ ਮਨ ਨਾਲ ਉਨ੍ਹਾਂ ਕਿਹਾ, "ਜਦੋਂ ਮੈਂ ਪਹਿਲੀ ਵਾਰ ਕਾਉਂਕੇ ਪਿੰਡ ਵਿਚ ਆਇਆ ਸੀ, ਬੜੀਆਂ ਰੌਣਕਾਂ ਸੀ। ਲੋਕ ਨਸ਼ਿਆਂ ਤੋਂ ਦੂਰ, ਸਿੱਖੀ ਸਰੂਪ ਤੇ ਕਿਰਤ ਨਾਲ ਜੁੜੇ ਹੋਏ ਸਨ। ਅਕਾਲੀ ਲੀਡਰਸ਼ਿਪ ਨੌਜਵਾਨ ਸ਼ਕਤੀ ਨੂੰ ਸੇਧ ਦੇਣ ਵਿਚ ਨਾਕਾਮ ਰਹੀ ਹੈ। ਮੈਂ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਕੌਮ ਨੂੰ ਕੋਈ ਬਾਬਾ ਬੰਦਾ ਸਿੰਘ ਵਰਗਾ ਰਹਿਨੁਮਾ ਮਿਲ ਜਾਵੇ, ਤਾਂ ਸ਼ਾਇਦ ਉਹ ਪੁਰਾਣੀਆਂ ਰੌਣਕਾਂ ਫਿਰ ਪਰਤ ਆਉਣ।"***

ਕੈਨੇਡਾ ਵਿਚ ਉਹ ਵੈਨਕੂਵਰ ਸ਼ਹਿਰ ਵਿਚ ਰਹਿੰਦੇ ਸਨ। 2010 ਵਿਚ ਉਨ੍ਹਾਂ ਨੂੰ ਦਮਦਮੀ ਟਕਸਾਲ ਵਾਲੇ ਬਾਬਾ ਧਰਮ ਸਿੰਘ ਨੇ ਬਾਬਾ ਬੰਦਾ ਸਿੰਘ ਦੇ ਸ਼ਹੀਦੀ ਦਿਵਸ 'ਤੇ ਟਰੇਸੀ ਸੱਦਿਆ। ਉਨ੍ਹਾਂ ਦੇ ਟਰੇਸੀ ਆਉਣ ਬਾਰੇ ਮੈਂ ਅਖਬਾਰਾਂ ਵਿਚ ਇਸ਼ਤਿਹਾਰ ਪੜ੍ਹਿਆ। ਸ. ਹਰਮਿੰਦਰ ਸਿੰਘ ਫਰੀਮਾਂਟ ਵਾਲੇ ਵੀ ਮੇਰੇ ਵਾਂਗ ਬੀ.ਏ. ਦੇ ਪ੍ਰਸ਼ੰਸਕ ਹਨ। ਉਨ੍ਹਾਂ ਨੇ ਬੀ.ਏ. ਸਾਹਿਬ ਦੀਆਂ 'ਸਿੱਖ ਰਾਜ ਕਿਵੇਂ ਗਿਆ' ਆਦਿ ਸੀ.ਡੀਜ਼ ਵਧੀਆਂ ਤਰੀਕੇ ਨਾਲ ਰਿਕਾਰਡ ਕੀਤੀਆਂ ਹਨ। ਇਹ ਸੀ.ਡੀਜ਼ ਉਹ ਨਾਲ ਲੈ ਗਿਆ। ਬੜੇ ਪਿਆਰ ਨਾਲ ਮਿਲੇ। 'ਗੁਰਮਤਿ ਪ੍ਰਕਾਸ਼' ਜਿਸ ਨੂੰ ਸ਼੍ਰੋਮਣੀ ਕਮੇਟੀ ਬੜੇ ਸਸਤੇ ਮੁੱਲ 'ਤੇ ਛਾਪ ਕੇ ਧਰਮ ਪ੍ਰਚਾਰ ਕਰਦੀ ਹੈ, ਦੇ ਸੰਪਾਦਕ ਸਿਮਰਜੀਤ ਸਿੰਘ ਤੇ ਜਗਜੀਤ ਸਿੰਘ ਨੇ ਸੋਹਣ ਸਿੰਘ ਸੀਤਲ ਦੇ ਸੌ ਸਾਲਾ ਜਨਮ ਦਿਨ 'ਤੇ ਅਗਸਤ 2009 ਨੂੰ ਸੀਤਲ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤਾ। ਮੈਂ ਇਕ ਕਾਪੀ ਕੁਲਵੰਤ ਸਿੰਘ ਬੀ.ਏ. ਨੂੰ ਭੇਟ ਕੀਤੀ ਜਿਸ ਵਿਚ ਉਨ੍ਹਾਂ ਦਾ ਤੇ ਮੇਰਾ, ਸੀਤਲ ਸਾਹਿਬ ਬਾਰੇ ਲੇਖ ਛਪਿਆ ਸੀ। ਸੀਤਲ ਸਾਹਿਬ ਦੀ ਫੋਟੋ ਵਾਲਾ 'ਗੁਰਮਤਿ ਪ੍ਰਕਾਸ਼' ਮੱਥੇ ਨਾਲ ਕੇ ਸੋਹਣ ਸਿੰਘ ਸੀਤਲ ਪ੍ਰਤੀ ਸ਼ਰਧਾ ਪ੍ਰਗਟ ਕੀਤੀ, ਤੇ ਮੈਨੂੰ ਕਹਿਣ ਲੱਗੇ, "ਮੈਂ ਸੀਤਲ ਜੀ ਦੀ ਨਾਦੀ ਸੰਤਾਨ (ਉਸਤਾਦ ਸ਼ਗਗਿਰਦ ਦਾ ਰਿਸ਼ਤਾ) ਹਾਂ। ਸੀਤਲ ਜੀ ਮੈਨੂੰ ਕਿਹਾ ਕਰਦੇ ਸਨ, 'ਮਨੁੱਖ ਦੇ ਦੁਨੀਆਂ ਵਿਚ ਜਿਉਣ ਦੇ ਦੋ ਢੰਗ ਹਨ। ਇਕ ਖੁਸ਼ਾਮਦ ਕਰ ਕੇ, ਤੇ ਦੂਜਾ ਗੁਣ ਪੈਦਾ ਕਰ ਕੇ। ਖੁਸ਼ਾਮਦ ਦੀ ਉਮਰ ਥੋੜ੍ਹੀ ਹੁੰਦੀ ਹੈ, ਪਰ ਗੁਣ ਦੀ ਉਮਰ ਜ਼ਿਆਦਾ ਹੁੰਦੀ ਹੈ।' ਉਨ੍ਹਾਂ ਦੀ ਇਹ ਗੱਲ ਮੈਂ ਦਿਲ ਦਿਮਾਗ਼ ਵਿਚ ਬਿਠਾ ਲਈ ਤੇ ਸਿੱਖ ਇਤਿਹਾਸ ਦਾ ਬੜੀ ਲਗਨ ਨਾਲ ਅਧਿਆਨ ਕੀਤਾ ਜਿਸ ਨੇ ਮੇਰੇ ਵਿਚ ਸਟੇਜ 'ਤੇ ਬੋਲਣ ਦੀ ਯੋਗਤਾ ਪੈਦਾ ਕੀਤੀ। ਮੈਂ ਉਨ੍ਹਾਂ ਦਾ ਇਹ ਕਰਜ਼ਾ ਸਾਰੀ ਉਮਰ ਉਤਾਰ ਨਹੀਂ ਸਕਦਾ।"

1999 ਤੋਂ ਬਾਅਦ ਉਹ ਲਗਾਤਾਰ ਪੰਜਾਬ ਜਾਂਦੇ ਰਹੇ। ਇਨ੍ਹਾਂ ਵੀਹਾਂ ਸਾਲਾਂ ਵਿਚ ਪੰਜਾਬ ਦਾ ਖਾੜਕੂ ਲਹਿਰ ਵੇਲੇ ਤੋਂ ਵੀ ਜ਼ਿਆਦਾ ਨੁਕਸਾਨ ਹੋ ਚੁੱਕਾ ਸੀ। ਪੰਜਾਬ ਦੀ ਜਵਾਨੀ ਨੂੰ ਸਭਿਆਚਾਰਕ ਪ੍ਰੋਗਰਾਮਾਂ ਦੇ ਨਾਂ 'ਤੇ ਨਸ਼ਿਆਂ, ਨੰਗੇਜ਼ਵਾਦ ਤੇ ਅਸ਼ਲੀਲਤਾ ਵੱਲ ਧਕੇਲ ਦਿੱਤਾ ਗਿਆ ਸੀ। ਨੌਜਵਾਨ ਪੀੜ੍ਹੀ ਕੁਰਾਹੇ ਪੈ ਚੁੱਕੀ ਸੀ। ਇਹ ਵੇਖ ਕੇ ਉਨ੍ਹਾਂ ਦਾ ਮਨ ਬੜਾ ਦੁਖੀ ਹੋਇਆ। ਉਥੇ ਉਨ੍ਹਾਂ ਦਾ ਮੇਲ ਸ਼੍ਰੋਮਣੀ ਕਮੇਟੀ ਮੈਂਬਰ ਬਾਬਾ ਅਵਤਾਰ ਸਿੰਘ ਸਰਹਾਲੀ ਵਾਲਿਆਂ ਨਾਲ ਹੋਇਆ। ਬਾਬਾ ਜੀ ਦੇ ਪਿਆਰ ਤੇ ਸਤਿਕਾਰ ਤੋਂ ਇੰਨਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਦਾ ਹਰ ਹੁਕਮ ਸਿਰ ਮੱਥੇ ਮੰਨਿਆ। ਇਲਾਕੇ ਦੀ ਸੰਗਤ ਦੀ ਮੰਗ 'ਤੇ ਸਿੱਖੀ ਪ੍ਰਚਾਰ ਲਈ ਅਨੇਕਾਂ ਢਾਡੀ ਦਰਬਾਰ ਕੀਤੇ ਤਾਂ ਕਿ ਕੌਮ ਨਿਰਾਸ਼ਾ ਦੇ ਆਲਮ ਵਿਚੋਂ ਉਭਰ ਸਕੇ। ਸਟੇਜ ਤੋਂ ਬੇਬਾਕ ਹੋ ਕੇ ਧਾਰਮਿਕ ਤੇ ਰਾਜਨੀਤਕ ਲੀਡਰਾਂ ਦੀਆਂ ਖਾਮੀਆਂ ਨੂੰ ਲੋਕਾਂ ਸਾਹਮਣੇ ਨਸ਼ਰ ਕਰਦੇ। ਉਹ ਸੱਚ ਕਹਿਣ ਤੋਂ ਡਰਦੇ ਨਹੀਂ ਸਨ। ਇਨ੍ਹਾਂ ਹੀ ਢਾਡੀ ਕਲਾ ਤੋਂ ਪ੍ਰਭਾਵਿਤ ਹੋ ਕੇ ਕਈ ਉਨ੍ਹਾਂ ਦੇ ਸ਼ਾਗਿਰਦ ਬਣ ਗਏ ਜਿਨ੍ਹਾਂ ਵਿਚ ਮਿਲਖਾ ਸਿੰਘ ਮੌਜੀ, ਬਲਦੇਵ ਸਿੰਘ ਐਮ.ਏ., ਲਖਵਿੰਦਰ ਸਿਘ ਸੋਹਲ ਅਤੇ ਨਿਰਮਲ ਸਿੰਘ ਨੂਰ ਸ਼ਾਮਲ ਹਨ।

ਅਕਤੂਬਰ 2011 ਨੂੰ ਉਹ ਕੈਨੇਡਾ ਤੋਂ ਪੰਜਾਬ ਗਏ। ਮੈਂ ਵੀ ਉਸ ਵਕਤ ਪੰਜਾਬ ਵਿਚ ਗਿਆ ਹੋਇਆ ਸੀ। ਮੈਨੂੰ ਢਾਡੀ ਬਲਦੇਵ ਸਿੰਘ ਐਮ.ਏ. ਨੇ ਉਨ੍ਹਾਂ ਦੇ ਆਉਣ ਦੀ ਖਬਰ ਦਿੱਤੀ। ਮੇਰੀ ਬੜੀ ਪ੍ਰਬਲ ਰੀਝ ਸੀ ਕਿ ਉਨ੍ਹਾਂ ਨੂੰ ਮਿਲ ਕੇ ਅਜੋਕੇ ਹਾਲਾਤ, ਕੁਰਾਹੇ ਪਈ ਜਵਾਨੀ, ਨਸ਼ਿਆਂ ਦੇ ਛੇਵੇਂ ਦਰਿਆ ਅਤੇ ਧਾਰਮਿਕ ਲੀਡਰਾਂ ਤੇ ਸਿੱਖ ਸੰਸਥਾਵਾਂ ਦੇ ਨਿਘਾਰ ਬਾਰੇ ਵਿਚਾਰ-ਚਰਚਾ ਕਰਾਂ। ਆਪਣੇ ਇਲਾਕੇ ਵਿਚ ਉਨ੍ਹਾਂ ਦੀ ਸਲਾਹ ਨਾਲ ਢਾਡੀ ਦਰਬਾਰ ਕਰਾਵਾਂ ਜਿਸ ਵਿਚ ਇਨ੍ਹਾਂ ਕੁਰੀਤੀਆਂ ਨੂੰ ਲੋਕਾਂ ਅਤੇ ਜਵਾਨੀ ਨੂੰ ਜਾਣੂ ਕਰਾ ਕੇ ਉਨ੍ਹਾਂ ਨੂੰ ਕੋਈ ਚੰਗੀ ਸੇਧ ਦਾ ਗਿਆਨ ਕਰਾਇਆ ਜਾਵੇ; ਪਰ ਮੇਰੀ ਇਹ ਰੀਝ ਅਧੂਰੀ ਹੀ ਰਹਿ ਗਈ। ਬਾਬਾ ਅਵਤਾਰ ਸਿੰਘ ਸਰਹਾਲੀ ਤੇ ਸਰਪੰਚ ਗੁਰਮੁਖ ਸਿੰਘ ਚੱਬਾ ਦੇ ਸਹਿਯੋਗ ਨਾਲ ਉਨ੍ਹਾਂ ਦੋ ਦੀਵਾਨ ਗੁਰਦੁਆਰਾ ਰੋੜੀ ਸਾਹਿਬ ਬਾਬਾ ਦਿਆਲ ਸਿੰਘ ਪਿੰਡ ਵਰਪਾਲ ਤੇ ਗੁਰਦੁਆਰਾ ਸੰਗਰਾਣਾ ਸਾਹਿਬ ਪਾਤਸ਼ਾਹੀ ਛੇਵੀਂ, ਪਿੰਡ ਚੱਬਾ ਮਾਤਾ ਸੁਲਖਣੀ (ਅੰਮ੍ਰਿਤਸਰ) ਵਿਖੇ ਕੀਤੇ। ਇਲਾਕੇ ਦੀਆਂ ਸੰਗਤ ਨੇ ਉਨ੍ਹਾਂ ਦੀ ਕਲਾ ਤੋਂ ਪ੍ਰਭਾਵਿਤ ਹੋ ਕੇ ਗੋਲਡ ਮੈਡਲ ਨਾਲ ਸਨਮਾਨਤ ਕੀਤਾ। ਉਹ ਆਪਣੇ ਹੋਣਹਾਰ ਸ਼ਾਗਿਰਦ ਮਿਲਖਾ ਸਿੰਘ ਮੌਜੀ ਪਾਸ ਸਰਹਾਲੀ (ਅੰਮ੍ਰਿਤਸਰ) ਵਿਖੇ ਠਹਿਰੇ ਹੋਏ ਸਨ ਕਿ ਦਿਲ ਦੀ ਤਕਲੀਫ਼ ਮਹਿਸੂਸ ਕੀਤੀ। ਉਸੇ ਵੇਲੇ ਤਰਨ ਤਾਰਨ ਦੇ ਇਕ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਡਾਕਟਰਾਂ ਨੇ ਮੁੱਢਲੀ ਸਹਾਇਤਾ ਦੇ ਕੇ ਅੰਮ੍ਰਿਤਸਰ ਦੇ ਐਸਕੌਰਟ ਹਸਪਤਾਲ ਲੈ ਜਾਣ ਦੀ ਸਲਾਹ ਦਿੱਤੀ। ਜਦ ਤਰਨ ਤਾਰਨ ਤੋਂ ਅੰਮ੍ਰਿਤਸਰ ਨੂੰ ਜਾ ਰਹੇ ਸਨ ਤਾਂ ਬੀ.ਏ. ਸਾਹਿਬ ਨੇ ਸਾਥੀਆਂ ਨੂੰ ਕਿਹਾ ਕਿ ਮੈਂ ਹੁਣ ਠੀਕ-ਠਾਕ ਹਾਂ, ਤੁਸੀਂ ਮੈਨੂੰ ਐਸਕੌਰਟ ਹਸਪਤਾਲ ਵਿਚ ਦਾਖ਼ਲ ਨਾ ਕਰਾਓ। ਮੈਂ ਕੈਨੇਡਾ ਵਾਪਸ ਚਲਾ ਜਾਂਦਾ ਹਾਂ, ਉਥੇ ਮੇਰਾ ਇਲਾਜ ਇਸ ਹਸਪਤਾਲ ਨਾਲੋਂ ਵਧੀਆ ਹੋਵੇਗਾ। ਉਨ੍ਹਾਂ ਦਾ ਕਹਿਣਾ ਮੰਨ ਕੇ ਵਾਪਸ ਪਿੰਡ ਸਰਹਾਲੀ ਮਿਲਖਾ ਸਿੰਘ ਮੌਜੀ ਦੇ ਗ੍ਰਹਿ ਵਿਖੇ ਆ ਗਏ ਜਿਥੇ 9 ਨਵੰਬਰ 2011 ਨੂੰ ਰਾਤ ਦੇ ਦਸ ਵਜੇ ਦਿਲ ਦੀ ਧੜਕਣ ਬੰਦ ਹੋਣ ਕਰ ਕੇ ਉਹ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਪੰਥ ਦੇ ਇਸ ਮਹਾਨ ਪੰਥਕ ਢਾਡੀ ਦੇ ਤੁਰ ਜਾਣ ਕਾਰਨ ਜੋ ਖਲਾਅ ਪੈਦਾ ਹੋਇਆ ਹੈ, ਉਸ ਦੀ ਪੂਰਤੀ ਮੁਸ਼ਕਲ ਹੈ।

ਸੋਹਣ ਸਿੰਘ ਸੀਤਲ ਕਿਹਾ ਕਰਦੇ ਸਨ, "ਮੌਤ ਨਾਲ ਮਰ ਜਾਣਾ ਹੀ ਜ਼ਿੰਦਗੀ ਨਹੀਂ। ਜੋ ਲੋਕ ਲੋਕਾਂ ਵਾਸਤੇ ਕੁਝ ਕਰ ਜਾਂਦੇ ਹਨ, ਉਹ ਸਦਾ ਜ਼ਿੰਦਾ ਰਹਿੰਦੇ ਹਨ। ਬੀ.ਏ. ਸਾਹਿਬ ਆਪਣੀ ਢਾਡੀ ਕਲਾ ਰਾਹੀਂ ਅੱਜ ਵੀ ਜ਼ਿੰਦਾ ਹਨ।"

ਸੀਤਲ ਸਦਾ ਜਹਾਨ 'ਤੇ ਜੀਂਵਦਾ ਏ,
ਜਿਹਦਾ ਮਰ ਗਿਆਂ ਦੇ ਪਿਛੋਂ ਜਸ ਹੋਵੇ।

## ਕਿਰਤ ਜੇ ਫੈਲੇ ਅੰਬਰਾਂ ਤੀਕਰ...

*(ਪਿਛਲੇ ਸਫੇ ਦੀ ਬਾਕੀ)*

ਦੇ ਭੋਗ ਤੇ ਦਾਨ ਕਰ ਆਇਆ, ਉਸ ਨਾਲ ਮੈਨੂੰ ਸੰਤੁਸ਼ਟੀ ਸੀ।

"ਤੁਸੀਂ ਬਹੁਤ ਵਧੀਆ ਕਾਰਜ ਕੀਤਾ।" ਮੈਂ ਹੁੰਗਾਰਾ ਭਰਿਆ।

... ਗੁਰਦੁਆਰੇ ਵਿਚ ਲੰਗਰ ਲਾਉਣਾ ਜਾਂ ਦਾਨ ਕਰਨਾ ਮਾੜਾ ਨਹੀਂ, ਪਰ ਦੇਖੋ-ਦੇਖੀ ਨਕਲ ਕਰਨੀ ਮਾੜੀ ਹੈ... ਕਿ ਉਸ ਨੇ ਦੋ ਸਬਜ਼ੀਆਂ ਬਣਾਈਆਂ, ਅਸੀਂ ਚਾਰ ਬਣਾਉਣੀਆਂ ਹਨ। ਉਨ੍ਹਾਂ ਨੇ ਜਲੇਬੀਆਂ ਬਣਾਈਆਂ ਹਨ, ਅਸੀਂ ਗੁਲਾਬ ਜਾਮਣ ਤੇ ਰਸਗੁੱਲੇ ਬਣਾਉਣੇ ਹਨ। ਗੁਰਦੁਆਰੇ ਵਿਚ ਐਨੀ ਪ੍ਰਕਾਰ ਦਾ ਭੋਜਨ ਹੁੰਦਾ ਹੈ ਕਿ ਬੰਦਾ ਸੋਚਦਾ ਰਹਿੰਦਾ ਹੈ ਕਿ ਮੈਂ ਕੀ ਖਾਵਾਂ, ਤੇ ਕੀ ਛੱਡਾਂ। ਜੇ ਅਖੰਡ ਪਾਠ ਕਰਵਾਉਣ ਵਾਲਾ ਸੋਚੇ ਕਿ ਸਾਦਾ ਲੰਗਰ ਤਿਆਰ ਕਰਨਾ ਹੈ ਤੇ ਬਾਕੀ ਬਚੀ ਰਕਮ ਆਪਣੇ ਪਿੰਡ ਲੋੜਵੰਦਾਂ ਨੂੰ ਭੇਜੀ ਜਾਵੇ, ਲੋੜਵੰਦਾਂ ਦੇ ਘਰ ਮਹੀਨੇ ਦੇ ਲੰਗਰ ਦਾ ਰਾਸ਼ਨ ਦਿੱਤਾ ਜਾਵੇ। ਕਿਸੇ ਕੋਲ ਕੱਪੜੇ ਨਹੀਂ ਹਨ, ਉਨ੍ਹਾਂ ਨੂੰ ਕੱਪੜੇ ਲੈ ਕੇ ਦਿੱਤੇ ਜਾਣ। ਅਸੀਂ ਫੋਕੀ ਵਡਿਆਈ ਨੂੰ ਆਪਣੇ ਜੀਵਨ ਵਿਚੋਂ ਮਨਫੀ ਕਰ ਕੇ ਲੋੜਵੰਦਾਂ ਦੀ ਸਹਾਇਤਾ ਜਮ੍ਹਾਂ ਕਰ ਲਈਏ ਤਾਂ ਜ਼ਿਆਦਾ ਖੁਸ਼ੀ ਹੋਵੇਗੀ ਤੇ ਸਾਡੀ ਇਹ ਨਕਲ ਸਾਡੇ ਗੁਰੂ ਜੀ ਨੂੰ ਵੀ ਚੰਗੀ ਲੱਗੇਗੀ ਤੇ ਅਸੀਂ ਆਪਣੀ ਜ਼ਿੰਦਗੀ ਦੇ ਇਮਤਿਹਾਨ ਵਿਚੋਂ ਵੀ ਪਾਸ ਹੋ ਜਾਵਾਂਗੇ।

"ਲੋਕ ਭਲਾਈ ਦੀ ਇਹ ਸੇਵਾ ਨਿਰੰਤਰ ਜਾਰੀ ਹੈ?" ਮੈਂ ਪੁੱਛਿਆ।

... ਹੁਣ ਮੇਰੇ ਪੁੱਤ ਚੰਗੀਆਂ ਜੌਬਾਂ 'ਤੇ ਹਨ। ਮੇਰੀ ਉਮਰ ਸੱਤਰ ਤੋਂ ਉਪਰ ਹੈ। ਮੈਂ ਅੱਜ ਵੀ ਆਪਣੀ ਕਮਾਈ ਦਾ ਦਸਵਾਂ ਹਿੱਸਾ ਦਾਨ ਵਿਚ ਲਾਉਂਦਾ ਹਾਂ। ਮੇਰੀ ਰੀਸੇ ਪਿੰਡ ਦੇ ਇਕ ਬੰਦੇ ਨੇ ਸ਼ਗਨ ਸਕੀਮ ਸ਼ੁਰੂ ਕੀਤੀ ਹੈ। ਗਰੀਬ ਦੀ ਧੀ ਦੇ ਵਿਆਹ 'ਤੇ ਉਹ ਪੰਜ ਹਜ਼ਾਰ ਰੁਪਏ ਦਾਨ ਦਿੰਦਾ ਹੈ, ਪਰ ਉਹ ਦਾਨ ਦੇਣ ਤੋਂ ਪਹਿਲਾਂ ਪੱਤਰਕਾਰ ਸੱਦ ਕੇ ਖ਼ਬਰ ਤੇ ਫੋਟੋ ਅਖ਼ਬਾਰ ਵਿਚ ਲਵਾਉਂਦਾ ਹੈ। ਉਸ ਦਾ ਦਾਨ ਹਉਮੈ ਨਾਲ ਭਰਿਆ ਹੋਇਆ ਹੈ, ਪਰ ਮੈਂ ਸਭ ਕੁਝ ਗੁਪਤ ਕਰਦਾ ਹਾਂ। ਮੇਰਾ ਫੋਨ ਕਰਨ ਦਾ ਮਕਸਦ ਇਹੀ ਸੀ ਕਿ ਤੁਸੀਂ ਆਪਣੀ ਕਲਮ ਰਾਹੀਂ ਲੋਕਾਂ ਨੂੰ ਇਹ ਸੁਨੇਹਾ ਦੇਵੋ ਕਿ ਗਰੀਬਾਂ ਦਾ ਮੂੰਹ ਹੀ ਗੁਰੂ ਕੀ ਅਸਲੀ ਗੋਲਕ ਹੁੰਦੀ ਹੈ। ਲੋਕਾਂ ਦੀਆਂ ਗੱਲਾਂ ਦੀ ਪ੍ਰਵਾਹ ਨਾ ਕਰੋ। ਜੋ ਤੁਹਾਡਾ ਧਰਮ ਤੇ ਗੁਰੂ ਗ੍ਰੰਥ ਸਾਹਿਬ ਕਹਿੰਦਾ ਹੈ, ਉਸ 'ਤੇ ਅਮਲ ਕਰੋ। ਹਰ ਪਰਵਾਸੀ ਵੀਰ ਜੇ ਸਿਰਫ ਆਪਣਾ ਪਿੰਡ ਹੀ ਇਸ ਕਾਰਜ ਵਿਚ ਸ਼ਾਮਿਲ ਕਰ ਲਵੇ ਤਾਂ ਅਸੀਂ ਬਹੁਤ ਲੋਕਾਂ ਨੂੰ ਭੁੱਖੇ ਢਿੱਡ ਸੌਣ ਤੋਂ ਬਚਾ ਲਵਾਂਗੇ।

"ਤੁਹਾਡਾ ਖਿਆਲ ਸਹੀ ਹੈ। ਮੈਂ ਤੁਹਾਡਾ ਸੁਨੇਹਾ ਪਾਠਕਾਂ ਤੱਕ ਪਹੁੰਚਾਵਾਂਗਾ।" ਫਿਰ ਅਸੀਂ ਫਤਹਿ ਬੁਲਾ ਕੇ ਫੋਨ ਬੰਦ ਕਰ ਲਏ। ਬਾਬੇ ਦੀਆਂ ਗੱਲਾਂ ਨੇ ਮੈਥੋਂ ਕਲਮ ਚੁਕਵਾਈ, ਹੁਣ ਬਾਕੀ ਸਭ ਤੁਹਾਡੇ 'ਤੇ...।

# ਲੋਹੇ ਦੇ ਹੱਥ

*ਪੱਤਰਕਾਰ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਦੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਕੋਈ ਸਵੈ-ਜੀਵਨੀ ਨਹੀਂ; ਇਹ ਉਹਨੇ ਆਪਣੇ ਪਿੰਡ ਨੰਗਲ ਸ਼ਾਮਾ ਨਾਲ ਕੀਤੀਆਂ ਗੱਲਾਂ ਹਨ। ਇਹ ਅਸਲ ਵਿਚ ਨੰਗਲ ਸ਼ਾਮਾ ਦੀਆਂ ਗੱਲਾਂ ਵੀ ਨਹੀਂ, ਇਹ ਤਾਂ ਸਗੋਂ ਸਮੁੱਚੇ ਪੰਜਾਬ ਦੇ ਪਿੰਡਾਂ, ਲੋਕਾਂ ਅਤੇ ਆਲੇ-ਦੁਆਲੇ ਬਾਰੇ ਬੜੀਆਂ ਸਿੱਧੀਆਂ, ਪਰ ਸੂਖਮ ਬਾਤਾਂ ਹਨ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਬਦਲ ਰਹੇ ਹਨ। ਐਤਕੀਂ 'ਲੋਹੇ ਦੇ ਹੱਥ' ਨਾਂ ਦੇ ਅਧਿਆਇ ਵਿਚ ਉਹਨੇ ਆਪਣੇ ਪਿੰਡ ਦੇ ਲੁਹਾਰ ਅਰਜਨ ਸਿੰਘ ਦੇ ਬਹਾਨੇ ਕਿਰਤੀਆਂ ਦੀਆਂ ਗੱਲਾਂ ਕੀਤੀਆਂ ਹਨ; ਕਿਰਤ ਕਰਦਿਆਂ ਜਿਨ੍ਹਾਂ ਦੇ ਹੱਥ ਲੋਹੇ ਦੇ ਬਣ ਗਏ ਹੁੰਦੇ ਹਨ। -ਸੰਪਾਦਕ*

**ਤੇਰੀਆਂ ਗਲੀਆਂ-9**



***ਮੈਂ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਗਲੀਆਂ, ਨਾਲੀਆਂ, ਖੇਤਾਂ, ਖੂਹਾਂ, ਖੰਡਰਾਂ, ਦਰਖਤਾਂ, ਫਸਲਾਂ, ਤੀਵੀਂਆਂ, ਬੰਦਿਆਂ, ਇਸ ਦੀ ਮਿੱਟੀ ਦੇ ਕਿਣਕਿਆਂ ਉਤੇ ਕਵਿਤਾ ਲਿਖਣੀ ਚਾਹੁੰਦਾ ਹਾਂ। ਮੈਂ ਪਿੰਡ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਮੈਨੂੰ ਕਵਿਤਾ ਨਾ ਲਿਖਣ ਦਾ ਸਰਾਪ ਹੈ। ਦਰਅਸਲ ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ; ਸਾਰੀ-ਸਾਰੀ ਰਾਤ ਜਗਦੀਆਂ ਰੌਸ਼ਨੀਆਂ ਦੇ ਸ਼ਹਿਰ (ਚੰਡੀਗੜ੍ਹ) ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ। -ਦਲਬੀਰ ਸਿੰਘ***

ਇਹ ਜ਼ਿਕਰ ਆ ਚੁੱਕਾ ਹੈ ਕਿ ਸਕੂਲ ਸਾਹਮਣੇ ਵਾਲੇ ਚੌਰਾਹੇ ਵਿਚੋਂ ਸੱਜੇ ਪਾਸੇ ਖੇਡ ਦਾ ਮੈਦਾਨ ਸੀ। ਇਸ ਵੇਲੇ ਇਸ ਪਾਸੇ ਦੀ ਫਿਰਨੀ ਕੱਢੀ ਗਈ ਹੈ। ਕਿਸੇ ਸਮੇਂ ਇਹ ਫਿਰਨੀ ਨਹੀਂ ਸੀ ਹੁੰਦੀ। ਸਿਰਫ਼ ਕੱਚਾ ਰਸਤਾ ਹੁੰਦਾ ਸੀ ਜਿਹੜਾ ਖੇਡ ਮੈਦਾਨ ਵਿਚੋਂ ਲੰਘਦਾ ਹੁੰਦਾ ਸੀ। ਬਾਬਿਆਂ ਦੀ ਕੰਧ ਤੋਂ ਅੱਗੇ ਹੀ ਬਾਕਾਇਦਾ ਪਰ ਕੱਚੀ ਫਿਰਨੀ ਸੀ। ਹੁਣ ਇਹ ਫਿਰਨੀ ਪੱਕੀ ਕਰ ਦਿਤੀ ਗਈ ਹੈ।

ਸਕੂਲ ਦੀ ਮਗਰਲੀ ਕੰਧ ਦੇ ਪਿਛਲੇ ਪਾਸੇ ਉਹ ਥਾਂ ਹਾਲੇ ਵੀ ਖਾਲੀ ਪਈ ਸੀ ਜਿਥੇ ਕਿਸੇ ਵੇਲੇ ਲੁਹਾਰਾਂ ਦੇ ਅਰਜਨ ਸਿੰਘ ਦਾ ਖਰਾਸ ਹੁੰਦਾ ਸੀ। ਖਰਾਸ ਦੇ ਨਾਲ ਵਾਲਾ ਥਾਂ ਵੀ ਖਾਲੀ ਪਿਆ ਹੁੰਦਾ ਸੀ। ਇਸ ਖਾਲੀ ਥਾਂ ਉਤੇ ਅਕਸਰ ਪਿੰਡ ਦੀਆਂ ਸੁਆਣੀਆਂ ਪਾਥੀਆਂ ਪੱਥਦੀਆਂ ਹੁੰਦੀਆਂ ਸਨ। ਅਰਜਨ ਸਿੰਘ ਪਿੰਡ ਦਾ ਬਹੁਤ ਮਿਹਨਤੀ ਲੁਹਾਰ ਹੁੰਦਾ ਸੀ। ਕੱਦ ਦਾ ਭਾਵੇਂ ਛੋਟਾ ਸੀ ਪਰ ਸਰੀਰ ਉਸ ਦਾ ਬਹੁਤ ਗੱਠਿਆ ਹੋਇਆ ਸੀ। ਉਸ ਦੇ ਹੱਥਾਂ ਦੀਆਂ ਉਂਗਲਾਂ ਉਸ ਦੇ ਲਗਾਤਾਰ ਸਖ਼ਤ ਕੰਮ ਕਰਨ ਕਾਰਨ ਬਹੁਤ ਖੁਰਦਰੀਆਂ ਹੋ ਗਈਆਂ ਸਨ। ਮੈਂ ਕਈ ਵਾਰੀ ਉਸ ਦੀਆਂ ਉਂਗਲਾ ਵੇਖ ਕੇ ਹੈਰਾਨ ਹੁੰਦਾ ਸਾਂ। ਇਹ ਮਿਹਨਤੀ ਅਤੇ ਸਿਰੜੀ ਕਾਮੇ ਦੀਆਂ ਉਂਗਲਾਂ ਸਨ।

ਉਸ ਦੇ ਖਰਾਸ ਦੀ ਉਦੋਂ ਤਕ ਕਾਫ਼ੀ ਵਰਤੋਂ ਹੁੰਦੀ ਰਹੀ ਸੀ ਜਦੋਂ ਤਕ ਹਰੀਜਨਾਂ ਦੇ ਦੌਲਤੀ ਨੇ ਬਿਜਲੀ ਨਾਲ ਚੱਲਣ ਵਾਲੀ ਚੱਕੀ ਨਹੀਂ ਸੀ ਲਾ ਲਈ। ਇਹ ਸਾਡੇ ਪਿੰਡ ਦੀ ਦੀ ਪਹਿਲੀ ਚੱਕੀ ਸੀ। ਆਮ ਤੌਰ 'ਤੇ ਪਿੰਡ ਦੇ ਜੱਟ ਆਪਣੇ ਬਲਦਾਂ ਦੀ ਜੋੜੀ ਲੈ ਕੇ ਖਰਾਸ ਦੀ ਗਾਧੀ ਅੱਗੇ ਜੋੜ ਲੈਂਦੇ ਤੇ ਆਪਣਾ ਆਟਾ ਪੀਹ ਕੇ ਲੈ ਜਾਂਦੇ। ਲਗਭਗ ਹਰ ਘਰ ਵਿਚ ਭਾਵੇਂ ਹੱਥ ਨਾਲ ਚੱਲਣ ਵਾਲੀ ਚੱਕੀ ਹੁੰਦੀ ਸੀ, ਫਿਰ ਵੀ ਖਰਾਸ ਦੀ ਸਹੂਲਤ ਨੇ ਸੁਆਣੀਆਂ ਦੇ ਕੰਮ ਵਿਚ ਕਮੀ ਕਰ ਦਿਤੀ ਸੀ। ਜ਼ਰੂਰੀ ਨਹੀਂ ਸੀ ਕਿ ਜਦੋਂ ਕੋਈ ਬੰਦਾ ਖਰਾਸ ਦੀ ਵਰਤੋਂ ਕਰ ਰਿਹਾ ਹੋਵੇ, ਉਸ ਵੇਲੇ ਅਰਜਨ ਸਿੰਘ ਹਾਜ਼ਰ ਹੋਵੇ, ਇਸ ਲਈ ਮੈਨੂੰ ਨਹੀਂ ਪਤਾ ਕਿ ਖਰਾਸ ਵਰਤਣ ਬਦਲੇ ਉਸ ਨੂੰ ਕੁਝ ਮਿਲਦਾ ਸੀ ਜਾਂ ਨਹੀਂ। ਇੰਨਾ ਜ਼ਰੂਰ ਪਤਾ ਹੈ ਕਿ ਖਰਾਸ ਦੀ ਵਰਤੋਂ ਉਤੇ ਕਦੀ ਕਿਸੇ ਨੂੰ ਟੋਕਿਆ ਨਹੀਂ ਸੀ ਗਿਆ। ਕੋਹਲੂ ਵਾਂਗ ਹੀ ਖਰਾਸ ਬਾਰੇ ਵੀ ਸ਼ਾਇਦ ਮੇਰੀ ਬੇਟੀ ਵਾਂਗ, ਬਹੁਤ ਸਾਰੇ ਪਾਠਕਾਂ ਨੂੰ ਪਤਾ ਨਾ ਹੋਵੇ। ਕੋਹਲੂ ਦੇ ਬੈਲ ਵਾਂਗ ਇਕ ਚੱਕਰ ਵਿਚ ਘੁੰਮਦੇ ਰਹਿਣ ਦੇ ਮੁਹਾਵਰੇ ਦੀ ਵਰਤੋਂ ਆਮ ਕੀਤੀ ਜਾਂਦੀ ਹੈ। ਕੋਹਲੂ ਐਸੀ ਮਸ਼ੀਨ ਹੁੰਦੀ ਸੀ ਜਿਸ ਨੂੰ ਗੇੜ ਕੇ ਆਮ ਤੌਰ 'ਤੇ ਸਰ੍ਹੋਂ ਦਾ ਤੇਲ ਕੱਢਿਆ ਜਾਂਦਾ ਸੀ। ਉਂਜ ਕਿਸੇ ਵੀ ਕਿਸਮ ਦੇ ਤੇਲ ਦੀ ਕਸ਼ੀਦਗੀ ਕੋਹਲੂ ਰਾਹੀਂ ਹੋ ਸਕਦੀ ਸੀ। ਖ਼ਰਾਸ ਵੀ ਉਸੇ ਤਰ੍ਹਾਂ ਹੀ ਗੇੜਿਆ ਜਾਂਦਾ ਸੀ ਜਿਵੇਂ ਕੋਹਲੂ ਜਾਂ ਖੂਹ।

ਖੂਹ ਦਾ ਪਾਣੀ ਕੱਢਣ ਲਈ ਵੀ ਬਲਦ ਇਕ ਚੱਕਰ ਵਿਚ ਘੁੰਮਦੇ ਸਨ। ਖੂਹ ਗੇੜਦੇ ਸਮੇਂ ਦੋ ਗਰਾਰੀਆਂ ਦੇ ਦੰਦੇ ਆਪਸ ਵਿਚ ਫਸ ਕੇ ਸ਼ਾਫਟ ਰਾਹੀਂ ਮਾਲ੍ਹ ਨੂੰ ਗੇੜਦੇ ਸਨ ਪਰ ਕੋਹਲੂ ਅਤੇ ਖਰਾਸ ਵਿਚ ਗਰਾਰੀਆਂ ਨਹੀਂ, ਸਗੋਂ ਬਲਦਾਂ ਦੇ ਚੱਕਰ ਦੇ ਘੇਰੇ ਅੰਦਰ ਪਿਆ ਭਾਰੀ ਪੱਥਰ ਘੁੰਮਦਾ ਸੀ। ਗੰਡ ਵਿਚ ਲਾਊਡ ਸਪੀਕਰ ਵਰਗਾ ਕੁੱਪਾ ਹੁੰਦਾ ਸੀ ਜਿਸ ਵਿਚ ਦਾਣੇ ਪਾ ਦਿੱਤੇ ਜਾਂਦੇ ਸਨ। ਇਹ ਦਾਣੇ ਹੌਲੀ-ਹੌਲੀ ਗੰਡ ਵਿਚ ਡਿਗਦੇ ਜਾਂਦੇ ਸਨ ਅਤੇ ਦੋਹਾਂ ਪੱਥਰਾਂ ਵਿਚਾਲੇ ਘਿਸੜਨ ਵਿਚ ਆ ਕੇ ਪੀਸੇ ਜਾਂਦੇ ਸਨ। ਇਕ ਪਾਸੇ ਪੀਪਾ ਰੱਖਿਆ ਹੁੰਦਾ ਸੀ ਜਿਸ ਵਿਚ ਆਟਾ ਆਈ ਜਾਂਦਾ ਸੀ। ਸਾਡੇ ਪਿੰਡ ਦਾ ਇਹ ਪਹਿਲਾ ਅਤੇ ਇਕੋ-ਇਕ ਖਰਾਸ ਸੀ ਜਿਹੜਾ ਬਿਜਲੀ ਨਾਲ ਚੱਲਣ ਵਾਲੀ ਚੱਕੀ ਚਾਲੂ ਹੋਣ ਮਗਰੋਂ ਬੇਕਾਰ ਹੋ ਗਿਆ ਸੀ। ਇਸ ਲਈ ਅਰਜਨ ਸਿੰਘ ਨੇ ਚੱਕੀ ਦੇ ਪੁੜ ਚੁੱਕ ਕੇ ਖਰਾਸ ਵਾਲੀ ਥਾਂ ਖਾਲੀ ਕਰ ਦਿੱਤੀ ਸੀ। ਖਰਾਸ ਦੇ ਨਾਲ ਹੀ ਉਸ ਦੀ ਭੱਠੀ ਹੁੰਦੀ ਸੀ, ਜਿੱਥੇ ਉਸ ਦਾ ਸਵਾ ਮਣ ਪੱਕੇ ਦਾ ਅਹਿਰਨ ਹੁੰਦਾ ਸੀ। ਭੱਠੀ ਨੂੰ ਹਵਾ ਦੇਣ ਲਈ ਉਸ ਕੋਲ ਰਬੜ ਦਾ ਬਣਿਆ ਭਬਕਾ ਹੁੰਦਾ ਸੀ। ਇਕ ਜਣਾ ਇਸ ਭਬਕੇ ਉਤੇ ਲੱਗੇ ਦਸਤੇ ਨੂੰ ਚੁੱਕ ਕੇ ਉਪਰ ਕਰਦਾ ਸੀ ਜਿਸ ਨਾਲ ਉਸ ਵਿਚ ਹਵਾ ਭਰ ਜਾਂਦੀ ਸੀ। ਫਿਰ ਇਹ ਭਬਕਾ ਹੇਠਾਂ ਨੂੰ ਧੱਕਿਆ ਜਾਂਦਾ ਸੀ। ਹਵਾ ਭੱਠੀ ਵਿਚਲੇ ਕੋਲਿਆਂ ਨੂੰ ਮਘਾ ਕੇ ਲਾਲ ਕਰਦੀ ਸੀ।

ਕੋਲਿਆਂ ਵਿਚ ਪਿਆ ਲੋਹਾ ਜਦੋਂ ਐਨ ਕੋਲਿਆ ਵਾਂਗ ਹੀ ਗਰਮ ਤੇ ਲਾਲ ਹੋ ਜਾਂਦਾ ਸੀ ਤਾਂ ਉਹ ਸੰਨ੍ਹੀ ਨਾਲ ਚੁੱਕ ਕੇ ਇਸ ਨੂੰ ਅਹਿਰਨ ਉਤੇ ਰੱਖ ਦਿੰਦਾ ਸੀ। ਫ਼ਿਰ ਕੋਈ ਗੱਭਰੂ ਜਿਸ ਦੀ ਦਾਤਰੀ ਜਾਂ ਖੁਰਪਾ ਜਾਂ ਕਹੀ ਤਿਆਰ ਕਰਨੀ ਹੁੰਦੀ ਸੀ, ਉਸ 'ਤੇ ਵਦਾਣ ਨਾਲ ਸੱਟਾਂ ਮਾਰਦਾ ਸੀ। ਅਰਜਨ ਸਿੰਘ ਦੇ ਉਸਤਾਦ ਹੱਥ ਗਰਮ ਲੋਹੇ ਨੂੰ ਜ਼ਰੂਰਤ ਮੁਤਾਬਕ ਘੁਮਾਈ ਜਾਂਦੇ ਸਨ।

ਇਸ ਤਰ੍ਹਾਂ ਵਾਰ-ਵਾਰ ਗਰਮ ਕਰ ਕੇ ਵਾਰ-ਵਾਰ ਸੱਟਾਂ ਮਾਰੀਆਂ ਜਾਂਦੀਆਂ ਸਨ। ਆਖਰ ਜਦੋਂ ਲੋਹਾ ਲੋੜੀਂਦਾ ਰੂਪ ਧਾਰਨ ਕਰ ਜਾਂਦਾ ਸੀ ਤਾਂ ਅਰਜਨ ਸਿੰਘ ਆਖਰੀ ਛੋਹਾਂ ਖੁਦ ਆਪਣੀ ਭਾਰੀ ਹਥੌੜੀ ਨਾਲ ਸੱਟਾਂ ਮਾਰ ਕੇ ਦਿਆ ਕਰਦਾ ਸੀ।

ਮੇਰੇ ਦਾਦਾ ਜੀ ਭਾਵੇਂ ਤਰਖਾਣਾ ਕੰਮ ਕਰਦੇ ਸਨ ਤੇ ਕਦੇ-ਕਦੇ ਛੋਟੀ ਭੱਠੀ ਉਤੇ ਲੋਹਾ ਗਰਮ ਕਰ ਕੇ ਲੋਹੇ ਦਾ ਛੋਟਾ-ਮੋਟਾ ਕੰਮ ਵੀ ਕਰ ਲੈਂਦੇ ਸਨ ਪਰ ਲੋਹੇ ਦਾ ਅਸਲ ਕੰਮ ਅਰਜਨ ਸਿਘ ਦੀ ਭੱਠੀ ਉਤੇ ਹੀ ਹੁੰਦਾ ਸੀ। ਛੋਟੇ ਹੁੰਦਿਆਂ ਅਸੀਂ ਕਈ ਵਾਰੀ ਸ਼ੋਕ-ਸ਼ੌਕ ਵਿਚ ਭੱਠੀ ਵਿਚ ਹਵਾ ਮਾਰਨ ਦਾ ਕੰਮ ਕਰਦੇ ਸਾਂ। ਰਤਾ ਕੁ ਵੱਡੇ ਹੋਏ ਤਾਂ ਵਦਾਣ ਚਲਾਉਣ ਦਾ ਕੰਮ ਵੀ ਕਈ ਵਾਰੀ ਕੀਤਾ ਪਰ ਬਹੁਤੀ ਵਾਰੀ ਇਹ ਕੰਮ ਉਸੇ ਕਿਸਾਨ ਨੂੰ ਕਰਨਾ ਪੈਂਦਾ ਸੀ ਜਿਸ ਦਾ ਕੋਈ ਸੰਦ-ਸੰਦੌੜ ਤਿਆਰ ਕਰਨਾ ਹੁੰਦਾ ਸੀ।

ਮਗਰੋਂ ਜਾ ਕੇ ਅਰਜਨ ਸਿੰਘ ਨੇ ਸਾਈਕਲ ਦਾ ਪਹੀਆ ਲੈ ਕੇ ਉਸ ਦੇ ਐਨ ਵਿਚਕਾਰ ਹੈਂਡਲ ਲਾ ਲਿਆ ਅਤੇ ਉਸ ਨੂੰ ਦੋ ਮੁੰਨਿਆਂ ਉਤੇ ਖੜ੍ਹਾ ਕਰ ਲਿਆ। ਪਹੀਏ ਦੇ ਰਿੰਗ ਦੁਆਲੇ ਟਾਇਰਾਂ ਦੇ ਪਟੇ ਦੀ ਮਾਲ੍ਹ ਲੰਘਾ ਕੇ ਅੱਗੇ ਭੱਠੀ ਵਿਚ ਹਵਾ ਦੇਣ ਵਾਲੇ ਪੱਖੇ ਨਾਲ ਬੱਝੀ ਛੋਟੀ ਚੱਕਰੀ ਵਿਚ ਦੀ ਘੁਮਾ ਦਿੱਤੀ। ਹੁਣ ਭੱਠੀ ਵਿਚ ਦੀ ਹਵਾ ਮਾਰਨੀ ਸੁਖਾਲੀ ਹੋ ਗਈ ਸੀ। ਸਾਈਕਲ ਦੇ ਰਿੰਗ ਨੂੰ ਸਿਰਫ਼ ਗੋਲ ਚੱਕਰ ਵਿਚ ਘੁੰਮਾਉਣ ਦੀ ਜ਼ਰੂਰਤ ਹੁੰਦੀ ਸੀ ਕਿ ਭੱਠੀ ਵਿਚ ਲਗਾਤਾਰ ਹਵਾ ਜਾਂਦੀ ਰਹਿੰਦੀ ਸੀ। ਇਹ ਤਰੀਕਾ ਸੌਖਾ ਵੀ ਸੀ ਅਤੇ ਇਸ ਨਾਲ ਹਵਾ ਵੀ ਚੰਗੀ ਤਰ੍ਹਾਂ ਲਗਦੀ ਸੀ।

ਇਸੇ ਅਰਜਨ ਸਿੰਘ ਦਾ ਆਪਣੇ ਹੱਥੀਂ ਬਣਾਇਆ ਸਾਈਕਲ ਉਨ੍ਹੀਂ ਦਿਨੀਂ ਉਸ ਦੇ ਕਾਰਖਾਨੇ ਵਿਚ ਕਿੱਲੀ ਉਤੇ ਲਟਕਿਆ ਹੁੰਦਾ ਸੀ। ਇਸ ਦੇ ਚੱਕੇ ਆਮ ਸਾਈਕਲਾਂ ਨਾਲੋਂ ਵੱਡੇ ਸਨ। ਅਸੀਂ ਉਸ ਸਾਈਕਲ ਦੀ ਵਰਤੋਂ ਹੁੰਦੀ ਕਦੇ ਨਹੀਂ ਦੇਖੀ ਪਰ ਬਜ਼ੁਰਗ ਦੱਸਦੇ ਸਨ ਕਿ ਅਰਜਨ ਸਿੰਘ ਇਸ ਸਾਈਕਲ ਉਤੇ ਸਵਾਰ ਹੋ ਕੇ ਕਈ ਵਾਰੀ ਚਿੰਤਪੁਰਨੀ ਮਾਤਾ ਦੇ ਮੰਦਰ ਜਾ ਆਇਆ ਸੀ। ਚਿੰਤਪੁਰਨੀ ਦਾ ਮੰਦਰ ਸਾਡੇ ਪਿੰਡ ਤੋਂ ਚਾਲੀ-ਪੰਜਾਹ ਕਿਲੋਮੀਟਰ ਤਾਂ ਹੋਵੇਗਾ ਹੀ। ਦਿਲਚਸਪ ਗੱਲ ਇਹ ਸੀ ਕਿ ਉਸ ਸਾਈਕਲ ਵਿਚ ਸਾਰੇ ਦੇ ਸਾਰੇ ਪੁਰਜ਼ੇ ਖੁਦ ਉਸ ਨੇ ਆਪਣੇ ਕਰਖਾਨੇ ਵਿਚ ਹੀ ਬਣਾਏ ਸਨ। ਇਹ ਸਾਈਕਲ ਕਿਥੇ ਗਿਆ, ਇਸ ਦਾ ਕਿਸੇ ਨੂੰ ਪਤਾ ਨਹੀਂ। ਉਦੋਂ ਇੰਨੀ ਅਕਲ ਨਹੀਂ ਸੀ, ਅੱਜ ਸੋਚਦਾ ਹਾਂ ਕਿ ਜੇ ਉਹ ਸਾਂਭ ਲਿਆ ਹੁੰਦਾ ਤਾਂ ਅੱਜ ਉਹ ਅਜਾਇਬ ਘਰ ਵਿਚ ਹੁੰਦਾ ਪਰ ਵੇਲਾ ਹੀ ਲੰਘ ਗਿਆ।

ਜਿਨ੍ਹੀਂ ਦਿਨੀਂ ਮੈਂ ਜਵਾਨੀ ਵਿਚ ਪੈਰ ਧਰ ਰਿਹਾ ਸੀ, ਅਰਜਨ ਸਿੰਘ ਦਾ ਕਾਰਖਾਨਾ ਆਮ ਤੌਰ 'ਤੇ ਵਿਹਲਾ ਹੀ ਹੁੰਦਾ ਸੀ। ਖਰਾਸ ਦੇ ਪੁੜਾਂ ਵਿਚੋਂ ਇਕ ਤਾਂ ਸਾਬਤ ਹੀ ਪਿਆ ਸੀ ਪਰ ਇਕ ਦੇ ਦੋ ਟੋਟੇ ਹੋ ਚੁੱਕੇ ਸਨ। ਜ਼ੋਰ ਕਰਨ ਵਾਲੇ ਮੁੰਡੇ ਉਸ ਦੇ ਅਹਿਰਨ ਨੂੰ ਚੁੱਕ ਕੇ ਆਪਣੀ ਤਾਕਤ ਦਾ ਵਿਖਾਵਾ ਕਰਦੇ। ਅਹਿਰਨ ਤਾਂ ਬਹੁਤ ਸਾਰੇ ਮੁੰਡੇ ਚੁੱਕ ਲੈਂਦੇ ਸਨ। ਫ਼ਰਕ ਸਿਰਫ਼ ਇੰਨਾ ਸੀ, ਕਈ ਮਸਾਂ ਗੋਡਿਆਂ ਜਾਂ ਢਿੱਡ ਤੱਕ ਲਿਜਾ ਸਕਦੇ ਸਨ ਪਰ ਕੁਝ ਤਕੜੇ ਮੁੰਡੇ ਉਸ ਨੂੰ ਦੋਹਾਂ ਬਾਹਾਂ ਦੇ ਭਾਰ ਨਾਲ ਸਿਰ ਦੇ ਉਤੋਂ ਦੀ ਤੋਲ ਦਿੰਦੇ ਸਨ। ਨਿੱਕੇ ਹੁੰਦਿਆਂ ਇਕ ਵਾਰੀ ਗਿਰਧਾਰੀ ਭਲਵਾਨ ਨੂੰ ਅੱਧਾ ਪੁੜ ਦੋਹਾਂ ਬਾਹਾਂ ਵਿਚ ਚੁੱਕ ਕੇ ਕੁਝ ਕਦਮ ਤੁਰਦੇ ਦੇਖਿਆ ਸੀ। ਉਸ ਤੋਂ ਬਾਅਦ ਕੋਈ ਇਕੱਲਾ ਬੰਦਾ ਉਸ ਪੁੜ ਨੂੰ ਨਹੀਂ ਸੀ ਚੁੱਕ ਸਕਿਆ। ਹਾਂ, ਦੋ ਮੁੰਡੇ ਦੋਹੀਂ ਪਾਸੀਂ ਹੱਥਾ ਪਾ ਕੇ ਉਸ ਅੱਧੇ ਪੁੜ ਨੂੰ ਜ਼ਰੂਰ ਚੁੱਕ ਲੈਂਦੇ ਸਨ। ਇਸ ਤਰ੍ਹਾਂ ਅਰਜਨ ਸਿੰਘ ਦਾ ਕਾਰਖਾਨਾ ਤੇ ਅਰਜਨ ਸਿੰਘ ਦਾ ਖਰਾਸ ਪਿੰਡ ਦੇ ਨੌਜਵਾਨਾਂ ਦੇ ਸ਼ਕਤੀ ਪ੍ਰਦਰਸ਼ਨ ਦੀ ਥਾਂ ਬਣ ਗਿਆ ਸੀ।

ਪਰ ਇਹ ਦੋਵੇਂ ਖਤਮ ਕਿਉਂ ਹੋ ਗਏ?... ਬੇਟੀ ਦੇ ਇਸ ਸਵਾਲ ਦੇ ਜਵਾਬ ਵਿਚ ਮੈਂ ਉਸ ਨੂੰ ਤਕਨੀਕ ਦੇ ਵਿਕਾਸ ਕਰਨ ਨਾਲ ਪੁਰਾਣੀਆਂ ਤਕਨੀਕਾਂ ਦੇ ਵੇਲਾ ਵਿਹਾ ਜਾਣ ਦੀ ਕਹਾਣੀ ਦੱਸਦਾ ਹਾਂ। ਮੈਂ ਦੱਸਦਾ ਹਾਂ ਕਿ ਉਸ ਦੀ ਕਿਤਾਬ ਵਿਚ ਸੰਤੋਖ ਸਿੰਘ ਧੀਰ ਦੀ ਕਹਾਣੀ 'ਕੋਈ ਇਕ ਸਵਾਰ' ਤਕਨੀਕ ਦੇ ਵਿਕਾਸ ਦੇ ਮੁਕਾਬਲੇ ਪੁਰਾਣੀ ਤਕਨੀਕ ਦੇ ਹਾਰ ਜਾਣ ਦੀ ਉਦਾਹਰਣ ਹੈ। ਕਿਵੇਂ ਇਸ ਕਹਾਣੀ ਵਿਚਲਾ ਤਾਂਗੇ ਵਾਲਾ ਵੱਧ ਤੋਂ ਵੱਧ ਸਵਾਰੀਆਂ ਹਾਸਲ ਕਰਨ ਲਈ ਅੱਡੇ ਵਿਚ ਹੀ ਚੱਕਰ ਲਾਈ ਜਾਂਦਾ ਹੈ। ਇੰਨੇ ਨੂੰ ਬੱਸ ਆ ਜਾਂਦੀ ਹੈ ਅਤੇ ਸਵਾਰੀਆਂ ਉਤਰ ਕੇ ਬੱਸ ਵਿਚ ਚੜ੍ਹ ਜਾਂਦੀਆਂ ਹਨ। ਤਾਂਗੇ ਵਾਲਾ ਫਿਰ 'ਕੋਈ ਇਕ ਸਵਾਰ' ਦੀ ਹੇਕ ਲਾਉਣ ਲਗਦਾ ਹੈ।

ਮੈਂ ਦੱਸਦਾ ਹਾਂ ਕਿ ਇਸ ਵੇਲੇ ਖੰਨੇ ਅਤੇ ਮੰਡੀ ਗੋਬਿੰਦਗੜ੍ਹ ਵਿਚ ਇਕ ਵੀ ਤਾਂਗਾ ਦਿਖਾਈ ਨਹੀਂ ਦਿੰਦਾ। ਸਿਰਫ਼ ਖੰਨੇ ਅਤੇ ਮੰਡੀ ਗੋਬਿੰਦਗੜ੍ਹ ਹੀ ਨਹੀਂ, ਹੁਣ ਤਾਂ ਪੰਜਾਬ ਦੇ ਕਿਸੇ ਪਿੰਡ ਵਿਚ ਵੀ ਤਾਂਗਾ ਨਹੀਂ ਦਿਸਦਾ। ਕਿਸੇ ਅਜਾਇਬ ਘਰ ਵਿਚ ਪਿਆ ਹੋਵੇ ਤਾਂ ਪਿਆ ਹੋਵੇ। ਇਸ ਦੀ ਥਾਂ ਹੁਣ ਤਾਂ ਕਾਰਾਂ ਦੀ ਇੰਨੀ ਭਰਮਾਰ ਹੈ ਕਿ ਉਨ੍ਹਾਂ ਦੀਆਂ ਸਭ ਕਿਸਮਾਂ ਦੇ ਨਾਂ ਤੱਕ ਵੀ ਚੇਤੇ ਨਹੀਂ ਹਨ। ਵਿਆਹ ਸ਼ਾਦੀਆਂ ਦੇ ਮੌਕੇ ਵਧੀਆ ਤੋਂ ਵਧੀਆ ਕਾਰ ਵਿਚ ਡੋਲੀ ਲਿਆਂਦੀ ਜਾਂਦੀ ਹੈ। ਕਈ ਥਾਂ ਤਾਂ ਲਿਮੋਜ਼ੀਨ ਵੀ ਮਿਲ ਜਾਂਦੀਆਂ ਹਨ।

ਮੇਰੀ ਬੇਟੀ ਇਹ ਸੁਣ ਕੇ ਹੈਰਾਨ ਹੈ ਕਿ ਮੇਰੀ ਸੁਰਤ ਤੱਕ ਵੀ ਸਾਡੇ ਪਿੰਡ ਵਿਚ ਵਿਆਹ ਵਾਲੀਆਂ ਦੋ ਬਲਦਾਂ ਵਾਲੀਆਂ ਐਸੀਆਂ ਗੱਡੀਆਂ ਸਨ ਜਿਨ੍ਹਾਂ ਦਾ ਜ਼ਿਕਰ ਲੋਕ ਗੀਤਾਂ ਵਿਚ ਆਉਂਦਾ ਹੈ। ਇਹ ਸਾਧਾਰਨ ਗੱਡੇ ਵਰਗੀਆਂ ਪਰ ਆਕਾਰ ਵਿਚ ਛੋਟੀਆਂ ਹੁੰਦੀਆਂ ਹਨ। ਇਨ੍ਹਾਂ ਉਤੇ ਬਾਂਸ ਦੀਆਂ ਛਿੱਪਰਾਂ ਮੋੜ ਕੇ ਛਤਰੀ ਬਣਾਈ ਹੁੰਦੀ ਸੀ। ਇਨ੍ਹਾਂ ਉਤੇ ਕੱਪੜੇ ਪਾਉਣ ਨਾਲ ਇਹ ਚਾਰੇ ਪਾਸੇ ਤੋਂ ਢਕੀਆਂ ਜਾਂਦੀਆਂ ਸਨ। ਚੇਤੇ ਵਿਚੋਂ ਵਿੱਸਰ ਗਿਆ ਹੈ ਕਿ ਕਿਸ-ਕਿਸ ਦੀ ਜੰਜ ਸੀ, ਪਰ ਇਕ ਜਾਂ ਦੋ ਵਿਆਹਾਂ ਵਿਚ ਪਿੰਡੋਂ ਗਈ ਜੰਜ ਨਾਲ ਇਹ ਗੱਡੀਆਂ ਵੀ ਸ਼ਿੰਗਾਰ ਕੇ ਲਿਜਾਈਆਂ ਗਈਆਂ ਸਨ ਤੇ ਦੁਲਹਨਾਂ ਨੂੰ ਇਨ੍ਹਾਂ ਵਿਚ ਬਿਠਾ ਕੇ ਲਿਆਂਦਾ ਗਿਆ ਸੀ।

ਉਸ ਦਿਨ ਬੇਟੀ ਨੂੰ ਸਮਝ ਨਹੀਂ ਸੀ ਆਈ ਕਿ ਮੈਂ ਕੀ ਕਹਿ ਰਿਹਾ ਹਾਂ ਅਤੇ ਗੱਡੀ ਤੋਂ ਮੇਰੀ ਕੀ ਮੁਰਾਦ ਹੈ, ਪਰ ਕੁਝ ਮਹੀਨੇ ਮਗਰੋਂ ਟੈਲੀਵਿਜ਼ਨ ਉਤੇ ਆਈ 'ਮਦਰ ਇੰਡੀਆ' ਫ਼ਿਲਮ ਵਿਚ ਮੈਂ ਉਸ ਨੂੰ ਦਿਖਾਇਆ ਕਿ ਗੱਡੀਆਂ ਕਿਸ ਤਰ੍ਹਾਂ ਦੀਆਂ ਹੁੰਦੀਆਂ ਸਨ। ਉਂਜ, ਮੈਂ ਸਮਝਾਉਣ ਉਤੇ ਵੀ ਇਹ ਨਹੀਂ ਸਾਂ ਸਮਝਾ ਸਕਿਆ ਕਿ ਖਰਾਸ ਕਿਸ ਤਰ੍ਹਾਂ ਦਾ ਹੁੰਦਾ ਸੀ ਅਤੇ ਅਰਜਨ ਸਿੰਘ ਦੀ ਭੱਠੀ ਕਿਸ ਤਰ੍ਹਾਂ ਹੁੰਦੀ ਸੀ। ਕਾਰਨ ਇਹ ਸੀ ਕਿ ਹੁਣ ਉਥੇ ਨਾ ਤਾਂ ਖਰਾਸ ਹੈ ਤੇ ਨਾ ਹੀ ਭੱਠੀ। ਉਸ ਦੀ ਥਾਂ ਨੂੰ ਹੁਣ ਚਾਰ ਦੀਵਾਰੀ ਨਾਲ ਵਗਲਿਆ ਹੋਇਆ ਹੈ। ਵੱਡਾ ਗੇਟ ਲੱਗਾ ਹੋਇਆ ਹੈ। ਅੰਦਰ ਦੋ ਜਾਂ ਤਿੰਨ ਟਰੱਕ ਖੜ੍ਹੇ ਸਨ। ਪਿੰਡ ਵਿਚ ਹੀ ਕਿਸੇ ਨੇ ਦੱਸਿਆ ਸੀ ਕਿ ਅਰਜਨ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਨੇ ਇੱਥੇ ਤਿੰਨ ਕਮਰੇ ਛੱਤ ਲਏ ਹਨ ਤੇ ਕਾਰੋਬਾਰ ਲਈ ਟਰੱਕ ਪਾ ਲਏ ਹਨ। ਖਰਾਸ ਦੀ ਨਿਸ਼ਾਨੀ ਧਰਤੀ ਤੋਂ ਪੂਰੀ ਤਰ੍ਹਾਂ ਮਿਟ ਗਈ ਹੈ ਪਰ ਮੇਰੇ ਚੇਤੇ ਵਿਚੋਂ ਅਰਜਨ ਸਿੰਘ ਦੀ ਯਾਦ ਨਹੀਂ ਮਿਟੀ। ਉਸ ਦੇ ਭਾਰੇ ਅਤੇ ਖੁਰਦਰੇ ਹੱਥ ਹਾਲੇ ਵੀ ਮੈਨੂੰ ਉਵੇਂ ਹੀ ਚੇਤੇ ਹਨ।

ਮੈਂ ਕੁਝ ਸਾਹਿਤ ਪੜ੍ਹਿਆ ਹੈ ਜਿਸ ਵਿਚ ਬਹੁਤ ਸਾਰੇ ਲੇਖਕਾਂ ਨੇ ਮਿਹਨਤੀ ਲੋਕਾਂ ਦੇ ਹੱਥਾਂ ਦਾ ਜ਼ਿਕਰ ਕੀਤਾ ਹੈ, ਪਰ ਕੋਈ ਵੀ ਆਪਣੇ ਲਫ਼ਜ਼ਾਂ ਰਾਹੀਂ ਕਿਸੇ ਮਿਹਨਤੀ ਦੇ ਸਖ਼ਤ, ਅੱਗ ਤੇ ਲੋਹੇ ਦੀ ਪਕੜ ਕਾਰਨ ਕਾਲੇ, ਪੇਪੜੀਆਂ ਵਾਲੇ ਸਖ਼ਤ, ਅਰਜਨ ਸਿੰਘ ਲੁਹਾਰ ਦੇ ਹੱਥਾਂ ਵਰਗੇ ਹੱਥਾਂ ਦਾ ਵਰਣਨ ਨਹੀਂ ਕਰ ਸਕਿਆ। ਮੇਰੀ ਕਲਮ ਵੀ ਉਸ ਦੇ ਹੱਥਾਂ ਦਾ ਵਰਣਨ ਕਰਨ ਦੇ ਅਸਮਰਥ ਹੈ। ਮੈਂ ਸਿਰਫ਼ ਮਹਿਸੂਸ ਹੀ ਕਰ ਸਕਦਾ ਹਾਂ। ਉਸ ਦੇ ਹੱਥ ਬੱਸ ਲੋਹੇ ਦੇ ਹੱਥ ਸਨ।

ਮੇਰੀ ਬੇਟੀ ਮੇਰੇ ਹੱਥ ਫੜ ਕੇ ਕਹਿੰਦੀ ਹੈ, "ਪਾਪਾ ਤੁਹਾਡੇ ਹੱਥ ਤਾਂ ਬਹੁਤ ਨਰਮ ਹਨ। ਕਿਉਂ?" ਕਿਸੇ ਦਿਨ ਉਸ ਨੂੰ ਦੱਸਾਂਗਾ ਕਿ ਮੇਰੇ ਹੱਥ ਨਰਮ ਕਿਉਂ ਹਨ ਤੇ ਇਹ ਅਰਜਨ ਸਿੰਘ ਲੁਹਾਰ ਦੇ ਹੱਥਾਂ ਵਰਗੇ ਕਿਉਂ ਨਹੀਂ ਹਨ।

**(ਚਲਦਾ)**



*ਇਕ ਕਿਰਤੀ ਲੁਹਾਰ ਦੇ 'ਲੋਹੇ ਦੇ ਹੱਥ' ਜਿਨ੍ਹਾਂ ਦਾ ਜ਼ਿਕਰ ਦਲਬੀਰ ਸਿੰਘ ਦੀ ਇਸ ਰਚਨਾ ਵਿਚ ਆਇਆ ਹੈ*

***ਮੈਂ ਕੁਝ ਸਾਹਿਤ ਪੜ੍ਹਿਆ ਹੈ ਜਿਸ ਵਿਚ ਬਹੁਤ ਸਾਰੇ ਲੇਖਕਾਂ ਨੇ ਮਿਹਨਤੀ ਲੋਕਾਂ ਦੇ ਹੱਥਾਂ ਦਾ ਜ਼ਿਕਰ ਕੀਤਾ ਹੈ, ਪਰ ਕੋਈ ਵੀ ਆਪਣੇ ਲਫ਼ਜ਼ਾਂ ਰਾਹੀਂ ਕਿਸੇ ਮਿਹਨਤੀ ਦੇ ਸਖ਼ਤ, ਅੱਗ ਤੇ ਲੋਹੇ ਦੀ ਪਕੜ ਕਾਰਨ ਕਾਲੇ, ਪੇਪੜੀਆਂ ਵਾਲੇ ਸਖ਼ਤ, ਅਰਜਨ ਸਿੰਘ ਲੁਹਾਰ ਦੇ ਹੱਥਾਂ ਵਰਗੇ ਹੱਥਾਂ ਦਾ ਵਰਣਨ ਨਹੀਂ ਕਰ ਸਕਿਆ। ਮੇਰੀ ਕਲਮ ਵੀ ਉਸ ਦੇ ਹੱਥਾਂ ਦਾ ਵਰਣਨ ਕਰਨ ਦੇ ਅਸਮਰਥ ਹੈ। ਮੈਂ ਉਨ੍ਹਾਂ ਹੱਥਾਂ ਨੂੰ ਸਿਰਫ਼ ਮਹਿਸੂਸ ਹੀ ਕਰ ਸਕਦਾ ਹਾਂ। ਉਸ ਦੇ ਹੱਥ ਬੱਸ ਲੋਹੇ ਦੇ ਹੱਥ ਸਨ।***

***ਅਰਜਨ ਸਿੰਘ ਦਾ ਕਾਰਖਾਨਾ ਵਿਹਲਾ ਹੀ ਹੁੰਦਾ ਸੀ। ਖਰਾਸ ਦੇ ਪੁੜਾਂ ਵਿਚੋਂ ਇਕ ਦੇ ਦੋ ਟੋਟੇ ਹੋ ਚੁੱਕੇ ਸਨ। ਜ਼ੋਰ ਕਰਨ ਵਾਲੇ ਮੁੰਡੇ ਉਸ ਦੇ ਅਹਿਰਨ ਨੂੰ ਚੁੱਕ ਕੇ ਤਾਕਤ ਦਾ ਵਿਖਾਵਾ ਕਰਦੇ। ਅਹਿਰਨ ਤਾਂ ਬਹੁਤ ਸਾਰੇ ਮੁੰਡੇ ਚੁੱਕ ਲੈਂਦੇ ਸਨ; ਫਰਕ ਸਿਰਫ ਇੰਨਾ ਸੀ, ਕਈ ਮਸਾਂ ਗੋਡਿਆਂ ਜਾਂ ਢਿੱਡ ਤੱਕ ਲਿਜਾ ਸਕਦੇ ਸਨ ਪਰ ਕੁਝ ਤਕੜੇ ਮੁੰਡੇ ਉਸ ਨੂੰ ਦੋਹਾਂ ਬਾਹਾਂ ਦੇ ਭਾਰ ਨਾਲ ਸਿਰ ਦੇ ਉਤੋਂ ਦੀ ਤੋਲ ਦਿੰਦੇ ਸਨ। ਨਿੱਕੇ ਹੁੰਦਿਆਂ ਇਕ ਵਾਰੀ ਗਿਰਧਾਰੀ ਭਲਵਾਨ ਨੂੰ ਅੱਧਾ ਪੁੜ ਦੋਹਾਂ ਬਾਹਾਂ ਵਿਚ ਚੁੱਕ ਕੇ ਕੁਝ ਕਦਮ ਤੁਰਦੇ ਦੇਖਿਆ ਸੀ। ਇਸ ਤਰ੍ਹਾਂ ਅਰਜਨ ਸਿੰਘ ਦਾ ਕਾਰਖਾਨਾ ਤੇ ਅਰਜਨ ਸਿੰਘ ਦਾ ਖਰਾਸ ਪਿੰਡ ਦੇ ਨੌਜਵਾਨਾਂ ਦੇ ਸ਼ਕਤੀ ਪ੍ਰਦਰਸ਼ਨ ਦੀ ਥਾਂ ਬਣ ਗਿਆ ਸੀ।***



**ਚੱਕੀ ਦੇ ਪੁੜ ਦੀ ਝਲਕ**

ਕਹਾਣੀ

# ਪਿਆਜ਼ੀ ਚੁੰਨੀ

ਬਲਵੰਤ ਗਾਰਗੀ

ਡਾਕਟਰ ਪਸ਼ੌਰਾ ਸਿੰਘ ਵਿਚ ਖਾਨਦਾਨੀ ਅਣਖ ਤੇ ਖੜਕਾ-ਦੜਕਾ ਸੀ।

ਜਦ ਉਸ ਨੂੰ ਪਤਾ ਲੱਗਾ ਕਿ ਉਸ ਦੀ ਬੀਵੀ ਕਲਾ ਕਲਾਲਾਂ ਦੇ ਮੁੰਡੇ ਨਾਲ ਰਲੀ ਹੋਈ ਹੈ, ਤਾਂ ਉਹ ਲੋਹਾ-ਲਾਖਾ ਹੋ ਗਿਆ। ਉਸ ਨੇ ਬੀਵੀ ਨੂੰ ਕੁਟਿਆ, ਪਾਵਿਆਂ ਹੇਠ ਹੱਥ ਦੇ ਕੇ ਤਸੀਹੇ ਦਿਤੇ ਤੇ ਫੇਰ ਗੁਸੇ ਵਿਚ ਝੱਗਾਂ ਛਡਦਾ ਹੋਇਆ ਉਸ ਦੀ ਹਿੱਕ ਉਤੇ ਚੜ੍ਹ ਬੈਠਾ। ਪੇਟੀ ਨਾਲ ਲਟਕਦਾ ਛੁਰਾ ਕਢ ਕੇ ਸੰਘੀ ਨਪ ਕੇ ਗਰਜਿਆ, "ਦੇਖਣੀ ਏਂ! ਸਿਰ ਕੱਟ ਕੇ ਕਿੱਲੀ ਉਤੇ ਟੰਗ ਦੇਸਾਂ!"

ਉਸ ਦਿਨ ਪਿਛੋਂ ਉਸ ਦੀ ਬੀਵੀ ਬੱਕਰੀ ਵਾਂਗ ਉਸ ਦੇ ਨਾਲ-ਨਾਲ ਤੁਰ ਕੇ ਦੁਕਾਨ 'ਤੇ ਆਉਂਦੀ, ਸਾਰਾ ਦਿਨ ਉਥੇ ਬੈਠੀ ਰਹਿੰਦੀ ਅਤੇ ਸ਼ਾਮ ਨੂੰ ਉਸੇ ਤਰ੍ਹਾਂ ਚੁਪ-ਚਾਪ ਉਸ ਦੇ ਨਾਲ ਘਰ ਮੁੜਦੀ।

ਦੂਰ-ਦੂਰ ਦੇ ਪਿੰਡਾਂ ਤੀਕ ਪਿਸ਼ੌਰਾ ਸਿੰਘ ਦੀ ਚਰਚਾ ਸੀ। ਕਿਸੇ ਨੂੰ ਦਾੜ੍ਹ ਪੀੜ ਹੁੰਦੀ ਜਾਂ ਕਿਸੇ ਸ਼ੁਕੀਨ ਨੇ ਦੰਦਾਂ ਵਿਚ ਮੇਖਾਂ ਠੁਕਵਾਉਣੀਆਂ ਹੁੰਦੀਆਂ, ਜਾਂ ਕਿਸੇ ਬੁਢੇ ਨੇ ਨਵੇਂ ਦੰਦ ਲਗਵਾਉਣੇ ਹੁੰਦੇ, ਤਾਂ ਸਿਧੇ ਡਾਕਟਰ ਪਸ਼ੌਰਾ ਸਿੰਘ ਕੋਲ ਆਉਂਦੇ।

ਇਸ ਦੇ ਇਲਾਵਾ ਖੁੰਢਾਂ ਉਤੇ ਬੈਠੇ ਜੱਟਾਂ ਦੇ ਮੁੰਡੇ ਤੇ ਢਾਬੇ ਉਤੇ ਚਾਹ ਪੀਂਦੇ ਬੱਸਾਂ ਦੇ ਡਰਾਈਵਰ ਵੀ ਉਸ ਦੀਆਂ ਗੱਲਾਂ ਕਰਦੇ। ਇਨ੍ਹਾਂ ਵਿਚੋਂ ਕਈ ਮਨਚਲੇ ਦਾੜ੍ਹ ਪੀੜ ਦੇ ਪੱਜ, ਹਾਏ ਹਾਏ ਕਰਦੇ ਉਸ ਦੀ ਹੱਟੀ ਉਤੇ ਹੋ ਆਏ ਸਨ ਜਿਥੇ ਉਸ ਦੀ ਸੁਹਣੀ ਪੋਠੋਹਾਰਨ ਬੀਵੀ ਬੈਠੀ ਹੁੰਦੀ।

ਪਸ਼ੌਰਾ ਸਿੰਘ ਦੇ ਆਪਣੇ ਦੰਦ ਬਹੁਤ ਮੈਲੇ ਸਨ। ਪਿਲਪਿਲੇ ਮਸੂੜੇ, ਵਿਰਲਾਂ ਵਾਲੀ ਪੀਲੀ ਦੰਦਰਾਲ। ਪਰ ਉਹ ਆਖਦਾ, "ਧੋਬੀ ਦੇ ਆਪਣੇ ਕੱਪੜੇ ਸਦਾ ਮੈਲੇ ਹੀ ਥੀਸਨ।" ਉਹ ਆਪਣੀ ਮਹਿੰਦੀ ਰੰਗੀ ਦਾੜ੍ਹੀ, ਫੌਜੀਆਂ ਵਾਂਗ ਚੜ੍ਹਾ ਕੇ ਰੱਖਦਾ। ਪੂੰਝੇ ਵਾਲੀ ਨੀਲੀ ਪੱਗ ਤੇ ਪਤਲੂਨ ਦੀ ਪੇਟੀ ਨਾਲ ਲਟਕਦੇ ਛੁਰੇ ਦਾ ਬੜੇ ਫਖਰ ਨਾਲ ਜ਼ਿਕਰ ਕਰਦਾ। ਜੇ ਇਲਾਕੇ ਦਾ ਕੋਈ ਥਾਣੇਦਾਰ ਜਾਂ ਪਟਵਾਰੀ ਦੁਕਾਨ ਅਗੋਂ ਦੀ ਲੰਘਦਾ, ਤਾਂ ਉਹ ਬੜੇ ਤਪਾਕ ਨਾਲ ਉਸ ਨੂੰ ਫਤਿਹ ਬੁਲਾਉਂਦਾ ਤੇ ਹੱਥ ਜੋੜ ਕੇ ਆਖਦਾ, "ਸਾਡੇ ਵਲ ਵੀ ਧਿਆਨ ਰਖਣਾ! ਤੁਹਾਡੇ ਸਦਕੇ ਦਾਸ ਵੀ ਚਾਰ ਪੈਸੇ ਖੱਟ ਲੇਸੀ!"

ਹੱਟੀ ਦੇ ਬਾਹਰ ਦੋ ਬੋਰਡ ਲਟਕਦੇ ਸਨ। ਇਕ ਆਦਮੀ ਬਗੈਰ ਦੰਦਾਂ ਦੇ ਹੱਸ ਰਿਹਾ ਹੈ, ਦੂਜਾ ਨਵੇਂ ਦੰਦਾਂ ਦਾ ਸੈਟ ਲਾਈ ਬੈਠਾ ਮੁਸਕਰਾ ਰਿਹਾ ਹੈ। ਇਕ ਮੈਲੇ ਪਰਦੇ ਪਿਛੇ ਦੰਦਾਂ ਦਾ ਮੁਆਇਨਾ ਕਰਨ ਵਾਲੀ ਲੰਮੀ ਗਦੇਦਾਰ ਕੁਰਸੀ ਪਈ ਹੁੰਦੀ, ਜਿਸ ਨੂੰ ਉਹ ਰਾਵਲਪਿੰਡੀ ਤੋਂ ਆਪਣੇ ਨਾਲ ਲੈ ਕੇ ਆਇਆ ਸੀ। ਕੋਲ ਫੱਟੇ 'ਤੇ ਕਈ ਪ੍ਰਕਾਰ ਦੇ ਜਮੂਰ ਤੇ ਖੁਰਚਣ ਵਾਲੇ ਔਜ਼ਾਰ ਪਏ ਹੁੰਦੇ। ਇਕ ਪਾਸੇ ਸਟੂਲ ਉਤੇ ਉਸ ਦੀ ਸੋਹਣੀ ਪੋਠੋਹਾਰਨ ਬੀਵੀ ਬੈਠੀ ਹੁੰਦੀ, ਜਿਸ ਦੀ ਪਿਆਜ਼ੀ ਚੁੰਨੀ ਵਾਰ-ਵਾਰ ਉਸ ਦੀਆਂ ਛਾਤੀਆਂ ਤੋਂ ਤਿਲਕਦੀ ਰਹਿੰਦੀ।

ਸਾਰੀ ਮੰਡੀ ਵਿਚ ਪਸ਼ੌਰਾ ਸਿੰਘ ਦੇ ਜਮੂਰ ਤੇ ਪਿਆਜ਼ੀ ਚੁੰਨੀ ਦਾ ਜ਼ਿਕਰ ਸੀ। ਲੋਕ ਡਾਕਟਰ ਨੂੰ ਜਮੂਰ ਤੇ ਉਸ ਦੀ ਬੀਵੀ ਨੂੰ ਪਿਆਜ਼ੀ ਚੁੰਨੀ ਨਾਲ ਯਾਦ ਕਰਦੇ। ਇਹ ਕੁਝ ਠੀਕ ਵੀ ਸੀ। ਪਸ਼ੌਰਾ ਸਿੰਘ ਨੇ ਜਮੂਰ ਵਾਂਗ ਹੀ ਪਿਆਜ਼ੀ ਚੁੰਨੀ ਨੂੰ ਫੜਿਆ ਹੋਇਆ ਸੀ।

ਗੱਲ ਇਸ ਤਰ੍ਹਾਂ ਹੋਈ ਕਿ ਪਸ਼ੌਰਾ ਸਿੰਘ ਦੀ ਪਹਿਲੀ ਬੀਵੀ ਤੇ ਦੋ ਧੀਆਂ ਪਾਕਿਸਤਾਨ ਵਿਚ ਹੀ ਕਤਲ ਹੋ ਗਈਆ ਸਨ। ਜਦੋਂ ਉਹ ਇਸ ਮੰਡੀ ਵਿਚ ਆਇਆ ਤਾਂ ਸਿਰਫ ਆਪਣੀ ਬੁਢੀ ਮਾਂ ਤੇ ਪੁਰਾਣੀ ਕੁਰਸੀ ਨੂੰ ਹੀ ਨਾਲ ਲਿਆ ਸਕਿਆ ਸੀ। ਉਸ ਦੇ ਗੁਆਂਢ ਵਿਚ ਇਕ ਅੰਨ੍ਹੀ ਪੋਠੋਹਾਰਨ ਤੇ ਉਸ ਦੀ ਜਵਾਨ ਧੀ ਆ ਵਸੇ ਸਨ। ਥੋੜ੍ਹੇ ਦਿਨ ਪਿਛੋਂ ਉਹ ਪਸ਼ੌਰਾ ਸਿੰਘ ਦੇ ਵੱਡੇ ਮਕਾਨ ਵਿਚ ਹੀ ਰਹਿਣ ਲਗੇ। ਉਨ੍ਹਾਂ ਨੂੰ ਪਸ਼ੌਰਾ ਸਿੰਘ ਦਾ ਆਸਰਾ ਸੀ। ਮਰਨ ਲਗਿਆਂ ਅੰਨ੍ਹੀ ਬੁੱਢੀ ਨੇ ਆਪਣੀ ਜਵਾਨ ਧੀ ਦਾ ਵਿਆਹ ਪਸ਼ੌਰਾ ਸਿੰਘ ਨਾਲ ਕਰ ਦਿਤਾ ਸੀ।

ਇਕ ਦਿਨ ਦੁਕਾਨ ਤੋਂ ਵਿਹਲਾ ਹੋ ਕੇ ਪਸ਼ੌਰਾ ਸਿੰਘ ਆਪਣੀ ਬੀਵੀ ਨਾਲ ਘਰ ਪਰਤ ਰਿਹਾ ਸੀ। ਬਾਜ਼ਾਰ ਵਿਚ ਕੁੰਜੜੇ ਦੀ ਦੁਕਾਨ ਉਤੇ ਉਹ ਸਬਜ਼ੀ ਲੈਣ ਲਈ ਰੁਕ ਗਏ। ਉਹ ਭਿੰਡੀਆਂ ਦਾ ਭਾਅ ਕਰਨ ਲੱਗਾ ਤੇ ਉਸ ਦੀ ਬੀਵੀ ਇਕ ਪਾਸੇ ਖੜੇ ਹੋ ਕੇ ਉਸ ਨੂੰ ਉਡੀਕਣ ਲਗੀ। ਜਦ ਉਹ ਭਿੰਡੀਆਂ ਚੁਣ ਕੇ ਤੁਲਵਾ ਕੇ ਮੁੜਿਆ, ਤਾਂ ਉਸ ਦੇਖਿਆ ਕਿ ਪੱਕੇ ਰੰਗ ਦਾ ਇਕ ਪਤਲਾ ਲੰਮਾ ਆਦਮੀ ਖੰਭੇ ਹੇਠ ਖੜਾ ਹੈ ਤੇ ਉਸ ਦੀ ਬੀਵੀ ਉਸ ਵਲ ਦੇਖ ਕੇ ਮੁਸਕਰਾ ਰਹੀ ਹੈ।

ਪਸ਼ੌਰਾ ਸਿੰਘ ਨੇ ਭਿੰਡੀਆਂ ਸੁੱਟ ਕੇ ਬੀਵੀ ਦਾ ਗੱਲ ਜਾ ਫੜਿਆ। ਉਸ ਨੂੰ ਝੰਜੋੜਦਾ ਤੇ ਮਾਰਦਾ ਹੋਇਆ ਬਕਿਆ, "ਤੂੰ ਉਸ ਕਲਾਲਾਂ ਦੇ ਕੁਤੇ ਦਾ ਖਹਿੜਾ ਨਹੀਂ ਛਡਸੈਂ? ਮੈਂ ਤੇਰੀ ਪਿਆਜ਼ੀ ਚੁੰਨੀ ਫਾੜ ਕੇ ਕਿਲੀ ਉਤੇ ਟੰਗ ਦੇਸਾਂ।"

ਲੋਕ ਦੁਕਾਨਾਂ ਦੇ ਥੜ੍ਹਿਆਂ ਉਤੇ ਖੜ੍ਹੇ ਹੋ ਕੇ ਤੱਕਣ ਲਗੇ, ਪਰ ਕੋਈ ਨੇੜੇ ਨਾ ਆਇਆ। ਸਭ ਨੂੰ ਪਸ਼ੌਰਾ ਸਿੰਘ ਦੇ ਗੁੱਸੇ ਤੇ ਸ਼ੱਕੀ ਸੁਭਾਅ ਦਾ ਪਤਾ ਸੀ। ਜੇ ਕੋਈ ਹਮਦਰਦੀ ਵਜੋਂ ਦਖਲ ਦੇਣ ਦੀ ਕੋਸ਼ਿਸ਼ ਕਰਦਾ ਤਾਂ ਪਸ਼ੌਰਾ ਸਿੰਘ ਨੇ ਉਸ ਦਾ ਮੱਕੂ ਵੀ ਠੱਪ ਦੇਣਾ ਸੀ। ਉਹ ਉਸ ਨੂੰ ਥੱਪੜ ਮਾਰਦਾ ਹੋਇਆ ਸਾਰੀ ਮੰਡੀ ਵਿਚੋਂ ਦੀ ਰੋਂਦੀ ਨੂੰ ਘਰ ਲੈ ਗਿਆ।

ਇਸ ਪਿਛੋਂ ਬਾਰੂ ਕੁੰਜੜੇ ਤੇ ਮੁਨਸ਼ੀ ਗੰਗਾ ਰਾਮ ਨੇ ਸਿਰਫ ਇਹੋ ਆਖਿਆ, "ਭਾਈ ਸਾਨੂੰ ਕੀ, ਉਸ ਦੀ ਬੀਵੀ ਐ, ਜੋ ਮਰਜੀ ਕਰੇ।"

ਇਸ ਤਰ੍ਹਾਂ ਛੇ ਮਹੀਨੇ ਲੰਘ ਗਏ। ਪਸ਼ੌਰਾ ਸਿੰਘ ਤੇ ਉਸ ਦੀ ਬੀਵੀ ਰੋਟੀ ਖਾ ਕੇ ਦਸ ਵਜੇ ਦੁਕਾਨ ਉਤੇ ਆਉਂਦੇ। ਸਾਰਾ ਦਿਨ ਉਹ ਦੁਕਾਨ ਉਤੇ ਕੰਮ ਕਰਦਾ। ਜਦ ਕੋਈ ਗਾਹਕ ਨਾ ਹੁੰਦਾ ਤਾਂ ਉਹ ਰਬੜ ਦੇ ਮਸੂੜ੍ਹਿਆਂ ਵਾਲੇ ਦੰਦਾਂ ਦੇ ਸੈਟ ਬਣਾਉਣ ਵਿਚ ਰੁਝਿਆ ਰਹਿੰਦਾ। ਬੀਵੀ ਨਾਲ ਦਿਨ ਵਿਚ ਮਸਾਂ ਦੋ-ਚਾਰ ਵਾਰ ਹੀ ਗੱਲ ਹੁੰਦੀ।

ਇਕ ਦਿਨ ਉਹ ਘਰੋਂ ਦੁਕਾਨ ਵਲ ਆ ਰਹੇ ਸਨ। ਜੂਨ ਦਾ ਮਹੀਨਾ ਸੀ। ਦਸ ਵਜੇ ਹੀ ਸੂਰਜ ਭੱਠ ਵਾਂਗ ਤਪ ਰਿਹਾ ਸੀ। ਪਸ਼ੌਰਾ ਸਿੰਘ ਤੇ ਉਸ ਦੀ ਬੀਵੀ ਬਾਜ਼ਾਰ ਵਿਚ ਜਾ ਰਹੇ ਸਨ। ਉਸ ਦੀ ਬੀਵੀ ਰਤਾ ਕੁ ਪਿਛੇ ਰਹਿ ਗਈ ਸੀ। ਉਹ ਖੜ੍ਹਾ ਹੋ ਕੇ ਤਿਖੀ ਆਵਾਜ਼ ਵਿਚ ਬੋਲਿਆ, "ਪੈਰਾਂ ਨੂੰ ਮਹਿੰਦੀ ਲਾਈ ਸਾਈ। ਛੇਤੀ ਤੁਰ, ਹੱਟੀ ਤੇ ਗਾਹਕ ਉਡੀਕਦੇ ਹੋਸਨ।"

ਉਸ ਦੀ ਬੀਵੀ ਖਲੋ ਗਈ। ਉਸ ਨੇ ਚੀਖ ਮਾਰੀ ਤੇ ਜੁੱਤੀ ਸੁਟ ਕੇ ਨੰਗੇ ਪੈਰੀਂ ਪਿਛੇ ਨੂੰ ਨੱਸ ਪਈ। ਪਸ਼ੌਰਾ ਸਿੰਘ ਨੇ ਲਲਕਾਰ ਕੇ ਆਖਿਆ, "ਹਰਾਮਜ਼ਾਦੀਏ ਮੈਂ ਤਾਂ..." ਉਹ ਉਸ ਦੇ ਮਗਰ ਉਹਨੂੰ ਫੜਨ ਲਈ ਦੌੜ ਪਿਆ।

ਬੀਵੀ ਇਕ ਥਾਂ ਖੜ੍ਹੀ ਹੋ ਗਈ ਤੇ ਤਣ ਕੇ ਬੋਲੀ, "ਅਗੇ ਵਧਿਆ ਤਾਂ ਮੈਂ ਤੇਰਾ ਢਿਡ ਪਾੜ ਦੇਸਾਂ!" ਉਸ ਨੇ ਵਾਲ ਖਿਲਾਰ ਲਏ ਤੇ ਚੰਡੀ ਦਾ ਰੂਪ ਧਾਰ ਕੇ ਗਰਜੀ, "ਮੈਂ ਅੱਗ ਲਾਉਣੀ ਐਂ ਤੇਰੀ ਹੱਟੀ ਨੂੰ! ਦਾੜ੍ਹੀ ਪੁੱਟ ਕੇ ਕਿਲੀ ਉਤੇ ਟੰਗ ਦੇਸਾਂ!" ਉਸ ਨੇ ਕਖ-ਡੋਰੀਏ ਦੀ ਚੁੰਨੀ ਪਾੜ ਕੇ ਉਸ ਦੇ ਮੂੰਹ ਉਤੇ ਦੇ ਮਾਰੀ ਅਤੇ ਬਾਜ਼ਾਰ ਦੇ ਵਿਚਕਾਰ ਢਾਕਾਂ ਉਤੇ ਹੱਥ ਰੱਖ ਕੇ ਉਚੀ-ਉਚੀ ਹੱਸਣ ਲੱਗੀ। ਪਸ਼ੌਰਾ ਸਿੰਘ ਸਕਤੇ ਵਿਚ ਆ ਗਿਆ, ਉਹ ਬੋਲਿਆ, "ਕੀ ਬਕਨੀ ਏਂ?"

ਉਹ ਹੋਰ ਉਚੀ-ਉਚੀ ਹੱਸੀ। ਉਸ ਨੇ ਆਪਣੀ ਛਾਤੀ ਦਾ ਗਲਵਾਂ ਪਾੜ ਕੇ ਜ਼ੋਰ ਨਾਲ ਛਾਤੀਆਂ ਉਤੇ ਦੁਹਥੜ ਮਾਰੇ ਤੇ ਫਿਰ ਕੂਕਾਂ ਮਾਰਦੀ ਹੋਈ ਨੱਸ ਗਈ।

ਪਸ਼ੌਰਾ ਸਿੰਘ ਦਾ ਸਾਹ ਸਤ ਜਾਂਦਾ ਰਿਹਾ। ਉਹ ਉਥੇ ਹੀ ਖੜ੍ਹਾ ਰਹਿ ਗਿਆ। ਲੋਕ ਇਕਠੇ ਹੋ ਗਏ।

ਮੁਨਸ਼ੀ ਗੰਗਾ ਰਾਮ ਬੋਲਿਆ, "ਮਗਜ਼ ਨੂੰ ਗਰਮੀ ਚੜ੍ਹ ਗਈ!"

ਬਾਰੂ ਕੁੰਜੜੇ ਨੇ ਆਖਿਆ, "ਵਿਚਾਰੇ ਡਾਕਟਰ ਦਾ ਘਰ ਉਜੜ ਗਿਆ!"

ਪਸ਼ੌਰਾ ਸਿੰਘ ਕੁਝ ਦੇਰ ਸੋਚਦਾ ਰਿਹਾ ਤੇ ਫਿਰ ਨੀਵੀਂ ਪਾ ਕੇ ਦੁਕਾਨ ਵਲ ਤੁਰ ਪਿਆ।

ਸਾਰੀ ਮੰਡੀ ਵਿਚ ਇਹ ਗਲ ਧੁੰਮ ਗਈ ਕਿ ਪਸ਼ੌਰਾ ਸਿੰਘ ਦੀ ਬੀਵੀ ਪਾਗਲ ਹੋ ਗਈ।

ਉਹ ਖੁਲ੍ਹੇ ਗਲਮੇ, ਖੁਲ੍ਹੇ ਵਾਲੀਂ, ਨੰਗੇ ਪੈਰੀਂ ਢਾਬਿਆਂ ਤੇ ਮੋਟਰਾਂ ਦੇ ਅੱਡੇ 'ਤੇ ਤੁਰੀ ਫਿਰਦੀ। ਢਾਬੇ ਉਤੇ ਬੈਠਾ ਕੋਈ ਬਦਮਾਸ਼ ਜੱਟ ਮੁੱਛਾਂ ਨੂੰ ਵਟ ਦੇ ਕੇ ਉਸ ਦੇ ਹੁਸਨ ਵਲ ਦੇਖਦਾ। ਉਸ ਨੂੰ ਚਾਹ ਪਿਲਾਉਣ ਦੇ ਬਹਾਨੇ ਅੰਦਰ ਬੁਲਾ ਲੈਂਦਾ ਤੇ ਫੇਰ ਪਿਛਲੀ ਕੋਠੜੀ ਵਿਚ ਲੈ ਵੜਦਾ। ਜਦੋਂ ਉਹ ਚਾਹ ਪੀ ਕੇ ਬਾਹਰ ਨਿਕਲਦੀ ਤਾਂ ਉਸ ਦੀਆਂ ਅੱਖਾਂ ਵਿਚ ਖੁਮਾਰ ਤੇ ਖੁਸ਼ੀ ਹੁੰਦੀ।

ਮੋਟਰਾਂ ਦੇ ਡਰਾਈਵਰਾਂ ਨਾਲ ਉਸ ਦਾ ਖਾਸ ਮੇਲ ਸੀ। ਕਦੇ-ਕਦੇ ਦਿਨ ਢਲੇ ਉਹ ਲਾਰੀ ਨੂੰ ਸਾਧਾਂ ਦੀ ਝਿੜੀ ਲਾਗੇ ਲਿਜਾ ਖੜ੍ਹੀ ਕਰਦੇ। ਉਸ ਦੀ ਛੱਤ ਉਤੇ ਡਾਕਟਰ ਦੀ ਬੀਵੀ ਮਸਤੀ ਵਿਚ ਪਈ ਹੁੰਦੀ। ਇਸ ਸਮੇਂ ਉਸ ਦਾ ਪਾਗਲਪਣ ਲਥਾ ਹੁੰਦਾ। ਉਹ ਹਲਕੀ ਫੁਲ ਖੁਸ਼ੀ ਵਿਚ ਝੂੰਮਦੀ ਕਦੇ ਸਾਧ ਦੇ ਡੇਰੇ ਜਾ ਵੜਦੀ ਜਾਂ ਬਿਜਲੀ ਘਰਾਂ ਦੇ ਕੁਆਟਰਾਂ ਵਿਚ ਜਾ ਸੌਂਦੀ।

ਕਦੀ-ਕਦੀ ਉਹ ਕਲਾਲਾਂ ਦੇ ਮੁੰਡੇ ਨੂੰ ਮਿਲਣ ਉਸ ਦੀ ਬਗੀਚੀ ਵਿਚ ਜਾਂਦੀ। ਉਥੇ ਜਾ ਕੇ ਉਹ ਹਲਟੀ ਉਤੇ ਨਹਾਉਂਦੀ, ਕਪੜੇ ਬਦਲਦੀ ਤੇ ਉਚੇ ਲੰਮੇ ਮੁਸਕੀ ਰੰਗ ਦੇ ਕਲਾਲ ਲਈ



ਰੋਟੀ ਪਕਾਉਂਦੀ। ਉਸ ਰਾਤ ਉਹ ਉਥੇ ਹੀ ਸੌਂਦੀ ਤੇ ਉਸ ਨੂੰ ਆਖਦੀ, "ਇਸ ਪਸ਼ੌਰੇ ਦੇ ਬੱਚੇ ਦੇ ਵਲ ਕੱਢ ਕੇ ਛਡਸਾਂ।"

ਮੰਡੀ ਦੇ ਸਭ ਲੋਕ ਜਾਣਦੇ ਸਨ ਕਿ ਡਾਕਟਰ ਦੇ ਜੁਲਮ ਸਦਕਾ ਇਹ ਵਿਚਾਰੀ ਪਾਗਲ ਹੋ ਗਈ ਹੈ। ਸਿਰਫ ਡਰਾਈਵਰਾਂ ਤੇ ਕਲਾਲਾਂ ਦੇ ਮੁੰਡੇ ਨੂੰ ਇਹ ਪਤਾ ਸੀ ਕਿ ਉਸ ਵਿਚ ਅਤ੍ਰਿਪਤ ਇਸਤਰੀ ਦੀ ਜ਼ਿਦ ਸੀ, ਜਿਸ ਨੇ ਲੋਕ-ਲਾਜ ਦੀ ਚੁੰਨੀ ਲਾਹ ਕੇ ਇਸ ਦੀਆਂ ਫੀਤੀਆਂ ਕਰ ਦਿਤੀਆਂ ਸਨ। ਉਹ ਤੁਫਾਨੀ ਨਦੀ ਵਾਂਗ ਮਰਿਆਦਾ ਦੀਆਂ ਹੱਦਾਂ ਤੋੜ ਕੇ ਅੰਨ੍ਹੇ ਵਾਹ, ਬਿਫਰੀ ਹੋਈ ਵਗ ਤੁਰੀ ਸੀ।

ਡਾਕਟਰ ਪਸ਼ੌਰਾ ਸਿੰਘ ਦੀ ਹੱਟੀ ਸੁੰਨੀ ਤੇ ਘਰ ਵੀਰਾਨ ਸੀ। ਬੀਵੀ ਨੂੰ ਮੋੜ ਲਿਆਉਣ ਦੇ ਉਸ ਨੇ ਬੜੇ ਜਤਨ ਕੀਤੇ, ਪਰ ਕੋਈ ਪੇਸ਼ ਨਾ ਗਈ। ਉਹ ਢਾਬਿਆਂ ਤੇ ਮੋਟਰਾਂ ਦੇ ਅੱਡੇ ਉਤੇ ਕਈ ਵਾਰ ਪੁਛਦਾ ਫਿਰਦਾ। ਉਸ ਦੀ ਗੱਲਬਾਤ ਵਿਚ ਤਰਲਾ ਤੇ ਨਮੋਸ਼ੀ ਸੀ। ਉਹ ਸਾਧਾਂ ਤੇ ਗੰਡੇ-ਤਾਵੀਜ਼ ਕਰਨ ਵਾਲਿਆਂ ਕੋਲ ਗਿਆ। ਕਈ ਸੁਖਾਂ ਸੁਖੀਆਂ ਪਰ ਸਭ ਕੁਝ ਵਿਅਰਥ।

ਕਈ ਵਾਰ ਉਹ ਪਛਤਾਉਂਦਾ ਕਿ ਉਸ ਨੇ ਬੀਵੀ ਨੂੰ ਭਰੇ ਬਾਜ਼ਾਰ ਵਿਚ ਕਿਉਂ ਕੁਟਿਆ ਸੀ। ਕਈ ਵਾਰ ਉਹ ਗੁਸੇ ਵਿਚ ਕਚੀਚੀਆਂ ਵਟਦਾ ਤੇ ਬੀਵੀ ਨੂੰ ਗਾਲ੍ਹਾਂ ਕਢਦਾ। ਉਸ ਨੂੰ ਸਮਝ ਨਹੀਂ ਸੀ ਆਉਂਦੀ ਕਿ ਉਹ ਕੀ ਕਰੇ।

ਹੌਲੀ-ਹੌਲੀ ਉਸ ਨੂੰ ਡਰਾਈਵਰਾਂ ਵਾਲੀ ਗੱਲ ਦਾ ਵੀ ਪਤਾ ਲੱਗ ਗਿਆ। ਉਹ ਬੀਵੀ ਨੂੰ ਢੂੰਡਦਾ ਹੋਇਆ, ਮੱਥਾ ਪਟਕਦਾ, ਕਿਸਮਤ ਨੂੰ ਕੋਸਦਾ ਮੋਟਰਾਂ ਦੇ ਅੱਡੇ ਉਤੇ ਜਾ ਨਿਕਲਿਆ। ਬਾਰਸ਼ ਪੈ ਰਹੀ ਸੀ ਤੇ ਅੱਡੇ ਉਤੇ ਚਿਕੜ ਸੀ। ਇਕ ਲਾਰੀ ਖਾਲੀ ਸੀ ਕਿਉਂਜੁ ਉਸ ਦੇ ਸਭ ਮੁਸਾਫਰ ਜਾ ਚੁਕੇ ਸਨ। ਲਾਰੀ ਦੀ ਛੱਤ ਉਤੇ ਤਰਪਾਲ ਪਈ ਸੀ ਤੇ ਉਸ ਹੇਠ ਬੁਘਾ ਡਰਾਈਵਰ ਉਸ ਦੀ ਬੀਵੀ ਨਾਲ ਸ਼ਰਾਬ ਪੀਂਦਾ ਪਿਆ ਸੀ। ਪਸ਼ੌਰਾ ਸਿੰਘ ਨੇ ਢਾਬੇ ਵਾਲੇ ਤੋਂ ਪੁਛਿਆ ਤਾਂ ਤਿੰਨ ਸ਼ਰਾਰਤੀ ਮੁੰਡਿਆਂ ਨੇ ਲਾਰੀ ਦੀ ਛੱਤ ਵਲ ਸੈਨਤ ਕੀਤੀ ਤੇ ਖਿੜ੍ਹ-ਖਿੜ੍ਹਾ ਕੇ ਹਸ ਪਏ। ਪਸ਼ੌਰਾ ਸਿੰਘ ਦੇ ਸਿਰ ਉਤੇ ਸੌ ਘੜੇ ਪਾਣੀ ਦੇ ਪੈ ਗਏ। ਉਹ ਹਾਰਿਆ ਹੋਇਆ ਘਰ ਮੁੜ ਆਇਆ।

ਚਾਰ ਮਹੀਨਿਆਂ ਵਿਚ ਪਸ਼ੌਰਾ ਸਿੰਘ ਦੀਆਂ ਹੜਬਾਂ ਨਿਕਲ ਆਈਆਂ। ਪਤਲੂਨ ਦੀ ਪੇਟੀ ਨਾਲ ਲਟਕਦੇ ਛੁਰੇ ਤੇ ਫੌਜੀਆਂ ਵਾਂਗ ਚਾੜ੍ਹੀ ਦਾੜ੍ਹੀ ਦਾ ਸਾਰਾ ਘੁਮੰਡ ਜਾਂਦਾ ਰਿਹਾ।

ਇਕ ਦਿਨ ਉਹ ਦੁਕਾਨ ਤੋਂ ਮੁੜਿਆ ਤਾਂ ਉਸ ਦੀ ਬੀਵੀ ਘਰ ਬੈਠੀ ਸੀ। ਉਹ ਬਹੁਤ ਹੈਰਾਨ ਹੋਇਆ। ਉਸ ਨੂੰ ਇਉਂ ਲੱਗਾ ਜਿਵੇਂ ਉਹ ਕਿਸੇ ਬੇਗਾਨੇ ਘਰ ਜਾ ਵੜਿਆ ਹੋਵੇ। ਦੋਹਾਂ ਦੀ ਮੁਲਾਕਾਤ ਬੜੀ ਉਪਰੀ ਸੀ। ਉਸ ਦਾ ਦਿਲ ਡਰ ਨਾਲ ਕੰਬਣ ਲਗਾ। ਕੀ ਪਤਾ ਬੀਵੀ ਮੁੜ ਨਸ ਜਾਵੇ। ਉਸ ਨੇ ਬਹੁਤ ਧੀਰਜ ਤੇ ਸੰਕੋਚ ਨਾਲ ਉਸ ਨੂੰ ਰੋਟੀ ਖਾਣ ਲਈ ਪੁਛਿਆ। ਬੀਵੀ ਨੇ ਪਸ਼ੌਰਾ ਸਿੰਘ ਦੇ ਧੀਮੇ ਸੁਭਾਅ ਨੂੰ ਜਾਂਚ ਕੇ ਸਿਰ ਹਿਲਾ ਦਿਤਾ।

ਪਸ਼ੌਰਾ ਸਿੰਘ ਨੇ ਪੁਚਕਾਰ ਕੇ ਆਖਿਆ, "ਮੁਰਗਾ ਖਾਸੇਂ?"

ਬੀਵੀ ਨੇ ਉਸ ਵਲ ਬੜੇ ਠਰ੍ਹੰਮੇ ਨਾਲ ਤਕਿਆ ਤੇ ਸਿਰ ਹਿਲਾ ਕੇ ਬੋਲੀ, "ਹਾਂ।"

ਇਸ ਨਿਕੀ ਜਿਹੀ ਗੱਲਬਾਤ ਪਿਛੇ ਸੈਂਕੜੇ ਅਣਕਹੀਆਂ ਗੱਲਾਂ ਵੀ ਸਨ।

ਪਸ਼ੌਰਾ ਸਿੰਘ ਖੜ੍ਹੇ ਪੈਰੀਂ ਬਾਜ਼ਾਰ ਗਿਆ ਤੇ ਬੀਵੀ ਲਈ ਨਵੀਂ ਚੁੰਨੀ, ਕੱਜਲ, ਦੰਦਾਸਾ, ਬਾਦਾਮ ਤੇ ਮੁਰਗਾ ਲੈ ਆਇਆ। ਬੜੇ ਪਿਆਰ ਨਾਲ ਉਸ ਨੇ ਇਹ ਚੀਜ਼ਾਂ ਆਪਣੀ ਬੀਵੀ ਅਗੇ ਭੇਟ ਕੀਤੀਆਂ। ਉਸ ਵਿਚ ਮੁੜ ਪੁਰਾਣਾ ਪਿਆਰ ਜਾਗ ਪਿਆ। ਨਾਲ ਹੀ ਡਰ, ਪਛਤਾਵਾ ਤੇ ਬੇਇਜ਼ਤੀ ਦਾ ਸੰਸਾ। ਮਨ ਦੇ ਅੰਦਰ ਕਿਧਰੇ ਗੁੱਸੇ ਦੀ ਚਿਣਗ ਵੀ ਮਘ ਰਹੀ ਸੀ।

ਉਹ ਉਸ ਦਾ ਹਥ ਫੜ ਕੇ ਗੁਸੇ ਵਿਚ ਬੋਲਿਆ, "ਕੁਤੀਏ, ਜੇ ਖੇਹ ਖਾਣੀ ਏਂ, ਤਾਂ ਘਰ ਵਿਚ ਬੈਠ ਕੇ ਖਾਹ। ਮੈਂ ਜਾ ਕੇ ਉਸ ਕਲਾਲ ਨੂੰ ਇਥੇ ਲੈ ਆਸਾਂ।"

ਉਸ ਨੇ ਪੇਟੀ ਨਾਲ ਲਟਕਦਾ ਛੁਰਾ ਲਾਹ ਕੇ ਸੰਦੂਕ ਵਿਚ ਰਖ ਦਿਤਾ ਤੇ ਸਾਈਕਲ ਉਤੇ ਚੜ੍ਹ ਕੇ ਕਲਾਲਾਂ ਦੇ ਮੁੰਡੇ ਨੂੰ ਬੁਲਾਉਣ ਬਗੀਚੀ ਵਲ ਤੁਰ ਪਿਆ।

ਉਸ ਦੀ ਬੀਵੀ ਨੇ ਅਖਾਂ ਵਿਚ ਕਜਲ ਪਾਇਆ, ਨਵੀਂ ਪਿਆਜ਼ੀ ਚੁੰਨੀ ਲੀਤੀ ਤੇ ਵਿਹੜੇ ਵਿਚ ਚੁਲ੍ਹੇ ਉਤੇ ਮੁਰਗਾ ਭੁੰਨਣ ਲਗੀ।

ਸਾਰੇ ਮੁਹਲੇ ਵਿਚ ਮਸਾਲੇ ਵਾਲੇ ਮੁਰਗ਼ੇ ਦੇ ਤੜਕਣ ਦੀ ਮਹਿਕ ਫੈਲ ਗਈ।

ਗੁਆਂਢ ਵਿਚ ਮੁਨਸ਼ੀ ਗੰਗਾ ਰਾਮ ਨੇ ਹੁਕੇ ਦੀ ਘੁਟ ਭਰ ਕੇ ਆਖਿਆ, "ਸ਼ੁਕਰ ਏ , ਪਸ਼ੌਰਾ ਸਿੰਘ ਦਾ ਘਰ ਮੁੜ ਵਸ ਗਿਆ!"

## ਵਿਅੰਗ

### ਹਕੀਕਤ

ਮਾਸਟਰ ਜੀ ਨੇ ਜਮਾਤ ਵਿਚ ਆਉਂਦਿਆਂ ਸਾਰ ਸਵਾਲ ਦਾਗਿਆ, "ਹਾਂ ਬਈ ਬੱਚਿਓ, ਭਾਰਤ ਨੂੰ ਆਜ਼ਾਦੀ ਕਦ ਮਿਲੀ ਸੀ?"

"ਜੀ 1947 ਵਿਚ!"

"ਸ਼ਾਬਾਸ਼! ਠੀਕ ਏ! ਪਰ ਸਾਰੀ ਜਮਾਤ ਨੇ ਇਕੱਠਿਆਂ ਨਹੀਂ ਜਵਾਬ ਦੇਣਾ। ਜਿਸ ਨੂੰ ਉਤਰ ਆਉਂਦਾ ਹੋਵੇ, ਉਹ ਹੱਥ ਖੜ੍ਹਾ ਕਰ ਲਵੇ। ਮੈਂ 'ਕੱਲੇ-'ਕੱਲੇ ਤੋਂ ਸਵਾਲ ਪੁੱਛਾਂਗਾ।... ਕਿਹੜੇ ਨੇਤਾ ਨੇ ਭਾਰਤ ਨੂੰ ਆਜ਼ਾਦ ਕਰਵਾਇਆ?"

ਸਾਰੀ ਜਮਾਤ ਦੇ ਹੱਥ ਹਵਾ ਵਿਚ ਝੂਲਣ ਲੱਗੇ। ਮਾਸਟਰ ਜੀ ਨੇ ਭੋਲੇ ਵੱਲ ਇਸ਼ਾਰਾ ਕਰ ਕੇ ਕਿਹਾ, "ਤੂੰ ਦੱਸ ਭੋਲੇ।"

ਭੋਲੇ ਨੇ ਖੜ੍ਹੇ ਹੋ ਕੇ ਕਿਹਾ, "ਜੀ ਮਹਾਤਮਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਨੇ।"

ਦੂਜੇ ਪਾਸੇ ਇਸ਼ਾਰਾ ਕਰਦਿਆਂ ਮਾਸਟਰ ਜੀ ਨੇ ਕਿਹਾ, "ਤੂੰ ਦੱਸ ਤੇਜੇ, ਤੂੰ ਬੜੇ ਜ਼ੋਰ ਦੀ ਹੱਥ ਹਿਲਾਉਣੈਂ।"

"ਜੀ ਸੁਭਾਸ਼ ਚੰਦਰ ਦੀ ਆਜ਼ਾਦ ਹਿੰਦ ਫੌਜ, ਭਗਤ ਸਿੰਘ ਹੋਰਾਂ ਦੀ ਨੌਜਵਾਨ ਭਾਰਤ ਸਭਾ, ਗਦਰੀ ਬਾਬਿਆਂ ਦੀ ਗਦਰ ਪਾਰਟੀ ਅਤੇ ਬੱਬਰ ਅਕਾਲੀਆਂ ਦੀ ਖਾੜਕੂ ਸੋਚ ਤੋਂ ਡਰਦਿਆਂ, ਦਿਲੋਂ ਬੇਈਮਾਨ ਅੰਗਰੇਜ਼, ਭਾਰਤ ਦੇ ਦੋ ਟੋਟੇ ਕਰਕੇ ਪਾਕਿਸਤਾਨ ਬਣਾ ਕੇ, ਖੱਸੀ ਨੇਤਾਵਾਂ ਨੂੰ ਆਜ਼ਾਦੀ ਦੀ ਵਾਗਡੋਰ ਫੜਾ ਕੇ ਤੁਰਦੇ ਬਣੇ।"

"ਵਾਹ ਓਏ ਤੇਜਿਆ, ਸ਼ਾਬਾਸ਼! ਪਰ ਇਹ ਗੱਲਾਂ ਤਾਂ ਭਾਰਤੀ ਕਿਤਾਬ ਵਿਚ ਨਹੀਂ ਲਿਖੀਆਂ ਹੋਈਆਂ। ਤੈਨੂੰ ਏਨੀਆਂ ਕੀਮਤੀ ਗੱਲਾਂ ਦਾ ਕਿਵੇਂ ਪਤਾ ਲੱਗਾ?"

"ਜੀ ਇਹ ਸਾਰੀਆਂ ਗੱਲਾਂ ਮੇਰੇ ਦਾਦਾ ਜੀ ਨੇ ਦੱਸੀਆਂ ਨੇ ਮੈਨੂੰ। ਉਹ ਕਹਿੰਦੇ ਨੇ ਕਿ ਅਸਲੀਅਤ ਤਾਂ ਇਹੋ ਹੀ ਹੈ। ਹੋਰ ਕਿਤੇ ਇਕੱਲੇ ਗਾਂਧੀ ਨੇ ਚਰਖਾ ਕੱਤੇ ਤੋਂ ਤਾਂ ਨਹੀਂ ਆਜ਼ਾਦੀ ਆਈ!

*-ਅਵਤਾਰ ਸਿੰਘ ਹੰਸਰਾ*
*ਫੋਨ: 661-368-6572*

---

### ਸਰਦਾਰ

ਅੱਜ ਪਿੰਡ ਗੁਰੂਸਰ ਵਿਚ ਪੀਲ਼ੇ ਕਾਰਡ ਬਣਨੇ ਸਨ। ਕਈ ਦਿਨਾਂ ਤੋਂ ਗੁਰਦੁਆਰਾ ਸਾਹਿਬ ਦੇ ਸਪੀਕਰ 'ਤੇ ਭਾਈ ਜੀ ਸੂਚਨਾ ਦੇ ਰਿਹਾ ਸੀ।

ਵਿਹੜੇ ਵਾਲਾ ਪਿੱਲਾ ਤੇ ਉਹਦੀ ਘਰਵਾਲੀ ਬੰਤੋ ਪੰਚਾਇਤ ਘਰ ਪਹੁੰਚ ਗਏ। ਪਿੱਲਾ ਜੈਲਦਾਰਾਂ ਦਾ ਸੀਰੀ ਸੀ ਅਤੇ ਬੰਤੋ ਉਨ੍ਹਾਂ ਦਾ ਗੋਹਾ-ਕੂੜਾ ਕਰਦੀ ਸੀ। ਉਹ ਹੁਣ ਜੈਲਦਾਰਾਂ ਦੀ ਹਵੇਲੀ 'ਚੋਂ ਹੀ ਆਏ ਸਨ।

ਪੰਚਾਇਤ ਘਰ ਵਿਚ ਪਹਿਲਾਂ ਹੀ ਵੱਡੀਆਂ-ਵੱਡੀਆਂ ਸਰਕਾਰੀ ਗੱਡੀਆਂ 'ਤੇ ਆਏ, ਮੋਟੇ-ਮੋਟੇ ਸਰਕਾਰੀ ਅਫ਼ਸਰ ਬੈਠੇ ਸਨ। ਸਾਰੀ ਪੰਚਾਇਤ ਵੀ ਮੌਜੂਦ ਸੀ। ਲੰਬੀ ਲਾਈਨ ਲੱਗੀ ਸੀ। ਕਾਫੀ ਇੰਤਜ਼ਾਰ ਤੋਂ ਬਾਅਦ ਪਿੱਲੇ ਅਤੇ ਉਹਦੀ ਘਰਵਾਲੀ ਦੀ ਵਾਰੀ ਆ ਗਈ।

"ਤੇਰਾ ਨਾਂ ਕੀ ਐ?" ਅਫ਼ਸਰ ਨੇ ਪਿੱਲੇ ਨੂੰ ਸਰਕਾਰੀ ਰੋਹਬ ਨਾਲ ਪੁੱਛਿਆ, ਨਾਲ ਹੀ ਅਫ਼ਸਰ ਦਾ ਢਿੱਡ ਹਿੱਲਿਆ।

ਪਹਿਲਾਂ ਤਾਂ ਪਿੱਲਾ ਘਬਰਾ ਹੀ ਗਿਆ ਕਿ ਕੀ ਨਾਮ ਦੱਸੇ, ਪਿੱਲਾ? ਪਿੱਲੂ? ਜਾਂ ਪਿੱਲਾ ਸਿੰਘ? ਫਿਰ ਉਹਨੇ ਸੰਭਲਦਿਆਂ ਆਪਣੀ ਢਹੀ ਹੋਈ ਪੱਗ ਠੀਕ ਕਰਦਿਆਂ ਕਿਹਾ, "ਜੀ ਮੋਤੀਆਂ ਆਲ਼ਿਓ! ਪਿੱਲਾ ਸਿੰਘ ਲਿਖ ਲੋ ਜੀ।"

"ਅੱਛਾ, ਤੇਰੇ ਬਾਪ ਦਾ ਨਾਮ ਕੀ ਐ?" ਅਫ਼ਸਰ ਫਿਰ ਗੜ੍ਹਕਿਆ।

"ਜੀ, ਉਹਦਾ ਨਾਉਂ ਤਾਂ ਜੀ, ਗਰੀਬੂ ਸਿੰਘ ਸੀ, ਜੀ।" ਪਿੱਲੇ ਨੇ ਹੱਥ ਜੋੜਦਿਆਂ ਦੱਸਿਆ।

"ਉਏ, ਮੂਹਰੇ ਸਰਦਾਰ ਤਾਂ ਲਾ ਦਿੰਦਾ, ਸਰਦਾਰ ਗਰੀਬ ਸਿੰਘ ਕਹਿ।" ਅਫ਼ਸਰ ਪਿੱਲੂ ਵੱਲ ਐਨਕਾਂ ਥਾਣੀਂ ਝਾਕਿਆ।

"ਸਾਡੇ ਘਰੇ ਕਿੱਥੇ ਸਰਦਾਰੀਆਂ, ਜੀ?" ਪਿੱਲੂ ਨੇ ਆਪਣੇ ਲੋਹੇ ਵਰਗੇ ਇੱਕ ਹੱਥ ਨਾਲ ਦਾਹੜੀ ਖੁਰਚਦਿਆਂ ਕਿਹਾ, "ਸਰਦਾਰ ਤਾਂ ਜੀ, ਔਧਰ ਬੈਠੇ ਨੇ।" ਉਹਨੇ ਦੂਜੇ ਹੱਥ ਨਾਲ ਸਰਪੰਚ ਵੱਲ ਇਸ਼ਾਰਾ ਕਰ ਦਿੱਤਾ।

ਕੁਰਸੀ 'ਤੇ ਬੈਠਾ ਸਰਪੰਚ ਸਰਦਾਰ ਗੁਰਾਂ ਦਿੱਤਾ ਸਿੰਘ ਜੈਲਦਾਰ ਮੁੱਛਾਂ ਉਤੇ ਹੱਥ ਫੇਰ ਰਿਹਾ ਸੀ ਤੇ ਨਾਲ ਹੀ ਪਿੱਲੂ ਦੇ ਪਿੱਛੇ ਖੜ੍ਹੀ ਉਹਦੀ ਘਰਵਾਲੀ ਬੰਤੋ ਨੂੰ ਨਿਹਾਰ ਰਿਹਾ ਸੀ।

ਬੰਤੋ ਨੀਵੀਂ ਪਾਈਂ ਖੜ੍ਹੀ ਗੋਹੇ ਦੇ ਲਿਬੜੇ ਪੈਰ ਦੇ ਅੰਗੂਠੇ ਨਾਲ ਧਰਤੀ ਖੁਰਚ ਰਹੀ ਸੀ। ਲਗਦਾ ਸੀ, ਜਿਵੇਂ ਕਿਸਮਤ ਟੋਲ਼ ਰਹੀ ਹੋਵੇ।

ਕੁਰਸੀ ਉਤੇ ਬੈਠਾ ਅਫ਼ਸਰ ਕਲਮ ਵਾਹ ਰਿਹਾ ਸੀ, ਜਿਵੇਂ ਵਿਹੁ ਮਾਤਾ ਲੇਖ ਲਿਖਦੀ ਹੋਵੇ।

*-ਗੁਰਮੇਲ ਬੀਰੋਕੇ, ਕੈਨੇਡਾ*
*ਫੋਨ: 604-825-8053*

# ਹਰਫਾਂ ਦੀ ਹੱਟ ਸ਼ਮਸ਼ੇਰ ਸੰਧੂ

*ਸ਼ਮਸ਼ੇਰ ਸੰਧੂ ਦੀ ਬਹੁਤੀ ਪਛਾਣ 'ਗੀਤਾਂ ਵਾਲੇ ਸੰਧੂ' ਕਰ ਕੇ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਉਹ ਕਦੀ ਕਹਾਣੀਆਂ ਲਿਖਦਾ ਸੀ, ਬੜੀਆਂ ਜਾਨਦਾਰ ਕਹਾਣੀਆਂ। ਸ਼ਬਦਾਂ ਦਾ ਜਾਦੂ ਤਾਂ ਉਹਦੇ ਕੋਲ ਹੈ ਹੀ ਸੀ, ਇਸ ਲਈ 20ਵੀਂ ਸਦੀ ਦੇ ਆਖਰੀ ਦਹਾਕੇ ਦੌਰਾਨ ਪੰਜਾਬ ਵਿਚ ਜਦੋਂ ਸਭਿਆਚਾਰਕ ਮੇਲਿਆਂ ਦੀ ਹਨੇਰੀ ਉਠੀ, ਤਾਂ 'ਪੰਜਾਬੀ ਟ੍ਰਿਬਿਊਨ' ਵਿਚ ਗਾਇਕਾਂ-ਗੀਤਕਾਰਾਂ ਬਾਰੇ ਫੀਚਰ ਲਿਖਦਾ-ਲਿਖਦਾ ਸੰਧੂ ਗੀਤ-ਸੰਗੀਤ ਦੀ ਨਵੀਂ ਉਠ ਰਹੀ ਮਾਰਕੀਟ ਵਿਚ ਬਤੌਰ ਗੀਤਕਾਰ ਫਿੱਟ ਹੋ ਗਿਆ। ਗੀਤਕਾਰੀ ਨਾਲ ਉਸ ਅੰਦਰ ਲੁਕੀ ਇਹ ਨਿਵੇਕਲੀ ਪ੍ਰਤਿਭਾ ਦਿਨਾਂ ਵਿਚ ਹੀ ਜੱਗ-ਜ਼ਾਹਿਰ ਹੋ ਗਈ। ਗੱਜਣਵਾਲੇ ਸੁਖਮਿੰਦਰ ਨੇ ਆਪਣੇ ਇਸ ਲੇਖ 'ਹਰਫਾਂ ਦੀ ਹੱਟ ਸ਼ਮਸ਼ੇਰ ਸੰਧੂ' ਵਿਚ ਉਸ ਦੌਰ ਦਾ ਧਿਆਨ ਧਰ ਕੇ ਹੀ ਕੁਝ ਗੱਲਾਂ-ਬਾਤਾਂ ਕੀਤੀਆਂ ਹਨ। -ਸੰਪਾਦਕ*

ਸੰਧੂ ਸ਼ਮਸ਼ੇਰ, ਕੋਈ ਵਲ ਨਾ ਕੋਈ ਫੇਰ। ਪਹਿਲੀ ਨਜ਼ਰ... ਨਰਮ, ਮ੍ਰਿਦਲ ਤੇ ਬਹੁਤ ਮਿਲਾਪੜਾ। ਅਪਣੱਤ ਭਰਿਆ ਹੱਥ, ਪੋਲਾ-ਪੋਲਾ ਨਿੱਘਾ ਜਿਹਾ। ਤੋਰ 'ਚ ਕਾਹਲ ਨਹੀਂ, ਮਸਤ ਚਾਲ। ਖਰਾ, ਸਾਫ, ਖੋਟ ਤੋਂ ਰਹਿਤ।... ਪਰ ਸੰਧੂ ਨੂੰ ਪੜ੍ਹਨਾ ਬਹੁਤ ਔਖਾ। ਆਸਾਨ ਨਹੀਂ। ਕੋਈ ਸੁਆਲ ਕਰੋ, ਪ੍ਰਸ਼ਨ ਨੂੰ ਪਰਸਨਲ (ਜਾਤੀ) ਜਾਣ, ਸੰਭਲ ਕੇ ਜਵਾਬ ਦੇਣ ਦੀ ਕੋਸ਼ਿਸ਼ ਵਿਚ ਰਹਿਣ ਵਾਲਾ।

ਗੀਤ-ਸੰਗੀਤ ਦੀ ਦੁਨੀਆਂ 'ਚ ਪੂਰੀ ਤਰ੍ਹਾਂ ਭਿਜਿਆ ਹੋਇਆ। ਕਮਾਲ ਦਾ ਚੇਤਾ ਹੈ; ਚੰਗੇ ਮਾੜੇ ਸਭ ਸ਼ਾਇਰਾਂ ਦੀਆਂ ਰਚਨਾਵਾਂ ਦੇ ਮੁਖੜੇ, ਅੰਤਰੇ ਰੋਮ-ਰੋਮ 'ਚ ਵਸੇ ਪਏ ਹਨ। ਪਾਸ਼, ਪਾਤਰ, ਸ਼ਿਵ, ਜਗਤਾਰ ਤੇ ਸਾਰੇ ਦਾ ਸਾਰਾ ਦੀਦਾਰ ਸੰਧੂ ਜ਼ੁਬਾਨੀ ਯਾਦ... ਜਿਥੋਂ ਮਰਜ਼ੀ ਸੁਣ ਲਉ। ਕਿਸਮਤ ਦਾ ਧਨੀ ਹੈ। ਘਾਟੇ ਵਾਲੀ ਲਕੀਰ ਹੈਨੀ। ਹਮੇਸ਼ਾ ਖੱਟਿਆ ਹੀ ਖੱਟਿਆ ਹੈ।

ਸੰਧੂ ਗੀਤ-ਸੰਗੀਤ ਦਾ ਇੰਤਹਾਈ ਜ਼ੀਰਕ ਬੰਦਾ ਜਿਸ ਦੀ ਜ਼ਿੰਦਗੀ ਦਾ ਵੱਡਾ ਹਿੱਸਾ ਹਰਫਾਂ ਦੀ ਦੁਨੀਆਂ ਦੇ ਹਵਾਲੇ ਹੋਇਆ। ਲੇਖਕ ਅਤੇ ਗੀਤ-ਗਵੱਈਆ ਸਰਕਲ ਵਿਚ ਸੰਧੂ ਨੇ ਚਾਹੇ ਪਹਿਲਾਂ ਹੀ ਸਰਦਾ-ਪੁੱਜਦਾ ਸਥਾਨ ਹਾਸਲ ਕਰ ਲਿਆ ਸੀ, ਪਰ ਵੱਡੀ ਸਥਾਪਤੀ ਸੁਰਜੀਤ ਬਿੰਦਰੱਖੀਏ ਵੇਲੇ ਹੋਈ। ਜਿੰਨਾ ਚਿਰ ਬਿੰਦਰੱਖੀਆ ਰਿਹਾ, ਸੰਧੂ ਲਿਖਣ-ਲਖਾਉਣ ਗਾਉਣ-ਵਜਾਉਣ ਵਾਲਿਆਂ ਦੀਆਂ ਉਤਲੀਆਂ ਸਫਾਂ 'ਚ ਰਿਹਾ।



ਜ਼ਰੂਰੀ ਨਹੀਂ ਰਾਗ 'ਚ ਹੀ ਲਿਖਿਆ ਹੋਵੇ, ਤੇ ਰਾਗ ਵਿਚ ਹੀ ਗਾਇਆ ਹੋਵੇ ਤਾਂ ਹੀ ਦੁਨੀਆਂ ਨੂੰ ਚੰਗਾ ਲੱਗਦਾ। ਵੱਖ-ਵੱਖ ਵਰਗਾਂ ਨੂੰ, ਵੱਖ-ਵੱਖ ਉਮਰਾਂ ਨੂੰ ਲੁਭਾਉਣ

**ਗੱਜਣਵਾਲਾ ਸੁਖਮਿੰਦਰ**
**ਫੋਨ: 91-99151-06449**

ਲਈ ਵੱਖ-ਵੱਖ ਤਰ੍ਹਾਂ ਦੀ ਗੀਤਕਾਰੀ-ਗਾਇਕੀ ਹੁੰਦੀ ਹੈ। ਅਨੰਦ ਲਈ ਇਸ ਦੀਆਂ ਇਕ ਨਹੀਂ, ਅਨੇਕਾਂ ਸ਼ੇਡਜ਼ ਹੋ ਸਕਦੀਆਂ। ਬਿੰਦਰੱਖੀਆ ਕੋਈ ਕਲਾਸੀਕਲ ਰਾਗ ਘਰਾਣੇ ਦੀ ਉਪਜ ਨਹੀਂ ਸੀ, ਨਾ ਹੀ ਉਸ ਉਤੇ 'ਸਾ ਰੇ ਗਾ ਮਾ ਪਾ' ਦਾ ਲੇਪਣ ਸੀ। ਉਹ ਤਾਂ ਸਿੱਧ-ਪਧਰਾ ਉਚੇ ਧੋੜੇ, ਥੜ੍ਹੇ, ਮਣੇ 'ਤੇ ਖੜ੍ਹੋ ਕੇ ਜ਼ੋਰ ਲਾ ਕੇ ਗਾਉਣ ਵਾਲ ਗਾਇਕ ਸੀ। ਉਸ ਦੀ ਉਚੀ ਸੁਰ 'ਚ ਛੱਡੀ ਗੱਲ ਲੋਕਾਂ ਨੂੰ ਛੁਰਲੀ ਵਾਂਗ ਸਿੱਧੀ ਅਸਮਾਨੀਂ ਚੜ੍ਹਦੀ ਲਗਦੀ, ਖੁਸ਼ ਕਰਦੀ ਲਗਦੀ। ਉਸ ਦੀ ਆਵਾਜ਼ ਵਿਚ, ਉਸ ਦੇ ਸਵੱਰ ਵਿਚ ਪਿੰਡ ਦੀ ਮਿੱਟੀ ਦੀ, ਪੰਜਾਬੀ ਜੁੱਸੇ ਨਾਲ ਮੇਲ ਖਾਂਦੀ, ਖਾਸ ਕਸ਼ਿਸ਼ਮਈ ਮਹਿਕ ਸੀ ਜੋ ਪਿੰਡ ਦਾ ਗੁਣ-ਗਾਇਨ ਕਰਦੀ ਸੀ। ਸੰਧੂ ਦੇ ਹਰਫ ਵੀ ਸਮਕਾਲੀਆਂ ਨਾਲੋਂ ਖਾਸ ਹਟ ਕੇ ਨਹੀਂ ਹਨ, ਆਮ ਸਰਲ ਸਾਧਾਰਨ ਸਨ ਪਰ ਸਮਾਂ ਸੀਮਾ ਮੁਕੱਦਰੀ ਹੋ ਜਾਣ ਕਰ ਕੇ ਸੰਧੂ ਦੇ ਅੱਖਰ ਬਿੰਦਰੱਖੀਏ ਦੇ ਸੁਭਾਵਿਕ ਫੋਕ ਰਾਗ 'ਚ ਫਿਟ ਹੋ ਕੇ ਗੁਣੀਏ 'ਚ ਹੋ ਗਏ।

ਖੱਟਿਆ ਦੋਨਾਂ ਨੇ ਬਹੁਤ, ਪਰ ਹੱਟੀ ਸੰਧੂ ਦੀ ਚੱਲੀ। ਸਿਖਰਲੇ ਟੰਬੇ ਦੇ ਨੇੜ ਪਹੁੰਚੇ ਤਾਂ ਜਿਵੇਂ ਸੰਧੂਆਂ ਬਾਰੇ ਧਾਰਨਾ ਹੈ ਕਿ ਇਨ੍ਹਾਂ ਦੀ ਸੁੱਤਿਆਂ ਦੀ ਅੱਖ ਖੁੱਲ੍ਹੀ ਰਹਿੰਦੀ ਹੈ, ਸੰਧੂ ਦੀ ਅੱਖ ਖੁੱਲ੍ਹੀ ਰਹੀ। ਸੰਧੂ ਚਤੁਰ ਸੀ, ਇਹ ਸੰਭਲ ਕੇ ਚੱਲਿਆ ਤੇ ਆਪਣੇ ਗਾਇਕ ਹੀਰੋ ਨੂੰ ਸੰਭਲ ਕੇ ਚੱਲਣ ਲਈ ਰਾਹਬਰੀ ਵੀ ਕਰਦਾ ਰਿਹਾ; ਪਰ ਬਿੰਦਰੱਖੀਆ, ਸੰਧੂ ਵਾਂਗ ਹੈਵੀਵੇਟ ਨਾ ਹੋਣ ਕਰ ਕੇ, ਛੇਕੜ ਸੱਟਾਂ ਖਾ ਗਿਆ; ਵੱਡੀ ਸੱਟ ਖਾ ਗਿਆ; ਅਣਜਾਣੇ 'ਚ, ਤਾਸ਼ ਨੂੰ ਚੰਗੀ ਤਰ੍ਹਾਂ ਫੈਂਟ ਕੇ ਖੇਡਣ ਦੀ ਬਜਾਏ ਦੁੱਕੀਆਂ-ਤਿੱਕੀਆਂ ਦੀ ਛੋਟੀ ਤਾਸ਼ ਤੋਂ ਅੱਗੇ ਨ੍ਹੀਂ ਗਿਆ; ਪਰ ਸੰਧੂ-ਬਿੰਦਰੱਖੀਏ ਦੀ ਬੈਲੈਂਸ ਸ਼ੀਟ ਨੂੰ ਘੋਖੀਏ ਤਾਂ ਲੱਗਦਾ... ਸੰਧੂ ਦੀ ਸ਼ੋਹਰਤ ਰੂਪੀ ਕੈਪੀਟਲ ਵਿਸ਼ਾਲ ਹੋ ਗਈ। ਸੰਗੀਤਕ ਵਰਤਾਰੇ ਵਿਚ ਅਕਸਰ ਗਵੱਈਏ ਦਾ ਨਾਂ ਹੀ ਉਭਰਦਾ ਹੁੰਦਾ। ਗੀਤਕਾਰ ਅਕਸਰ ਪਿੱਠਭੂਮੀ ਜੋਗਾ ਰਹਿ ਜਾਂਦਾ। ਲੋਕਾਂ ਨੂੰ ਤਾਂ ਲਿਖਣ ਵਾਲੇ ਦੇ ਨਾਂ ਦਾ ਵੀ ਚੇਤਾ ਨਹੀਂ ਰਹਿੰਦਾ; ਪਰ ਇਥੇ ਲੱਗਪੱਗ ਉਲਟ ਹੁੰਦਾ ਦਿਸਿਆ। ਲੋਕਾਂ ਨੂੰ ਬਿੰਦਰੱਖੀਏ ਦੇ ਨਾਂ ਨਾਲ ਸੰਧੂ ਦਾ ਨਾਂ ਲੈਣਾ ਜ਼ਰੂਰੀ ਲੱਗਿਆ; ਜਿਵੇਂ ਬਿੰਦਰੱਖੀਏ ਨੂੰ ਸੰਧੂ ਗੁਆਉਂਦਾ ਹੋਵੇ, ਸੰਧੂ ਤੋਂ ਬਿਨਾਂ ਬਿੰਦਰੱਖੀਆ ਗਾ ਨਾ ਸਕਦਾ ਹੋਵੇ। ਸਮੇਂ ਦਾ ਸਬੱਬ ਐਸਾ ਬਣਿਆ ਕਿ ਦੋਨਾਂ ਦੀ ਹੱਟ 'ਤੇ ਚੁੰਗੇ ਦਾ ਵਾਰ ਆਈ ਗਿਆ। ਸੰਧੂ ਨੂੰ ਉਠਦੇ ਬਹਿੰਦੇ ਜੋ ਫੁਰਦਾ, ਜੋ ਵੀ ਲਕੀਰਾਂ ਖਿੱਚ-ਵਾਹ ਦਿੰਦਾ, ਉਸ ਦੇ ਸੰਤੁਲਤ ਅਸੰਤੁਲਤ ਹਰਫ ਬਿੰਦਰੱਖੀਏ ਦੇ ਮਾਧਿਅਮ ਰਾਹੀਂ ਸਾਰਾ ਕੁਝ ਜ਼ਾਇਜ਼-ਨਾਜ਼ਾਇਜ਼ ਕਾਬਲ-ਏ-ਗੌਰ ਹੋ ਗਿਆ। ਦੋਨਾਂ ਦਾ ਦੌਰ-ਏ-ਕਮਾਲ ਗੁਜ਼ਰਿਆ। ਸੰਧੂ ਲਿਖਦਾ ਗਿਆ, ਅਤੁਲ ਸ਼ਰਮਾ ਦੀਆਂ ਤਰੰਗਾਂ, ਬਿੰਦਰੱਖੀਏ ਦੇ ਮੂੰਹੋਂ ਜੋ ਅਰਾਗ-ਬੇਰਾਗ ਮਾਰਕੀਟ 'ਚ ਆਇਆ, ਹੱਥੋ-ਹੱਥੀ ਨਿਕਲਦਾ ਗਿਆ। ਸੰਧੂ ਦੀ ਸ਼ਬਦੀ ਫਸਲ, ਮੰਡੀ 'ਚ ਲੱਥਣ ਸਾਰ ਵਿਕਦੀ ਰਹੀ, ਤੁਲਦੀ ਰਹੀ। ਅਲੋਚਕ ਦੁਨੀਆਂ, ਸਫਲਤਾ ਦਾ ਰਾਜ਼ ਜਾਣਨ ਹਿਤ ਚਰਚਾ ਕਰਨ ਲੱਗੀ; ਸਵਾਲ ਉਪਜਦੀ ਆਖਦੀ- ਸਫਲਤਾ ਪਿੱਛੇ ਕਿਸ ਦਾ ਹੱਥ ਹੈ? ਕੋਈ ਕਹਿੰਦਾ ਬਿੰਦਰੱਖੀਏ ਦੀ ਆਵਾਜ਼ ਦਾ ਜਾਦੂ ਹੈ, ਕੋਈ ਕਹਿੰਦਾ ਸੰਧੂ ਦੇ ਹਰਫਾਂ ਦੀ ਖੇਡ ਹੈ। ਵੱਖ ਕਰ ਕੇ ਵੇਖਦੇ ਤਾਂ ਹਰ ਇਕ ਲਈ ਮੁਸ਼ਕਿਲ ਹੋ ਜਾਂਦਾ। ਉਪਮਾ ਦੀ ਗੱਲ ਇਕ ਦੇ ਹਿੱਸੇ ਨਾ ਆਈ; ਨਾ ਸੰਧੂ ਦੇ, ਨਾ ਬਿੰਦਰੱਖੀਏ ਦੇ ਹਿੱਸੇ; ਪਰ ਬਿਨਾਂ ਸ਼ੱਕ ਜੋ ਚਿਤਵਿਆ ਜੋ ਗਾਂਵਿਆ ਜੋ ਬਖੇਰਿਆ, ਬਹੁਤ ਬਖਤਾਰੀ, ਭਾਗਾਂ ਵਾਲਾ, ਸਾਰਾ ਸੌਦਾ ਖਰਾ ਨਿਕਲਿਆ। ਵਿਰੋਧੀਆਂ ਨੇ ਇਕ ਨਹੀਂ, ਹਜ਼ਾਰਾਂ ਗੱਲਾਂ ਕੀਤੀਆਂ। ਸੰਧੂ ਦੇ ਉਕਰੇ ਹਰਫਾਂ ਨੂੰ ਚਿਥਦੇ ਰਹੇ, ਲੋਕ ਫੋਕ 'ਚੋਂ ਚੁੱਕੇ ਮੁੱਖੜੇ ਕਹਿ-ਕਹਿ ਘਰੋੜਾਂ ਕਰਦੇ ਰਹੇ, ਪਰ ਗੀਤਾਂ ਦੀ ਗੱਡੀ ਬਿਨਾਂ ਰੁਕਿਆਂ ਛੋਟੇ-ਮੋਟੇ ਸਟੇਸ਼ਨਾਂ ਤੋਂ ਦੀ ਛੜੱਪੇ ਮਾਰਦੀ ਉਡਦੀ ਗਈ।


ਗਵੱਈਏ ਅਕਸਰ ਕਿਸੇ ਦਾ ਲਿਖਿਆ ਗੀਤ, ਛੇਤੀ ਕੀਤੇ ਫੜਦੇ ਨਹੀਂ ਹੁੰਦੇ। ਅਭਿਮਾਨੀ ਧਾਰਨਾ 'ਚ ਚਲੇ ਜਾਣ ਕਰ ਕੇ ਹੱਥ ਨਹੀਂ ਪਾਉਂਦੇ, ਹਜ਼ਾਰ ਨਖਰੇ ਕਰਦੇ ਹਨ; ਪਰ ਸੰਧੂ ਦਾ ਗੀਤ-ਗਾਇਕੀ ਦਾ ਘੇਰਾ ਵਸੀਹ ਤੇ ਵਧੀਕ ਹੋ ਜਾਣ ਕਰ ਕੇ, ਗਾਇਕ ਇਸ ਦੇ ਲਿਖੇ ਅੱਖਰ ਖੋਹਣ ਤਕ ਗਏ। ਕੁੱਲ ਮਿਲਾ ਕੇ ਗਾਇਕੀ ਤੇ ਗੀਤਕਾਰੀ ਦੇ ਖੇਤਰ ਵਿਚ ਸੰਧੂ-ਬਿੰਦਰੱਖੀਏ ਦਾ ਦੌਰ ਰਹੱਸ ਹੋ ਨਿਬਿੜਿਆ। ਮਿਥ ਬਣ ਕੇ ਰਹਿ ਗਈ- ਸਫਲਤਾ ਦਾ ਰਾਜ਼... ਸੰਧੂ ਜਾਂ ਬਿੰਦਰੱਖੀਆ।

ਸੰਧੂ ਸ਼ਮਸ਼ੇਰ ਪਿੰਡ ਦੀਆਂ ਸੱਥਾਂ, ਗਲੀਆਂ, ਮਿੰਨੀ ਬੱਸਾਂ ਤੇ ਲਿੰਕ ਰੋਡਾਂ ਨਾਲੋਂ ਚਾਹੇ ਚਿਰਾਂ ਦਾ ਟੁੱਟਿਆ ਹੈ, ਪਰ ਮਿੱਟੀ ਦੀਆਂ ਯਾਦਾਂ ਦੀ ਚੀਸ ਅਜੇ ਵੀ ਇਸ ਦੇ ਹਿਰਦੇ 'ਚੋਂ ਪਿੱਛਾ ਨਹੀਂ ਛੱਡ ਰਹੀ। ਰੋਜ਼ੀ-ਰੋਟੀ ਖਾਤਰ ਪਿੰਡ ਛੱਡਿਆ; ਚੰਡੀਗੜ੍ਹ ਪੱਕੀ ਰਿਹਾਇਸ਼ ਬਣਾ ਲਈ। ਫੁੱਲਾਂ ਪਾਰਕਾਂ ਵਾਲੇ ਸੁਹਣੇ ਸ਼ਹਿਰ ਨਾਲ ਅੱਖ ਮਿਲਾ ਲਈ, ਪਰ ਸੁਤਾਅ ਇਸ ਦੀ ਅੱਜ ਵੀ ਪੇਂਡੂ ਦੁਨੀਆਂ ਵਿਚ ਪਿੰਡ ਦੀ ਫਿਰਨੀ 'ਤੇ ਫਿਰ ਰਹੀ ਹੁੰਦੀ ਹੈ। ਜਦ ਕਿਤੇ ਵੀ ਕਿਸੇ ਮਜਲਸ 'ਚ ਬੈਠਿਆਂ ਸੰਧੂ ਨਾਲ ਆਪਸੀ ਲੰਮੀ ਮਗਜ਼ ਖਪਾਈ ਹੁੰਦੀ, ਤਾਂ ਮਜ਼ਾਕਰਾਤ ਦਾ ਤੀਜਾ ਹਿੱਸਾ ਗੁਆਚੇ ਸੰਸਕਾਰਾਂ ਤੇ ਸੁੰਨੇ ਘਰਾਂ ਦੇ ਜ਼ਿਕਰਾਂ ਦੇ ਹਵਾਲੇ ਹੀ ਹੋ ਰਿਹਾ ਹੁੰਦਾ ਹੈ।


ਭਰੇ ਮੇਲੇ ਬਹੁਤ ਸੋਹਣੇ ਹੁੰਦੇ। ਬੰਦਾ ਜਦ ਪਿੰਡ ਛੱਡ ਕੇ ਸ਼ਹਿਰ 'ਚ ਆ ਵਸਦਾ ਤਾਂ ਉਸ ਵੇਲੇ ਉਹ ਮਾਤਰ ਪਿੰਡ ਦਾ ਘਰ ਹੀ ਨਹੀਂ ਛੱਡ ਰਿਹਾ ਹੁੰਦਾ, ਉਹ ਉਸ ਵੇਲੇ ਹੋਰ ਬਹੁਤ ਕੁਝ ਉਮਰਾਂ ਦਾ ਇਕੱਤਰ ਕੀਤਾ ਹੋਇਆ ਅਹਿਸਾਸਾਂ ਦਾ ਅਸਬਾਬ ਵੀ ਛੱਡ ਰਿਹਾ ਹੁੰਦਾ। ਘਰ ਦੀਆਂ ਕੰਧਾਂ-ਕੌਲੇ ਚਾਹੇ ਬਹੁਤਾ ਮਹੱਤਵ ਨਹੀਂ ਰੱਖਦੇ ਪਰ ਪਹਿਲੀ ਉਮਰ ਜਵਾਨੀ ਦੇ ਪਿੰਡ ਦੀ ਮਿੱਟੀ ਤੇ ਇਸ ਦੀ ਮਨੋਹਰ ਫਿਜ਼ਾ 'ਚ ਹੰਢਾਏ ਪਲਾਂ ਦਾ ਵਿਛੋੜਾ ਬਹੁਤ ਅਸਹਿ ਹੁੰਦਾ ਹੈ। ਹੋਰਨਾਂ ਵਾਂਗ ਸੰਧੂ ਵੀ ਇਸ ਵੇਦਨਾ ਤੋਂ ਮੁਕਤ ਨਹੀਂ ਹੋ ਸਕਿਆ।

'ਪੰਜਾਬੀ ਟ੍ਰਿਬਿਊਨ' ਨੇ ਸੰਧੂ ਨੂੰ ਚੰਡੀਗੜ੍ਹ ਦਾ ਵਾਸੀ ਬਣਾ ਦਿੱਤਾ। ਇਹ ਪੰਜਾਬ ਦੇ ਸ਼ਹਿਰਾਂ ਨਾਲੋਂ ਸੋਹਣਾ ਤਾਂ ਬਹੁਤ ਹੈ, ਪਰ ਇਸ ਵਿਚ ਮੋਗੇ, ਜਗਰਾਵਾਂ, ਜਲੰਧਰਾਂ, ਬਠਿੰਡਿਆਂ ਵਰਗੀ ਮੁਹੱਬਤੀ ਸਾਂਝ ਹੈ ਨਹੀਂ। ਇਹ ਰੂਹ ਵਾਲੀ ਨੇੜਤਾ ਤੋਂ ਬਹੁਤ ਦੂਰ ਹੈ। ਇਥੋਂ ਦੇ ਨਿਵਾਸੀ ਸਭ ਕੁਝ ਹੁੰਦਿਆਂ-ਸੁੰਦਿਆਂ ਵੀ ਖੁਸ਼ਕੀ ਦੇ ਲਿਬਾਸ ਵਿਚ ਰਹਿਣਾ ਪਸੰਦ ਕਰਦੇ ਹਨ। ਪੰਜਾਬ ਦੀ ਸਖਾਵਤ ਵਰਗੀ ਅਪਣੱਤ ਇਸ ਵਿਚੋਂ ਝਲਕਦੀ ਨਹੀਂ ਦਿਸਦੀ। ਪੰਜਾਹ-ਸੌ ਮੀਲ ਦੀ ਵਿੱਥ 'ਤੇ ਹੋਣ 'ਤੇ ਵੀ ਪਰਦੇਸੀ ਸਥਾਨ ਜਿਹਾ, ਪਰਦੇਸ ਦੀ ਦੂਰੀ ਵਰਗੀ ਫੀਲਿੰਗ ਦਿੰਦਾ ਲਗਦਾ। ਪੰਜਾਬ ਦੇ ਹਰ ਸ਼ਹਿਰ, ਹਰ ਕਸਬੇ ਦੀ ਖੂਬਸੂਰਤੀ ਇਹ ਹੈ ਕਿ ਉਸ ਵਿਚੋਂ ਨਿਕਲੀ ਹਰ ਕੱਚੀ ਪੱਕੀ ਸੜਕ ਬੰਦੇ ਨੂੰ ਪਿੰਡ ਨਾਲ ਜੋੜੀ ਰੱਖਦੀ ਹੈ। ਸ਼ਹਿਰ 'ਚ ਚਲੇ ਜਾਣ 'ਤੇ ਵੀ ਬੰਦੇ ਅੰਦਰੋਂ ਪਿੰਡ ਨੂੰ ਗੁਆਚਣ ਨਹੀਂ ਦਿੰਦੀ। ਬੰਦਾ ਮਰਗਾਂ ਮੰਗਣਿਆਂ ਦੇ ਬਹਾਨੇ ਪਿੰਡ ਵੱਲ ਹੋ ਤੁਰਦਾ। ਉਸ ਦਾ ਛੱਡੇ ਹੋਏ ਪਿੰਡ 'ਚ ਰਾਤਾਂ ਕੱਟਣ ਨੂੰ ਜੀਅ ਕਰ ਆਉਂਦਾ। ਉਸ ਨੂੰ ਪਿੰਡ ਨਾਲ ਵਰਤ ਕੇ ਸੁਆਦ ਜਿਹਾ ਆਉਂਦਾ, ਪਰ ਇਸ ਚੰਡੀਗੜ੍ਹ ਸ਼ਹਿਰ ਨੂੰ ਨਜ਼ਰ-ਏ-ਬਦ ਇਹ ਹੈ ਕਿ ਚੰਡੀਗੜ੍ਹ ਵਿਚੋਂ ਕੋਈ ਵੀ ਸੜਕ, ਕੋਈ ਵੀ ਪਗਡੰਡੀ ਪਿੰਡ ਨਾਲ ਜੁੜਦੀ ਨਹੀਂ ਦਿਸਦੀ; ਕੋਈ ਦਿਲੀ ਜੁੰਬਿਸ਼ ਨਹੀਂ ਪੈਦਾ ਕਰਦੀ; ਪਿੰਡ ਨਾਲ ਜੋੜਦੀ ਨਹੀਂ ਦਿਸਦੀ। ਇਸ ਸ਼ਹਿਰ ਦੀ ਅਜੀਬ ਜਿਹੀ ਬਣਤਰ ਤੇ ਭੂਗੋਲਿਕ ਸਥਾਨਕਤਾ ਹੋਣ ਕਰ ਕੇ ਹਰ ਪਿੰਡ ਚੰਡੀਗੜ੍ਹ ਤੋਂ ਦੂਰ ਹੋ ਚੁੱਕਿਆ ਲਗਦਾ, ਬਹੁਤ ਦੂਰ ਰਹਿ ਗਿਆ, ਟੁੱਟ ਚੁੱਕਿਆ ਜਾਪਦਾ। ਪਿੰਡ ਵੀ ਆਪਣੇ ਆਪ ਨੂੰ ਬਹੁਤ ਅਲਪ-ਅਨੁਮਾਨਤ ਕਰਦਾ ਹੋਇਆ ਇਸ ਚੰਡੀਗੜ੍ਹ ਨਾਲੋਂ ਆਪਣੇ ਆਪ ਨੂੰ ਵੱਖਰਾ ਖਾਸ ਦੂਰੀ 'ਤੇ ਸਥਿਤ ਕਰ ਲੈਂਦਾ ਜਾਪਦਾ। ਇਸ ਤਰ੍ਹਾਂ ਖਾਲਸ ਪੇਂਡੂ ਮੱਸ ਵਾਲਾ ਸੰਧੂ ਵਰਗਾ ਬੰਦਾ ਜਦ ਪਿੰਡ ਵਿਚੋਂ ਜੰਮ ਪਲ, ਵੱਡਾ ਹੋ ਕੇ ਇਸ ਸ਼ਹਿਰ ਵਿਚ ਸਥਾਈ ਡੇਰਾ ਲਗਾ ਲੈਂਦਾ ਹੈ ਤਾਂ ਉਹ ਦੂਹਰੀ ਮਾਨਸਿਕਤਾ ਵਾਲੀ ਪੀੜਾ 'ਚ ਉਲਝ ਜਾਂਦਾ। ਭਾਈਚਾਰੇ ਤੋਂ ਰਹਿਤ, ਮਨਫੀ ਮਾਹੌਲ ਦੀ ਮਾਰ ਤੇ ਦੂਜਾ ਪਿੰਡ ਦੇ ਮੂਲ ਤੋਂ ਜੁਦਾ ਹੋਣ ਦੀ ਤੜਫ।

ਸੰਧੂ ਸੰਵੇਦਨਸ਼ੀਲ ਹੈ। ਦਿਲ ਦਾ ਬਹੁਤ ਨਰਮ। ਅੰਦਰ ਜੱਟਾਂ ਵਰਗਾ ਤਾਸੁਰ ਨਹੀਂ, ਕ੍ਰੋਧਤ ਹੋ ਕੇ ਉਬਾਲਾ ਖਾਣ ਵਾਲੀ ਤਾਸੀਰ ਨਹੀਂ। ਭਾਵੁਕ ਪ੍ਰਸੰਗ ਸੁਣਨੇ ਇਸ ਦੀ ਵੱਡੀ ਠਰੰਮੇ ਵਾਲੀ ਰੁਚੀ ਹੈ। ਸੁਣਨਸਾਰ ਰੋ ਪੈਂਦਾ। ਜਦ ਹੇਜ ਵੈਰਾਗ ਦੀ ਲੋੜ ਸਮਝਦਾ ਤਾਂ ਵਹਿਣਾਂ 'ਚ ਪੈਣ ਲਈ ਨੁਸਰਤ ਫਤਹਿ ਅਲੀ ਇਸ ਦਾ ਮਹਿਬੂਬ ਫਨਕਾਰ ਹੈ। ਰੋਣ ਲਈ ਉਸ ਨੂੰ ਸੁਣਦਾ। ਸੁਣ ਕੇ ਰੋਣ ਲੱਗ ਪੈਂਦਾ ਹੈ ਤਾਂ ਫਿਰ ਸਾਡੇ ਵਰਗਿਆਂ ਨਾਲ ਉਸ ਦੇ ਗੀਤਾਂ ਨੂੰ ਸਾਂਝਾ ਕਰਨ ਦੀ ਭਾਵਨਾ ਪ੍ਰਬਲ ਹੋ ਜਾਂਦੀ ਹੈ। ਸਾਨੂੰ ਨੁਸਰਤ ਦੇ ਰੁਆਉਣੇ ਬੋਲ ਸੁਣਾਉਣ ਲੱਗ ਪੈਂਦਾ।




ਪਾਸ਼ ਬਾਰੇ ਸ਼ਮਸ਼ੇਰ ਸੰਧੂ ਦੀ ਕਿਤਾਬ




ਸੰਧੂ ਦੇ ਚੋਣਵੇਂ ਗੀਤਾਂ ਦੀ ਕਿਤਾਬ

ਸੰਧੂ ਦੇ ਪੈਰਾਂ 'ਚ ਥਿਰਤਾ ਨਹੀਂ। ਕਰਮਾਂ ਵਿਚ ਰਾਹਗੀਰੀ ਲਿਖੀ ਹੈ। ਟ੍ਰਿਬਿਊਨ 'ਚ ਨੌਕਰੀ ਕਰਦਿਆਂ, ਦਫਤਰੋਂ ਛੁੱਟੀ ਹੋਣ ਸਾਰ ਡੇਰਾ ਕਿਸੇ ਸੰਗੀਤਕ ਡੇਰੇ 'ਤੇ ਹੁੰਦਾ ਰਿਹਾ। ਸ਼ਾਮਾਂ ਢਲ ਜਾਂਦੀਆਂ ਮਿਊਜ਼ਿਕ ਸੈਂਟਰਾਂ ਵਿਚ ਮਿੱਤਰਾਂ ਨਾਲ ਸੰਵਾਦ ਰਚਾਉਂਦਿਆਂ, ਰਾਤਾਂ ਲੰਮੇਰੀਆਂ, ਗਹਿਰੀਆਂ ਹੋ ਜਾਂਦੀਆਂ ਰਹੀਆਂ। ਘਰ ਅਕਸਰ ਰਾਤ ਕੱਟਣ ਲਈ ਧਰਮਸ਼ਾਲਾ ਸਮਾਨ ਹੀ ਰਿਹਾ। ਛੁੱਟੀ ਵਾਲਾ ਦਿਨ ਕਿਸੇ ਦਾਅਵਤ ਨੂੰ ਸਮਰਪਤ ਹੋ ਜਾਂਦਾ। ਅੱਜ ਵੀ ਜਲੰਧਰ, ਬੰਗੇ, ਲੁਧਿਆਣੇ ਨੂੰ ਤੋਰਾ-ਫੇਰਾ ਬਣਿਆ ਰਹਿੰਦਾ ਹੈ। ਖੇਡ ਮੇਲਿਆਂ, ਸ਼ੂਟਿੰਗਾਂ ਤੇ ਚੈਨਲਾਂ ਤੋਂ ਵਿਹਲ ਹੀ ਨਹੀਂ।

ਸੰਧੂ ਦੇ ਦੱਸਣ ਅਨੁਸਾਰ ਛੋਟਾ ਹੁੰਦਾ ਇਹ (ਸੰਧੂ) ਮਾਪਿਆਂ ਦਾ ਲਾਡਲਾ ਰਿਹਾ। ਤਿੰਨਾਂ ਭਰਾਵਾਂ ਵਿਚੋਂ ਸਭ ਤੋਂ ਛੋਟਾ। ਘਰ 'ਚ ਹਰ ਰਿਆੜ੍ਹ ਪੁਗਦੀ ਰਹੀ। ਨਿੱਕਾ ਹੁੰਦਾ ਫਿਲਮ ਵੇਖਣ ਦੀ ਜ਼ਿਦ ਕਰਦਾ ਤਾਂ ਬਾਪੂ ਸਾਈਕਲ ਪਿੱਛੇ ਬਿਠਾਉਂਦਾ ਤੇ ਫਿਲਮ ਵਿਖਾ ਲਿਆਉਂਦਾ। ਕਿਸੇ ਵੇਲੇ ਜਗਰਾਵਾਂ ਦੀ ਰੌਸ਼ਨੀ ਦਾ ਮੇਲਾ ਬਹੁਤ ਮਸ਼ਹੂਰ ਹੁੰਦਾ ਸੀ। ਦੋ ਦਿਨ ਲਗਦਾ ਸੀ, ਹੁਣ ਵੀ ਲਗਦਾ; ਪਰ ਪਹਿਲੇ ਵੇਲੇ ਦੀਆਂ ਧੁੰਮਾਂ ਤਾਂ ਦੂਰ-ਦੂਰ ਤਕ ਪੈਂਦੀਆਂ ਸਨ। ਲੋਕ ਮੇਲਾ, ਖੇਡਾ ਪੈਂਦਾ ਅਤੇ ਨਚਾਰ ਨੱਚਦੇ ਵੇਖਦੇ। ਸ਼ਹਿਰ ਦੇ ਸਿਨੇਮੇ 'ਚ ਉਨ੍ਹੀਂ ਦਿਨੀਂ ਸਪੈਸ਼ਲ ਤੌਰ 'ਤੇ ਪੰਜਾਬੀ ਫਿਲਮ ਲਗਦੀ। ਸੰਧੂ ਛੋਟਾ ਹੁੰਦਾ ਫਿਲਮ ਵੇਖਣ ਦੀ ਬਾਹਲੀ ਖਿੱਚ ਕਰਦਾ। ਇਕ ਵਾਰ ਉਥੇ ਰੌਸ਼ਨੀ 'ਤੇ ਦਾਰਾ ਸਿੰਹੁ ਦੀ ਫਿਲਮ ਲੱਗੀ ਸੀ। ਆਪਣੇ ਬਾਪੂ ਨਾਲ ਮੇਲੇ ਗਏ ਸੰਧੂ ਨੇ ਫਿਲਮ ਦੇਖੀ। ਵਾਪਸ ਪਿੰਡ ਨੂੰ ਮੁੜੇ ਅਜੇ ਸ਼ਹਿਰੋਂ ਡੂਢ ਕੁ ਮੀਲ ਆਏ ਸੀ ਕਿ ਇਹ ਫਿਰ ਰਿਆੜ੍ਹ ਪੈ ਗਿਆ- ਬਾਪੂ, ਮੈਂ ਤਾਂ ਫਿਰ ਦਾਰੇ ਦੀ ਫਿਲਮ ਵੇਖਣੀ ਹੈ। ਬਾਪੂ ਕਹੇ- ਕਾਕਾ! ਘੰਟਾ ਤਾਂ ਹੋਇਆ ਫਿਲਮ ਵੇਖੀ ਨੂੰ, ਹੁਣ ਦੁਬਾਰਾ ਵੇਖ ਕੇ ਕੀ ਲੈਣਾ? ਕੱਲ੍ਹ ਸਹੀ, ਫੇਰ ਆ ਜਾਂ'ਗੇ; ਪਰ (ਸੰਧੂ) ਅੜੀ ਪੁਗਾ ਕੇ ਹਟਿਆ। ਬਾਪੂ ਨੂੰ ਉਸੇ ਵਕਤ ਸਾਈਕਲ ਪਿੱਛੇ ਮੋੜਨਾ ਪਿਆ ਤੇ ਵੇਖੀ ਹੋਈ ਫਿਲਮ ਦੁਬਾਰਾ ਵਿਖਾਉਣੀ ਪਈ।

ਸੰਧੂ ਸ਼ਮਸ਼ੇਰ ਦੇ ਪਿਤਾ ਪੁਰਖੇ ਪਾਕਿਸਤਾਨੋਂ ਆਏ। ਇਨ੍ਹਾਂ ਨੂੰ ਮਦਾਰਪੁਰੇ ਜ਼ਮੀਨ ਅਲਾਟ ਹੋਈ। ਬੇਟ ਦਾ ਇਹ ਇਲਾਕਾ ਬਾਹਲਾ ਵਿਕਸਤ ਨਹੀਂ ਸੀ। ਹੁਣ ਤਾਂ ਜ਼ਮੀਨਾਂ ਬਹੁਤ ਮਹਿੰਗੀਆਂ ਹੋ ਗਈਆਂ, ਪਹਿਲਾਂ ਕੋਈ ਨਹੀਂ ਸੀ ਪੁੱਛਦਾ। ਦੇਸ਼ ਆਜ਼ਾਦ ਹੋਣ ਵੇਲੇ ਲੱਗਪੱਗ ਸਾਰਾ ਪੰਜਾਬ ਹੀ ਸੌਖੀ ਸਥਿਤੀ ਵਿਚ ਨਹੀਂ ਸੀ। ਮਾਰੂ ਜ਼ਮੀਨਾਂ, ਸਾਰਾ ਕੁਝ ਰੱਬ ਆਸਰੇ ਸੀ। ਗਰੀਬ ਗੁਰਬਾ ਇਕ ਦੂਜੇ ਦੇ ਘਰਾਂ 'ਚੋਂ ਮੰਗ ਤੰਗ ਕੇ ਲੱਸੀਆਂ ਪੀ-ਪੀ ਗੁਜ਼ਾਰਾ ਕਰਦਾ ਸੀ। ਸੰਧੂ ਕਿਆਂ ਦੀ ਜ਼ਮੀਨ ਵਾਹਵਾ ਸੀ, ਪਿੰਡ 'ਚ ਚੰਗੀ ਬਣੀ ਸੀ। ਪਿੰਡਾਂ ਦੀਆਂ ਪੜ੍ਹਾਈਆਂ ਐਸੀਆਂ ਵੈਸੀਆਂ ਹੁੰਦੀਆਂ, ਪੜ੍ਹਨ ਵਾਲੇ ਸਾਰੇ ਜੁਆਕ ਵਿਹਲੇ ਹੀ ਲਗਦੇ ਹੁੰਦੇ। ਫੱਟੀ ਬਸਤਾ ਘਰੇ ਸੁੱਟ ਕੇ ਖੇਡਣ ਤੁਰ ਜਾਂਦੇ। ਸੰਧੂ ਦਾ ਬਾਲਪਨ ਵੀ ਰਲਵੇਂ-ਮਿਲਵੇਂ ਕੁਝ ਕੁ ਚੰਗੇ ਤੇ ਕੁਝ ਘਸੇ-ਪਿਟੇ ਹਾਣੀਆਂ ਨਾਲ ਹੀ ਖੇਡਦਿਆਂ ਬੀਤਿਆ। ਸੰਧੂ ਜ਼ਿਆਦਾਤਰ ਪਿੰਡ ਦੇ ਲਿਬੜਿਆਂ-ਤਿਬੜਿਆਂ ਕੰਮੀਕਾਰ ਦਿਹਾੜੀਦਾਰਾਂ ਦੇ ਜੁਆਕਾਂ ਨਾਲ ਖੇਡਦਾ ਰਹਿੰਦਾ। ਉਹ ਜ਼ਰਦੇ ਬੀੜੇ ਲਾਉਂਦੇ, ਸਿਗਰਟਾਂ ਪੀਂਦੇ। ਸੰਧੂ ਵੀ ਕੋਈ ਵੀਹ ਕੁ ਪਰਸੈਂਟ ਕੋਲ ਬੈਠਾ ਹੀ ਹਵਾ 'ਚ ਉਡਦੇ ਧੂੰਏ ਸਦਕਾ ਹਿੱਸੇਦਾਰ ਹੋ ਜਾਂਦਾ। ਜਦ ਬੇ-ਟਾਈਮਾ ਘਰੇ ਜਾਂਦਾ ਤਾਂ ਬੇਬੇ ਕੋਲੋਂ ਪੁੱਠਾ ਸਿੱਧਾ ਸੁਣਨ ਨੂੰ ਮਿਲਦਾ- ਆ ਗਿਆਂ ਕੌਲੇ ਕੱਛ ਕੇ, ਕਲੋਨੀ ਵਾਲਿਆਂ ਦੀਆਂ ਬੀੜੀਆ ਦੇ ਧੂੰਏ ਸੁੰਘ ਕੇ...।

1996 ਤੋਂ ਪਹਿਲਾਂ ਮੈਂ ਸੰਧੂ ਨੂੰ ਬਹੁਤਾ ਨਹੀਂ ਸਾਂ ਜਾਣਦਾ। ਦਿੱਲੀ ਤੋਂ ਬਦਲ ਕੇ ਜਦ ਮਾਰਚ ਵਿਚ ਮੈਂ ਚੰਡੀਗੜ੍ਹ ਆਇਆ ਤਾਂ ਸੰਧੂ ਬਾਰੇ ਪਤਾ ਲੱਗਾ। ਛੇਤੀ ਹੀ ਸਿੱਧਾ ਵਾਹ ਹੀ ਪੈ ਗਿਆ। ਮਰਹੂਮ ਸੰਪਾਦਕ ਹਰਭਜਨ ਹਲਵਾਰਵੀ ਵੇਲੇ 'ਪੰਜਾਬੀ ਟ੍ਰਿਬਿਊਨ' ਵਿਚ ਮੇਰਾ ਕਾਲਮ 'ਖੇਤਾਂ ਦੇ ਨਾਲ-ਨਾਲ' ਸ਼ੁਰੂ ਹੋਇਆ, ਤਾਂ ਉਸ ਵੇਲੇ ਅਖਬਾਰ ਦਾ 'ਉਤਮ ਖੇਤੀ' ਪੰਨਾ ਸੰਧੂ ਕੋਲ ਸੀ। ਹਲਵਾਰਵੀ ਤੋਂ ਅੱਗੇ ਬਦਲ-ਬਦਲ ਕੇ ਸ਼ੰਗਾਰਾ ਸਿੰਘ ਭੁੱਲਰ, ਗੁਰਬਚਨ ਸਿੰਘ ਭੁੱਲਰ, ਸਿੱਧੂ ਦਮਦਮੀ ਐਡੀਟਰ ਆਏ। ਉਦੋਂ ਤਕ ਮੈਗਜ਼ੀਨ ਸੈਕਸ਼ਨ, 'ਫਿਲਮ ਸੰਸਾਰ' ਤੇ 'ਉਤਮ ਖੇਤੀ' ਦੇ ਇਹ ਸਾਰੇ ਪੰਨੇ ਸੰਧੂ ਦੀ ਰੇਖ-ਦੇਖ ਹੇਠ ਤਿਆਰ ਹੁੰਦੇ ਰਹੇ। ਇਹ ਕਹਿ ਲਵੋ, ਸੰਧੂ ਕੋਈ ਬਾਰਾਂ ਸਾਲ ਮੇਰੇ ਕਾਲਮ ਦਾ ਸੰਪਾਦਕ ਰਿਹਾ।

ਸੰਧੂ ਸ਼ੁਰੂ ਦੇ ਸਾਲਾਂ ਵਿਚ ਬਹੁਤਾ ਗਾਲੜੀ ਨਹੀਂ ਸੀ। ਘੁੱਟਵਾਂ ਜਿਹਾ ਸੁਭਾਅ, ਨਾ ਬਹੁਤਾ ਖੁੱਲ੍ਹਦਾ ਸੀ। ਇਸ ਦੇ ਸਥਾਈ ਦੋਸਤ ਬਹੁਤ ਘੱਟ ਹਨ। ਖਾਸਾਂ ਵਿਚੋਂ ਖਾਸ ਲੁਧਿਆਣੇ ਵਾਲਾ ਕਾਕਾ, ਅਜੀਤਪਾਲ ਜੀਤੀ, ਪ੍ਰਿੰਸੀਪਲ ਸਰਵਣ ਸਿੰਘ, ਹਰਜੀਤ ਨਾਗਰਾ, ਦੁਆਬੇ ਵਾਲਾ ਬੀਸਲਾ, ਦੋ-ਚਾਰ ਹੋਰ ਹੋਣਗੇ। ਪ੍ਰੋਫੈਸ਼ਨ ਕਰ ਕੇ ਜਿਨ੍ਹਾਂ ਗਾਇਕਾਂ-ਗੀਤਕਾਰਾਂ ਵਿਚ ਬਹੁਤਾ ਵਿਚਰਦਾ ਰਿਹਾ, ਉਨ੍ਹਾਂ ਨਾਲ ਵੀ ਸਾਂਝ-ਭਿਆਲੀ ਕੋਈ ਬਹੁਤੀ ਸਥਿਰਤਾ ਵਾਲੀ ਨਹੀਂ। ਫੋਨ ਉਹਨੇ ਕਿਸੇ

(ਬਾਕੀ ਅਗਲੇ ਸਫੇ 'ਤੇ)



ਸ਼ਮਸ਼ੇਰ ਸੰਧੂ ਸੁਰਜੀਤ ਬਿੰਦਰੱਖੀਏ ਅਤੇ ਅਤੁੱਲ ਸ਼ਰਮਾ ਨਾਲ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

# ਰੌਲੇ ਦਾ ਬੀਅ

ਕਹਾਵਤ ਹੈ, ਵਿਆਹ ਵਿਚ ਬੀਅ ਦਾ ਲੇਖਾ, ਕਈ ਵਾਰੀ ਵਿਆਹ ਵਿਚ ਬੀਅ ਦਾ ਰੌਲਾ ਵੀ ਕਹਿ ਦਿੱਤਾ ਜਾਂਦਾ ਹੈ। ਕਹਾਵਤ ਵਿਚ ਲੇਖਾ ਸ਼ਬਦ ਵੀ ਇਕ ਤਰ੍ਹਾਂ ਰੌਲੇ ਦੇ ਅਰਥਾਂ ਵਿਚ ਹੀ ਆ ਰਿਹਾ ਹੈ। ਜਾਂ ਇਉਂ ਕਹਿ ਸਕਦੇ ਹਾਂ ਕਿ ਇਥੇ ਰੌਲਾ ਸ਼ਬਦ ਦਾ ਅਰਥ ਵੀ ਲੇਖਾ ਜਿਹਾ ਹੀ ਹੈ। ਰੌਲਾ ਸ਼ਬਦ ਦਾ ਅਰਥ ਕੇਵਲ ਧੁਨੀਆਤਮਕ ਸ਼ੋਰ ਹੀ ਨਹੀਂ, ਹੋਰ ਵੀ ਬੜਾ ਕੁਝ ਹੈ। ਜੇ ਪੈਸਿਆਂ ਦਾ ਰੌਲਾ ਪਾਇਆ ਜਾਵੇ ਤਾਂ ਇਸ ਦਾ ਮਤਲਬ ਇਹ ਹੈ ਕਿ ਕੋਈ ਆਪਣੇ ਲੈਣ ਵਾਲੇ ਪੈਸਿਆਂ ਦਾ ਲੇਖਾ ਲੈ ਬੈਠਾ ਹੈ। 'ਤੇਰਾ ਮੇਰਾ ਕੀ ਰੌਲਾ?' ਮਤਲਬ ਤੇਰਾ ਮੇਰਾ ਕੀ ਝਗੜਾ। ਰੌਲਾ ਮਨੁਖਾਂ ਜਾਂ ਜਾਨਵਰਾਂ ਦਾ ਧੁਨੀਆਤਮਕ ਸ਼ੋਰ ਹੈ, ਨਿਰਜੀਵ ਵਸਤਾਂ ਦਾ ਨਹੀਂ। ਖੈਰ! ਆਪਾਂ ਸ਼ਬਦਾਂ ਦੇ ਬੀਅ ਲੱਭਦੇ ਹਾਂ, ਇਸ ਕਹਾਵਤ ਦਾ ਭੇਣਾ ਪਾ ਕੇ ਹੋਰ ਵਿਆਹ ਵਿਚ ਬੀਅ ਦੇ ਲੇਖੇ ਵਾਲੀ ਗੱਲ ਨਾ ਕਰੀਏ। ਰੌਲਾ ਪੰਜਾਬੀ ਦਾ ਬਹੁਅਰਥੀ ਠੇਠ ਸ਼ਬਦ ਹੈ। ਇਸ ਦੀ ਵਰਤੋਂ ਤੇ ਕੁਝ ਝਾਤ ਮਾਰ ਲਈਏ। ਬੁਲ੍ਹੇ ਸ਼ਾਹ ਦੀਆਂ ਕਾਫੀਆਂ ਵਿਚ ਇਹ ਸ਼ਬਦ ਕਈ ਵਾਰੀ ਆਇਆ ਹੈ,

ਅਸਾਂ ਪੜ੍ਹਿਆ ਇਲਮ ਤਹਿਕੀਕੀ ਏ,
ਉਥੇ ਇਕੋ ਹਰਫ ਹਕੀਕੀ ਏ,
ਹੋਰ ਝਗੜਾ ਸਭ ਵਧੀਕੀ ਏ,
ਐਵੇਂ ਰੌਲਾ ਪਾ ਪਾ ਬਹਿੰਦੀ ਏ।
ਮੂੰਹ ਆਈ ਬਾਤ ਨਾ ਰਹਿੰਦੀ ਏ।

ਰੌਲਾ ਪਾਉਣਾ ਦਾ ਅਰਥ ਜ਼ਬਰਦਸਤ ਉਜੜ ਕਰਨਾ ਵੀ ਹੁੰਦਾ ਹੈ। ਵਾਰਿਸ ਸ਼ਾਹ ਨੇ ਰੌਲਾ ਸ਼ਬਦ ਲੜਾਈ ਝਗੜੇ ਦੇ ਅਰਥਾਂ ਵਿਚ ਵਰਤਿਆ ਹੈ,

ਪਿਆ ਦੇਸ ਦੇ ਵਿਚ ਹੈ ਬੜਾ ਰੌਲਾ
ਹਰ ਕਿਸੇ ਦੇ ਹੱਥ ਤਲਵਾਰ ਹੋਈ।
ਜਦੋਂ ਦੇਸ ਦੇ ਜੱਟ ਸਰਦਾਰ ਹੋਏ
ਘਰੋ ਘਰ ਨਵੀਂ ਸਰਕਾਰ ਹੋਈ।

ਸੰਨ ਸੰਤਾਲੀ ਵਿਚ ਦੇਸ਼ ਦੇ ਬਟਵਾਰੇ ਸਮੇਂ ਹਿੰਦੂਆਂ-ਸਿੱਖਾਂ-ਮੁਸਲਮਾਨਾਂ ਦਰਮਿਆਨ ਹੋਏ ਵੱਢ-ਵਢਾਂਗੇ ਲਈ 'ਰੌਲੇ' ਸ਼ਬਦ ਰੂੜ੍ਹ ਹੋ ਗਿਆ। ਹੁਣ ਤਾਂ ਬਜ਼ੁਰਗ ਹੀ ਇਸ ਰੌਲੇ ਦੀਆਂ ਗੱਲਾ ਸੁਣਾਉਂਦੇ ਹਨ। ਰਾਮ ਕਹਾਣੀ ਵਾਂਗ ਇਕ ਸ਼ਬਦ ਜੁੱਟ ਰਾਮ ਰੌਲਾ ਹੈ ਜਿਸ ਦਾ ਮਤਲਬ ਆਪਾਧਾਪੀ ਹੈ। ਰਾਮਾਇਣ ਬਹੁਤ ਲੰਬੀ ਕਥਾ ਹੈ ਜਿਸ ਨੂੰ ਸੁਣਦੇ-ਸੁਣਦੇ ਕਈ ਬੋਰ ਹੋ ਜਾਂਦੇ ਹਨ। ਇਸ ਲਈ ਜੇਕਰ ਕੋਈ ਆਪਣੇ ਲੰਬੇ ਚੌੜੇ ਬੋਰੀਅਤ ਭਰੇ ਦੁਖੜੇ ਛੇੜ ਬੈਠੇ ਤਾਂ ਸਰੋਤੇ ਕਹਿ ਦਿੰਦੇ ਹਨ ਕਿ ਉਸ ਨੇ ਤਾਂ ਆਪਣੀ ਰਾਮ ਕਹਾਣੀ ਛੇੜ ਦਿੱਤੀ ਹੈ। ਦਰਅਸਲ ਰਾਮ ਰੌਲਾ ਵਿਚ ਵੀ ਕੁਝ ਆਪਾਧਾਪੀ ਜਿਹਾ ਭਾਵ ਹੈ ਯਾਨਿ ਆਪੋ ਆਪਣੀਆਂ ਮਾਰਨਾ। ਉਂਜ ਅੱਜ ਕਲ੍ਹ ਲਾਊਡ-ਸਪੀਕਰਾਂ ਰਾਹੀਂ ਲੋਕਾਂ ਦੇ ਕੰਨਾਂ ਵਿਚ ਦਿਨ ਰਾਤ ਏਨਾ ਪਾਠ ਤੁੰਨਿਆ ਜਾਂਦਾ ਹੈ ਕਿ ਇਹ ਸੱਚਮੁਚ ਰਾਮ ਰੌਲਾ ਹੀ ਲੱਗਣ ਲੱਗ ਪਿਆ ਹੈ। ਚਲਦੇ-ਚਲਦੇ ਇਹ ਗੱਲ ਵੀ ਦੱਸ ਦੇਈਏ ਕਿ ਪਾਠ ਦੇ ਸਬੰਧ ਵਿਚ ਭਾਈ ਜੋ ਰੌਲ ਲਾਉਂਦੇ ਹਨ, ਉਸ ਰੌਲ ਦਾ ਸਬੰਧ ਵੀ ਰੌਲਾ ਸ਼ਬਦ ਨਾਲ ਭਾਈਬੰਦੀ ਵਾਲਾ ਹੈ। ਜ਼ਰਾ ਇਸ ਦੀ ਵਰਤੋਂ ਦਾ ਨਮੂਨਾ ਦੇਖੀਏ, "ਪਰਿਵਾਰ ਦਾ ਸਾਰਾ ਇੱਕਠ ਪਾਠੀਆਂ ਦੁਆਲੇ ਹੀ ਰਿਹਾ ਜਦ ਕਿ ਗੁਰੂ ਅੰਦਰ ਇੱਕਲਾ ਹੀ ਲ੍ਰੇਤ ਕੇ ਰੌਲ 'ਤੇ ਬੈਠੇ ਹੁੰਗਲਾ ਰਹੇ ਪਾਠੀ ਨਾਲ ਸਿੱਝਦਾ ਰਿਹਾ ਜਿਹੜਾ ਪਤਾ ਹੀ ਨਹੀ ਲਗਦਾ ਸੀ ਕਿ ਪੜ੍ਹ ਕੀ ਰਿਹਾ ਸੀ। ਵਿਚਾਲੇ ਜਿਹੇ ਬਾਬੇ ਖੁਦ ਆ ਕੇ ਵੀ ਚਰਨ ਪਾ ਗਏ।..."

'ਕਾਂਵਾਂ ਰੌਲੀ' ਸ਼ਬਦ ਜੁੱਟ ਕਾਂਵਾਂ ਦੇ ਵਤੀਰੇ ਤੋਂ ਬਣਿਆ ਹੈ ਪਰ ਇਹ ਸਭ ਤੋਂ ਵਧ ਬੰਦਿਆਂ 'ਤੇ ਢੁਕਦਾ ਹੈ। ਵਿਚਲੀ ਗੱਲ ਇਹ ਹੈ ਕਿ ਰੌਲਾ ਸ਼ਬਦ ਪਿਛੇ ਆਵਾਜ਼ ਕੱਢਣ ਦਾ ਭਾਵ ਕੰਮ ਕਰ ਰਿਹਾ ਹੈ। ਮੂੰਹ ਵਿਚੋਂ ਕੋਈ ਵੀ ਧੁਨੀ ਕੱਢਣ ਦਾ ਮਕਸਦ ਹੁੰਦਾ ਹੈ- ਆਪਣੇ ਮਨ ਦੇ ਭਾਵ ਪ੍ਰਗਟ ਕਰਨੇ। ਭਾਵਾਂ ਦੀ ਵਿਸ਼ੇਸ਼ਤਾ ਕਈ ਪ੍ਰਕਾਰ ਦੀ ਹੋ ਸਕਦੀ ਹੈ, ਹੈਰਾਨੀਜਨਕ, ਸਨੇਹਪੂਰਨ, ਘ੍ਰਿਣਾਭਰੇ, ਕ੍ਰੋਧਮਈ ਇਤਿਆਦਿ। ਇਸ ਲਈ ਆਵਾਜ਼ ਕੱਢਣ ਦੇ ਅਰਥਾਵੇਂ ਬਹੁਤ ਸਾਰੇ ਸ਼ਬਦ ਅਕਸਰ ਭਾਵਾਂ ਨਾਲ ਵੀ ਓਤਪੋਤ ਹੋ ਜਾਂਦੇ ਹਨ। ਮਿਸਾਲ ਵਜੋਂ ਬੋਲਣਾ ਸ਼ਬਦ ਹੀ ਲੈ ਲਵੋ। ਇਸ ਦਾ ਅਰਥ ਨਿਰ੍ਹਾ ਮੂੰਹ ਵਿਚੋਂ ਆਵਾਜ਼ ਕੱਢਣਾ ਹੀ ਨਹੀਂ, ਕਈ ਵਾਰੀ ਕਿਸੇ ਖਾਸ ਲਹਿਜੇ ਜਾਂ ਭਾਵ ਨੂੰ ਪ੍ਰਗਟਾਉਂਦੇ ਸ਼ਬਦ ਕਢਣਾ ਵੀ ਹੋ ਜਾਂਦਾ ਹੈ। 'ਹਮ ਬੋਲੇਗੇਂ ਤੋ ਬੋਲੋਗੇ ਕਿ ਬੋਲਤਾ ਹੈ' ਉਕਤੀ ਵਿਚ 'ਬੋਲਤਾ ਹੈ' ਦਾ ਅਰਥ ਹੈ ਸਾਫਗੋਈ ਕਰਨਾ। ਆਪੋ ਵਿਚ ਨਾ ਬੋਲਣਾ ਦਾ ਮਤਲਬ ਹੈ ਲੜੇ ਹੋਏ ਹੋਣਾ। ਬੋਲਤੀ ਬੰਦ ਹੋਣਾ ਦਾ ਮਤਲਬ ਕਿਸੇ ਦੇ ਬਹੁਤ ਭੈਅ ਥੱਲੇ ਆ ਜਾਣਾ ਹੈ। ਹੋਰ ਮਿਸਾਲਾਂ ਪਾਠਕ ਆਪ ਲੱਭ ਸਕਦੇ ਹਨ। ਅਸੀਂ ਰੌਲਾ ਸ਼ਬਦ ਦੇ ਹੋਰ ਸੁਜਾਤੀ ਸ਼ਬਦਾਂ ਦੇ ਅਰਥਾਂ ਦੀ ਗੱਲ ਕਰਦੇ ਹੋਏ ਇਹ ਗੱਲ ਸਪੱਸ਼ਟ ਕਰਾਂਗੇ।

ਰੌਲਾ ਸ਼ਬਦ ਦਾ ਬੀਅ ਯਾਨਿ ਧਾਤੂ 'ਰੂ' ਹੈ ਜਿਸ ਵਿਚ ਆਵਾਜ਼ ਕੱਢਣ, ਚੀਕਣ, ਕੂਕਣ, ਦਹਾੜਨ, ਗਰਜਣ ਆਦਿ ਦੇ ਭਾਵ ਹਨ। ਇਸ ਤੋਂ ਇਕ ਸ਼ਬਦ ਬਣਿਆ ਹੈ 'ਰਵ' ਜਿਸ ਤੋਂ ਅੱਗੇ 'ਰਵਲ' ਸ਼ਬਦ ਵਿਕਸਿਤ ਹੋਇਆ। 'ਵ' ਧੁਨੀ ਅਕਸਰ 'ਓ/ਔ' ਵਿਚ ਬਦਲ ਜਾਂਦੀ ਹੈ ਜਿਵੇਂ ਚਾਵਲ= ਚੌਲ; ਸਾਵਣ= ਸੌਣ; ਖਾਵੰਦ= ਖੌਂਦ; ਰਾਵਣ= ਰੌਣ ਆਦਿ। ਰਵਲ ਸ਼ਬਦ ਦਾ ਅਰਥ ਸ਼ੋਰ ਹੀ ਹੁੰਦਾ ਹੈ ਭਾਵੇਂ ਇਸ ਅਰਥ ਵਿਚ ਇਹ ਹੁਣ ਚਲਦਾ ਨਹੀਂ। ਇਸ ਤੋਂ ਬਣੇ ਰਾਵੀ ਦਾ ਇਕ ਅਰਥ ਸੁਣਾਉਣ ਵਾਲਾ ਵੀ ਹੁੰਦਾ ਹੈ। ਰਵ ਤੋਂ ਨਿਰਮਿਤ ਰਾਵਲ ਸ਼ਬਦ ਦਾ ਇਕ ਅਰਥ ਹੈ- ਸ਼ੋਰ ਕਰਨ ਵਾਲੇ। ਅਲਖ ਦੀ ਧੁਨੀ ਨਾਲ ਮੰਗਣ ਵਾਲੇ ਜੋਗੀਆਂ ਦੇ ਇਕ ਫਿਰਕੇ ਨੂੰ ਵੀ ਰਾਵਲ ਕਹਿੰਦੇ ਹਨ, "ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਰਾ॥" -ਗੁਰੂ ਨਾਨਕ ਦੇਵ। ਇਥੇ ਇਹ ਸ਼ਬਦ ਅਰਬੀ ਰਮਲ ਤੋਂ ਬਣਿਆ ਵੀ ਦੱਸਿਆ ਜਾਂਦਾ ਹੈ ਪਰ ਮੇਰੇ ਖਿਆਲ ਵਿਚ ਇਹ ਦਰੁਸਤ ਨਹੀਂ। ਇਸ ਦੀ ਚਰਚਾ ਫਿਰ ਕਦੇ ਕਰਾਂਗੇ।

ਰਾਵਲ ਦਾ ਇਕ ਅਰਥ ਚੌਕੀਦਾਰ ਵੀ ਹੈ ਜੋ ਰਾਤ ਨੂੰ ਸ਼ੋਰ ਮਚਾ ਕੇ ਲੋਕਾਂ ਨੂੰ ਜਗਾਉਂਦਾ ਹੈ, "ਪਕੜ ਚਲਾਇਆ ਰਾਵਲੇ।" ਰਾਵਲਾ ਜਾਂ 'ਰਾਵਲ-ਰੌਲਾ' ਸ਼ਬਦ ਜੁੱਟ ਦਾ ਮਤਲਬ ਹੁੰਦਾ ਹੈ ਪ੍ਰੇਸ਼ਾਨ। ਪਰਾਕ੍ਰਿਤ ਵਿਚ ਰਵ ਦਾ ਅਰਥ ਸ਼ੋਰ, ਗਰਜ ਆਦਿ ਹੈ। ਪਰਾਕ੍ਰਿਤ ਵਿਚ ਹੀ ਇਸ ਦਾ ਹੁਲੀਆ 'ਰੋਲ' ਬਣ ਗਿਆ ਸੀ। ਰਵ ਤੋਂ ਬਣੇ ਸ਼ਬਦ ਰਵਣ ਦਾ ਅਰਥ ਗਾਇਣ, ਆਲਾਪ ਵੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਬਹੁਤ ਵਾਰੀ ਆਇਆ ਹੈ, "ਸਰਨਿ ਦੁਖ ਭੰਜਨ ਪੁਰਖ ਨਿਰੰਜਨ ਸਾਧੂ ਸੰਗਤਿ ਰਵਣੁ ਜੈਸੇ॥", "ਰਵਣ ਗੁਣਾ ਕਟੀਐ ਜਮ ਜਾਲਾ॥" -ਗੁਰੂ ਅਰਜਨ ਦੇਵ। ਇਸ ਦੇ ਗਾਉਣ ਦੇ ਅਰਥਾਂ ਤੋਂ ਇਹ ਸ਼ਬਦ ਗਾਉਣ ਵਾਲੇ ਪੰਛੀ ਦੀ ਹੈਸੀਅਤ ਵਿਚ ਕੋਇਲ ਲਈ ਵੀ ਵਰਤਿਆ ਜਾਂਦਾ ਹੈ। ਗੁਰੂ ਗ੍ਰੰਥ ਵਿਚ ਇਕ ਸ਼ਬਦ ਰਵਈਆ ਵੀ ਆਉਂਦਾ ਹੈ ਜਿਸ ਦਾ ਅਰਥ ਬੋਲਦਾ, ਚੀਕਦਾ ਜਾਂ ਉਚਾਰਦਾ ਹੈ, "ਆਪੇ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ॥" -ਗੁਰੂ ਰਾਮ ਦਾਸ। ਅਸਲ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਰਵ ਤੋਂ ਬਣੇ ਅਨੇਕਾਂ ਹੋਰ ਸ਼ਬਦ ਵੀ ਹਨ। ਜਿਨ੍ਹਾਂ ਵਿਚੋਂ ਕੁਝ ਇਕ ਹਨ, ਰਾਵਓ, ਰਾਵਏ, ਰਾਵਣਹਾਰ, ਰਾਵੇਸੀ, ਰਾਵਿਅੜੀ, ਰਵੰਤਾ, ਰਵੰਨਿ, ਰਵਿਆਸ ਆਦਿ।

'ਰੂ' ਧਾਤੂ ਤੋਂ ਹੀ ਇਕ ਬਹੁਤ ਹੀ ਮਹੱਤਵਪੂਰਨ ਸ਼ਬਦ 'ਰੌ' ਬਣ ਗਿਆ ਜਿਸ ਵਿਚ ਰੋਣ ਦੇ ਭਾਵ ਹਨ। ਰੋਣਾ ਵੀ ਦਿਲ ਦੇ ਗੁਭ-ਗੁਭਾਟ ਕੱਢਣਾ ਹੀ ਹੈ। ਰੋਣਾ ਤੋਂ ਰੋਂਦੂ, ਰੋਣ, ਰੋਜ, ਰੋਣਹਾਕਾ, ਰੁਵਾਂਸਾ, ਰੋਵਣਹਾਰ ਆਦਿ ਸ਼ਬਦ ਬਣੇ ਹਨ। ਰੋਣਾ ਦਾ ਸੰਸਕ੍ਰਿਤ ਰੂਪ 'ਰੁਦ' ਹੈ। ਇਸ ਤੋਂ ਰੁਦਨ ਸ਼ਬਦ ਬਣਿਆ ਜਿਸ ਦਾ ਅਰਥ ਹੈ- ਮੋਏ ਵਿਅਕਤੀ ਦਾ ਸਿਆਪਾ ਕਰਨਾ। ਗੁਰਮਤਿ ਵਿਚ ਇਸ ਰੁਦਨ ਦਾ ਨਿਸ਼ੇਧ ਹੈ- "ਮਰੇ ਸਿੱਖ ਤੇ ਕਰੇ ਕੜਾਹ। ਤਿਸ ਕੁਟੰਬ ਰੁਦਨੈ ਬਹੁ ਨਾਹ। ਤਜੈਂ ਸ਼ੋਕ ਸਭ ਅਨਦ ਬਢਾਇ। ਨਹਿ ਪੀਟੈਂ ਤ੍ਰਿਯ ਮਿਲ ਸਮੁਦਾਇ। ਪਢੈਂ ਸ਼ਬਦ ਕੀਰਤਨ ਕੋ ਕਰੈਂ। ਸੁਨੈ ਬੈਠ ਬੈਰਾਗ ਸੁ ਧਰੈਂ।"

ਰੁਦਨ ਮਨੁਖ ਅਤੇ ਹੋਰ ਜਾਨਵਰਾਂ ਦਾ ਇਕ ਸਦੀਵੀ ਭਾਵ ਹੈ। ਉਂਜ ਤਾਂ ਜਦ ਬੱਚਾ ਰੋਣਾ ਖਤਮ ਕਰਨ 'ਤੇ ਹੁੰਦਾ ਹੈ ਤਾਂ ਉਹ ਰੀਂ ਰੀਂ ਜਾਂ ਰੇਈਂ ਰੇਈਂ ਕਰਦਾ ਹੈ। ਪਰ ਰੀਂ ਰੀਂ ਕਰਨ ਦਾ ਭਾਵ ਬੱਚੇ ਵਲੋਂ ਕਿਸੇ ਚੀਜ਼ ਖਾਸ ਤੌਰ 'ਤੇ ਦੁਧ ਦੀ ਮੰਗ ਕਰਨਾ ਹੁੰਦਾ ਹੈ। ਬਿਨਾ ਰੋਏ ਮਾਂ ਵੀ ਕਿਹੜਾ ਦੁਧ ਦਿੰਦੀ ਹੈ। ਉਂਜ ਵੀ 'ਰੀਂ ਰੀਂ ਕਰਨਾ' ਦਾ ਅਰਥ ਬਹੁਤ ਅਧੀਨਗੀ ਨਾਲ ਕਿਸੇ ਚੀਜ਼ ਦੀ ਮੰਗ ਜ਼ਾਹਿਰ ਕਰਨਾ ਹੈ। ਕਹਿੰਦੇ ਹਨ, ਗਰੀਬ ਦਾ ਕੋਈ ਰੋਣਾ ਵੀ ਨਹੀਂ ਸੁਣਦਾ। ਰੋਣ ਦੀ ਭੂਤਕਾਲੀ ਕਿਰਿਆ ਕਾਵਿਕ ਸ਼ਬਦ ਰੁੰਨਾ ਵੀ ਹੈ, "ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥" -ਗੁਰੂ ਨਾਨਕ ਦੇਵ। "ਇਕ ਨਾ ਰੁੰਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ।" ਕਾਦਰ ਯਾਰ ਨੇ ਇਸ ਸ਼ਬਦ ਦੀ ਵਰਤੋਂ ਕੀਤੀ ਹੈ,

ਤੇ ਤੁਹਮਤ ਅਜ਼ਗੈਬ ਦੀ ਬੁਰੀ ਹੁੰਦੀ
ਪੂਰਨ ਘਤ ਊਧੀ ਰੁੰਨਾ ਜ਼ਾਰ ਜ਼ਾਰੀ।
ਕਹਿੰਦਾ ਵੱਸ ਨਾ ਬਾਬਲਾ ਕੁਝ ਮੇਰੇ
ਤੁਹਾਡੀ ਮਾਪਿਆਂ ਦੀ ਗਈ ਮਤ ਮਾਰੀ।

ਰਾਮਾਇਣ ਦੇ ਖਲਨਾਇਕ ਰਾਵਣ ਦਾ ਨਾ ਕੌਣ ਨਹੀਂ ਜਾਣਦਾ। 'ਮਹਾਨ ਕੋਸ਼' ਅਨੁਸਾਰ ਰਾਵਣ ਸ਼ਬਦ ਦਾ ਅਰਥ ਵੈਰੀਆਂ ਨੂੰ ਰੁਆ ਦੇਣ ਵਾਲਾ ਹੈ। ਰਾਵ ਸ਼ਬਦ ਦਾ ਅਰਥ ਚੀਕਣਾ, ਦਹਾੜਨਾ ਆਦਿ ਹੈ, ਸੋ ਰਾਵਣ ਦਾ ਅਰਥ ਜੋ ਜਾਨਵਰਾਂ ਦੀ ਤਰ੍ਹਾਂ ਦਹਾੜਦਾ ਹੈ, ਵੀ ਹੋ ਸਕਦਾ ਹੈ। ਰਾਵਣ ਦੇ ਕਿਰਦਾਰ 'ਤੇ ਇਹ ਵਿਸ਼ੇਸ਼ਣ ਢੁਕਦਾ ਹੈ। 'ਰੂ' ਧਾਤੂ ਤੋਂ 'ਰੁਦਿਰ' ਸ਼ਬਦ ਵੀ ਬਣਿਆ ਹੈ ਜਿਸ ਦਾ ਅਰਥ ਭਿਆਨਕ, ਭਿਅੰਕਰ, ਡਰਾਵਣਾ ਹੈ। ਸ਼ਿਵ ਨੂੰ ਰੁਦਿਰ ਕਿਹਾ ਗਿਆ ਹੈ ਕਿਉਂਕਿ ਉਸ ਦਾ ਇਕ ਰੂਪ ਅਜਿਹਾ ਹੈ। ਦਿਲਚਸਪ ਹੈ ਕਿ ਰਾਵਣ ਨੂੰ ਸ਼ਿਵ ਦਾ ਭਗਤ ਦੱਸਿਆ ਗਿਆ ਹੈ। ਭਿਆਨਕ ਦੇ ਅਰਥਾਂ ਵਿਚ ਰੁਦ ਸ਼ਬਦ ਦੀ ਵਰਤੋਂ ਦੇਖੋ, "ਤਿਨ ਤਰਿਓ ਸਮੁਦ੍ਰੁ ਰੁਦ੍ਰੁ ਖਿਨ ਇਕ ਮਹਿ।" ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਰੌਲੇ ਦੇ ਭਾਈਬੰਦ ਸ਼ਬਦਾਂ ਵਿਚ ਕਈ ਤਰ੍ਹਾਂ ਦੇ ਭਾਵ ਸਮਾਏ ਹੋਏ ਹਨ।

ਰੌਲਾ ਸ਼ਬਦ ਦੇ ਹੋਰ ਭਾਰੋਪੀ ਭਾਸ਼ਾਵਾਂ ਵਿਚ ਸੁਜਾਤੀ ਸ਼ਬਦ ਵੀ ਮਿਲਦੇ ਹਨ। ਇਸ ਦਾ ਭਾਰੋਪੀ ਮੂਲ ਹੈ 'reu' ਦਾ ਅਰਥ ਬੈਠੀ ਅਵਾਜ਼ ਵਿਚ ਚੀਕਾਂ ਮਾਰਨਾ ਨਿਸ਼ਚਿਤ ਕੀਤਾ ਗਿਆ ਹੈ। ਇਸ ਤੋਂ ਬਣੇ ਲਾਤੀਨੀ, ਸਪੈਨਿਸ਼, ਇਤਾਲਵੀ, ਸਲੈਵਿਕ, ਲਿਥੂਏਨੀਅਨ ਭਾਸ਼ਾਵਾਂ ਵਿਚ ਸ਼ਬਦ ਮਿਲਦੇ ਹਨ। ਲਾਤੀਨੀ ਵਿਚ ਇਕ ਸ਼ਬਦ ਹੈ raucus ਜਿਸ ਦਾ ਅਰਥ ਬੈਠਵੀਂ, ਭਾਰੀ (ਆਵਾਜ਼) ਹੈ। ਇਸ ਤੋਂ ਅੰਗਰੇਜ਼ੀ ਸ਼ਬਦ raucous ਬਣਿਆ ਜਿਸ ਦਾ ਲਗਭਗ ਇਹੀ ਅਰਥ ਹੁੰਦਾ ਹੈ।

# ਹਰਫਾਂ ਦੀ ਹੱਟ ਸ਼ਮਸ਼ੇਰ ਸੰਧੂ

(ਪਿਛਲੇ ਸਫੇ ਦੀ ਬਾਕੀ)

ਦਾ ਚੁੱਕਣਾ ਨਹੀਂ ਹੁੰਦਾ। ਅਸਲ ਵਿਚ ਸੰਧੂ ਜਾਣ-ਪਛਾਣ ਵਾਲਿਆਂ ਦਾ ਫੋਨ ਵੀ ਸੇਵ/ਸਟੋਰ ਨਹੀਂ ਕਰਦਾ, ਅਣਪਛਾਤਾ ਫੋਨ ਤਾਂ ਚੁੱਕਣਾ ਦੂਰ ਦੀ ਗੱਲ ਹੈ। ਸੇਵ ਹੋਇਆ ਫੋਨ ਵੀ ਉਦੋਂ ਸੁਣਦਾ ਜਦ ਬਿਲਕੁਲ ਫਰੀ, ਜਾਂ ਫਿਰ ਮਤਲਬੀ ਗੱਲ ਵਾਲਾ ਹੋਵੇ ਜਿਸ ਦੇ ਸੁਣੇ ਬਗੈਰ ਸਰ ਹੀ ਨਹੀਂ ਸਕਦਾ। ਫਿਰ ਤਾਂ ਭਾਈ ਘੰਟਾ-ਘੰਟਾ ਦਿਲ-ਲੱਗੀਆਂ ਹੋਈ ਜਾਂਦੀਆਂ।

ਸੰਧੂ ਦੇ ਜੀਵਨ ਵਿਚ ਭਰੋਵਾਲ ਵਾਲਾ ਮਰਹੂਮ ਗਾਇਕ ਦੀਦਾਰ ਸੰਧੂ ਪੂਰੀ ਤਰ੍ਹਾਂ ਰਮਿਆ ਹੈ। ਸੰਧੂ ਦੀ ਬਹੁਤੀ ਹਯਾਤੀ ਉਸ ਦੇ ਨਾਲ ਬੀਤੀ ਹੈ। ਸੰਧੂ ਦੀ ਮਹਿਫਿਲ ਵਿਚ ਦੀਦਾਰ ਸੰਧੂ ਦਾ ਜ਼ਿਕਰ ਨਾ ਆਵੇ, ਇਹ ਹੋ ਨਹੀਂ ਸਕਦਾ। ਇਕ ਵਾਰ ਦੀਦਾਰ ਸੰਧੂ ਦੇ ਗੀਤਾਂ ਦੀ ਗੱਲ ਚੱਲ ਪਵੇ, ਫਿਰ ਤਾਂ ਸੰਧੂ ਤੋਂ ਮਾਈਕ ਖੋਹਣਾ ਮੁਸ਼ਕਿਲ ਹੋ ਜਾਂਦਾ। ਭਰੋਵਾਲ ਦੇ ਟਿੱਬਿਆਂ ਤੋਂ ਲੈ ਕੇ ਲੁਧਿਆਣੇ ਵਾਲੇ ਉਸ ਦੇ ਦਫਤਰ ਦੀਆਂ ਕਹਾਣੀਆਂ ਅਤੇ ਉਸ ਨਾਲ ਗਾਉਣ ਵਾਲੀਆਂ ਦੀਆਂ ਰੁੱਖੀਆਂ-ਮਿੱਸੀਆਂ ਗੱਲਾਂ ਉਤਰੀਆਂ ਹੀ ਆਉਂਦੀਆਂ। ਦੀਦਾਰ ਦੀ ਤੂੰਬੀ ਤੇ ਦਾਰੂ ਦੀਆਂ ਲਘੂ ਕਥਾਵਾਂ ਮੁੱਕਦੀਆਂ ਹੀ ਨਹੀਂ। ਦੀਦਾਰ ਸੰਧੂ ਤੇ ਸ਼ਮਸ਼ੇਰ ਸੰਧੂ ਦੀ ਦੋਸਤੀ ਦੇ ਖਾਸ ਤਿੰਨ ਕਾਰਨ ਹਨ- ਇਕ ਤਾਂ ਦੋਨੋਂ ਸੰਧੂ, ਦੂਜਾ ਦੋਨਾਂ ਦਾ ਪਿਛੋਕੜ ਲਹਿੰਦਾ ਪੰਜਾਬ ਸੀ, ਤੇ ਤੀਜਾ ਸਾਹਿਤਕ ਮੱਸ। ਦੀਦਾਰ ਜੋ ਵੀ ਗੀਤ ਲਿਖਦਾ, ਸੰਧੂ ਨੂੰ ਪੜ੍ਹਾਉਂਦਾ, ਸੋਧ ਕਰਾਉਂਦਾ।

ਸ਼ਮਸ਼ੇਰ ਸੰਧੂ ਨੇ ਗੀਤਾਂ ਦੀਆਂ ਬੜੀਆਂ ਐਲਬਮਾਂ ਦਿੱਤੀਆਂ। ਸੈਂਕੜੇ ਗੀਤ ਲਿਖੇ, ਫਿਲਮਾਏ ਤੇ ਅਨੇਕਾਂ ਸਿੰਗਰਾਂ ਤੋਂ ਗੁਆਏ; ਪਰ ਮਹਿਫਿਲਾਂ ਵਿਚ ਇਹ ਜ਼ਿਕਰ ਸੰਧੂ ਨੇ ਕਦੇ ਨਹੀਂ ਕੀਤਾ ਕਿ ਫਲਾਣੇ ਗੀਤ ਦਾ ਪਿਛੋਕੜ ਇਹ ਹੈ, ਇਸ ਕਾਰਨ ਮੈਂ ਇਹ ਗੀਤ ਰਚਿਆ। ਕਦੇ ਵੀ ਗੱਲ ਸਾਂਝੀ ਨਹੀਂ ਕੀਤੀ ਕਿ ਫਲਾਣਾ ਯਾਰ ਬੋਲਦਾ ਜਾਂ ਦੁਪੱਟਾ ਤੇਰਾ ਸੱਤ ਰੰਗ ਦਾ, ਜਾਂ ਗੁਟਕੂੰ ਕਰੇ ਕਬੂਤਰ ਚੀਨਾ ਆਦਿ ਦੇ ਲਿਖਨ ਪਿਛੇ ਕੀ ਇਤਿਹਾਸ ਸੀ? ਇਹ ਕਿਉਂ ਲਿਖਿਆ, ਇਸ ਦਾ ਫੁਰਨਾ ਕਿਵੇਂ ਫੁਰਿਆ? ਦੂਜੇ ਬੰਨੇ, ਸੰਧੂ ਜਦੋਂ ਦੀਦਾਰ ਸੰਧੂ ਦੇ ਗੀਤਾਂ ਦੀ ਗੱਲ ਕਰਦਾ ਹੁੰਦਾ, ਤਾਂ ਉਸ ਦੇ ਸਾਰੇ ਗੀਤਾਂ ਦੇ ਲਿਖਣ ਦੇ, ਅਹੁਰਨ ਦੇ ਕਾਰਨਾਂ ਦਾ ਵਿਸਥਾਰ ਸਹਿਤ ਚਾਨਣਾ ਪਾ ਰਿਹਾ ਹੁੰਦਾ।

ਸ਼ਮਸ਼ੇਰ ਸੰਧੂ ਹਮੇਸ਼ਾ ਸਰਲ ਤੇ ਤਣਾਉ ਰਹਿਤ ਜੀਵਨ ਦੀ ਕੋਸ਼ਿਸ਼ 'ਚ ਹੁੰਦਾ। ਪੰਗੇ ਵਾਲੇ ਤੇ ਚਿੰਤਾਗ੍ਰਸਤ ਪਲਾਂ ਤੋਂ ਪਾਸਾ ਵੱਟਣਾ ਸੰਧੂ ਦਾ ਸੁਭਾਅ ਬਣ ਚੁੱਕਿਆ। ਹਰ ਉਸ ਕਾਰਜ 'ਚ ਸ਼ਾਮਲ ਹੋਣ ਤੋਂ ਟਾਲਾ ਕਰਨ ਦੇ ਯਤਨ 'ਚ ਹੁੰਦਾ ਜਿਥੋਂ ਮੌਜ 'ਚ ਵਿਘਨ ਪੈਣ ਦੀ ਸੰਭਾਵਨਾ ਬਣ ਰਹੀ ਹੋਵੇ। ਉਸ ਦੀ ਧਾਰਮਿਕ ਪ੍ਰਵਿਰਤੀ ਬਹੁਤ ਸਰਲ ਹੈ। ਪਾਸ਼ ਨਾਲ ਸੰਧੂ ਦੀ ਬਹੁਤ ਨੇੜਤਾ ਰਹੀ। ਉਸ ਨੂੰ ਬੜੀ ਬਾਰੀਕੀ ਨਾਲ ਵਾਚਿਆ, ਉਸ ਨਾਲ ਰਾਤਾਂ ਕੱਟੀਆਂ, ਪੰਗੇ ਲੈਂਦਿਆਂ ਸੱਟਾਂ ਵੀ ਖਾਧੀਆਂ। ਉਸ ਦੀ ਲਿਖਤ ਨੂੰ ਰੂਹ ਤੋਂ ਮਾਣਿਆ। ਉਸ ਦੀਆਂ ਰਚਨਾਵਾਂ ਦੀਆਂ ਸਤਰਾਂ ਵੀ ਜ਼ੁਬਾਨੀ ਚੇਤੇ ਹਨ। ਪਾਸ਼ ਦੇ ਜੀਵਨ ਦੀਆਂ ਖਾਸ ਘਟਨਾਵਾਂ ਜੋ ਸਨਮੁੱਖ ਵਾਪਰੀਆਂ, ਉਨ੍ਹਾਂ 'ਤੇ ਆਧਾਰਤ 'ਇਕ ਪਾਸ਼ ਇਹ ਵੀ' ਕਿਤਾਬ ਲਿਖੀ ਜੋ ਖੂਬ ਚਰਚਿਤ ਹੋਈ। ਇਸ ਤੋਂ ਇਲਾਵਾ ਖੱਬੀ ਵਿਚਾਰਧਾਰਾ ਵਾਲੇ ਹੋਰ ਬਹੁਤ ਸਾਰੇ ਕਾਮਰੇਡ ਮਿੱਤਰ ਹਨ ਪਰ ਸੰਧੂ ਉਤੇ ਕਾਮਰੇਡੀ, ਮਾਰਕਸਿਜ਼ਮ ਦਾ ਮਲੰਮਾ ਨਹੀਂ ਚੜ੍ਹਿਆ। ਇਸ ਦੀ ਸੰਗਤ ਵਿਚ ਧਾਰਮਿਕ ਵਿਅਕਤੀਆਂ ਦੇ ਪ੍ਰਵੇਸ਼ ਦਾ ਵੀ ਬਹੁਤਾ ਜ਼ਿਕਰ ਨਹੀਂ, ਨਾ ਉਸ ਉਤੇ ਧਾਰਮਿਕਤਾ ਦੀ ਕੋਈ ਝਾਲ ਹੈ। ਉਂਜ ਖੁਦ ਧਾਰਮਿਕ ਨਾ ਹੋ ਕੇ ਧਰਮ ਪ੍ਰਤੀ ਕੋਈ ਗਤੀਰੋਧ ਵੀ ਨਹੀਂ। ਕੁੱਲ ਮਿਲਾ ਕਿਸੇ ਵੀ ਇਜ਼ਮ ਦਾ ਨਾ ਹੋ ਕੇ ਮੌਜਾਂ ਵਾਲੀ ਜ਼ਿੰਦਗੀ ਬਤੀਤ ਕਰਨ ਦੇ ਰੌਂਅ 'ਚ ਰਹਿਣ ਵਾਲਾ ਸ਼ਮਸ਼ੇਰ ਸਿੰਘ ਸੰਧੂ ਬਹੁਤ ਮਸਤ, ਮ੍ਰਿਦਲ ਤੇ ਮੌਜੀ ਬੰਦਾ ਹੈ।

***

# ਕਾਵਿ-ਕਿਆਰੀ

## ਗਜ਼ਲ

ਸਿਰ 'ਤੇ ਸੂਰਜ ਹੁੰਦਿਆਂ ਸੁੰਦਿਆਂ
ਸਿਖਰ ਦੁਪਹਿਰ ਹਨ੍ਹੇਰ ਕਿਉਂ ਜੀ।
ਦੇਸ਼ ਪੰਜਾਬ 'ਚ, ਮਨ ਦੇ ਵਿਹੜੇ,
ਏਨੇ ਘੁੰਮਣ ਘੇਰ ਕਿਉਂ ਜੀ।

ਠੂਠਾ ਅਤੇ ਕਨਾਲੀ ਸੁੰਨੇ,
ਤਵਾ, ਚੰਗੇਰ, ਪਰਾਤ ਵੀ ਖਾਲੀ,
ਸਾਡੇ ਲਈ ਤਾਂ ਫ਼ਿੱਕੀਆਂ ਦੀਦਾਂ,
ਵੱਜੀ ਜਾਂਦੀ ਭੇਰ ਕਿਉਂ ਜੀ।

ਰੋਂਦਿਆਂ ਨੂੰ ਨਾ ਚੁੱਪ ਕਰਾਵੇ,
ਚੁੱਕ ਨਾ ਕੋਈ ਸੀਨੇ ਲਾਵੇ,
ਨਿੱਕੇ-ਨਿੱਕੇ ਮਾਸੂਮਾਂ ਗਲ,
ਅਟਕੀ ਹੋਈ ਲੇਰ ਕਿਉਂ ਜੀ।

ਬੋਲੀ ਅਵਰ ਤੁਮ੍ਹਾਰੀ ਹੋ ਗਈ,
ਹਰ ਅੱਖ ਅੱਥਰੂ-ਅੱਥਰੂ ਚੋ ਗਈ,
ਬਾਬਰ ਵਾਲਾ ਜਾਬਰ ਹੱਲਾ,
ਖੁਰਾਸਾਨ ਤੋਂ ਫ਼ੇਰ ਕਿਉਂ ਜੀ।

ਸੜਦਾ ਰੋਮ, ਬੰਸਰੀ ਵਾਲੇ
ਨੀਰੋ ਨੂੰ ਤਾਂ ਨਿੰਦੀ ਜਾਈਏ,
ਸਾਡੇ ਘਰ ਕੀ ਖਿਚੜੀ ਪੱਕਦੀ,
ਸੁਣ ਨਾ ਪੈਂਦੀ ਘੇਰ ਕਿਉਂ ਜੀ।

ਏਸੇ ਘਰ ਦਾ ਅੱਜ ਵੀ ਜੀਅ ਹੈ,
ਸੀਤਾ ਵੀ ਧਰਤੀ ਦੀ ਧੀ ਹੈ,
ਹਰ ਯੁਗ ਅੰਦਰ ਲਛਮਣ ਰੇਖਾ,
ਉਸ ਦੇ ਚਾਰ-ਚੁਫ਼ੇਰ ਕਿਉਂ ਜੀ।

ਅਬਦਾਲੀ ਹੁਣ ਸੱਦਿਆਂ ਆਇਆ,
ਵਣਜ ਵਪਾਰੀ ਨਾਲ ਲਿਆਇਆ,
ਫਿਰ ਕਿਉਂ ਪੁੱਛੋ, ਸਾਡੇ ਘਰ ਵਿਚ
ਓਪਰਿਆਂ ਦੀ ਮੇਰ ਕਿਉਂ ਜੀ।

-ਗੁਰਭਜਨ ਗਿੱਲ
ਲੁਧਿਆਣਾ।

## ਲੱਥੀ ਪੱਗ

ਰਾਂਝੇ ਆਖਿਆ ਡੂੰਘਾ ਜਿਹਾ ਸਾਹ ਲੈ ਕੇ,
ਥੀ ਪੱਗ ਪੰਜਾਬ ਦੀ ਵੇਖ ਹੀਰੇ।
ਜਿਹੜਾ ਜਿੱਤ ਕੇ ਸਦਾ ਹੀ ਹਾਰ ਜਾਂਦਾ,
ਗੱਲ ਬੜੇ ਅਜ਼ਾਬ ਦੀ ਵੇਖ ਹੀਰੇ।
ਪੱਤੀ ਪੱਤੀ ਅੱਜ ਸਾਹਮਣੇ ਮਾਲੀਆਂ ਦੇ,
ਖਿੰਡ ਗਈ ਫੁੱਲ ਗੁਲਾਬ ਦੀ ਵੇਖ ਹੀਰੇ।
ਗਲੀਆਂ ਵਿਚ 'ਸਿਆਲਾਂ' ਦੀ ਪੱਤ ਰੋਲੀ,
ਸੈਦੇ ਫਿਰਦੇ ਨੇ ਬਣੀ ਨਵਾਬ ਹੀਰੇ।
ਰੰਗਪੁਰ ਖੇੜਿਆਂ ਦੇ ਘਰੋਂ ਮਹਿਕ ਆਵੇ,
ਭੁੱਜੇ ਹੋਏ ਕਬਾਬ ਦੀ ਵੇਖ ਹੀਰੇ।
ਡਲਕਾਂ ਚਾਂਦੀ ਦੇ ਵਾਂਗ ਜੋ ਮਾਰਦਾ ਸੀ,
ਹਾਲਤ ਬੁਰੀ ਉਸ ਆਬ ਦੀ ਵੇਖ ਹੀਰੇ।
ਸਤਲੁਜ, ਰਾਵੀ ਬਿਆਸ ਦੀ ਜੋ ਹੋਣੀ,
ਉਹੀ ਹੋਣੀ ਚਨਾਬ ਦੀ ਵੇਖ ਹੀਰੇ।
ਕਿਸੇ ਗੁਣੀਏ ਦੇ ਵਿਚ ਵੀ ਨਹੀਂ ਆਉਂਦੀ,
ਗੱਲ ਬੇ-ਹਿਸਾਬ ਦੀ ਵੇਖ ਹੀਰੇ।
ਦੁੱਧ ਦਹੀਂ ਨੂੰ ਕੋਈ ਪਹਿਚਾਣਦਾ ਨੀਂ,
ਵਿਕਰੀ ਹੁੰਦੀ ਸ਼ਰਾਬ ਦੀ ਵੇਖ ਹੀਰੇ।
ਜੰਨ ਬੈਠੀ ਹੈ ਆਣ ਕੇ ਕੁਰਸੀਆਂ 'ਤੇ,
ਐਨਕ ਵਾਲੇ ਜਨਾਬ ਦੀ ਵੇਖ ਹੀਰੇ।

-ਹਰਜਿੰਦਰ ਗੁਲਪੁਰ
ਫੋਨ: 91-81465-63065

---

## ਵੂਕਤ-ਵਕਤ

ਐ ਮੇਰੇ ਬਖ਼ਤਾਵਰ ਵਕਤ!
ਚਲੋ ਹੀ ਚੱਲ ਦਾ,
ਮਿਲਿਆ ਮੁੱਢੋਂ ਵਰਦਾਨ ਤੈਨੂੰ।

ਯੁੱਗ ਬਦਲੇ, ਯੁਕਤ ਬਦਲੀ
ਹਕੂਮਤ ਬਦਲਿਆ, ਹਸਤੀ ਬਦਲੀ
ਵੂਕਤ-ਵਕਤ ਨਹੀਂ ਬਦਲੀ।

ਵੂਕਤ-ਵਕਤ ਜਿਸ ਦੇਸ਼ ਜਾਣੀ
ਬਣੇ ਬੈਠੇ ਵਕਤਾਂ ਦੇ ਹਾਣੀ
ਹੱਦੋਂ ਵੱਧ ਇੱਜ਼ਤ ਮਾਣੀ।

ਜਨ-ਜਨਾਰਦਨ ਮੇਰੇ ਦੇਸ਼ੋ
ਵੂਕਤੋਂ-ਵੂਕਤ ਖੁੰਝਿਆ ਵੇਖਾਂ
ਝੱਲਣ ਤਪਸ਼, ਭੈੜਿਆਂ ਲੇਖਾਂ।

ਕਾਠੀ ਮੋੜਿਓਂ, ਮਗਲਾਂ ਲੱਥੀ
ਰਹਿੰਦੀ ਕਸਰ ਫਿਰੰਗੀਆਂ ਕੱਸੀ
ਕੀਤੇ ਭਾਰਤੀ ਹੌਲਿਓਂ ਕੱਖੀਂ।

ਫਿਰੰਗੀ ਨੂੰਹੋਂ ਚੱਕੀ ਰੋਹਣੇ
ਬੋਥ ਧਰਮ ਦੀ ਆੜੇ
ਪੱਲੇ ਪਾਏ ਭਾਰਤੀਆਂ ਰੋਣੇ।

ਖੁਰੀ ਵੇਖੀ ਹਸਤੀ ਹਿੰਦੋਸਤਾਨੀ
ਖੇਡ ਖੇਡੀ ਫਿਰੰਗੀਆਂ ਸ਼ੈਤਾਨੀ
ਵੰਡ ਕਾਣੀ, ਹਾਰ ਭਲਵਾਨੀ।

ਵੰਡ ਕਾਣੀ ਕੋਈ ਨਹੀਂ ਜਰਦਾ
ਹੋਇਆ ਹਰਣ ਹਿੰਦੋਸਤਾਨੀ ਪਰਦਾ
ਥਪੇੜ ਵਕਤੋਂ ਹਰ ਕੋਈ ਡਰਦਾ।


ਵਕਤ ਅਜੋਕੀ ਜੁਰਅਤ ਜਿਸ ਕੀਤੀ
ਵੰਡ ਕਾਣੀ ਧਰਮੋਂ ਹਕੀਕੀ
ਹਸਤੀ ਹਕੂਮਤ ਲੀਕੋ ਲੀਕੀ।

ਐ ਮੇਰੇ ਬਖ਼ਤਾਵਰ ਵਕਤ!
ਬਖ਼ਸ਼ ਸੁਮੱਤ ਮੌਜੂਦਾ ਸਰਕਾਰਾਂ
ਮੁੜ ਹਾਸਲ ਨਾ ਹੋਣ ਹਾਰਾਂ।


ਫੱਕਰ ਨਿਮਾਣਾ ਸੱਤ ਸਮੁੰਦਰ
ਪਾਰੋਂ, ਉਲਾਰ ਦੋਵੇਂ ਬਾਹਵਾਂ
ਖੜ੍ਹਾ, ਵੂਕਤ-ਵਕਤ ਪੁਕਾਰਾਂ।

-ਟਹਿਲ ਸਿੰਘ ਚਾਹਲ
ਇੰਡੀਆਨਐਪੋਲਿਸ, ਇੰਡੀਆਨਾ।
ਫੋਨ: 317-652-6216

# ਮਾਰੂਥਲ ਦਾ ਸ਼ੇਰ: ਉਮਰ ਮੁਖਤਾਰ



ਫਿਲਮ 'ਲਾਇਨ ਆਫ ਡੈਜ਼ਰਟ' ਵਿਚ ਉਮਰ ਮੁਖਤਾਰ ਦੇ ਕਿਰਦਾਰ ਵਿਚ ਅਦਾਕਾਰ ਐਂਥਨੀ ਕੁਇਨ।



ਜਤਿੰਦਰ ਮੌਹਰ
ਫੋਨ: 91-97799-34747

ਲਿਬੀਆ ਦੇ ਪ੍ਰਧਾਨ ਰਹੇ ਮਰਹੂਮ ਮੁਆਮਰ ਗ਼ੱਦਾਫ਼ੀ ਨੇ ਸੰਨ 1981 ਵਿਚ ਆਪਣੇ ਮੁਲਕ ਦੇ ਮਹਾਨ ਸੂਰੇ ਦੀ ਯਾਦ ਵਿਚ ਅੰਗਰੇਜ਼ੀ ਫਿਲਮ 'ਉਮਰ ਮੁਖਤਾਰ: ਮਾਰੂਥਲ ਦਾ ਸ਼ੇਰ' ਬਣਾਈ ਸੀ। ਇਹ ਫਿਲਮ ਲਿਬੀਆ ਦੀ ਕੌਮੀ ਮੁਕਤੀ ਲਹਿਰ ਦੇ ਮਹਾਂਨਾਇਕ ਉਮਰ ਮੁਖਤਾਰ ਦੀ ਅੰਤਲੀ ਜ਼ਿੰਦਗੀ ਦੇ ਵਰ੍ਹਿਆਂ ਨੂੰ ਪਰਦਾ ਪੇਸ਼ ਕਰਦੀ ਅਮਰ ਕਿਰਤ ਹੈ। ਫਿਲਮ ਦੇ ਹਦਾਇਤਕਾਰ ਮੁਸਤਫ਼ਾ ਅਕਡ ਹਨ। ਅਦਾਕਾਰ ਐਂਥਨੀ ਕੁਇਨ ਨੇ ਇਸ ਫਿਲਮ ਵਿਚ ਉਮਰ ਦੀ ਯਾਦਗਾਰੀ ਭੂਮਿਕਾ ਨਿਭਾਈ ਸੀ। ਇਸ ਫਿਲਮ ਦੀ ਮਸ਼ਹੂਰੀ ਅਜੇ ਵੀ ਕਾਇਮ ਹੈ। ਸੰਨ 2009 ਵਿਚ ਗ਼ੱਦਾਫ਼ੀ ਨੇ ਰੋਮ (ਇਟਲੀ) ਦੀ ਯਾਤਰਾ ਕੀਤੀ। ਯਾਤਰਾ ਸਮੇਂ ਉਹਦੀ ਛਾਤੀ ਉਤੇ ਉਮਰ ਮੁਖਤਾਰ ਦੀ ਤਸਵੀਰ ਲੱਗੀ ਹੋਈ ਸੀ ਅਤੇ ਉਮਰ ਦਾ ਵੱਡਾ ਮੁੰਡਾ ਉਹਦੇ ਨਾਲ ਸੀ।


ਉਮਰ ਮੁਖਤਾਰ ਇਟਲੀ ਦੇ ਫ਼ਾਸ਼ੀਵਾਦੀ ਹਾਕਮਾਂ ਵਿਰੁਧ ਗੁਰੀਲਾ ਸੰਗਰਾਮ ਦਾ ਮਹਾਨ ਜੁਝਾਰੂ ਸੀ। ਸੰਨ 1911 ਵਿਚ ਇਟਲੀ ਦੇ ਲਿਬੀਆ ਉਤੇ ਕਬਜ਼ੇ ਤੋਂ ਬਾਅਦ ਮੁਸੋਲਿਨੀ ਆਪਣੀ ਚੜ੍ਹਤ ਉਤੇ ਸੀ ਅਤੇ ਉਹਦਾ ਮਸਤਾਇਆ ਬੁੱਚੜ ਜਰਨੈਲ ਗਰਜ਼ਿਆਨੀ ਖ਼ੂਨ ਦੇ ਸੋਹਲੇ ਗਾ ਰਿਹਾ ਸੀ। ਇਸੇ ਗਰਜ਼ਿਆਨੀ ਨੂੰ ਉਮਰ ਮੁਖਤਾਰ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਲਿਬੀਆ ਭੇਜਿਆ ਗਿਆ। ਉਮਰ ਨੇ ਵੀਹ ਸਾਲ ਫ਼ਾਸ਼ੀਵਾਦੀਆਂ ਨੂੰ ਵਾਹਣੀ ਪਾਈ ਰੱਖਿਆ ਅਤੇ ਗੁਰੀਲਾ ਹਮਲਿਆਂ ਨਾਲ ਰੋਮਨਾਂ ਦੇ ਪੈਰ ਨਹੀਂ ਲੱਗਣ ਦਿੱਤੇ। ਉਹਦੇ ਗੁਰੀਲਾ ਜੰਗ ਦੇ ਹੁਨਰ ਨੂੰ ਦੁਸ਼ਮਣ ਵੀ ਸਲਾਹੁੰਦੇ ਸਨ। ਉਮਰ ਹੱਥੋਂ ਮੂੰਹ ਦੀ ਖਾਣ ਤੋਂ ਬਾਅਦ ਫ਼ਾਸ਼ੀਵਾਦੀਆਂ ਨੇ ਲਿਬੀਆ ਦੀ ਆਵਾਮ ਉਤੇ ਅਤਿ ਦੀ ਭਿਆਨਕ ਹਿੰਸਾ ਵਰਤਾਈ। ਨਾਬਰਾਂ ਦੇ ਅਸਰ ਹੇਠਲੇ ਇਲਾਕੇ ਗੇਬਲ ਵਿਚੋਂ ਕੱਢ ਕੇ ਲੱਖਾਂ ਜੀਆਂ ਨੂੰ ਤਸ਼ੱਦਦੀ ਡੇਰਿਆਂ ਵਿਚ ਤਾੜ ਦਿੱਤਾ ਗਿਆ। ਇਹਦਾ ਮਕਸਦ ਆਬਾਦੀ ਨੂੰ ਪਿੰਡਾਂ ਵਿਚੋਂ ਕੱਢ ਕੇ ਉਮਰ ਮੁਖਤਾਰ ਅਤੇ ਉਹਦੇ ਜੁਝਾਰੂਆਂ ਦੀ ਸ਼ਾਹਰਗ ਨੂੰ ਵੱਢਣਾ ਸੀ। ਇਸ ਤ੍ਰਾਸਦੀ ਨੂੰ ਕੇਂਦਰੀ ਭਾਰਤ ਵਿਚ ਸਰਕਾਰ ਵਲੋਂ ਚਲਾਈ ਗਈ 'ਸਲਵਾ ਜੂਡਮ' ਨਾਮੀ ਬਦਨਾਮ ਮੁਹਿੰਮ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ। ਇਸ ਮੁਹਿੰਮ ਦਾ ਮਕਸਦ ਕਬਾਇਲੀਆਂ ਨੂੰ ਪਿੰਡਾਂ ਅਤੇ ਜੰਗਲਾਂ ਵਿਚੋਂ ਕੱਢ ਕੇ ਤਾੜੂ-ਡੇਰਿਆਂ ਵਿਚ ਲਿਆਉਣਾ ਸੀ, ਤਾਂ ਕਿ ਮਾਓਵਾਦੀ ਗੁਰੀਲਿਆਂ ਨੂੰ ਮਿਲ ਰਹੀ ਹਰ ਤਰ੍ਹਾਂ ਦੀ ਹਮਾਇਤ ਖਤਮ ਕੀਤੀ ਜਾ ਸਕੇ। ਜਿਨ੍ਹਾਂ ਕਬਾਇਲੀਆਂ ਨੇ ਪਿੰਡ ਛੱਡਣ ਤੋਂ ਇਨਕਾਰ ਕੀਤਾ, ਉਨ੍ਹਾਂ ਦੇ ਘਰ ਫੂਕ ਦਿੱਤੇ ਗਏ। ਕਤਲੇਆਮ ਅਤੇ ਬਲਾਤਕਾਰ ਦੇ ਸਾਕੇ ਵਰਤਾਏ ਗਏ। ਮਾਓਵਾਦੀ ਗੁਰੀਲਿਆਂ ਵਲੋਂ ਇਸ ਖ਼ੂਨੀ ਮੁਹਿੰਮ ਦਾ ਮੂੰਹ-ਤੋੜਵਾਂ ਜਵਾਬ ਦਿੱਤਾ ਗਿਆ। ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਇਹ ਮੁਹਿੰਮ ਵਾਪਸ ਲੈ ਲਈ ਗਈ। ਹੁਣ ਮਾਓਵਾਦੀ ਗੁਰੀਲਿਆਂ ਨੂੰ ਕਾਬੂ ਕਰਨ ਲਈ ਵੱਡੇ ਪੱਧਰ ਉਤੇ 'ਗ੍ਰੀਨ ਹੰਟ' ਨਾਮ ਦੀ ਮੁਹਿੰਮ ਚਲਾਈ ਜਾ ਰਹੀ ਹੈ ਜਿਹਦਾ ਮਕਸਦ ਗੁਰੀਲਿਆਂ ਅਤੇ ਆਮ ਕਬਾਇਲੀਆਂ ਨੂੰ ਜੰਗਲ ਵਿਚੋਂ ਖਦੇੜਨਾ ਹੈ। ਕੇਂਦਰੀ ਭਾਰਤ ਦੇ ਜੰਗਲ ਕੁਦਰਤੀ ਖਣਿਜਾਂ ਨਾਲ ਭਰੇ ਹੋਏ ਹਨ। ਦਿਉਕੱਦ ਬਹੁ-ਕੌਮੀ ਕੰਪਨੀਆਂ ਦੀ ਅੱਖ ਇਨ੍ਹਾਂ ਖਣਿਜਾਂ ਉਤੇ ਹੈ। ਮੁਲਕ ਦੀ ਸਰਕਾਰ ਇਨ੍ਹਾਂ ਕੰਪਨੀਆਂ ਦੀ ਦਲਾਲ ਬਣੀ ਹੋਈ ਹੈ। ਇਹ 'ਨੇਕ ਕੰਮ' ਗੁਰੀਲਿਆਂ ਅਤੇ ਕਬਾਇਲੀਆਂ ਨੂੰ ਖਦੇੜੇ ਬਿਨਾਂ ਹੋਣਾ ਸੰਭਵ ਨਹੀਂ ਜਾਪਦਾ। ਮਸ਼ਹੂਰ ਚਿੰਤਕ ਅਰੁੰਧਤੀ ਰਾਏ ਨੇ ਇਸ 'ਜੰਗ' ਨੂੰ 'ਰਾਜਤੰਤਰ ਦੀ ਆਪਣੀ ਹੀ ਆਵਾਮ ਵਿਰੁਧ ਜੰਗ' ਆਖਿਆ ਹੈ।

ਫ਼ਾਸ਼ੀਵਾਦੀ ਜਰਨੈਲ ਗ਼ਰਜ਼ਿਆਨੀ ਨੇ ਉਮਰ ਮੁਖਤਾਰ ਵਰਗੇ ਨਾਬਰਾਂ ਦੇ ਵਿਰੁਧ ਵੱਡੀ ਮੁਹਿੰਮ ਸੰਨ 1929 ਵਿਚ ਸ਼ੁਰੂ ਕੀਤੀ। ਮਿਸਰ ਸਰਹੱਦ ਤੋਂ ਨਾਬਰਾਂ ਨੂੰ ਮਿਲਦੀ ਜੰਗੀ ਅਤੇ ਮਾਲੀ ਮਦਦ ਦਾ ਰਾਹ ਕੱਟ ਦਿੱਤਾ ਗਿਆ। 11 ਸਤੰਬਰ 1931 ਨੂੰ 'ਹਰੀਆਂ ਪਹਾੜੀਆਂ' ਦੇ ਨੇੜਿਉਂ ਲੰਮੀ ਜੰਗ ਤੋਂ ਬਾਅਦ ਉਮਰ ਮੁਖਤਾਰ ਨੂੰ ਫੜ ਲਿਆ ਗਿਆ। ਉਮਰ ਮੁਖਤਾਰ ਕਿਹਾ ਕਰਦਾ ਸੀ, "ਅਸੀਂ ਹਥਿਆਰ ਨਹੀਂ ਸੁੱਟਾਂਗੇ। ਅਸੀਂ ਜਿੱਤਾਂਗੇ ਜਾਂ ਮਰਾਂਗੇ।" ਉਹਨੇ ਆਪਣੇ ਸ਼ਬਦ ਆਪਣੀ ਜਾਨ ਦੇ ਕੇ ਨਿਭਾਏ। ਉਹਨੇ ਅਦਾਲਤ ਵਿਚ ਬੇਖ਼ੌਫ਼ ਕਿਹਾ ਸੀ, "ਮੈਂ ਧਾੜਵੀਆਂ ਵਿਰੁਧ ਸਾਰੀਆਂ ਲੜਾਈਆਂ ਵਿਚ ਹਿੱਸਾ ਲਿਆ ਹੈ। ਬੇਸ਼ੱਕ ਮੈਂ ਕਈਆਂ ਵਿਚ ਸ਼ਾਮਲ ਨਾ ਰਿਹਾ ਹੋਵਾਂ, ਪਰ ਉਹ ਸਾਰੇ ਹੁਕਮ ਮੈਂ ਹੀ ਦਿੱਤੇ ਸਨ। ਮੈਂ ਆਪਣੇ ਕੀਤੇ ਕਿਸੇ ਕੰਮ ਲਈ ਸ਼ਰਮਿੰਦਾ ਨਹੀਂ ਹਾਂ, ਕਿਉਂਕਿ ਮੈਂ ਅੱਲ੍ਹਾ ਦੀ ਇੱਛਾ ਮੁਤਾਬਕ ਸਭ ਕੁਝ ਕੀਤਾ ਹੈ।"

ਉਮਰ ਮੁਖਤਾਰ ਦੇ ਇਨ੍ਹਾਂ ਸ਼ਬਦਾਂ ਤੋਂ ਬੱਬਰ ਅਕਾਲੀ ਲਹਿਰ ਦੇ ਸੂਰੇ ਯਾਦ ਆਉਂਦੇ ਹਨ। ਫਗਵਾੜੇ ਨੇੜਲੇ ਬਬੇਲੀ ਪਿੰਡ ਦੇ ਸਾਕੇ ਵਿਚ ਪਹਿਲੀ ਸਤੰਬਰ 1923 ਨੂੰ ਦੋ ਹਜ਼ਾਰ ਪੁਲਿਸ ਦੀ ਨਫ਼ਰੀ ਨੇ ਚਾਰ ਬੱਬਰਾਂ ਨੂੰ ਘੇਰਾ ਪਾ ਲਿਆ। ਘਿਰੇ ਬੱਬਰਾਂ ਵਿਚ ਸਤਾਰਾਂ ਸਾਲਾਂ ਦਾ ਬੱਬਰ ਉਦੈ ਸਿੰਘ ਰਾਮਗੜ੍ਹ ਝੁੰਗੀਆਂ, ਵੀਹ ਸਾਲਾਂ ਦਾ ਬੱਬਰ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ, ਪੈਂਤੀ ਸਾਲਾਂ ਦਾ ਬੱਬਰ ਬਿਸ਼ਨ ਸਿੰਘ ਮਾਂਗਟ ਅਤੇ ਸੰਤਾਲੀ ਸਾਲਾਂ ਦੇ ਬੱਬਰ ਜਥੇਦਾਰ ਕਰਮ ਸਿੰਘ ਦੌਲਤਪੁਰ ਸ਼ਾਮਲ ਸਨ। ਪੁਲਿਸ ਕਪਤਾਨ ਸਮਿੱਥ ਨੇ ਚਾਰਾਂ ਨੂੰ ਆਤਮ ਸਮਰਪਣ ਕਰਨ ਲਈ ਕਿਹਾ ਅਤੇ ਮੁਆਫ਼ੀ ਦਾ ਵਾਅਦਾ ਕੀਤਾ। ਮੌਕੇ ਦੇ ਗਵਾਹ ਦੱਸਦੇ ਹਨ ਕਿ ਚਾਰੇ ਬੱਬਰ ਉਚੀ ਆਵਾਜ਼ ਵਿਚ ਬੋਲੇ, "ਬਿੱਲਿਆ, ਗੁਰੂ ਦੇ ਸੱਚੇ ਸਿੰਘ ਸ਼ਹੀਦ ਹੋਣਾ ਜਾਣਦੇ ਨੇ ...ਅਸੀਂ ਬੱਬਰ ਅਕਾਲੀ ਇਸ ਜ਼ਾਲਮ ਵਿਦੇਸ਼ੀ ਸਰਕਾਰ ਤੋਂ ਮੁਆਫ਼ੀ ਨਹੀਂ ਚਾਹੁੰਦੇ।" ਚਾਰੇ ਬੱਬਰ ਇੰਨੀ ਵੱਡੀ ਫ਼ੌਜ ਦਾ ਮੁਕਾਬਲਾ ਤਲਵਾਰਾਂ ਨਾਲ ਕਰਦੇ ਹੋਏ ਲੜਦੇ-ਮਾਰਦੇ ਗੁਰਦੁਆਰਾ ਚੌਂਤਾ ਸਾਹਿਬ ਵੱਲ ਵਧਣ ਲੱਗੇ ਜਿੱਥੇ ਦਿੱਭ ਅਤੇ ਕਾਨਿਆਂ ਦਾ ਜੰਗਲ ਸੀ। ਵੈਰੀਆਂ ਦੀ ਅੰਧਾਧੁੰਦ ਗੋਲੀਬਾਰੀ ਨਾਲ ਬੱਬਰ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਅਤੇ ਬੱਬਰ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਸ਼ਹੀਦ ਹੋ ਗਏ। ਜਥੇਦਾਰ ਕਰਮ ਸਿੰਘ ਚੋਅ ਪਾਰ ਕਰਨ ਲੱਗਾ। ਅੰਗਰੇਜ਼ੀ ਪੁਲਿਸ ਦੇ ਦਸਤੇ ਦਾ ਮੁਖੀ ਫ਼ਤਹਿ ਖਾਨ ਬਿਆਨ ਕਰਦਾ ਹੈ ਕਿ ਉਹਨੇ ਜਥੇਦਾਰ ਨੂੰ ਆਖਰੀ ਚੇਤਾਵਨੀ ਦਿੰਦੇ ਹੋਏ ਹਥਿਆਰ ਸੁੱਟਣ ਲਈ ਕਿਹਾ। ਜਥੇਦਾਰ ਦਾ ਜਵਾਬ ਸੀ, "ਬੱਬਰ ਅਕਾਲੀ ਕਦੇ ਵੀ ਮੈਦਾਨੇ-ਜੰਗ ਵਿਚ ਹਥਿਆਰ ਨਹੀਂ ਸੁੱਟਦੇ।" ਬੱਬਰ ਚੋਅ ਦੇ ਕਿਨਾਰੇ ਸ਼ਹੀਦੀ ਪਾ ਗਿਆ। ਇਹ ਆਲਮ ਦੇ ਸਮੂਹ ਸੂਰਿਆਂ ਦੀ ਸਿਦਕਦਿਲੀ ਦੀ ਸਾਂਝ ਹੈ ਜੋ ਮਨੁੱਖੀ ਜਜ਼ਬੇ ਦੀਆਂ ਸਿਖਰਲੀਆਂ ਉਚਾਈਆਂ ਨੂੰ ਬਿਆਨ ਕਰਦੀ ਹੈ। ਇਸ ਪ੍ਰਸੰਗ ਵਿਚ ਪੰਜਾਬ ਦੇ ਬੱਬਰ ਅਕਾਲੀ ਅਤੇ ਲਿਬੀਆ ਦਾ ਉਮਰ ਮੁਖਤਾਰ ਇੱਕੋ ਕਤਾਰ ਵਿਚ ਖੜ੍ਹੇ ਦਿਖਾਈ ਦਿੰਦੇ ਹਨ।

ਉਮਰ ਮੁਖਤਾਰ ਨੂੰ ਪੰਜਾਬੀ ਇਨਕਲਾਬੀ ਭਗਤ ਸਿੰਘ ਦੀ ਸ਼ਹੀਦੀ ਤੋਂ ਲਗਭਗ ਛੇ ਮਹੀਨੇ ਬਾਅਦ 16 ਸਤੰਬਰ 1931 ਨੂੰ ਲੋਕਾਂ ਦੀ ਭੀੜ ਵਿਚ ਫ਼ਾਂਸੀ ਟੰਗ ਦਿੱਤਾ ਗਿਆ। ਭੀੜ ਵਿਚ ਫ਼ਾਂਸੀ ਦੇਣ ਦਾ ਮਕਸਦ ਲੋਕਾਂ ਵਿਚ ਦਹਿਸ਼ਤ ਪਾਉਣਾ ਸੀ, ਤਾਂ ਕਿ ਦੱਸਿਆ ਜਾ ਸਕੇ ਕਿ ਲੋਕਾਂ ਦਾ ਮਹਾਨ ਜਰਨੈਲ ਖਤਮ ਕਰ ਦਿੱਤਾ ਗਿਆ ਹੈ। ਸ਼ਹੀਦੀ ਸਮੇਂ ਉਮਰ ਮੁਖਤਾਰ ਦੀ ਉਮਰ 73 ਸਾਲ ਸੀ। ਸ਼ਹੀਦੀ ਤੋਂ ਬਾਅਦ ਉਮਰ ਦੀ ਮਸ਼ਹੂਰੀ ਵਧਦੀ ਗਈ। ਅੱਜ ਇਹ ਸੂਰਾ ਸਾਮਰਾਜ ਅਤੇ ਮਨੁੱਖੀ ਲੁੱਟ-ਖਸੁੱਟ ਦੇ ਵਿਰੁਧ ਚਲਦੀ ਲਗਾਤਾਰ ਜੰਗ ਦਾ ਅਨਮੋਲ ਹੀਰਾ ਹੈ। ਉਹ ਆਲਮੀ ਪੱਧਰ ਉਤੇ ਮਨੁੱਖੀ ਨਾਬਰੀ ਦਾ ਬਿੰਬ ਹੈ।








ਹਿਰਾਸਤ ਵਿਚ ਉਮਰ ਮੁਖਤਾਰ (ਐਨ ਖੱਬੇ), ਜਾਂਬਾਜ਼ ਉਮਰ ਮੁਖਤਾਰ ਅਤੇ (ਸੱਜੇ ਹੱਥ) ਲਿਬੀਆ ਦੀ ਗੱਦਾਫੀ ਸਰਕਾਰ ਵੱਲੋਂ ਉਮਰ ਮੁਖਤਾਰ ਦੀ ਯਾਦ ਵਿਚ ਜਾਰੀ 10 ਦਿਨਾਰ ਦਾ ਨੋਟ।



# ਸੌਂਦਰਯਾ ਦੀ ਸੋਹਣੀ ਉਡਾਣ

ਮਸ਼ਹੂਰ ਅਦਾਕਾਰ ਰਜਨੀ ਕਾਂਤ ਦੀ ਧੀ ਸੌਂਦਰਯਾ ਨੇ ਫਿਲਮ ਸੰਸਾਰ ਨਾਲ ਜੁੜੀ ਸੰਸਥਾ ਈਰੋਜ਼ ਇੰਟਰਨੈਸ਼ਨਲ ਵਿਚ ਕਰੀਏਟਿਵ ਪ੍ਰੋਜੈਕਟ ਡਾਇਰੈਕਟਰ ਵਜੋਂ ਕਮਾਨ ਸੰਭਾਲ ਲਈ ਹੈ। ਬਤੌਰ ਫਿਲਮ ਡਾਇਰੈਕਟਰ ਉਸ ਨੇ 'ਕੋਚਾਦੱਈਆਂ' ਨਾਂ ਦੀ ਫਿਲਮ ਬਣਾਈ ਸੀ। ਇਸ ਫਿਲਮ ਵਿਚ ਮੁੱਖ ਅਦਾਕਾਰ ਉਹਦਾ ਪਿਤਾ ਰਜਨੀ ਕਾਂਤ ਹੀ ਸੀ। ਆਪਣੇ ਪਿਤਾ ਰਜਨੀ ਕਾਂਤ ਵਾਂਗ ਇਸ ਫਿਲਮ ਵਿਚ ਸੌਂਦਰਯਾ ਨੇ ਵੀ ਕਈ ਨਵੇਂ ਤਜਰਬੇ ਕੀਤੇ ਸਨ। ਇਸੇ ਕਰ ਕੇ ਸੰਸਾਰ ਭਰ ਵਿਚ ਇਸ ਫਿਲਮ ਦੀ ਖ਼ੂਬ ਚਰਚਾ ਹੋਈ। ਭਾਰਤ ਵਿਚ ਵੀ ਇਹ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ, ਪ੍ਰਚਾਰ ਦੀਆਂ ਵਾਹਵਾ ਗੁੱਡੀਆਂ ਘੁਮਾਈਆਂ ਗਈਆਂ, ਪਰ ਇਸ ਫਿਲਮ ਤੋਂ ਪਿਉ-ਧੀ ਨੂੰ ਜੋ ਆਸਾਂ ਸਨ, ਉਹ ਪੂਰੀਆਂ ਨਹੀਂ ਹੋਈਆਂ। ਫਿਲਮ ਬਹੁਤੀ ਚੱਲ ਨਾ ਸਕੀ ਅਤੇ ਪਿਉ-ਧੀ ਦੀਆਂ ਆਗਾਮੀ ਸਾਰੀਆਂ ਯੋਜਨਾਵਾਂ ਉਤੇ ਇਕ ਤਰ੍ਹਾਂ ਨਾਲ ਪਾਣੀ ਫਿਰ ਗਿਆ। ਉਂਜ ਇਸ ਫਿਲਮ ਦੇ ਤਕਨੀਕੀ ਪੱਖ ਦੀ ਸਭ ਨੇ ਰੱਜ ਕੇ ਤਾਰੀਫ਼ ਕੀਤੀ। ਸੌਂਦਰਯਾ ਦੀ ਡਾਇਰੈਕਸ਼ਨ ਦੀ ਵੀ ਪ੍ਰਸ਼ੰਸਾ ਹੋਈ, ਪਰ ਇਹ ਫਿਲਮ ਬਹੁਤੀ ਨਾ ਚੱਲਣ ਕਰ ਕੇ ਸੌਂਦਰਯਾ ਨੇ ਫ਼ਿਲਹਾਲ ਫਿਲਮ ਡਾਇਰੈਕਸ਼ਨ ਤੋਂ ਛੁੱਟੀ ਲੈ ਕੇ ਦੂਜਾ ਮੋਰਚਾ ਸੰਭਾਲ ਲਿਆ ਅਤੇ ਈਰੋਜ਼ ਇੰਟਰਨੈਸ਼ਨਲ ਦੀ ਨੌਕਰੀ ਸਵੀਕਾਰ ਕਰ ਲਈ।

ਬੁਨਿਆਦੀ ਪੂਰ ਵਿਚ ਸੌਂਦਰਯਾ ਗ੍ਰਾਫ਼ਿਕਸ ਡਿਜ਼ਾਇਨਰ ਹੈ ਅਤੇ ਮੁੱਖ ਰੂਪ ਵਿਚ ਉਸ ਨੇ ਤਾਮਿਲ ਫਿਲਮਾਂ ਵਿਚ ਹੀ ਕੰਮ ਕੀਤਾ ਹੈ। ਬਤੌਰ ਗ੍ਰਾਫਿਕਸ ਡਿਜ਼ਾਇਨਰ ਸੌਂਦਰਯਾ ਨੇ 'ਪੜਿਅੱਪਾ', 'ਬਾਬਾ', 'ਅਨਬੇ', 'ਓਰਾਇਆ', 'ਸੰਦੋਕੋਜੀ', 'ਚੰਦਰਮੁਖੀ', 'ਸ਼ਿਵ ਕਾਂਸ਼ੀ', 'ਮਜ਼ਾ', 'ਚੇਨਈ 600028' ਤੇ 'ਸ਼ਿਵਾ ਜੀ' ਵਰਗੀਆਂ ਚਰਚਿਤ ਫਿਲਮਾਂ ਲਈ ਕੰਮ ਕੀਤਾ। 2010 ਵਿਚ ਉਸ ਨੇ 'ਗੋਆ' ਨਾਂ ਦੀ ਫਿਲਮ ਪ੍ਰੋਡਿਊਸ ਕੀਤੀ ਸੀ। ਇਸ ਫਿਲਮ ਦੀ ਬੜੀ ਚਰਚਾ ਹੋਈ ਸੀ। ਇਸ ਫਿਲਮ ਦੀ ਸਫਲਤਾ ਤੋਂ ਬਆਦ ਹੀ ਸੌਂਦਰਯਾ ਅਤੇ ਰਜਨੀ ਕਾਂਤ ਨੇ 'ਕੋਚਾਦੱਈਆਂ' ਫਿਲਮ ਦੀ ਨੀਂਹ ਰੱਖੀ ਸੀ। ਇਸ ਤੋਂ ਪਹਿਲਾਂ ਸੌਂਦਰਯਾ ਨੇ 'ਓਚਰ ਪਿਚਰ ਪ੍ਰੋਡੈਕਸ਼ਨ' ਨਾਂ ਹੇਠ ਆਪਣੀ ਸੰਸਥਾ ਬਣਾਈ ਸੀ। ਇਸ ਦੀ ਕਰਤਾ-ਧਰਤਾ ਉਹ ਖ਼ੁਦ ਹੀ ਸੀ। ਪਿਛੋਂ ਇਸ ਸੰਸਥਾ ਨੇ ਵਾਰਨਰ ਬ੍ਰਦਰਜ਼ ਐਂਟਰਟੇਨਮੈਂਟ ਨਾਲ ਭਾਈਵਾਲੀ ਪਾ ਲਈ। ਦੋਵੇਂ ਸੰਸਥਾਵਾਂ ਤਾਮਿਲ ਫਿਲਮ ਸਨਅਤ 'ਚ ਕੰਮ ਕਰ ਰਹੀਆਂ ਹਨ। ਸੌਂਦਰਯਾ ਨੇ 2010 'ਚ ਸਨਅਤਕਾਰ ਐਸ਼ਵਿਨ ਰਾਜ ਕੁਮਾਰ ਨਾਲ ਵਿਆਹ ਕਰਵਾ ਲਿਆ।


HD
IP
Security Solution
ULTRA High Resolution
Gas stations, Liquor Store,Hotel/Motels,Homes
or
Any Kind Of Business
-Cash Register Interface.
-Fully Trained Tech.Staff.
-16 Year Satisfied Custmer.
Licence Plate Reader
HD-SDI
HD-SDI
HD-SDI
HD-SDI
HD-SDI
2 Year Warranty
Vista
CCTV TECHNOLOGY
Call
Mr.Sukhpal
1-661-586-5080


California contractor Licensed
REGULAR
2.39 9/10
DIESEL
2.98 9/10
Electric SIGN company
Introduced
New Trend LED solution For
Gas Stations,Hotel/Motels,
Truck Stops and any
kind of Business
LED Solutions
1. LED Price changer for Gas station.
2. Hotel Room rates sign.
3. Full color LED sign.
4. Full color window sign
Size Available 8" to 60"
We install any where in CALIFORNIA
We ship any where in USA
CASH CREDIT
Unleaded 4.05 9/10 4.15 9/10
Unleaded Plus 4.25 9/10 4.35 9/10
SUPER Unleaded 4.35 9/10 4.45 9/10
Call SUKHPAL for More Information
661-586-1106
Email: esigncompany@gmail.com


Dhillon Truck Stop
Dhillon Road Service
Interstate 40, exit 356, San Jon, NM
ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ
24 ਘੰਟੇ ਖੁੱਲ੍ਹਾ
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 575-815-8536


The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC
US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ
FAMILY LAW
*Divorce *Annulment
*International Custody
INCORPORATIONS
*International Contracts, Mergers
*Attorney Supreme Court of India
*Bankruptcy Consultation & Filing
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

## Real Estate and Loans Under One Roof


ਪਿਛਲੇ 27 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

# Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**

**Call us before visiting any model homes to save big time.**








34755 Sandburg Court
Union City CA 94587
5 Bedrooms,
3.5 Bathrooms,
2 Car Garage
Living Area: 2320 Sq. Ft
Asking: $779,000

5233 Edgewater Drive
Newark, CA 94560
5 Bedrooms, 2.5 Bathrooms,
2 Car Garage
Area: 2081 Sq. Ft.
Lot: 6500 Sq. Ft.
Asking: $769,000

534 Cashew Place
Brantwood CA 94513
4 Bedrooms, 2.5 Bathrooms, 2 Car Garage
Area: 2563 Sq. Ft.- Lot: 7336 Sq. Ft.
Asking: $528,000

1187 N. Park Victoria,
Miltpitas, CA 95035
4 Bedrooms, 2 Bathrooms,
2 Car Garage
Area: 1795 Sq. Ft - Lot: 8712 Sq. Ft.
Asking: $849,000

3308 Landess Ave.,
San Jose, CA 95132
3 Bedrooms,
1.5 Bathrooms,
1 Car Garage
Living Area: 1130 Sq. Ft
Asking: $439,000

## JUST SOLD

1. 34417 Torrey Pine Lane, Union City, CA 94587
2. 2240 Partridge Way #4 Union City, CA 94588
3. 4504 Mackinaw Street, Union City, CA 94587
4. 4138 Asimuth Cir., Union City, CA 94587
5. 1604 Mellowood St., Pittsburg, CA 94565
6. 16129 Rocky HarborRd Lathrop, CA 95330
7. 3308 Landless Ave., San Jose, CA 95132
8. 32241 Mercury Way, Union City, CA 94587
9. 1796 Dove Ct., Hayward, CA 94545
10. 1744 Ettles St., Manteca, CA 95337
11. 5440 Cumberland Park, Fremont, CA 94538
12. 37775 Golden Rod Ct., Newark, CA 94560
13. 230 Mizner Ct., Livermore, CA 94550
14. 4730 Woodhollow Ave., Stockton, CA 95206

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



**Jaswinder Gill** M.Sc (PAU)
CA BRE# 00966763
Broker/Owner/Notary

*2004 to 2006 Award Winner
Top 1% Listing Realtor in Bay Area

**Commercial Unit**
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

# Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill**
DHMS, Loan Broker
@ 510-207-9067
CA BRE Lic.#01180969
NMLS# 352095